ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 3 | 19 January 2022 to 25 January 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਕੇਜਰੀਵਾਲ ਸਰਕਾਰ ਨੇ ਭਾਈ ਭੁੱਲਰ ਦੀ ਰਿਹਾਈ ਮਤੇ ਨੂੰ ਠੁਕਰਾਇਆ

## ✪ ਸਿੱਖ ਕੈਦੀ ਰਿਹਾਈ ਮੋਰਚਾ ਨੇ ਕੀਤਾ ਪਰਦਾਫਾਸ਼ ✪ ਸੋਸ਼ਲ ਮੀਡੀਆ ਵਿਚ ਸਿੱਖਾਂ ਵਲੋਂ ਆਪ ਦੇ ਬਾਈਕਾਟ ਦੀ ਚਲਾਈ ਮੁਹਿੰਮ

**ਦਿੱਲੀ/ਏ.ਟੀ.ਨਿਊਜ਼** :- ਦਿੱਲੀ ਸਰਕਾਰ ਨੇ ਭਾਈ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਨੂੰ ਸਜ਼ਾ ਸਮੀਖਿਆ ਬੋਰਡ ਦੀ ਮੀਟਿੰਗ ਦੌਰਾਨ 11 ਦਸੰਬਰ 2020 ਨੂੰ ਖਾਰਜ ਕਰ ਦਿੱਤਾ ਸੀ। ਇਸ ਗੱਲ ਦਾ ਖੁਲਾਸਾ ਸਿਆਸੀ ਸਿੱਖ ਕੈਦੀ ਰਿਹਾਈ ਮੋਰਚਾ (ਦਿੱਲੀ) ਦੇ ਆਗੂਆਂ ਨੇ ਮੀਡੀਆ ਨਾਲ ਗੱਲਬਾਤ ਕੀਤਾ। ਰਿਹਾਈ ਮੋਰਚੇ ਦੇ ਅੰਤ੍ਰਿੰਗ ਬੋਰਡ ਮੈਂਬਰ ਡਾਕਟਰ ਪਰਮਿੰਦਰ ਪਾਲ ਸਿੰਘ, ਅਵਤਾਰ ਸਿੰਘ ਕਾਲਕਾ, ਚਮਨ ਸਿੰਘ ਸ਼ਾਹਪੁਰਾ, ਇਕਬਾਲ ਸਿੰਘ ਤੇ ਦਲਜੀਤ ਸਿੰਘ ਨੇ ਦੱਸਿਆ ਕਿ ਦਿੱਲੀ ਸਕਤਰੇਤ ਵਿਖੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਇਹ ਫੈਸਲਾ ਹੋਇਆ ਸੀ।

ਇਸ ਮੀਟਿੰਗ ਵਿੱਚ ਦਿੱਲੀ ਦੇ ਗ੍ਰਹਿ ਮੰਤਰੀ ਸਤਿੰਦਰ ਜੈਨ, ਦਿੱਲੀ ਸਰਕਾਰ ਦੇ ਪ੍ਰਮੁੱਖ ਸਕੱਤਰ (ਗ੍ਰਹਿ) ਬੀ ਐਸ ਭੱਲਾ, ਡਾਇਰੈਕਟਰ ਜਨਰਲ ਜੇਲ ਸੰਦੀਪ ਗੋਇਲ, ਪ੍ਰਮੁੱਖ ਸਕੱਤਰ(ਲਾਅ ਐਂਡ ਜਸਟਿਸ) ਸੰਜੇ ਕੁਮਾਰ ਅਗਰਵਾਲ, ਵਧੀਕ ਜ਼ਿਲਾ ਜੱਜ ਸਤੀਸ਼ ਕੁਮਾਰ, ਡਾਇਰੈਕਟਰ ਸਮਾਜ਼ ਕਲਿਆਣ ਵਿਭਾਗ ਰਸ਼ਮੀ ਸਿੰਘ ਅਤੇ ਡੀਐਸਪੀ (ਲੀਗਲ) ਰਾਜੇਸ਼ ਦਿਓ ਸ਼ਾਮਲ ਸਨ।

ਰਿਹਾਈ ਮੋਰਚੇ ਆਗੂਆਂ ਨੇ ਕਿਹਾ ਕਿ ਇੱਕ ਪਾਸੇ ਕੇਂਦਰ ਸਰਕਾਰ ਭਾਈ ਭੁੱਲਰ ਦੀ ਰਿਹਾਈ ਲਈ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਅਕਤੂਬਰ 2019 ਵਿੱਚ ਨੋਟੀਫਿਕੇਸ਼ਨ ਜਾਰੀ ਕਰਦੀ ਹੈ। ਪਰ ਦਸੰਬਰ 2019 ਵਿੱਚ ਦਿੱਲੀ ਸਰਕਾਰ ਇਸ ਰਿਹਾਈ ਮੱਤੇ ਨੂੰ ਨਜ਼ਰਅੰਦਾਜ਼ ਕਰਦੇ ਹੋਏ ਭਾਈ ਭੁੱਲਰ ਨੂੰ ਰਾਸਟਰ ਵਿਰੋਧੀ/ਅਤਿਵਾਦੀ ਗਰਦਾਨਦੇ ਹੋਏ ਸਮੇਂ ਤੋਂ ਪਹਿਲਾਂ ਉਨਾਂ ਦੀ ਰਿਹਾਈ ਦੇ ਮੱਤੇ ਨੂੰ ਰੱਦ ਕਰ ਦਿੰਦੀ ਹੈ। ਇਸ ਨਾਲ ਕੇਜਰੀਵਾਲ ਦਾ ਸਿੱਖ ਵਿਰੋਧੀ ਚਿਹਰਾ ਉਜਾਗਰ ਹੋ ਗਿਆ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਜੇਕਰ 25 ਸਾਲ ਦੀ ਸਜ਼ਾ ਕੱਟਣ ਦੇ ਬਾਵਜੂਦ ਭਾਈ ਭੁੱਲਰ ਰਿਹਾਈ ਦੇ ਲਾਇਕ ਨਹੀਂ ਹਨ, ਤਾਂ ਇਸ ਤੋਂ ਵੱਡੀ ਤ੍ਰਾਸਦੀ ਹੋਰ





ਕੋਈ ਨਹੀਂ ਹੋ ਸਕਦੀ। ਕੇਜਰੀਵਾਲ ਨੇ 11 ਦਸੰਬਰ 2020 ਨੂੰ ਮੀਟਿੰਗ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਰੱਦ ਕੀਤੀ। ਨਾ ਉਸਨੇ ਆਪਣੀ ਪਾਰਟੀ ਨੂੰ ਦੱਸਿਆ ਨਾ ਮੀਡੀਆ ਨੂੰ।ਸਿੱਖ ਉਡੀਕਦੇ ਰਹੇ ਕਿ ਕਦ ਕੇਜਰੀਵਾਲ ਦਸਤਖ਼ਤ ਕਰਦਾ ਹੈ ਤੇ ਕਦ ਪ੍ਰੋ ਭੁੱਲਰ ਰਿਹਾਅ ਹੁੰਦੇ ਨੇ। ਪ੍ਰੋ ਸਾਹਿਬ ਜਨਵਰੀ 1995 ਤੋਂ ਜੇਲ ਵਿਚ ਨਜਰਬੰਦ ਹਨ। ਉਨਾਂ ਉਤੇ ਕਾਂਗਰਸੀ ਆਗੂ ਮਨਿੰਦਰਜੀਤ ਬਿੱਟੇ ਉਤੇ ਬੰਬ ਧਮਾਕਾ ਕਰਨ ਦੇ ਦੋਸ਼ ਮੜੇ ਗਏ।ਕੋਈ ਸਬੂਤ, ਕੋਈ ਗਵਾਹ ਨਹੀਂ ਸੀ ਪਰ ਤਸ਼ੱਦਦ ਕਰਕੇ ਇਕ ਕਾਗਜ਼ ਉਤੇ ਲਵਾਏ ਅੰਗੂਠੇ ਵਾਲੇ ਕਾਗਜ ਉਤੇ ਹਲਫਨਾਮੇ ਨੂੰ ਆਧਾਰ ਬਣਾ ਕੇ ਫਾਂਸੀ ਦਾ ਹੁਕਮ ਸੁਣਾ ਦਿਤਾ ਗਿਆ।ਇਸ ਬੇਇਨਸਾਫੀ ਖਿਲਾਫ ਸਿੱਖ ਜਗਤ ਵਿਚ ਬਹੁਤ ਸਖਤ ਰੋਹ ਦੀ ਲਹਿਰ ਉੱਠੀ।ਆਖਰ ਇਹ ਸਜਾ ਉਮਰ ਕੈਦ ਵਿਚ ਬਦਲ ਦਿਤੀ ਗਈ। ਇਸ ਦੌਰਾਨ ਉਨਾਂ ਨੂੰ ਦਿੱਲੀ ਦੀ ਤਿਹਾੜ ਜੇਲ ਤੋਂ ਅੰਮ੍ਰਿਤਸਰ ਜੇਲ ਭੇਜ ਦਿੱਤਾ ਗਿਆ। 11 ਅਕਤੂਬਰ 2019 ਨੂੰ ਗੁਰੂ ਨਾਨਕ ਪਾਤਸ਼ਾਹ ਦੇ।ਪ੍ਰਕਾਸ਼ ਪੁਰਬ ਦੀ ਸ਼ਤਾਬਦੀ ਮੌਕੇ ਭਾਰਤ ਸਰਕਾਰ ਨੇ ਪ੍ਰੋ. ਭੁੱਲਰ ਸਮੇਤ 9 ਸਿੱਖ ਕੈਦੀਆਂ ਦੀ ਰਿਹਾਈ ਦਾ ਐਲਾਨ ਕੀਤਾ।ਜਦ ਇਹ ਰਿਹਾਈ ਦੀ ਪ੍ਰਕਿਰਿਆ ਚੱਲ ਰਹੀ ਸੀ ਮਨਿੰਦਰਜੀਤ ਬਿੱਟੇ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਰੋਕ ਲਵਾ ਦਿੱਤੀ।ਅਦਾਲਤ ਨੇ ਇਨਾਂ ਰਿਹਾਈਆਂ ਉਤੇ ਸਟੇਅ ਲਾ ਦਿੱਤਾ।ਇਹ ਪਟੀਸ਼ਨ 9 ਦਸੰਬਰ 2021 ਨੂੰ ਖਾਰਜ ਹੋ ਗਈ। ਇਸ ਮਗਰੋਂ ਇਕੋ ਅੜਚਨ ਰਹਿ ਗਈ ਸੀ ਕਿ ਦਿੱਲੀ ਦੇ ਮੁਖ ਮੰਤਰੀ ਦੇ ਦਸਤਖ਼ਤ ਹੋਣ ਤੇ ਪ੍ਰੋ. ਭੁੱਲਰ ਰਿਹਾਅ ਹੋ ਜਾਣ। ਸਾਰੇ ਉਡੀਕ ਰਹੇ ਹਨ ਕਿ ਕਦ ਇਹ ਕਦਮ ਚੁੱਕੇ ਜਾਂਦੇ ਨੇ। ਉਦੋਂ ਅਜੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਐਲਾਨ ਨਹੀਂ ਸੀ ਹੋਇਆ ਤੇ ਸਭ ਨੂੰ ਜਾਪਦਾ ਸੀ ਕੀ ਕੇਜਰੀਵਾਲ ਜਨਵਰੀ ਵਿਚ ਵੋਟਾਂ ਦੇ ਐਲਾਨ ਮੌਕੇ ਦਸਤਖ਼ਤ ਕਰ ਦੇਵੇਗਾ ਤਾਂਕਿ ਇਸ ਕਦਮ ਦਾ ਸਿਆਸੀ ਲਾਹਾ ਵੀ ਮਿਲ ਸਕੇ। ਪਰ ਕੇਜਰੀਵਾਲ ਜਾਂ ਆਮ ਆਦਮੀ ਪਾਰਟੀ ਇਸ ਮਸਲਾ ਉਤੇ ਦੜ ਈ ਵੱਟ ਗਏ ਆਮ ਖਿਆਲ ਸੀ ਕਿ ਕੇਜਰੀਵਾਲ ਸਿੱਖ ਵੋਟ ਦੇ ਹਿਸਾਬ ਨਾਲ ਦਸਤਖ਼ਤ ਕਰ ਦੇਵੇਗਾ ਪਰ ਬੀਤੇ ਦਿਨੀਂ ਇਹ ਖਬਰ ਬੰਬ ਵਾਂਗ ਡਿੱਗੀ ਕਿ ਕੇਜਰੀਵਾਲ ਤਾਂ ਇਸ ਰਿਹਾਈ ਨੂੰ 11 ਦਸੰਬਰ 2020 ਨੂੰ ਹੀ ਰੱਦ ਕਰ ਚੁੱਕਿਆ ਹੈ।ਇਸ ਰੱਦ ਕਰਨ ਦੇ ਦਸਤਾਵੇਜ਼ ਵੀ ਹਾਜਰ ਹਨ। ਸੋਚਣ ਵਾਲਾ ਨੁਕਤਾ ਇਹ ਹੈ ਕਿ ਕੀ ਇਹ ਕਾਰਵਾਈ ਕਰਨਾ ਅਦਾਲਤੀ ਹੁਕਮ ਦੀ ਉਲੰਘਣਾ ਨਹੀਂ ? ਫੇਰ ਇਸ ਫੈਸਲੇ ਨੂੰ ਸਾਰਾ 2021 ਦੇ ਸਾਲ ਲੋਕਾਂ ਤੋਂ ਲੁਕੋਣ ਦਾ ਕੀ ਕਾਰਨ ਹੈ ? ਸੋਸ਼ਲ ਮੀਡੀਆ ਵਿਚ ਸਿੱਖਾਂ ਵਲੋਂ ਵਡਾ ਵਿਰੋਧ ਕੀਤਾ ਜਾ ਰਿਹਾ ਹੈ। ਚੋਣਾਂ ਵਿਚ ਸਿੱਖ ਬਾਈਕਾਟ ਦੀਆਂ ਪੋਸਟਾਂ ਧੜਾਧੜ ਲਹਿਰ ਬਣਕੇ ਪਾ ਰਹੇ ਹਨ ਕਿ ਕੇਜਰੀਵਾਲ ਤੇ ਆਪ ਪੰਥ ਵਿਰੋਧੀ ਸੋਚ ਰਖਦੀ ਹੈ। ਖਾਲਿਸਤਾਨੀ ਚਿੰਤਕ ਸਰਬਜੀਤ ਸਿੰਘ ਘੁਮਾਣ ਦਾ ਕਹਿਣਾ ਹੈ ਕਿ ਕੇਜਰੀਵਾਲ ਨੇ ਪੰਥ ਨਾਲ ਦੁਸ਼ਮਣੀ ਕਮਾਈ ਹੈ। ਇਸ ਦਾ ਚੋਣਾਂ ਵਿਚ ਪੰਥ ਬਾਈਕਾਟ ਕਰੇ। ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਕੇਜਰੀਵਾਲ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਕੇ ਭੁੱਲਰ ਦੇ ਮਸਲੇ ਉਪਰ ਪੰਥ ਨੂੰ ਠੇਸ ਪਹੁੰਚਾਈ ਹੈ। ਪੰਥ ਨੂੰ ਪੰਜਾਬ ਵਿਚ ਚੋਣਾਂ ਦੌਰਾਨ ਬਾਈਕਾਟ ਕਰਨਾ ਚਾਹੀਦਾ ਹੈ। ਦਿੱਲੀ ਦੇ ਪੰਥਕ ਆਗੂ ਮਨਜੀਤ ਸਿੰਘ ਜੀਕੇ ਨੇ ਕੇਜਰੀਵਾਲ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੋਇਆ ਹੈ।

# ਬੀਬੀਆਂ ਦੇ ਅਧਿਕਾਰ ਲਈ ਜੂਝਣ ਵਾਲੀ ਮਹਾਰਾਜਾ ਦਲੀਪ ਸਿੰਘ ਦੀ ਧੀ ਸੋਫੀਆ

## ਬ੍ਰਿਟੇਨ ਵਿੱਚ ਬੱਚਿਆਂ ਨੂੰ ਕੀਤਾ ਜਾ ਰਿਹਾ ਸਿੱਖਿਅਤ ✪ ਕਿਤਾਬ ਮਾਈ ਸਟੋਰੀ : ਸੋਫ਼ੀਆ ਦਲੀਪ ਸਿੰਘ, 9 ਤੋਂ 13 ਸਾਲ ਦੇ ਬੱਚਿਆਂ ਲਈ ਲਿਖੀ ਗਈ

ਲੰਡਨ/ਏ.ਟੀ.ਨਿਊਜ਼ :- ਕਿਤਾਬ ਮਾਈ ਸਟੋਰੀ : ਸੋਫ਼ੀਆ ਦਲੀਪ ਸਿੰਘ, 9 ਤੋਂ 13 ਸਾਲ ਦੇ ਬੱਚਿਆਂ ਲਈ ਲਿਖੀ ਗਈ ਹੈ। ਮਹਾਰਾਜਾ ਦਲੀਪ ਸਿੰਘ ਦੀ ਧੀ ਦੇ ਬ੍ਰਿਟੇਨ ਵਿੱਚ ਵੋਟ ਦੇ ਹੱਕ ਲਈ ਕੀਤੇ ਗਏ ਸੰਘਰਸ਼ ਬਾਰੇ ਜਿਕਰ ਹੈ।








ਪੰਜਾਬ ਦੇ ਆਖਰੀ ਸਿੱਖ ਮਹਾਰਾਜਾ ਦਲੀਪ ਸਿੰਘ ਦੀ ਧੀ ਸੋਫ਼ੀਆ ਦਲੀਪ ਸਿੰਘ ਦਾ ਪਾਲਣ-ਪੋਸ਼ਣ ਬ੍ਰਿਟੇਨ ਦੇ ਐਲਵੀਡਨ ਵਿੱਚ ਨੌਰਥਫੋਕ-ਸਾਊਥਫੋਕ ਬਾਰਡਰ ’ਤੇ ਹੋਇਆ।ਜਵਾਨੀ ਵਿੱਚ ਹੀ ਰਾਜਕੁਮਾਰੀ ਨੇ ਬ੍ਰਿਟੇਨ ਵਿੱਚ ਰਹਿ ਰਹੀਆਂ ਔਰਤਾਂ ਦੇ ਵੋਟ ਦੇ ਹੱਕ ਦੀ ਮੰਗ ਲਈ ਅਵਾਜ਼ ਚੁੱਕੀ ਅਤੇ ਇਸ ਲਈ ਆਪਣੇ ਸ਼ਾਹੀ ਰੁਤਬੇ ਨੂੰ ਵੀ ਦਾਅ ’ਤੇ ਲਗਾ ਦਿੱਤਾ।

ਕਿਤਾਬ ਦੀ ਲੇਖਕ ਸੂਫ਼ੀਆ ਅਹਿਮਦ ਨੇ ਕਿਹਾ, ‘ਇਸ ਸ਼ਰਮੀਲੀ ਪਰ ਦ੍ਰਿੜ ਇਰਾਦੇ ਵਾਲੀ ਮੁਟਿਆਰ ਸੀ ਜਿਸ ਉਪਰ ਦਨੀਆ ਨੂੰ ਮਾਣ ਹੈ।

ਕਿਤਾਬ ਮਾਈ ਸਟੋਰੀ: ਸੋਫ਼ੀਆ ਦਲੀਪ ਸਿੰਘ, 9 ਤੋਂ 13 ਸਾਲ ਦੇ ਬੱਚਿਆਂ ਲਈ ਲਿਖੀ ਗਈ ਹੈ। ਇਹ ਕਿਤਾਬ ਐਨਸ਼ੀਐਂਟ ਹਾਊਸ ਮਿਊਜ਼ੀਅਮ, ਨੌਰਥਫੋਕ ਵਿੱਚ ਜਾਰੀ ਕੀਤੀ ਗਈ।ਇਸ ਮਿਊਜ਼ੀਅਮ ਨੂੰ ਸੋਫ਼ੀਆ ਦਲੀਪ ਸਿੰਘ ਦੇ ਭਰਾ ਫੈਡਰਿਕ ਦਲੀਪ ਸਿੰਘ ਵੱਲੋਂ 1921 ਵਿੱਚ ਕਾਇਮ ਕੀਤਾ ਗਿਆ ਸੀ। ਸੋਫ਼ੀਆ ਦੇ ਪਿਤਾ ਤੇ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ 1840 ਵਿੱਚ ਪੰਜਾਬ ਉੱਪਰ ਅੰਗੇਰਜ਼ਾਂ ਦਾ ਅਧਿਕਾਰ ਹੋਣ ਤੋਂ ਬਾਅਦ ਦੇਸ਼ ਨਿਕਾਲਾ ਦੇ ਦਿੱਤਾ ਗਿਆ ਸੀ। ਦਲੀਪ ਸਿੰਘ ਨੇ ਭਾਰਤ ਆਉਣ ਦੀਆਂ ਕਈ ਨਾਕਾਮ ਕੋਸ਼ਿਸ਼ਾਂ ਕੀਤੀਆਂ। ਉਨਾਂ ਨੇ ਆਪਣੇ ਵਿੱਤੀ ਸਾਧਨਾਂ ਦੀ ਵਰਤੋਂ ਕਰਕੇ ਇਲੈਵਡਿਨ ਹਾਲ ਖ਼ਰੀਦਿਆ ਜਿੱਥੇ ਉਨਾਂ ਦੀ ਪਤਨੀ ਅਤੇ ਬੱਚੇ ਰਹਿੰਦੇ ਰਹੇ।

ਤਤਕਾਲੀ ਮਹਾਰਾਣੀ ਵਿਕਟੋਰੀਆ ਨੇ ਪਰਿਵਾਰ ਨੂੰ ਬਾਅਦ ਵਿੱਚ ਹੈਮਪਟਨ ਕੋਰਟ ਪੈਲੇਸ ਵਿਖੇ ਇੱਕ ਅਪਾਰਟਮੈਂਟ ਵੀ ਦਵਾਇਆ।ਲੇਖਕਾ ਸੂਫ਼ੀਆ ਅਹਿਮਦ ਦਾ ਕਹਿਣਾ ਹੈ ਕਿ ਵੱਡੀ ਉਮਰ ਵਿੱਚ ਸੋਫ਼ੀਆ ਦਲੀਪ ਸਿੰਘ ਨੇ ਆਪਣੇ ਜੀਵਨ ਉਦੇਸ਼ ਦੀ ਭਾਲ ਕਰਨੀ ਸ਼ੁਰੂ ਕੀਤੀ। ਉਸ ਤੋਂ ਪਹਿਲਾਂ ਉਨਾਂ ਦੀ ਜ਼ਿੰਦਗੀ ਇੱਕ ਆਮ ਬ੍ਰਿਟਿਸ਼ ਬੀਬੀ ਵਰਗੀ ਸੀ।ਸਮੇਂ ਦੇ ਨਾਲ ਉਹ ਬੀਬੀਆਂ ਹੱਕਾਂ ਲਈ ਬੋਲਣ ਲੱਗੇ। ਉਹ ਵੂਮਿਨਜ਼ ਸੋਸ਼ਲ ਐਂਡ ਪੁਲੀਟੀਕਲ ਯੂਨੀਅਨ ਤੋਂ ਇਲਾਵਾ ਵੂਮਿਨਜ਼ ਟੈਕਸ ਰਿਜ਼ਿਸਟੈਂਸ ਲੀਗ ਦੇ ਵੀ ਮੈਂਬਰ ਸਨ।ਇਸ ਲੀਗ ਦਾ ਨਾਅਰਾ ਸੀ,‘ਵੋਟ ਨਹੀਂ ਤਾਂ ਟੈਕਸ ਨਹੀਂ।’

**ਬਾਕੀ ਸਫ਼ਾ 30 ’ਤੇ**

# ਪੰਜਾਬ ’ਚ ਚੋਣਾਂ ਦੀ ਤਰੀਕ ਬਦਲੀ, ਹੁਣ 20 ਫਰਵਰੀ ਨੂੰ ਪੈਣਗੀਆਂ ਵੋਟਾਂ

**ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ)**:- ਸਿਆਸੀ ਪਾਰਟੀਆਂ ਦੀ ਬੇਨਤੀ ਤੋਂ ਬਾਅਦ ਚੋਣ ਕਮਿਸ਼ਨ ਨੇ ਸੋਮਵਾਰ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਵਿੱਚ ਬਦਲਾਅ ਕਰ ਦਿੱਤਾ ਹੈ। ਚੋਣ ਕਮਿਸ਼ਨ ਮੁਤਾਬਕ ਹੁਣ 14 ਫਰਵਰੀ ਦੀ ਬਜਾਏ 20 ਫਰਵਰੀ ਨੂੰ ਵੋਟਾਂ ਪੈਣਗੀਆਂ। ਜ਼ਿਕਰਯੋਗ ਹੈ ਕਿ ਪੰਜਾਬ ਦੀਆਂ ਸਾਰੀਆਂ 117 ਸੀਟਾਂ ’ਤੇ 14 ਫਰਵਰੀ ਨੂੰ ਇਕ ਹੀ ਪੜਾਅ ’ਚ ਵੋਟਾਂ ਪੈਣੀਆਂ ਸਨ ਪਰ ਹੁਣ ਵੋਟਾਂ ਦੀ ਤਰੀਕ ਵਧਾ ਕੇ 20 ਫਰਵਰੀ ਕਰ ਦਿੱਤੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਗੁਰੂ ਰਵਿਦਾਸ ਜੈਅੰਤੀ ਦੇ ਮੱਦੇਨਜ਼ਰ 14 ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਘੱਟੋ-ਘੱਟ ਛੇ ਦਿਨਾਂ ਲਈ ਮੁਲਤਵੀ ਕਰਨ ਦਾ ਸੁਝਾਅ ਦਿੱਤਾ ਸੀ। ਰਵਿਦਾਸ ਜਯੰਤੀ ਵੋਟਾਂ ਪੈਣ ਤੋਂ ਦੋ ਦਿਨ ਬਾਅਦ 16 ਫਰਵਰੀ ਨੂੰ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਪੱਤਰ ਵਿੱਚ ਲਿਖਿਆ ਹੈ ਕਿ ਅਨੁਸੂਚਿਤ ਜਾਤੀ ਭਾਈਚਾਰੇ ਦੇ ਨੁਮਾਇੰਦਿਆਂ, ਜਿਸ ਵਿੱਚ ਪੰਜਾਬ ਦੀ 32 ਫੀਸਦੀ ਆਬਾਦੀ ਹੈ, ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਰਵਿਦਾਸ ਜੈਅੰਤੀ ਮੌਕੇ ਵੱਡੀ ਗਿਣਤੀ ਵਿੱਚ ਭਾਈਚਾਰੇ ਦੇ ਲੋਕ 10 ਤੋਂ 16 ਫਰਵਰੀ ਨੂੰ ਵਾਰਾਣਸੀ ਆਉਂਦੇ ਹਨ। ਅਜਿਹੇ ’ਚ ਕਈ ਲੋਕ ਵਿਧਾਨ ਸਭਾ ਚੋਣਾਂ ਲਈ ਆਪਣੀ ਵੋਟ ਨਹੀਂ ਪਾ ਸਕਣਗੇ, ਜੋ ਕਿ ਸੰਵਿਧਾਨਕ ਅਧਿਕਾਰ ਹੈ।

ਭਾਜਪਾ ਅਤੇ ਇਸ ਦੀ ਭਾਈਵਾਲ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਅਤੇ ਆਪ’ ਦੀ ਪੰਜਾਬ ਇਕਾਈ ਦੇ ਪ੍ਰਧਾਨ ਭਗਵੰਤ ਮਾਨ ਨੇ ਵੀ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਪੰਜਾਬ ਵਿੱਚ 14 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਨੂੰ ਅੱਗੇ ਵਧਾਉਣ ਦੀ ਅਪੀਲ ਕੀਤੀ ਸੀ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਜਸਵਿੰਦਰ ਸਿੰਘ ਮੁਲਤਾਨੀ ’ਤੇ ਰੱਖਿਆ 10 ਲੱਖ ਦਾ ਇਨਾਮ

**ਐੱਸ. ਏ. ਐੱਸ. ਨਗਰ/ਏ.ਟੀ.ਨਿਊਜ਼ :** ਕੌਮੀ ਜਾਂਚ ਏਜੰਸੀ ਐੱਨ. ਆਈ. ਏ. ਵਲੋਂ ਵਿਦੇਸ਼ ਵਿਚ ਬੈਠੇ ਸਿੱਖਸ ਫਾਰ ਜਸਟਿਸ ਦੇ ਸੰਚਾਲਕ ਜਸਵਿੰਦਰ ਸਿੰਘ ਮੁਲਤਾਨੀ ’ਤੇ 10 ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਹੈ . ਐੱਨ. ਆਈ. ਏ. ਮੁਤਾਬਕ ਜਸਵਿੰਦਰ ਸਿੰਘ ਮੁਲਤਾਨੀ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਨਕਦ 10 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ ਅਤੇ ਸੂਚਨਾ ਦੇਣ ਵਾਲੇ ਦਾ ਨਾਂ ਗੁਪਤ ਰੱਖਿਆ ਜਾਵੇਗਾ । ਐੱਨ. ਆਈ. ਏ. ਮੁਤਾਬਿਕ ਮੁਲਤਾਨੀ ਮੁੰਬਈ ਅਤੇ ਹੋਰਨਾਂ ਅੱਤਵਾਦੀ ਹਮਲਿਆਂ ਨੂੰ ਅੰਜਾਮ ਦੇਣ ਅਤੇ ਆਈ. ਐੱਸ. ਆਈ. ਦੇ ਨਾਲ ਮਿਲ ਕੇ ਸਾਜਿਸ ਰਚਣ ਦੇ ਮਾਮਲੇ ਵਿਚ ਜਾਂਚ ਏਜੰਸੀਆਂ ਨੂੰ ਲੋੜੀਂਦਾ ਹੈ । ਐੱਨ. ਆਈ. ਏ. ਵਲੋਂ 30 ਦਸੰਬਰ 2021 ਨੂੰ ਮੁਲਤਾਨੀ ਖ਼ਿਲਾਫ ਧਾਰਾ-120ਬੀ ਅਤੇ




ਅਨ-ਲਾ-ਫੁਲ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਐੱਨ. ਆਈ. ਏ. ਮੁਤਾਬਕ ਜਸਵਿੰਦਰ ਸਿੰਘ ਮੁਲਤਾਨੀ ਉਰਫ ਜੱਸ ਵਾਸੀ ਮਨਸੂਰਪੁਰ ਜ਼ਿਲਾ ਹੁਸ਼ਿਆਰਪੁਰ ਦੇ ਪਾਕਿਸਤਾਨ ਦੀ ਖੁਫੀਆ ਏਜੰਸੀ ਨਾਲ ਸਬੰਧ ਸਾਹਮਣੇ ਆਏ ਹਨ । ਐੱਨ. ਆਈ. ਏ. ਦਾ ਇਹ ਵੀ ਕਹਿਣਾ ਹੈ ਕਿ ਮੁਲਤਾਨੀ ਦੇ ਪਾਕਿਸਤਾਨ ਦੀ ਖੁਫੀਆ ਏਜੰਸੀ ਨਾਲ ਸਬੰਧ ਹਨ ਅਤੇ ਉਹ ਪੰਜਾਬ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਗੜਬੜੀ ਫੈਲਾਉਣ ਦੀ ਤਾਕ ਵਿਚ ਹੈ । ਐੱਨ. ਆਈ. ਏ. ਨੂੰ ਮੁਲਤਾਨੀ ਦੇ ਹਰਦੀਪ ਸਿੰਘ ਨਿੱਝਰ, ਪਰਮਜੀਤ ਸਿੰਘ ਪੰਮਾ, ਸਾਬੀ ਸਿੰਘ, ਕੁਲਵੰਤ ਸਿੰਘ ਮੁਠੱਡਾ ਆਦਿ ਖਾਲਿਸਤਾਨੀ ਆਗੂਆਂ ਦੇ ਨਾਲ ਨੇੜਤਾ ਹੋਣ ਦੀ ਜਾਣਕਾਰੀ ਵੀ ਮਿਲੀ ਹੈ। ਦੂਸਰੇ ਪਾਸੇ ਮੁਲਤਾਨੀ ਨੇ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਰੱਦ ਕੀਤਾ ਹੈ ਤੇ ਕਿਹਾ ਹੈ ਕਿ ਖਾਲਿਸਤਾਨ ਕਾਰਨ ਉਸਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

# ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਭਾਈ ਦਲਜੀਤ ਸਿੰਘ ਬਿੱਟੂ ਦੇ ਪਿਤਾ ਡਾ. ਅਜੀਤ ਸਿੰਘ ਦੀ ਮੌਤ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਲੰਡਨ/ਏ.ਟੀ.ਨਿਊਜ਼ :** ਦਮਦਮੀ ਟਕਸਾਲ ਦੇ ਜਥੇਦਾਰ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਸਿੱਖ ਸੰਘਰਸ਼ ਦੇ ਜੁਝਾਰੂ ਭਾਈ ਦਲਜੀਤ ਸਿੰਘ ਬਿੱਟੂ ਸਾਬਕਾ ਪ੍ਰਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ, ਸਾਬਕਾ ਮੈਂਬਰ ਪੰਜ ਮੈਂਬਰੀ ਪੰਥਕ ਕਮੇਟੀ ਦੇ ਸਤਿਕਾਰਯੋਗ ਪਿਤਾ ਭਾਈ ਅਜੀਤ ਸਿੰਘ ਸਿੱਧੂ ਦੇ ਅਕਾਲ ਚਲਾਣੇ ਤੇ ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਅਰਦਾਸ ਕੀਤੀ ਗਈ ਕਿ ਭਾਈ ਦਲਜੀਤ ਸਿੰਘ ਬਿੱਟੂ ਦੇ ਪਿਤਾ ਭਾਈ ਅਜੀਤ ਸਿੰਘ ਸਿੱਧੂ ਦੀ ਆਤਮਾ ਨੂੰ ਸਦੀਵ



ਕਾਲ ਵਾਸਤੇ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਭਾਈ ਦਲਜੀਤ ਸਿੰਘ ਬਿੱਟੂ ਅਤੇ ਸਮੁੱਚੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਸ਼ਰੀਕ ਹੁੰਦਿਆਂ ਤਹਿ ਦਿਲੋਂ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਭਾਈ ਦਲਜੀਤ ਸਿੰਘ ਸਾਬਕਾ ਪ੍ਰਧਾਨ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸਿੱਖ ਕੌਮ ਪ੍ਰਤੀ ਕੁਰਬਾਨੀ ਮਹਾਨ ਹੈ। ਉੱਥੇ ਉਨਾਂ ਦੇ ਪਿਤਾ ਭਾਈ ਅਜੀਤ ਸਿੰਘ ਸਿੱਧੂ ਨੇ ਬਹੁਤ ਹੀ ਮਹਾਨ ਘਾਲਣਾ ਘਾਲੀ ਅਤੇ ਬਿਖੜੇ ਪੈਂਡਿਆਂ ਦਾ ਸਫਰ ਤਹਿ ਕੀਤਾ। ਭਾਈ ਦਲਜੀਤ ਸਿੰਘ ਬਿੱਟੂ ਨੇ ਸਿੱਖ ਸੰਘਰਸ਼ ਦੌਰਾਨ ਯੋਗਦਾਨ ਪਾਉਂਦਿਆਂ ਅਤੇ ਲੰਬਾ ਸਮਾਂ ਜੇਲਾਂ ਵਿੱਚ ਬਤੀਤ ਕੀਤਾ ਹੈ। ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਸਿੱਖ ਵਿਰੋਧੀ ਲਾਬੀ ਨੂੰ ਆਖਿਆ ਗਿਆ ਕਿ ਖਾਲਸਾ ਪੰਥ ਕੌਮੀ ਹੱਕਾਂ, ਹਿਤਾਂ ਅਤੇ ਕੌਮੀ ਅਜ਼ਾਦੀ ਲਈ ਚੱਲ ਰਿਹਾ ਸੰਘਰਸ਼ ਜਾਰੀ ਰਹੇਗਾ ।

# ਖਤਰਨਾਕ ਬਣਦਾ ਜਾ ਰਿਹਾ ਹੈ ਕੋਵਿਡ-19 ਦਾ ਨਵਾਂ ਰੂਪ ਓਮੀਕਰੋਨ

## ਅਮਰੀਕਾ ਵਿਚ ਮੌਤਾਂ ਦੀ ਗਿਣਤੀ ਹੋ ਸਕਦੀ ਹੈ 10 ਲੱਖ ਤੋਂ ਪਾਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਕਿਸੇ ਵੀ ਵਿਅਕਤੀ ਲਈ ਇਹ ਵਧੀਆ ਗੱਲ ਹੋ ਸਕਦੀ ਹੈ ਕਿ ਕੋਵਿਡ-19 ਦਾ ਨਵਾਂ ਰੂਪ ਓਮੀਕਰੋਨ ਤੇਜੀ ਨਾਲ ਫੈਲਦਾ ਜਰੂਰ ਹੈ ਪਰੰਤੂ ਇਸ ਦਾ ਅਸਰ ਜਿਆਦਾ ਮਾਰੂ ਨਹੀਂ ਹੈ ਪਰੰਤੂ ਅਸਲ ਵਿਚ ਅਜਿਹਾ ਨਹੀਂ ਹੈ। ਇਕ ਅਨੁਮਾਨ ਅਨੁਸਾਰ ਮੌਜਦਾ ਕੋਵਿਡ ਲਹਿਰ ਦੇ ਅੱਧ ਮਾਰਚ ਵਿਚ ਮੱਠੀ ਪੈਣ ਤੋਂ ਪਹਿਲਾਂ 50000 ਤੋਂ ਲੈ ਕੇ 3,00,000 ਅਮਰੀਕੀ ਹੋਰ ਮਰ ਸਕਦੇ ਹਨ। ਮੱਧ ਨਵੰਬਰ ਤੋਂ ਬਾਅਦ ਪਿਛਲੇ 7 ਦਿਨਾਂ ਦੌਰਾਨ ਕੋਵਿਡ-19 ਨਾਲ ਰੋਜਾਨਾ ਔਸਤ ਮੌਤਾਂ ਦੀ ਗਿਣਤੀ ਵਧ ਕੇ 1700 ਹੋ ਗਈ ਹੈ ਜਦ ਕਿ ਜਨਵਰੀ 2021 ਵਿਚ ਔਸਤ ਮੌਤਾਂ ਦੀ ਗਿਣਤੀ ਸਿਖਰਲੇ ਪੱਧਰ ‘ਤੇ 3300 ਸੀ। ਚਿੰਤਾ ਵਾਲੀ ਗੱਲ ਇਹ ਹੈ ਕਿ ਓਮੀਕਰੋਨ ਤੇਜੀ ਨਾਲ ਫੈਲ ਰਿਹਾ ਹੈ ਤੇ ਇਸ ਸਮੇ ਕੋਵਿਡ ਨਾਲ ਪੀੜਤ 1,50,000 ਮਰੀਜ਼ ਹਸਪਤਾਲਾਂ ਵਿਚ ਇਲਾਜ ਅਧੀਨ ਹਨ। ਜੇਕਰ ਕੋਵਿਡ ਨਾਲ ਮੌਤਾਂ ਦਾ ਨਵਾਂ ਅਨੁਮਾਨ ਠੀਕ ਸਾਬਤ ਹੋ ਗਿਆ ਤਾਂ ਅਮਰੀਕਾ ਵਿਚ ਕੋਰੋਨਾ ਮਹਾਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ ਗਰਮ ਰੁਤ ਦੀ ਸ਼ੁਰੂਆਤ ਤੱਕ 10 ਲੱਖ ਨੂੰ ਪਾਰ ਕਰ ਜਾਵੇਗੀ। ਯੁਨੀਵਰਸਿਟੀ ਆਫ ਸਾਊਥ ਫਲੋਰਿਡਾ ਦੇ ਮਹਾਮਾਰੀ ਵਿਗਿਆਨੀ ਜੈਸਨ ਸਾਲੇਮੀ ਨੇ ਕਿਹਾ ਹੈ ਕਿ ਮਰ ਰਹੇ ਲੋਕਾਂ ਤੋਂ ਪਤਾ ਲੱਗਦਾ ਹੈ ਕਿ ਓਮੀਕਰੋਨ ਕਿੰਨਾ ਖਤਰਨਾਕ ਹੈ। ਪੈਨਸਿਲਵਾਨੀਆ ਸਟੇਟ ਯੁਨੀਵਰਸਿਟੀ ਦੇ ਮਾਹਿਰ ਕੈਟਰੀਓਨਾ ਸ਼ੀਅ ਜੋ ਉਸ ਟੀਮ ਦੀ ਸਾਂਝੀ ਅਗਵਾਈ ਕਰ ਰਹੇ ਹਨ, ਜਿਸ ਨੇ ਵਾਈਟ ਹਾਊਸ ਨਾਲ ਅਨੇਕਾਂ ਮਹਾਮਾਰੀ ਨਮੂਨਿਆਂ ਤੇ ਅਨੁਮਾਨਾਂ ਬਾਰੇ ਮਿਲ ਕੇ ਕੰਮ ਕੀਤਾ ਹੈ, ਨੇ ਕਿਹਾ ਹੈ ਕਿ ਮੌਤਾਂ ਦੀ ਗਿਣਤੀ ਦਾ ਮੌਜੂਦਾ ਰੁਝਾਨ ਜੋ ਜਨਵਰੀ ਦੇ ਆਖਿਰ ਜਾਂ ਫਰਵਰੀ ਦੇ ਸ਼ੁਰੂ ਵਿਚ ਸਿਖਰ ਉਪਰ ਪਹੁੰਚ ਜਾਵੇਗਾ, ਸਭਾਵੀ ਤੌਰ ‘ਤੇ ਪਿਛਲੇ ਸਾਲ ਦੇ ਅੰਕੜਿਆਂ ਨੂੰ ਮਾਤ ਪਾ ਜਾਵੇਗਾ।

# ਅਮਰੀਕਾ ਵਿਚ ਘਰਾਂ ਵਿਚ ਮੁਫਤ ਕੋਵਿਡ ਟੈਸਟ ਲਈ ਵੈਬਸਾਈਟ ਦੀ ਸ਼ੁਰੂਆਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਸਤਾਵਿਤ ਐਲਾਨ ਤੋਂ ਇਕ ਦਿਨ ਪਹਿਲਾਂ ਅਮਰੀਕਾ ਵਿਚ ਸੰਘੀ ਸਰਕਾਰ ਦੁਆਰਾ ਘਰ ਵਿਚ ਕੋਵਿਡ ਟੈਸਟ ਕਰਨ ਲਈ ਮੁਫਤ ਟੈਸਟਿੰਗ ਕਿੱਟਾਂ ਮੰਗਵਾਉਣ ਵਾਸਤੇ ਨਵੀਂ ਵੈਬਸਾਈਟ ਦੀ ਸ਼ੁਰੂਆਤ ਹੋ ਗਈ ਹੈ। “. ਨਾਮੀ ਵੈਬਸਾਈਟ ਉਪਰ ‘ਆਰਡਰ ਫਰੀ ਐਟ ਹੋਮ ਟੈਸਟਸ’ ਬਟਨ ਸ਼ਾਮਿਲ ਕੀਤਾ ਗਿਆ ਹੈ। ਜਿਸ ਨੂੰ ਦਬਾਅ ਕੇ ਮੁਫਤ ਕਿੱਟਾਂ ਲਈ ਆਰਡਰ ਦਿੱਤਾ ਜਾ ਸਕਦਾ ਹੈ। ਇਸ ਮੌਕੇ ਵਾਈਟ ਹਾਊਸ ਦੀ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਕਿਹਾ ਕਿ ਵੈਬਸਾਈਟ ਅਜੇ ਮੁੱਢਲੇ ਪੜਾਅ ‘ਤੇ ਹੈ ਇਸ ਲਈ ਸਮੱਸਿਆਵਾਂ ਆ ਸਕਦੀਆਂ ਹਨ ਪਰੰਤੂ ਪ੍ਰਸ਼ਾਸਨ ਦੀ ਸਭ ਤੋਂ ਵਧੀਆ



ਤਕਨੀਕੀ ਟੀਮ ਤੇ ਡਾਕ ਸੇਵਾਵਾਂ ਵਿਭਾਗ ਇਸ ਦੀ ਸਫਲਤਾ ਲਈ ਸਖਤ ਮਿਹਨਤ ਕਰ ਰਿਹਾ ਹੈ। ਸਾਰੇ ਹੀ ਯੋਗ ਰਿਹਾਇਸ਼ੀ ਪਤਿਆਂ ਉਪਰ ਇਕ ਵਿਅਕਤੀ 4 ਮੁਫਤ ਕਿੱਟਾਂ ਮੰਗਵਾ ਸਕਦਾ ਹੈ ਪਰੰਤੂ ਡਾਕ ਵਿਭਾਗ ਹਰ ਵਾਰ ਇਕ ਕਿੱਟ ਹੀ ਘਰਾਂ ਵਿਚ ਪਹੁੰਚਾਵੇਗਾ। ਕਿੱਟਾਂ ਲਈ ਆਰਡਰ ਮਿਲਣ ਉਪਰੰਤ 7 ਤੋਂ 12 ਦਿਨਾਂ ਦੇ ਵਿਚ ਕਿੱਟਾਂ ਦਿੱਤੇ ਰਿਹਾਇਸ਼ੀ ਪਤੇ ਉਪਰ ਪੁੱਜ ਜਾਣਗੀਆਂ। ਇਥੇ ਜਿਕਰਯੋਗ ਹੈ ਕਿ ਕੈਨੇਡਾ ਵਿਚ ਪਹਿਲਾਂ ਹੀ ਘਰਾਂ ਵਿਚ ਟੈਸਟ ਕਿੱਟਾਂ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ ਜਿਥੇ ਲੋਕ ਖੁਦ ਹੀ ਟੈਸਟ ਕਰਕੇ ਆਪਣੇ ਆਪ ਨੂੰ ਪੌਜ਼ਟਿਵ ਜਾਂ ਨੈਗਟਿਵ ਹੋਣ ਦਾ ਪਤਾ ਲਾ ਰਹੇ ਹਨ।

# ਮਾਮਲਾ ਬੰਦੀ ਸਿੱਖਾਂ ਦੀ ਰਿਹਾਈ ਦਾ

## ਅਕਾਲੀ ਦਲ (ਸੰਯੁਕਤ) ਦਾ ਵਫ਼ਦ ਅਮਿਤ ਸ਼ਾਹ ਨੂੰ ਮਿਲਿਆ



**ਸੰਗਰੂਰ/ਏ.ਟੀ.ਨਿਊਜ਼:** ਜੇਲਾਂ ਵਿਚ ਬੰਦ ਕੈਦੀਆਂ ਦੀ ਰਿਹਾਈ, ਸਿੱਖ ਮਸਲੇ, ਪੰਜਾਬ ਦੀ ਬਿਹਤਰੀ ਤੇ ਕਿਸਾਨਾਂ ਲਈ ਪੈਕੇਜ ਦੀ ਮੰਗ ਨੂੰ ਲੈ ਕੇ ਅਕਾਲੀ ਦਲ (ਸੰਯੁਕਤ) ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਿਆ ਹੈ। ਵਫ਼ਦ ਵਿਚ ਉਨਾਂ ਨਾਲ ਸਾਬਕਾ ਜਸਟਿਸ ਨਿਰਮਲ ਸਿੰਘ, ਸਾਬਕਾ ਮੰਤਰੀ ਜਗਦੀਸ਼ ਸਿੰਘ ਗਰਚਾ, ਸਾਬਕਾ ਵਿੱਤ ਮੰਤਰੀ ਪੰਜਾਬ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ, ਰਣਜੀਤ ਸਿੰਘ ਤਲਵੰਡੀ, ਸੁਖਵੰਤ ਸਿੰਘ ਸਰਾਓ ਤੇ ਭਾਜਪਾ ਦੇ ਗਜੇਂਦਰ ਸ਼ੇਖਾਵਤ ਵੀ ਮੌਜੂਦ ਸਨ।

ਇਸ ਮੌਕੇ ਢੀਂਡਸਾ ਨੇ ਕਿਹਾ ਕਿ ਪੰਜਾਬ ਇਸ ਵੇਲੇ ਗੰਭੀਰ ਸੰਕਟ ਤੇ ਕਰਜ਼ੇ ਦੇ ਭਾਰ ਹੇਠਾਂ ਦੱਬਿਆ ਪਿਆ ਹੈ। ਸਿੱਖਾਂ ਦੇ ਬਹੁਤ ਸਾਰੇ ਮਸਲੇ ਅਜਿਹੇ ਹਨ, ਜਿਨਾਂ ਨੂੰ ਹੱਲ ਕਰਵਾਉਣਾ ਸਮੇਂ ਦੀ ਲੋੜ ਹੈ। ਉਨਾਂ ਕਿਹਾ, ‘ਜੇ ਇਹ ਵੇਲਾ ਨਾ ਸੰਭਾਲਿਆ ਤੇ ਸੰਕਟ ਵੇਲੇ ਸਹੀ ਢੰਗ ਨਾਲ ਆਵਾਜ਼ ਬੁਲੰਦ ਨਾ ਕੀਤੀ ਤਾਂ ਆਉਣ ਵਾਲੀਆਂ ਪੀੜੀਆਂ ਸਾਨੂੰ ਕਦੇ ਮੁਆਫ਼ ਨਹੀਂ ਕਰਨਗੀਆਂ। ਪੰਥ ਤੇ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਬਣੀ ਹੈ।’ ਅਮਿਤ ਸ਼ਾਹ ਨੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਜਲਦੀ ਕਰਨ ਸਮੇਤ ਹੋਰ ਮਸਲਿਆਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਹੈ।

# ਕਰਮਨ ’ਚ ਲੋਹੜੀ ਦੌਰਾਨ ਹੋਏ ਧਾਰਮਿਕ ਸਮਾਗਮ



**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):-** ਵਿਦੇਸ਼ੀ ਵਸਦੇ ਵੱਖ-ਵੱਖ ਦੇਸ਼ਾਂ ਵਿੱਚ ਪੰਜਾਬੀ ਲੋਕ ਆਪਣੇ ਸੱਭਿਆਚਾਰ ਨਾਲ ਜੁੜੇ ਹੋਣ ਕਰਕੇ ਹਰ ਦਿਨ-ਤਿਉਹਾਰ ਬੜੇ ਮਾਣ ਨਾਲ ਮਨਾਉਂਦੇ ਹਨ। ਲੋਹੜੀ ਦਾ ਤਿਉਹਾਰ, ਜਿਸ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ। ਪਰ ਇਸ ਲੋਹੜੀ ਦੀ ਚਲੀ ਆ ਰਹੀ ਪਰੰਪਰਾ ਨੂੰ ਹਮੇਸ਼ਾ ਵਾਂਗ ਅੱਗੇ ਤੋਰਦੇ ਹੋਏ ਵਿਦੇਸ਼ਾਂ ਵਿੱਚ ਧੀਆਂ, ਪੁੱਤਰਾਂ ਅਤੇ ਨਵ-ਵਿਆਹੇ ਜੋੜੇ ਇਸ ਦਿਨ ਗੁਰੂਘਰ ਆ ਅਰਦਾਸਾਂ ਕਰਦੇ ਹਨ ਅਤੇ ਅੱਗ ਦੇ ਧੂਣੇ ਲੱਗਦੇ ਹਨ। ਕੈਲੀਫੋਰਨੀਆ ਦੇ ਕਰਮਨ ਸ਼ਹਿਰ ਦੇ ਗੁਰਦੁਆਰਾ ਅਨੰਦਗੜ ਸਾਹਿਬ ਵਿਖੇ ਇਨਾਂ ਸਮਾਗਮਾਂ ਦੀ ਸ਼ੁਰੂਆਤ ਗੁਰਬਾਣੀ-ਕੀਰਤਨ ਨਾਲ ਹੋਈ। ਜਿੱਥੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ। ਉਪਰੰਤ ਲੱਗੇ ਵੱਡੇ ਅੱਗ ਦੇ ਧੂਣਿਆਂ ’ਤੇ ਸੰਗਤਾਂ ਨੇ ਤਿੱਲ ਸੁੱਟ ਜਿੱਥੇ ਨਿੱਘ ਮਾਣਿਆ, ਉੱਥੇ ਆਉਣ ਵਾਲੇ ਸਾਲ ਵਿੱਚ ਪਾਪ-ਦਲਿੱਦਰ ਖਤਮ ਕਰਨ ਦੀ ਵਚਨਬੱਧਤਾ ਵੀ ਪ੍ਰਗਟਾਈ। ਇਸੇ ਤਰਾਂ ਕੈਲੀਫੋਰਨੀਆ ਦੇ ਵੱਖ-ਵੱਖ ਗੁਰੂਘਰਾਂ ਵਿੱਚ ਸਮੁੱਚੇ ਭਾਈਚਾਰੇ ਵੱਲੋਂ ਸਾਂਝੇ ਤੌਰ ’ਤੇ ਵਿਸ਼ੇਸ਼ ਸਮਾਗਮ ਕੀਤੇ ਗਏ। ਇਸ ਦਿਨ ਪਰੰਪਰਾਗਤ ਤਰੀਕੇ ਨਾਲ ਸਰੋਂ ਦਾ ਸਾਗ ਅਤੇ ਮੱਕੀ ਦੀ ਰੋਟੀ, ਮੂਲੀਆਂ, ਤਾਜ਼ੇ ਗੰਨੇ ਆਦਿਕ ਦੇ ਭਾਂਤ-ਭਾਂਤ ਦੇ ਸੁਆਦੀ ਲੰਗਰ ਵੀ ਚੱਲੇ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਗਮ ਯਾਦਗਾਰੀ ਹੋ ਨਿਬੜੇ।

# ਭਾਈ ਦਲਜੀਤ ਸਿੰਘ ਬਿੱਟੂ ਨੂੰ ਸਦਮਾ

## ਡਾ. ਅਜੀਤ ਸਿੰਘ ਚੱਲ ਵਸੇ



**ਚੰਡੀਗੜ/ਏ.ਟੀ.ਨਿਊਜ਼ :** ਡਾਕਟਰ ਅਜੀਤ ਸਿੰਘ, ਸਾਬਕਾ ਡੀਨ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਅਕਾਲ ਚਲਾਣਾ ਕਰ ਗਏ ਹਨ। ਉਹ ਪਿਛਲੇ ਕਾਈ ਸਮੇਂ ਤੋਂ ਬਿਮਾਰ ਚੱਲ ਰਹੇ ਸਨ।

ਡਾ. ਅਜੀਤ ਸਿੰਘ, ਭਾਈ ਦਲਜੀਤ ਸਿੰਘ ਬਿੱਟੂ ਦੇ ਪਿਤਾ ਜੀ ਸਨ। ਭਾਈ ਦਲਜੀਤ ਸਿੰਘ ਜੁਝਾਰੂ ਸੰਘਰਸ਼ ਦੇ ਮਹਾਨ ਯੋਧੇ ਰਹੇ ਹਨ ਅਤੇ ਉਹ ਪੰਥਕ ਕਮੇਟੀ ਦੇ ਮੈਂਬਰ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਰਹੇ ਹਨ।

ਡਾ.ਅਜੀਤ ਸਿੰਘ ਦਾ ਅੰਤਿਮ ਸੰਸਕਾਰ 18 ਜਨਵਰੀ 2022 ਨੂੰ ਸ਼ਮਸ਼ਾਨਘਾਟ, ਪਿੰਡ ਸੁਨੇਤ ਲੁਧਿਆਣਾ ਵਿਖੇ ਕੀਤਾ ਗਿਆ। ਇਸ ਦੁਖ ਦੀ ਘੜੀ ਵਿਚ ਅੰਮ੍ਰਿਤਸਰ ਟਾਈਮਜ਼ ਦੀ ਸਾਰੀ ਟੀਮ ਭਾਈ ਦਲਜੀਤ ਸਿੰਘ ਤੇ ਉਨਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੀ ਹੈ। ਅਕਾਲ ਪੁਰਖ ਵਾਹਿਗੁਰੂ ਭਾਈ ਦਲਜੀਤ ਸਿੰਘ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਅਮਰੀਕਾ ’ਚ ਸਟਾਫ ਦੀ ਘਾਟ ਦਾ ਸ਼ਿਕਾਰ ਹੋ ਰਹੇ ਨੇ ਕੋਰੋਨਾ ਮਰੀਜ਼

**✪ ਆਈ ਸੀ ਯੂ ਬੈੱਡ ਵੀ ਘਟੇ, ਕਈ ਦੇਸ਼ਾਂ ਵਿਚ ਫੈਲਿਆ ਕਰੋਨਾ ✪ ਕੋਰੋਨਾ ਖ਼ਿਲਾਫ਼ ਰਣਨੀਤੀ ਬਣਾਉਂਦੇ ਸਮੇਂ ਆਮ ਲੋਕਾਂ ਦੀ ਰੋਜ਼ੀ-ਰੋਟੀ ਦੀ ਰਾਖੀ ਕਰਨਾ ਸਾਡਾ ਫਰਜ਼ : ਮੋਦੀ ✪ ਟੀਕਾਕਰਨ ਅਤੇ ਸਥਾਨਕ ਉਪਾਵਾਂ ’ਤੇ ਦਿੱਤਾ ਜਾਵੇ ਜ਼ੋਰ ✪ ਭਾਰਤ ਦੇ 130 ਕਰੋੜ ਲੋਕ ਯਕੀਨੀ ਤੌਰ ’ਤੇ ਮਹਾਂਮਾਰੀ ’ਤੇ ਜਿੱਤ ਪ੍ਰਾਪਤ ਕਰਨਗੇ ✪ ਹਵਾ ਵਿਚ ਆਪਣੀ ਸਮਰਥਾ ਗੁਆ ਲੈਂਦਾ ਹੈ ਕਰੋਨਾ**

**ਵਾਸ਼ਿੰਗਟਨ/ਏ.ਟੀ.ਨਿਊਜ਼ :-** ਕੋਰੋਨਾ ਦੇ ਓਮੀਕ੍ਰੋਨ ਵੈਰੀਐਂਟ ਕਾਰਨ ਆਈ ਮਹਾਮਾਰੀ ਦੀ ਲਹਿਰ ਨਾਲ ਅਮਰੀਕਾ ਵਿਚ ਸਿਹਤ ਪ੍ਰਬੰਧ ਲੜਖੜਾ ਗਏ ਹਨ। ਬੀਤੇ ਹਫਤੇ ਅਮਰੀਕੀ ਹਸਪਤਾਲਾਂ ਵਿਚ ਦਾਖ਼ਲ ਮਰੀਜ਼ਾਂ ਦੀ ਗਿਣਤੀ 151261 ਤਕ ਪੁੱਜ ਗਈ ਸੀ ਜੋ ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਤੋਂ ਹੁਣ ਤੱਕ ਦੀ ਸਭ ਤੋਂ ਵੱਡੀ ਗਿਣਤੀ ਹੈ। ਵਧਦੇ ਮਰੀਜ਼ਾਂ ਕਾਰਨ ਹਸਪਤਾਲ ਵਿਚ ਉਨਾਂ ਦੀ ਦੇਖਭਾਲ ਕਰਨ ਵਾਲੇ ਮੁਲਾਜ਼ਮਾਂ ਦੀ ਗਿਣਤੀ ਘੱਟ ਪੈ ਰਹੀ ਹੈ।

ਅਮਰੀਕੀ ਸਿਹਤ ਤੇ ਮਨੁੱਖੀ ਸੇਵਾ ਵਿਭਾਗ ਦੇ ਅੰਕੜਿਆਂ ਦੇ ਹਵਾਲੇ ਤੋਂ ਮੀਡੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ 19 ਸੂਬਿਆਂ ਵਿਚ 15 ਫ਼ੀਸਦੀ ਤੋਂ ਘੱਟ ਆਈਸੀਯੂ ਬੈੱਡ ਖ਼ਾਲੀ ਹਨ। ਇਨਾਂ ’ਚੋਂ ਵੀ ਚਾਰ ਸੂਬਿਆਂ ਕੇਂਚੁਕੀ, ਅਲਬਾਮਾ, ਇੰਡੀਆਨਾ ਤੇ ਨਿਊ ਹੈਂਪਸ਼ਾਇਰ ਦੇ ਹਸਪਤਾਲਾਂ ਵਿਚ ਖ਼ਾਲੀ ਆਈਸੀਯੂ ਬੈੱਡਾਂ ਦੀ ਗਿਣਤੀ 10 ਫ਼ੀਸਦੀ ਤੋਂ ਵੀ ਘੱਟ ਰਹਿ ਗਈ ਹੈ।

ਓਮੀਕ੍ਰੋਨ ਕਾਰਨ ਨਵੇਂ ਮਾਮਲਿਆਂ ਦੀ ਸੁਨਾਮੀ ਆਈ ਹੈ। ਹਸਪਤਾਲਾਂ ਵਿਚ ਕੰਮ ਕਰਨ ਵਾਲਿਆਂ ਦੇ ਕੋਰੋਨਾ ਦੀ ਲਪੇਟ ਵਿਚ ਆਉਣ ਦਾ ਖ਼ਤਰਾ ਜ਼ਿਆਦਾ ਵੱਧ ਗਿਆ ਹੈ। ਸਟਾਫ ਦੀ ਕਮੀ ਨੂੰ ਦਰ ਕਰਨ ਲਈ ਵਾਸ਼ਿੰਗਟਨ ਦੇ ਮੇਅਰ ਦਾ ਕਹਿਣਾ ਹੈ ਕਿ ਉਹ ਚਾਹੁੰਦੇ ਹਨ ਕਿ ਹਸਪਤਾਲ ਆਮ ਆਪ੍ਰੇਸ਼ਨਾਂ ਨੂੰ ਫਿਲਹਾਲ ਰੋਕ ਦੇਣ।

ਰੂਸ ਵੀ ਕੋਰੋਨਾ ਦੀ ਨਵੀਂ ਲਹਿਰ ਦੀ ਲਪੇਟ ਵਿਚ ਹੈ। ਨਵੇਂ ਮਾਮਲੇ ਘੱਟ ਨਹੀਂ ਹੋ ਰਹੇ। ਪਿਛਲੇ 24 ਘੰਟਿਆਂ ਵਿਚ 23820 ਨਵੇਂ ਮਾਮਲੇ ਮਿਲੇ ਹਨ ਤੇ 739 ਮੌਤਾਂ ਹੋਈਆਂ ਹਨ। ਕੁੱਲ ਮਰੀਜ਼ਾਂ ਦਾ ਅੰਕੜਾ ਇਕ ਕਰੋੜ ਸੱਤ ਲੱਖ ਨੂੰ ਪਾਰ ਕਰ ਗਿਆ ਹੈ। ਹੁਣ ਤਕ



3.19 ਲੱਖ ਲੋਕਾਂ ਦੀ ਜਾਨ ਵੀ ਜਾ ਚੁੱਕੀ ਹੈ। ਚੀਨ ਵਿਚ ਬੀਜਿੰਗ ਵਿੰਟਰ ਓਲੰਪਿਕ ਸ਼ੁਰੂ ਹੋਣ ਵਿਚ ਦੋ ਹਫ਼ਤੇ ਹੀ ਬਚੇ ਹਨ ਤੇ ਕੋਰੋਨਾ ਇਨਫੈਕਸ਼ਨ ਦੇ ਮਾਮਲੇ ਵਧਦੇ ਜਾ ਰਹੇ ਹਨ। ਕੋਰੋਨਾ ਇਨਫੈਕਸ਼ਨ ਦੇ ਪ੍ਰਸਾਰ ਨੂੰ ਰੋਕਣ ਲਈ ਚੀਨ ਪਾਬੰਦੀਆਂ ਨੂੰ ਹੋਰ ਸਖ਼ਤ ਕਰ ਰਿਹਾ ਹੈ। ਕੌਮਾਂਤਰੀ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਦੀ ਜਾਂਚ ਵੀ ਅਗਲੇ ਹਫ਼ਤੇ ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਕਿਸੇ ਤੀਸਰੇ ਦੇਸ਼ ਦੇ ਰਸਤੇ ਲੋਕਾਂ ਦੇ ਆਉਣ ’ਤੇ ਰੋਕ ਲਾ ਦਿੱਤੀ ਗਈ ਹੈ। ਚੀਨ ਨੇ ਆਪਣੇ ਲੋਕਾਂ ਨੂੰ ਜ਼ਰੂਰੀ ਹੋਣ ’ਤੇ ਹੀ ਯਾਤਰਾ ਕਰਨ ਦੀ ਇਜਾਜ਼ਤ ਦਿੱਤੀ ਹੈ। ਬੀਜਿੰਗ ਦੇ ਨਾਲ ਲੱਗਦੇ ਤਿਆਜਿਨ ਸ਼ਹਿਰ ਵਿਚ ਕੋਰੋਨਾ ਦੇ 34 ਨਵੇਂ ਮਾਮਲੇ ਮਿਲੇ ਹਨ। ਬਰਤਾਨੀਆ ਵਿਚ ਕੀਤੇ ਗਏ ਅਧਿਐਨ ਦੌਰਾਨ ਸਾਹਮਣੇ ਆਇਆ ਹੈ ਕਿ ਨੌਜਵਾਨਾਂ ਤੇ ਬੱਚਿਆਂ ਵਿਚ ਓਮੀਕ੍ਰੋਨ ਕਾਰਨ ਹਸਪਤਾਲ ਵਿਚ ਦਾਖ਼ਲ ਹੋਣ ਦੇ ਕੇਸ ਵੱਧ ਗਏ ਹਨ ਪਰ ਜ਼ਿਆਦਾਤਰ ਹਲਕੀ ਇਨਫੈਕਸ਼ਨ ਦੇ ਮਾਮਲੇ ਹਨ। ਓਮੀਕ੍ਰੋਨ ਕਾਰਨ ਇਕ ਸਾਲ ਤੋਂ ਘੱਟ ਉਮਰ ਦੇ 42 ਫ਼ੀਸਦੀ ਬੱਚਿਆਂ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਉਣ ਦੀ ਜ਼ਰੂਰਤ ਪੈ ਰਹੀ ਹੈ ਜਦੋਂ ਕਿ ਦੂਸਰੀ ਲਹਿਰ ਵਿਚ ਇਹ ਗਿਣਤੀ ਲਗਭਗ 30 ਫ਼ੀਸਦੀ ਸੀ।

ਇਟਲੀ ਵਿਚ ਕੋਰੋਨਾ ਦੇ 1.86 ਲੱਖ ਨਵੇਂ ਮਾਮਲੇ ਸਾਹਮਣੇ ਆਏ ਹਨ। ਇਸ ਤੋਂ ਇਕ ਦਿਨ ਪਹਿਲਾਂ 1,84,615 ਮਾਮਲੇ ਸਾਹਮਣੇ ਆਏ ਸਨ। ਇਸੇ ਤਰਾਂ ਫਰਾਂਸ ਵਿੱਚ ਵੀ ਕੋਰੋਨਾ ਦੇ ਮਾਮਲੇ ਵਧੇ ਹਨ ਪਰ ਇੱਥੇ ਆਈਸੀਯੂ ਵਿੱਚ ਦਾਖ਼ਲ ਮਰੀਜ਼ਾਂ ਦੀ ਗਿਣਤੀ ਵਿੱਚ ਕਮੀ ਆਈ ਹੈ।

**ਓਮੀਕ੍ਰੋਨ ਵਾਇਰਸ ਤੋਂ ਡਰੀ ਦੁਨੀਆ, ਲਾਕਡਾਊਨ ਲਗਿਆ**

ਵੇਰੀਐਂਟ ਓਮੀਕ੍ਰੋਨ ਕਾਰਨ ਦੁਨੀਆਂ ਭਰ ਵਿਚ ਪਿਛਲੇ ਹਫ਼ਤੇ ਵਿਚ ਕੋਰੋਨਾ ਸੰਕ੍ਰਮਣ ਮਾਮਲਿਆਂ ਵਿਚ 1 ਫੀਸਦੀ ਦਾ ਵਾਧਾ ਹੋਇਆ ਹੈ। ਦੁਨੀਆਂ ਦੇ 108 ਦੇਸ਼ਾਂ ਵਿਚ ਇਸ ਵੇਰੀਐਂਟ ਦਾ ਪਸਾਰ ਹੋ ਚੁੱਕਾ ਹੈ।

ਬਾਕੀ ਸਫ਼ਾ 30 ’ਤੇ

## ਹਵਾ ਵਿਚ ਆਉਂਦੇ ਹੀ ਮਿੰਟਾਂ ’ਚ ਬੇਜਾਨ ਹੋ ਜਾਂਦੈ ਕੋਰੋਨਾ ਵਾਇਰਸ : ਨਵੀਂ ਰਿਸਰਚ

**ਨਵੀਂ ਦਿੱਲੀ/ਏ.ਟੀ.ਨਿਊਜ਼:** ਭਾਰਤ ਦੇ ਨਾਲ-ਨਾਲ ਦੁਨੀਆ ਭਰ ਵਿੱਚ ਕੋਵਿਡ-19 ਦੇ ਇੱਕ ਨਵੇਂ ਰੂਪ ਓਮੀਕ੍ਰੋਨ ਦੇ ਵੱਧ ਰਹੇ ਮਾਮਲਿਆਂ ਦੇ ਵਿਚਕਾਰ ਇੱਕ ਹੈਰਾਨ ਕਰਨ ਵਾਲਾ ਅਧਿਐਨ ਸਾਹਮਣੇ ਆਇਆ ਹੈ। ਹਵਾ ਵਿੱਚ ਵਾਇਰਸ ਕਿਵੇਂ ਜਿਉਂਦਾ ਰਹਿੰਦਾ ਹੈ ਇਸ ਬਾਰੇ ਇੱਕ ਨਵੇਂ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਕੋਰੋਨਾ ਵਾਇਰਸ ਹਵਾ ਵਿੱਚ ਫੈਲਣ ਤੋਂ ਬਾਅਦ 20 ਮਿੰਟਾਂ ਦੇ ਅੰਦਰ ਅੰਦਰ ਸੰਕਰਮਿਤ ਹੋਣ ਦੀ ਆਪਣੀ ਸਮਰੱਥਾ ਦਾ 90% ਤਕ ਗੁਆ ਦਿੰਦਾ ਹੈ। ਨਾਲ ਹੀ, ਵਾਇਰਸ ਪਹਿਲੇ 5 ਸਕਿੰਟਾਂ ਵਿੱਚ ਆਪਣੀ ਅੱਧੀ ਤਾਕਤ ਗੁਆ ਦਿੰਦਾ ਹੈ। ਖੋਜਕਰਤਾਵਾਂ ਨੇ ਇਸ ਦਾ ਕਾਰਨ ਹਵਾ ਵਿੱਚ ਨਮੀ ਅਤੇ ਕਾਰਬਨ ਡਾਈਆਕਸਾਈਡ ਦੀ ਕਮੀ ਨੂੰ ਦੱਸਿਆ ਹੈ।

**ਕੋਰੋਨਾ ਵਾਇਰਸ ’ਤੇ ਨਵੀਂ ਰਿਸਰਚ**

ਇੱਕ ਨਵੇਂ ਅਧਿਐਨ ਦੇ ਅਨੁਸਾਰ, ਹਵਾ ਦੇ ਸੰਪਰਕ ਵਿੱਚ ਆਉਣ ਦੇ 20 ਮਿੰਟਾਂ ਵਿੱਚ ਕੋਰੋਨਾ ਵਾਇਰਸ 90 ਪ੍ਰਤੀਸ਼ਤ ਘੱਟ ਛੂਤਕਾਰੀ ਬਣ ਜਾਂਦਾ ਹੈ ਅਤੇ ਹਵਾ ਦੇ ਸੰਪਰਕ ਵਿੱਚ ਆਉਣ ਦੇ ਪਹਿਲੇ ਪੰਜ ਮਿੰਟਾਂ ਵਿੱਚ ਸੰਕਰਮਿਤ ਹੋਣ ਦੀ ਆਪਣੀ ਜ਼ਿਆਦਾਤਰ ਸਮਰੱਥਾ ਗੁਆ ਦਿੰਦਾ ਹੈ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਬ੍ਰਿਸਟਲ ਯੂਨੀਵਰਸਿਟੀ ਦੇ ਐਰੋਸੋਲ ਰਿਸਰਚ ਸੈਂਟਰ ਦੁਆਰਾ ਪ੍ਰਕਾਸ਼ਿਤ ਅਧਿਐਨ ਦੇ ਨਤੀਜੇ ਕੋਵਿਡ-19 ਦੇ ਫੈਲਣ ਨੂੰ ਰੋਕਣ ਲਈ ਚਿਹਰੇ ਦੇ ਮਾਸਕ ਪਹਿਨਣ ਅਤੇ ਸਮਾਜਿਕ ਦੂਰੀ ਬਣਾਈ ਰੱਖਣ ਦੇ ਮਹੱਤਵ ਦੀ ਪੁਸ਼ਟੀ ਕਰਦੇ ਹਨ।

ਕੋਵਿਡ-19 ਵਾਇਰਸ ਹਵਾ ਰਾਹੀਂ ਫੈਲਦਾ ਹੈ। ਜਦੋਂ ਕੋਈ ਸੰਕਰਮਿਤ ਵਿਅਕਤੀ ਖੰਘਦਾ ਜਾਂ ਛਿੱਕਦਾ ਹੈ, ਤਾਂ ਉਸ ਦੇ ਮੂੰਹ ਵਿੱਚੋਂ ਨਿਕਲਣ ਵਾਲੇ ਕਣ ਸਾਹ ਰਾਹੀਂ ਨੇੜੇ ਖੜੇ ਵਿਅਕਤੀ ਦੇ ਸਰੀਰ ਨੂੰ ਸੰਕਰਮਿਤ ਕਰ ਸਕਦੇ ਹਨ।

ਵਿਗਿਆਨੀਆਂ ਦਾ ਦਾਅਵਾ ਹੈ ਕਿ ਕੋਵਿਡ-19 ਜ਼ਿਆਦਾ ਮਾਤਰਾ ਵਿੱਚ ਨਮੀ ਅਤੇ ਕਾਰਬਨ ਡਾਈਆਕਸਾਈਡ ਵਾਲੇ ਵਾਤਾਵਰਨ ਵਿੱਚ ਲੰਬੇ ਸਮੇਂ ਤਕ ਜਿਉਂਦਾ ਰਹਿੰਦਾ ਹੈ। ਕਿਉਂਕਿ ਇਹ ਦੋਵੇਂ ਚੀਜ਼ਾਂ ਸਾਡੇ ਫੇਫੜਿਆਂ ‘ਚ ਪਹੁੰਚ ਜਾਂਦੀਆਂ ਹਨ, ਇਸ ਲਈ ਇਹ ਸਾਡੇ ਸਰੀਰ ਵਿਚ ਆਸਾਨੀ ਨਾਲ ਜ਼ਿੰਦਾ ਰਹਿ ਸਕਦੀਆਂ ਹਨ।

**ਮਾਸਕ ਤੇ ਸਰੀਰਕ ਦੂਰੀ ਹੈ ਜ਼ਰੂਰੀ**

ਖੋਜ ਵਿਚ ਦਾਅਵਾ ਕੀਤਾ ਗਿਆ ਹੈ ਕਿ ਵਾਇਰਸ ਦੀ ਇਨਫੈਕਸ਼ਨ ਫੈਲਾਉਣ ਦੀ ਸਮਰੱਥਾ ਹਵਾ ਵਿਚ ਆਉਣ ਦੇ ਕੁਝ ਹੀ ਮਿੰਟਾਂ ਵਿਚ ਖਤਮ ਹੋ ਜਾਂਦੀ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਮਾਸਕ ਪਾ ਕੇ ਅਤੇ ਸਰੀਰਕ ਦੂਰੀ ਬਣਾ ਕੇ ਹੀ ਅਸੀਂ ਕੋਰੋਨਾ ਨੂੰ ਹਰਾ ਸਕਦੇ ਹਾਂ।

## ਲਾਸ ਏਂਜਲਸ ਕਾਊਂਟੀ ਵਿਚ ਮਾਲ ਗੱਡੀਆਂ ਵਿਚੋਂ ਕੰਪਨੀਆਂ ਦੇ ਪਾਰਸਲਾਂ ਦੀ ਚੋਰੀ ਦੀਆਂ ਘਟਨਾਵਾਂ ਵਿਚ ਹੋਇਆ ਵਾਧਾ

**ਕੰਪਨੀਆਂ ਰੇਲ ਗੱਡੀਆਂ ਰਾਹੀਂ ਸਮਾਨ ਨਾ ਭੇਜਣ ਬਾਰੇ ਸੋਚਣ ਲੱਗੀਆਂ**

**ਸੈਕਰਾਮੈਂਟੋ/ ਹੁਸਨ ਲੜੋਆ ਬੰਗਾ:-** ਲਾਸ ਏਂਜਲਸ ਕਾਊਂਟੀ, ਕੈਲੀਫੋਰਨੀਆ, ਵਿਚ ਮਾਲ ਗੱਡੀਆਂ ਵਿਚੋਂ ਪਾਰਸਲਾਂ ਦੀ ਚੋਰੀ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਰੇਲ ਪਟੜੀਆਂ ਦੇ ਨਾਲ ਪਏ ਖਾਲੀ ਡੱਬਿਆਂ ਦੀਆਂ ਵਾਇਰਲ ਹੋਈਆਂ ਤਸਵੀਰਾਂ ਤੇ ਵੀਡੀਓਜ਼ ਤੋਂ ਇਸ ਦਾ ਅੰਦਾਜਾ ਸਹਿਜੇ ਹੀ ਲੱਗ ਜਾਂਦਾ ਹੈ। ਸ਼ਿਪਿੰਗ ਕੰਪਨੀਆਂ ਅਨੁਸਾਰ ਰੇਲ ਗੱਡੀਆਂ ਵਿਚ ਡੱਬਿਆਂ ਤੇ ਪੈਕਟਾਂ ਦੀ ਚੋਰੀ ਦੀਆਂ ਘਟਨਾਵਾਂ ਵਿਚ ਨਾਟਕੀ ਢੰਗ ਨਾਲ ਵਾਧਾ ਹੋਇਆ ਹੈ। ਜਿਨਾਂ ਕੰਪਨੀਆਂ ਦੇ ਡੱਬੇ ਤੇ



ਪੈਕਟ ਚੋਰੀ ਹੋਏ ਹਨ ਉਨਾਂ ਵਿਚ ਯੂ ਪੀ ਐਸ, ਐਮਾਜ਼ੋਨ ਤੇ ਫੈਡਐਕਸ ਵਰਗੀਆਂ ਕੰਪਨੀਆਂ ਵੀ ਸ਼ਾਮਿਲ ਹਨ। ਰੇਲ ਰਾਹੀਂ ਸਮਾਨ ਭੇਜਣ ਵਾਲੀ ਅਮਰੀਕਾ ਦੀ ਸਭ ਤੋਂ ਵੱਡੀ ਕੰਪਨੀ ਯੂਨੀਅਨ ਪੈਸੀਫਿਕ ਨੇ ਕਿਹਾ ਹੈ ਕਿ ਵਧੀਆਂ ਚੋਰੀ ਦੀਆਂ ਘਟਨਾਵਾਂ ਕਾਰਨ ਉਹ ਲਾਸ ਏਂਜਲਸ ਵਿਚ ਰੇਲ ਗੱਡੀਆਂ ਰਾਹੀਂ ਸਮਾਨ ਭੇਜਣਾ ਬੰਦ ਕਰ ਸਕਦੀ ਹੈ। ਕੰਪਨੀ ਦਾ ਕਹਿਣਾ ਹੈ ਕਿ ਅਪਰਾਧੀਆਂ ਵਿਰੁੱਧ ਕਾਰਵਾਈ ਵਿੱਚ ਢਿਲੇਪਣ ਕਾਰਨ ਚੋਰੀ ਦੀਆਂ ਘਟਨਾਵਾਂ ਰੁਕਣ ਦੀ ਬਜਾਏ ਵਧ ਰਹੀਆਂ ਹਨ।

ਬਾਕੀ ਸਫ਼ਾ 30 ’ਤੇ

## ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿਚ ਪੰਜਾਬੀ ਮੂਲ ਦੇ ਵਿਦਿਆਰਥੀ ਦੀ ਮੌਤ




**ਨਿਊਯਾਰਕ/ਸਰੀ/ਰਾਜ ਗੋਗਨਾ :-** ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿਖੇ ਇੱਕ ਹੋਰ ਅੰਤਰ-ਰਾਸ਼ਟਰੀ ਵਿਦਿਆਰਥੀ ਸਿਮਰਜੀਤ ਸਿੰਘ ਦਹੇਲੇ ਦੀ ਮੌਤ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਨੌਜਵਾਨ ਦੋ ਸਾਲ ਪਹਿਲਾਂ ਹੀ ਪੜਾਈ ਵਾਸਤੇ ਕੈਨੇਡਾ ਆਇਆ ਸੀ ਅਤੇ ਉਸ ਦੀ ਉਮਰ ਸਿਰਫ 19 ਸਾਲਾਂ ਦੀ ਸੀ । ਸੂਤਰਾਂ ਮੁਤਾਬਕ ਸਿਮਰਜੀਤ ਸਿੰਘ ਦਹੇਲੇ ਦੀ ਲਾਸ਼ **Alex Fraser Bridge** ਦੇ ਪਾਣੀ ’ਚੋਂ ਮਿਲੀ ਹੈ ਅਤੇ ਪੁਲਿਸ ਘਟਨਾ ਦੀ ਸਾਰੇ ਪੱਖਾਂ ਤੋਂ ਜਾਂਚ ਕਰ ਰਹੀ ਹੈ । ਇਹ ਘਟਨਾ 14 ਜਨਵਰੀ ਵਾਲੀ ਰਾਤ ਦੀ ਦੱਸੀ ਜਾ ਰਹੀ ਹੈ। ਨੌਜਵਾਨ ਦਾ ਪਿਛੋਕੜ ਪੰਜਾਬ ਦੇ ਸ਼ਹਿਰ ਲੁਧਿਆਣਾ ਨਾਲ ਹੈ। ਨੌਜਵਾਨ ਦੇ ਦੋਸਤਾਂ ਵੱਲੋਂ ਉਸਦੇ ਅੰਤਮ ਸੰਸਕਾਰ ਲਈ ਗੋ-ਫੰਡ ਰੇਜਿੰਗ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਵੱਖ-ਵੱਖ ਕਾਰਨਾਂ ਕਰਕੇ ਹਰ ਹਫਤੇ ਹੀ ਅੰਤਰ-ਰਾਸ਼ਟਰੀ ਵਿਦਿਆਰਥੀਆਂ ਬਾਬਤ ਇਹੋ ਜਿਹੀਆਂ ਮੰਦਭਾਗੀਆਂ ਖ਼ਬਰਾਂ ਸਾਹਮਣੇ ਆਉਣ ਦਾ ਸਿਲਸਿਲਾ ਖ਼ਤਮ ਹੋਣ ਦਾ ਨਾਮ ਨਹੀਂ ਲੈ ਰਿਹਾ ਹੈ ਜਿਸ ਬਾਬਤ ਭਾਈਚਾਰਾ ਵੀ ਚਿੰਤਤ ਹੈ।

## ਓਰਗੋਨ ਵਿਚ ਰੈਪ ਸੰਗੀਤ ਸੰਮੇਲਨ ਦੌਰਾਨ ਚੱਲੀ ਗੋਲੀ, 6 ਜ਼ਖਮੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਈਊਗੇਨ ਸ਼ਹਿਰ, (ਓਰਗੋਨ) ਵਿਚ ਲੰਘੀ ਰਾਤ ਇਕ ਰੈਪ ਸੰਗੀਤ ਸੰਮਲੇਣ ਦੌਰਾਨ ਗੋਲੀਆਂ ਚੱਲਣ ਦੀ ਵਾਪਰੀ ਘਟਨਾ ਵਿਚ 6 ਲੋਕ ਜ਼ਖਮੀ ਹੋਏ ਹਨ, ਜਿਨਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਮੁਖੀ ਕ੍ਰਿਸ ਸਕਿਨਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜ਼ਖਮੀਆਂ ਵਿਚੋਂ ਇਕ ਦੀ ਹਾਲਤ ਨਾਜ਼ਕ ਹੈ ਜਿਸ ਦੀ ਸਰਜਰੀ ਕੀਤੀ ਗਈ ਹੈ ਜਦ ਕਿ ਬਾਕੀਆਂ ਦੀ ਹਾਲਤ ਬਾਰੇ ਉਹ ਕੁਝ ਨਹੀਂ ਜਾਣਦਾ। ਪੁਲਿਸ ਅਨੁਸਾਰ ਗੋਲੀਬਾਰੀ ਦੀ ਇਹ ਘਟਨਾ ਲਿਲ ਬੀਨ ਤੇ ਜੈ ਬਾਂਗ ਦੇ ਸ਼ੋਅ ਦੌਰਾਨ ਵਾਪਰੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**

Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਫੂਲਕਾ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਕੀਤੀ ਅਪੀਲ

## ✪ ਕਿਹਾ- ਸ਼੍ਰੋਮਣੀ ਕਮੇਟੀ ਪੰਥ ਲਈ ਕੰਮ ਕਰੇ ਨਾ ਕਿ ਬਾਦਲ ਪਰਿਵਾਰ ਲਈ

## ✪ ਪੰਜਾਬ ਦਾ ਮੁੱਖ ਮੰਤਰੀ ਸਿਰਫ਼ ਸਿੱਖ ਹੋਣਾ ਚਾਹੀਦਾ

**ਲੁਧਿਆਣਾ/ਏ.ਟੀ.ਨਿਊਜ਼:** ਵਕੀਲ ਤੇ ਸਾਬਕਾ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਅਨੰਦਪੁਰ ਸਾਹਿਬ ਤੋਂ ਦਿੱਤੇ ਗਏ ਬਿਆਨ ਦੀ ਨਿਖੇਧੀ ਕੀਤੀ ਹੈ। ਬਿਆਨ ਵਿਚ ਉਨਾਂ ਨੇ ਫੂਲਕਾ ਨੂੰ ਪਾਰਟੀ ਵਿੱਚੋਂ ਕੱਢੇ ਜਾਣ ਦੀ ਗੱਲ ਕਹੀ ਸੀ ਤੇ ਸ਼੍ਰੋਮਣੀ ਕਮੇਟੀ ਨੂੰ ਕਿਸੇ ਰਾਜਨੀਤਕ ਪਾਰਟੀ ਵਾਸਤੇ ਵਰਤੇ ਜਾਣ ਦੀ ਨਿਖੇਧੀ ਕੀਤੀ ਹੈ। ਉਨਾਂ ਨੇ ਪ੍ਰਧਾਨ ਧਾਮੀ ਨੂੰ ਲਿਖੇ ਪੱਤਰ ਵਿਚ ਕਿਹਾ ਕਿ ਤੁਹਾਡੇ ਅਨੰਦਪੁਰ ਸਾਹਿਬ ਤੋਂ ਦਿੱਤੇ ਹੋਏ ਬਿਆਨ ਨੂੰ ਸੁਣ ਕੇ ਬਹੁਤ ਹੈਰਾਨੀ ਹੋਈ ਹੈ। ਉਨਾਂ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਵਰਗੀ ਸੰਸਥਾ ਨੂੰ ਸਿਰਫ਼ ਇਕ ਪਰਿਵਾਰ ਤੇ ਇਕ ਰਾਜਨੀਤਕ ਪਾਰਟੀ ਵਾਸਤੇ ਵਰਤਿਆ ਜਾਂਦਾ ਹੈ।

ਫੂਲਕਾ ਨੇ ਧਾਮੀ ਨੂੰ ਮੁਖ਼ਾਤਬ ਹੋ ਕੇ ਕਿਹਾ, 'ਪਹਿਲੀ ਗੱਲ ਮੈਨੂੰ ਆਮ ਆਦਮੀ ਪਾਰਟੀ ਵਿੱਚੋਂ ਕੱਢਣ ਬਾਰੇ ਤੁਸੀਂ ਬਿਆਨ ਦਿੱਤਾ ਹੈ। ਉਸ ਬਾਰੇ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਆਮ ਆਦਮੀ ਪਾਰਟੀ ਨੇ ਮੈਨੂੰ ਨਹੀਂ ਕੱਢਿਆ ਬਲਕਿ ਖੁਦ ਅਸਤੀਫ਼ਾ ਦਿੱਤਾ ਸੀ। ਅਸਤੀਫ਼ੇ ਦਾ ਸਭ ਤੋਂ ਵੱਡਾ ਮੁੱਦਾ 1984 ਸਿੱਖ ਕਤਲੇਆਮ ਦੇ ਕੇਸ ਸਨ, ਕਿਉਂਕਿ 34 ਸਾਲਾਂ ਬਾਅਦ ਸੱਜਣ ਕੁਮਾਰ ਦਾ ਕੇਸ ਵਿਚ ਉਸ ਵੇਲੇ ਦਿੱਲੀ



ਹਾਈ ਕੋਰਟ ਵਿਚ ਸੁਣਵਾਈ ਸ਼ੁਰੂ ਹੋ ਗਈ ਸੀ। ਉਸ ਵੇਲੇ ਮੇਰੇ ਕੋਲ ਮੰਤਰੀ (ਵਿਰੋਧੀ ਧਿਰ ਦੇ ਆਗੂ) ਦਾ ਅਹੁਦਾ ਹੋਣ ਕਰਕੇ ਬਾਰ ਕੌਂਸਲ ਨੇ ਕੇਸ ਲੜਨ ਤੋਂ ਨਾਂਹ ਕੀਤੀ ਸੀ। ਉਸੇ ਕਾਰਨ ਅਸਤੀਫਾ ਦੇ ਕੇ ਸੱਜਣ ਵਿਰੁੱਧ ਕੇਸ ਲੜਿਆ ਤੇ ਜਿੱਤਿਆ। ਸੱਜਣ 3 ਸਾਲਾਂ ਤੋਂ ਜੇਲ ਦੀਆਂ ਸਲਾਖਾਂ ਪਿੱਛੇ ਹੈ ਅਤੇ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਪੱਤਰ ਵਿਚ ਫੂਲਕਾ ਨੇ ਕਿਹਾ, ਦੂਸਰੀ ਗੱਲ ਜੋ ਤੁਸੀਂ ਪੰਜਾਬ ਦੇ ਸਿੱਖ ਮੁੱਖ ਮੰਤਰੀ ਬਾਰੇ ਕਿਹਾ ਹੈ, ਉਸ ਬਾਰੇ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਜਦੋਂ ਅਕਾਲ ਤਖ਼ਤ ਦੇ ਜਥੇਦਾਰ ਨੇ ਕਿਹਾ ਸੀ ਕਿ ਪੰਜਾਬ ਦਾ ਮੁੱਖ ਮੰਤਰੀ ਚਾਹੇ ਹਿੰਦੂ ਹੋਵੇ ਜਾਂ ਸਿੱਖ ਹੋਵੇ, ਫ਼ਰਕ ਨਹੀਂ ਪੈਂਦਾ ਤਾਂ ਉਸ ਬਾਰੇ ਚਿੱਠੀ ਲਿਖ ਕੇ ਇਤਰਾਜ਼ ਜ਼ਾਹਰ ਕੀਤਾ ਸੀ। ਹੈਰਾਨੀ ਦੀ ਗੱਲ ਹੈ ਕਿ ਜਦੋਂ ਕਾਂਗਰਸੀ ਆਗੂ ਅੰਬਿਕਾ ਸੋਨੀ ਨੇ ਇਸ ਗੱਲ 'ਤੇ ਸਟੈਂਡ ਲੈ ਲਿਆ ਸੀ ਕਿ ਪੰਜਾਬ ਦਾ ਮੁੱਖ ਮੰਤਰੀ ਸਿਰਫ਼ ਸਿੱਖ ਹੋਣਾ ਚਾਹੀਦਾ ਹੈ ਤਾਂ ਅਕਾਲੀ ਦਲ ਨੇ ਉਸ ਦਾ ਵਿਰੋਧ ਕੀਤਾ ਤੇ ਜਥੇਦਾਰ ਤੋਂ ਵੀ ਬਿਆਨ ਦਿਵਾ ਦਿੱਤਾ ਕਿ ਸਿੱਖ ਕੌਮ ਨੂੰ ਕੋਈ ਇਤਰਾਜ਼ ਨਹੀਂ। ਅਕਾਲੀ ਦਲ ਨੇ ਮਹਿਜ਼ ਹਿੰਦੂ ਵੋਟਰਾਂ ਨੂੰ ਖੁਸ਼ ਕਰਨ ਦੀ ਖੇਡ, ਖੇਡੀ ਸੀ। ਫੂਲਕਾ ਨੇ ਧਾਮੀ ਨੂੰ ਅਪੀਲ ਕੀਤੀ ਕਿ ਤੁਸੀਂ ਖੁਦ ਵਕੀਲ ਹੋ ਤੇ ਸਿੱਖੀ ਦੀ ਵੀ ਪੂਰੀ ਸਮਝ ਹੈ। ਉਮੀਦ ਹੈ ਕਿ ਬਾਦਲ ਪਰਿਵਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਆਪਣੇ ਫ਼ਾਇਦੇ ਦੀ ਵਰਤੋਂ ਲਈ ਨਹੀਂ ਵਰਤਣ ਦਿਓਗੇ ਅਤੇ ਤੁਹਾਡੀ ਪ੍ਰਧਾਨਗੀ ਵਿਚ ਸ਼੍ਰੋਮਣੀ ਕਮੇਟੀ ਪੰਥ ਦੀ ਚੜ੍ਹਦੀ ਕਲਾ ਵਾਸਤੇ ਕੰਮ ਕਰੇਗੀ।

# ਤਖ਼ਤ ਸ੍ਰੀ ਪਟਨਾ ਸਾਹਿਬ ਦੇ ਮੁੱਖ ਗ੍ਰੰਥੀ ਚਲ ਵਸੇ

## ਪੁਲੀਸ ਹੱਤਿਆ ਜਾਂ ਆਤਮਹੱਤਿਆ ਬਾਰੇ ਕਰ ਰਹੀ ਹੈ ਜਾਂਚ

**ਪਟਨਾ ਸਿਟੀ:** ਦੁਨੀਆਂ ਦੇ ਸਿੱਖਾਂ ਦੇ ਦੂਸਰੇ ਵੱਡੇ ਤਖ਼ਤ ਪਟਨਾ ਸਾਹਿਬ ਸਥਿਤ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ 70 ਸਾਲਾਂ ਭਾਈ ਰਜਿੰਦਰ ਸਿੰਘ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੀ ਗਰਦਨ ਕਿਰਪਾਨ ਨਾਲ ਕੱਟ ਗਈ ਸੀ। ਹੁਣ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਹੱਤਿਆ ਹੈ ਜਾਂ ਆਤਮਹੱਤਿਆ। ਉਨ੍ਹਾਂ ਦਾ ਦੇਹਾਂਤ ਪਟਨਾ ਦੇ ਵੱਡੇ ਹਸਪਤਾਲ ਪੀਐਮਸੀਐਚ ਵਿਚ ਬੀਤੇ ਦਿਨੀਂ ਇਲਾਜ ਦੌਰਾਨ ਹੋ ਗਿਆ। ਪੁੱਤਰ ਦਇਆ ਸਿੰਘ ਨੇ ਦੱਸਿਆ ਕਿ ਸਰੀਰ ਦੇ ਪੋਸਟਮਾਰਟਮ ਤੋਂ ਹੀ ਪਤਾ ਲੱਗੇਗਾ ਕਿ ਉਨ੍ਹਾਂ ਨੇ ਆਪਣੇ ਆਪ ਗਲੇ ਨੂੰ ਕੱਟਣ ਦੀ ਕੋਸ਼ਿਸ਼ ਕੀਤੀ ਜਾਂ ਫਿਰ ਇਹ ਹੱਤਿਆ ਹੈ ਪੁਲੀਸ ਇਸ ਬਾਰੇ ਜਾਂਚ ਕਰ ਰਹੀ ਹੈ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਤੇ ਹੋਰ ਸਾਰੇ ਮੈਂਬਰਾਂ ਨੇ ਆਪਣਾ ਸੋਗ ਜ਼ਾਹਿਰ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ



ਗ੍ਰੰਥੀ 'ਤੇ ਹੋਏ ਹਮਲੇ ਦੀ ਉੱਚ ਪੱਧਰ 'ਤੇ ਜਾਂਚ ਹੋਣੀ ਚਾਹੀਦੀ ਹੈ ਤਾਂ ਕਿ ਪਤਾ ਲੱਗ ਸਕੇ ਕਿ ਉਹ ਗੁਰਦੁਆਰਾ ਸਾਹਿਬ ਵਿਚ ਸਥਿਤ ਆਪਣੇ ਕਮਰੇ ਵਿਚ ਲਹੂ ਲੁਹਾਣ ਹਾਲਤ ਵਿਚ ਆਖ਼ਰ ਕਿਵੇਂ ਪਾਏ ਗਏ। ਮ੍ਰਿਤ ਦੇ ਛੋਟੇ ਪੁੱਤਰ ਅਨੁਸਾਰ ਜਦ ਉਹ 13 ਜਨਵਰੀ ਦੀ ਸਵੇਰ ਪਿਤਾ ਜੀ ਲਈ ਚਾਹ ਲੈਕੇ ਗਿਆ ਤਾਂ ਦਰਵਾਜ਼ਾ ਬਾਹਰ ਤੋਂ ਬੰਦ ਸੀ ਜਦ ਦਰਵਾਜ਼ਾ ਖੋਲ੍ਹਿਆ ਤਾਂ ਪਿਤਾ ਜੀ ਬਿਸਤਰੇ 'ਤੇ ਖ਼ੂਨ ਨਾਲ ਲੱਥ-ਪੱਥ ਹਾਲਤ 'ਚ ਸੀ। ਉਸ ਦਾ ਕਹਿਣਾ ਹੈ ਕਿ ਜਿਸ ਕਿਰਪਾਨ ਨਾਲ ਪਿਤਾ ਜੀ ਦੁਆਰਾ ਆਤਮਹੱਤਿਆ ਕੀਤੇ ਜਾਣ ਦੀ ਗੱਲ ਕਹੀ ਜਾ ਰਹੀ ਹੈ ਉਹ ਕਿਰਪਾਨ ਕਮਰੇ ਵਿਚੋਂ ਨਹੀਂ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ।

# ਰੇਲ ਗੱਡੀ ਅੱਗੇ ਧੱਕਾ ਦੇ ਕੇ ਮਾਰੀ ਗਈ ਏਸ਼ੀਅਨ ਔਰਤ ਦੇ ਮਾਮਲੇ ਵਿਚ ਇਕ ਗ੍ਰਿਫਤਾਰ, ਹੱਤਿਆ ਦਾ ਮਾਮਲਾ ਦਰਜ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਨਿਊਯਾਰਕ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਸ਼ਨਿਚਰਵਾਰ ਦੀ ਸਵੇਰ ਨੂੰ ਟਾਈਮ ਸਕੁਐਰ ਸਬ ਵੇਅ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਅੱਗੇ ਧੱਕਾ ਦੇ ਕੇ ਮਾਰੀ ਗਈ ਔਰਤ ਏਸ਼ੀਅਨ ਮੂਲ ਦੀ ਸੀ ਤੇ ਇਸ ਮਾਮਲੇ ਵਿਚ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਸੈਕੰਡ ਡਿਗਰੀ ਹੱਤਿਆ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਿਸ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਗ੍ਰਿਫ਼ਤਾਰ ਵਿਅਕਤੀ ਦੀ ਪਛਾਣ 61 ਸਾਲਾ ਸਿਮਨ ਮਾਰਟੀਅਲ ਵਜੋਂ ਹੋਈ ਹੈ ਜਦ ਕਿ ਮ੍ਰਿਤਕ ਔਰਤ ਦੀ ਪਛਾਣ 40 ਸਾਲਾ ਮਿਸ਼ੈਲ ਅਲੀਸਾ ਗੋ ਵਜੋਂ ਹੋਈ ਹੈ। ਪੁਲਿਸ ਅਨੁਸਾਰ ਘਟਨਾ ਤੋਂ ਇਕ ਘੰਟੇ ਦੇ ਵੀ ਘੱਟ ਸਮੇਂ ਬਾਅਦ ਕਥਿਤ ਦੋਸ਼ੀ ਮਾਰਟੀਅਲ ਨੇ ਆਪਣੇ



ਆਪ ਨੂੰ ਪੁਲਿਸ ਅੱਗੇ ਪੇਸ਼ ਕਰ ਦਿੱਤਾ ਸੀ ਜਿਸ 'ਤੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ। ਨਿਊਯਾਰਕ ਪੁਲਿਸ ਵਿਭਾਗ ਦੇ ਸਾਰਜੈਂਟ ਅਨਵਰ ਇਸ਼ਮਾਈਲ ਨੇ ਕਿਹਾ ਹੈ ਕਿ ਇਹ ਅਚਨਚੇਤ ਬਿਨਾਂ ਸੋਚੇ ਸਮਝੇ ਵਾਪਰੀ ਘਟਨਾ ਹੈ। ਪੁਲਿਸ ਦੇ ਕਮਿਸ਼ਨਰ ਕੀਚਾਂਤ ਸੀਵੈਲ ਨੇ ਕਿਹਾ ਹੈ ਕਿ ਮਾਮਲੇ ਦੀ ਹਰ ਪੱਖ ਤੋਂ ਡੂੰਘਾਈ ਨਾਲ ਜਾਂਚ ਹੋ ਰਹੀ ਹੈ।

## ਮਾਮਲਾ ਗੁਰਬਾਣੀ ਨਾਲ ਛੇੜ-ਛਾੜ ਕਰਨ ਦਾ

# ਰਾਜਸਥਾਨ ਦੇ ਦੋਸ਼ੀ ਖ਼ਿਲਾਫ਼ ਸ਼੍ਰੋਮਣੀ ਕਮੇਟੀ ਵਲੋਂ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ

**ਅੰਮ੍ਰਿਤਸਰ/ਏ.ਟੀ.ਨਿਊਜ਼:-** ਸ਼੍ਰੋਮਣੀ ਕਮੇਟੀ ਨੇ ਰਾਜਸਥਾਨ ਨਾਲ ਸਬੰਧਤ ਇਕ ਵਿਅਕਤੀ ਵਲੋਂ ਸੋਸ਼ਲ ਮੀਡੀਆ 'ਤੇ ਗੁਰਬਾਣੀ ਦੀਆਂ ਪਾਵਨ ਤੁਕਾਂ ਨਾਲ ਛੇੜ-ਛਾੜ ਕਰਦਿਆਂ ਕੁਝ ਸ਼ਬਦ ਬਦਲਣ ਅਤੇ ਗੁਰੂ ਸਾਹਿਬ ਦੀ ਥਾਂ ਆਪਣਾ ਨਾਂ ਵਰਤਣ ਦੀ ਸਖ਼ਤ ਨਿੰਦਾ ਕਰਦਿਆਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਕਰਕੇ ਦੋਸ਼ੀ ਵਿਅਕਤੀ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਅਨੁਸਾਰ ਇਹ ਘਿਨੌਣੀ ਹਰਕਤ ਸਵਾਮੀ ਬ੍ਰਹਮਦੇਵ ਗੰਗਾਨਗਰ ਵਾਲੇ ਨਾਂ ਦੇ ਫੇਸਬੁੱਕ ਖਾਤੇ 'ਤੇ ਸਾਹਮਣੇ ਆਈ ਹੈ, ਜਿਸ ਨਾਲ ਸਿੱਖ ਜਗਤ ਅੰਦਰ ਰੋਸ ਦੀ ਲਹਿਰ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਗੁਰਬਾਣੀ ਦਾ ਨਿਰਾਦਰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਅਤੇ ਕਿਸੇ ਨੂੰ ਗੁਰਬਾਣੀ ਨਾਲ ਛੇੜ-ਛਾੜ ਕਰਨ ਦਾ ਕੋਈ ਹੱਕ ਨਹੀਂ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਇਸ ਸਬੰਧੀ ਕਾਰਵਾਈ ਲਈ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਭੇਜ ਮੰਗ ਕੀਤੀ ਹੈ ਕਿ ਸਬੰਧਤ ਵਿਅਕਤੀ ਖਿਲਾਫ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਪਰਚਾ ਦਰਜ ਕਰਕੇ ਕਰਵਾਈ ਕੀਤੀ ਜਾਵੇ।

## ਮਾਮਲਾ ਚੋਣ ਜ਼ਾਬਤੇ ਦੀ ਉਲੰਘਣਾ ਦਾ

# ਮਜੀਠੀਆ ਖਿਲਾਫ ਮਾਮਲਾ ਦਰਜ, ਕਾਰਨ ਦੱਸੋ ਨੋਟਿਸ ਵੀ ਜਾਰੀ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ, ਸਾਬਕਾ ਕੈਬਨਿਟ ਮੰਤਰੀ ਅਤੇ ਹਲਕਾ ਮਜੀਠਾ ਤੋਂ ਅਕਾਲੀ ਦਲ ਦੇ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਲੰਘੇ ਸ਼ਨਿੱਚਰਵਾਰ ਡਰੱਗ ਤਸਕਰੀ ਕੇਸ ਵਿੱਚ ਹਾਈਕੋਰਟ ਤੋਂ ਜ਼ਮਾਨਤ ਮਿਲਣ ਉਪਰੰਤ ਅੰਮ੍ਰਿਤਸਰ ਪੁੱਜੇ। ਅੰਮ੍ਰਿਤਸਰ ਪੁੱਜਣ 'ਤੇ ਮਜੀਠੀਆ ਦਾ ਵੱਖ-ਵੱਖ ਥਾਵਾਂ 'ਤੇ ਵੱਡੀ ਗਿਣਤੀ ਵਿੱਚ ਇਕੱਠ ਨੇ ਸਵਾਗਤ ਕੀਤਾ। ਬਿਕਰਮ ਸਿੰਘ ਮਜੀਠੀਆ ਅੰਮ੍ਰਿਤਸਰ ਫੇਰੀ ਦਰਮਿਆਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਨਤਮਸਤਕ ਹੋਏ। ਚੋਣ ਕਮਿਸ਼ਨ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਦੀ ਉਲੰਘਣਾ ਕਰਨ ਕਾਰਨ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਖਿਲਾਫ਼ ਪੁਲਿਸ ਨੇ ਬੀਤੀ ਰਾਤ ਡਿਜਾਸਟਰ ਮੈਨੇਜਮੈਂਟ ਐਕਟ, ਐਪੀਡੈਮਿਕ ਐਕਟ ਅਤੇ ਧਾਰਾ 144 ਤਹਿਤ ਐਫ ਆਈ ਆਰ ਦਰਜ ਕੀਤੀ ਹੈ।

ਦੱਸ ਦੇਈਏ ਕਿ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਸਵਾਗਤ ਲਈ ਅਕਾਲੀ ਵਰਕਰਾਂ ਨੇ ਜਿੱਥੇ ਕੋਰੋਨਾ ਗਾਈਡਲਾਈਨਜ਼ ਦੀਆਂ ਧੱਜੀਆਂ ਉਡਾਈਆਂ, ਉੱਥੇ ਹੀ ਧਾਰਾ 144 ਦੀ ਵੀ ਸ਼ਰੇਆਮ ਉਲੰਘਣਾ ਕੀਤੀ ਗਈ। ਰੈਲੀ ਦੌਰਾਨ ਚੋਣ ਕਮਿਸ਼ਨ ਦੀਆਂ ਟੀਮਾਂ ਇਸ 'ਤੇ ਨਜ਼ਰ ਰੱਖ ਰਹੀਆਂ ਸਨ, ਜਿਸ ਤੋਂ ਬਾਅਦ ਇਸ ਦੀ ਸਮੁੱਚੀ ਰਿਪੋਰਟ ਜ਼ਿਲਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਖਹਿਰਾ ਨੂੰ ਦਿੱਤੀ ਗਈ। ਉਨਾਂ ਦੀਆਂ ਹਦਾਇਤਾਂ 'ਤੇ ਥਾਣਾ ਸੁਲਤਾਨਵਿੰਡ ਦੀ ਪੁਲਿਸ ਵੱਲੋਂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਕੇਸ ਦਰਜ ਕੀਤਾ ਗਿਆ।

# ਅਮਰੀਕੀ ਗਾਇਕਾ ਰਵੀਨਾ ਅਰੋੜਾ ਨੇ ਬਾਲੀਵੁਡ ਦੇ ਰੰਗ ਵਿਚ ਰੰਗੀ 'ਮਿਊਜ਼ਕ ਵੀਡੀਓ' ਕੀਤੀ ਜਾਰੀ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਨਿਊਯਾਰਕ ਵਿਚ ਰਹਿੰਦੀ ਭਾਰਤੀ ਮੂਲ ਦੀ ਆਰ ਐਂਡ ਬੀ ਗਾਇਕਾ ਰਵੀਨਾ ਅਰੋੜਾ ਜਿਸ ਨੇ 2019 ਵਿਚ ਆਪਣੀ ਪਹਿਲੀ ਐਲਬਮ 'ਲੂਸਿਡ' ਨਾਲ ਸੰਗੀਤ ਸਨਅਤ ਦਾ ਧਿਆਨ ਖਿਚਿਆ ਸੀ, ਨੇ ਬਾਲੀਵੁੱਡ ਦੇ ਰੰਗ ਵਿਚ ਰੰਗੀ ਮਿਊਜ਼ਿਕ ਵੀਡੀਓ ਜਾਰੀ ਕੀਤੀ ਹੈ। ਕੁਈਨਜ ਵਿਚ ਜੰਮੀ-ਪਲੀ ਰਵੀਨਾ ਨੇ ਟਵਿਟਰ ਨਾਲ ਆਪਣਾ ਤਜਰਬਾ ਸਾਂਝਾ ਕਰਦਿਆਂ ਕਿਹਾ ਕਿ ਮੈਂ ਇਹ 'ਰਸ਼' ਗਾਣਾ ਕੁਝ ਸਾਲ ਪਹਿਲਾਂ ਲਿਖਿਆ ਸੀ ਤੇ ਮੈਂ ਇਸ ਸੰਗੀਤ ਵੀਡੀਓ ਵਿਚ ਬਾਲੀਵੁੱਡ ਦੀ ਰਾਜਕੁਮਾਰੀ ਹੋਣ ਵਰਗਾ ਅਹਿਸਾਸ ਕੀਤਾ ਹੈ। 'ਵੀ' ਮੈਗਜ਼ੀਨ ਅਨੁਸਾਰ 'ਰਸ਼' ਰਵੀਨਾ ਦਾ ਦਿੱਲ ਦੀਆਂ ਗਹਿਰਾਈਆਂ ਨੂੰ ਛੂਹ ਲੈਣ ਵਾਲਾ ਗੀਤ ਹੈ, ਇਹ ਇਕ ਸ਼ਾਨਦਾਰ ਪੇਸ਼ਕਾਰੀ ਹੈ। ਅਰੋੜਾ ਦੀ 'ਲੂਸਿਡ' ਨੂੰ ਪਬਲਿਕ ਰੇਡੀਓ ਬਰਾਡਕਾਸਟਿੰਗ ਕਾਰਪੋਰੇਸ਼ਨ ਐਨ ਪੀ ਆਰ ਦੇ ਸੰਗੀਤ ਸਟਾਫ ਨੇ 2019 ਦੀ ਸਭ ਤੋਂ ਵਧੀਆ ਐਲਬਮਾਂ ਵਿਚੋਂ ਇਕ ਕਰਾਰ ਦਿੱਤਾ ਸੀ।

# ਸਿੱਧੂ ਪੰਜਾਬ ਕਾਂਗਰਸ ਵਿਚ ਲੀਡਰਸ਼ਿਪ ਦੇਣ ਤੋਂ ਪਛੜੇ

## ✪ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਕਾਂਗਰਸ ਵਿਚ ਘਮਸਾਣ ਜਾਰੀ ✪ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਵਿਚ ਭਾਰੀ ਫੁਟ ✪ ਸਿੱਧੂ ਬੋਲਿਆ ਕਿ ਕਿਸੇ ਅਹੁਦੇ ਲਈ ਚੋਣ ਨਹੀਂ ਲੜ ਰਿਹਾ, ਪੰਜਾਬ ਦੇ ਨਿਜ਼ਾਮ ਨੂੰ ਬਦਲਣ ਲਈ ਜੂਝ ਰਿਹਾਂ ✪ ਸਿੱਧੂ, ਚੰਨੀ ਤੇ ਜਾਖੜ' ਦੀ ਤਿੱਕੜੀ 'ਤੇ ਦਾਅ ਖੇਡੇਗੀ ਕਾਂਗਰਸ

**ਜਲੰਧਰ/ਏ.ਟੀ ਨਿਊਜ਼ :** ਪੰਜਾਬ ਵਿਚ ਇਨ੍ਹਾਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਵਿਚ ਤਾਂ ਇਹ ਕੁਰਸੀ ਦੀ ਜੰਗ ਕੁਝ ਜ਼ਿਆਦਾ ਹੀ ਤੇਜ਼ ਨਜ਼ਰ ਆ ਰਹੀ ਹੈ। ਇਹ ਲੜਾਈ ਦੂਸਰੀਆਂ ਪਾਰਟੀਆਂ ਨਾਲ ਨਹੀਂ, ਸਗੋਂ ਮੁੱਖ ਤੌਰ 'ਤੇ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਰਮਿਆਨ ਛਿੜੀ ਹੋਈ ਹੈ। ਭਾਵੇਂ ਇਸ ਲੜਾਈ ਵਿਚਕਾਰ ਆਪਣਾ-ਆਪਣਾ ਦਾਅ ਲਾਉਣ ਦੀਆਂ ਕੋਸ਼ਿਸ਼ਾਂ ਵਿਚ ਸੁਨੀਲ ਜਾਖੜ, ਮਨੀਸ਼ ਤਿਵਾੜੀ, ਪ੍ਰਤਾਪ ਸਿੰਘ ਬਾਜਵਾ ਅਤੇ ਕਈ ਹੋਰ ਵਿਅਕਤੀ ਵੀ ਸ਼ਾਮਿਲ ਹਨ। ਸੁਨੀਲ ਜਾਖੜ ਤੇ ਸੁਖਜਿੰਦਰ ਸਿੰਘ ਰੰਧਾਵਾ, ਰਵਨੀਤ ਬਿੱਟੂ ਨੇ ਸਿੱਧੂ ਵਿਰੁਧ ਮੋਰਚਾ ਖੋਲਿਆ ਹੋਇਆ ਹੈ। ਮਨੀਸ਼ ਤਿਵਾੜੀ ਨੂੰ ਚੰਨੀ ਤੇ ਸਿੱਧੂ ਮੁੱਖ ਮੰਤਰੀ ਦੇ ਚਿਹਰੇ ਵਜੋਂ ਦੋਵੇਂ ਪਸੰਦ ਨਹੀਂ।ਇਸ ਬਾਰੇ ਉਹ ਅਖਬਾਰਾਂ ਵਿਚ ਪਹਿਲਾਂ ਹੀ ਬਿਆਨ ਦੇ ਚੁੱਕੇ ਹਨ।

ਸਿੱਧੂ ਹੁਣ ਪੰਜਾਬ ਕਾਂਗਰਸ ਵਿਚ ਕਮਜ਼ੋਰ ਤੇ ਇਕਲੇ ਜਾਪ ਰਹੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਸਲ ਵਿਚ ਜਿਸ ਦਿਨ ਸਿੱਧੂ ਨੇ ਚੰਨੀ ਨੂੰ ਮੁੱਖ ਮੰਤਰੀ ਬਣਾਉਣਾ ਮੰਨ ਲਿਆ ਸੀ, ਉਸ ਦਿਨ ਸਿੱਧੂ ਨੇ ਵੱਡੀ ਰਾਜਨੀਤਕ ਗ਼ਲਤੀ ਕਰ ਲਈ ਸੀ। ਚੰਨੀ ਦਲਿਤ ਭਾਈਚਾਰੇ ਨਾਲ ਸਬੰਧਤ ਹਨ, ਜਿਨਾਂ ਦੇ ਮੱਥੇ 'ਤੇ ਪਹਿਲੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣਨ ਦਾ ਤਾਜ ਸਜਿਆ ਹੈ। ਪੰਜਾਬ ਵਿਚ ਤੀਸਰਾ ਹਿੱਸਾ ਆਬਾਦੀ ਇਸ ਵਰਗ ਨਾਲ ਸਬੰਧਤ ਹੈ। ਇਸ ਲਈ ਕਾਂਗਰਸ ਹਾਈਕਮਾਨ ਚੰਨੀ ਨੂੰ ਪਿੱਛੇ ਕਰਨ ਦੀ ਜੁਰਅੱਤ ਨਹੀਂ ਕਰ ਸਕਦੀ। ਪਰ ਚੰਨੀ ਨੇ ਜਿਸ ਤਰਾਂ ਨਾਲ ਮੁੱਖ ਮੰਤਰੀ ਦੀ ਕੁਰਸੀ ਸੰਭਾਲੀ ਹੈ ਤੇ ਜਿਸ ਤੇਜ਼ੀ ਨਾਲ ਕੰਮ ਕੀਤਾ ਹੈ (ਭਾਵੇਂ ਉਨਾਂ ਵਲੋਂ ਕੀਤੇ ਕੰਮਾਂ ਵਿਚੋਂ ਕਈ ਅਧੂਰੇ ਵੀ ਰਹਿ ਗਏ ਹਨ) ਉਸ ਨਾਲ ਉਨਾਂ ਦਾ ਕੱਦ ਉੱਚਾ ਹੋਇਆ ਹੈ। ਪਰ ਖ਼ਾਸ ਕਰਕੇ ਉਨਾਂ ਨੇ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਜਾਨ ਨੂੰ ਖ਼ਤਰੇ' ਵਾਲੇ ਜੁਮਲੇ ਦਾ ਜਵਾਬ ਦਿੰਦਿਆਂ ਪੰਜਾਬ ਤੇ ਪੰਜਾਬੀਅਤ ਦੀ ਗੱਲ ਕੀਤੀ ਅਤੇ ਜਿਸ ਤਰਾਂ ਦਾ ਹੌਸਲਾ ਅਤੇ ਜੁਰਅੱਤ ਦਿਖਾਈ, ਭਾਵੇਂ ਕਿ ਬਾਅਦ ਵਿਚ ਪ੍ਰਧਾਨ ਮੰਤਰੀ ਤੋਂ ਮਾਫੀ ਮੰਗ ਲਈ।ਪਰ ਉਹ ਕੇਂਦਰ ਤੇ ਪੰਜਾਬ ਦੇ ਟਕਰਾਅ ਵਿਚ ਨਹੀਂ ਪਏ।

ਚੰਨੀ ਬਾਰੇ ਵਿਰੋਧੀ ਧਿਰ ਦਾ ਨੇਤਾ ਬਣਨ ਵੇਲੇ ਤੋਂ ਚਰਚੇ ਰਹੇ ਹਨ ਕਿ ਉਹ ਹਾਈਕਮਾਨ ਦੇ ਹੁਕਮਾਂ 'ਤੇ ਫੁੱਲ ਚੜਾਉਂਦੇ ਰਹੇ ਹਨ। ਸੋ ਅਜਿਹੇ ਹਾਲਾਤ ਵਿਚ ਸਮਝਿਆ ਜਾਂਦਾ ਹੈ ਕਿ ਕਾਂਗਰਸ ਹਾਈਕਮਾਨ ਲਈ ਚੰਨੀ, ਸਿੱਧੂ ਤੋਂ ਵੱਧ ਪਿਆਰੇ ਹਨ।

ਹਾਲਾਂਕਿ ਕਾਂਗਰਸ ਹਾਈਕਮਾਨ ਨੇ ਚੋਣਾਂ ਜਿੱਤਣ ਲਈ ਆਪਣੇ ਵਲੋਂ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਦੀ ਥਾਂ ਇਹ ਸਭ ਤੋਂ ਵਧੀਆ ਸੁਮੇਲ ਚੁਣਿਆ ਸੀ ਅਤੇ ਤਿੰਨ ਚਿਹਰੇ ਸੰਯੁਕਤ ਰੂਪ ਵਿਚ ਅੱਗੇ ਕੀਤੇ ਸਨ। ਚੰਨੀ ਦਲਿਤ ਹਨ, ਸਿੱਧੂ ਇਕ ਜੱਟ ਸਿੱਖ ਅਤੇ ਸੁਨੀਲ ਜਾਖੜ ਇਕ ਹਿੰਦੂ ਚਿਹਰਾ ਹਨ।

ਚੋਣਾਂ ਵਿੱਚ ਕਿਸੇ ਤਰਾਂ ਦਾ ਕੋਈ ਵਿਰੋਧ ਨਾ ਹੋਵੇ, ਇਸ ਲਈ ਹੁਣ ਬੋਰਡਾਂ 'ਤੇ ਕਾਂਗਰਸ ਨੇ ਆਪਣੀ ਤਿੱਕੜੀ ਦੀਆਂ ਫੋਟੋਆਂ ਲਾ ਦਿੱਤੀਆਂ ਹਨ। ਇਸ ਵਾਰ ਕਾਂਗਰਸ ਨਵਜੋਤ ਸਿੰਘ ਸਿੱਧੂ, ਚਰਨਜੀਤ ਸਿੰਘ ਚੰਨੀ ਤੇ ਸੁਨੀਲ ਜਾਖੜ ਦੇ ਨਾਂ 'ਤੇ ਚੋਣ ਲੜੇਗੀ, ਜਿਸ ਲਈ ਕਾਂਗਰਸ ਨੇ ਸਨਅਤੀ ਸ਼ਹਿਰ ਲੁਧਿਆਣਾ ਵਿੱਚ ਨਵੇਂ ਬੋਰਡ ਲਗਾ ਦਿੱਤੇ ਹਨ। ਇਨਾਂ ਬੋਰਡਾਂ 'ਤੇ 'ਨਵੀਂ ਸੋਚ ਨਵਾਂ ਪੰਜਾਬ' ਦੇ ਨਾਲ ਕਾਂਗਰਸ ਨੇ 'ਪੰਜਾਬ ਦੀ ਚੜਦੀ ਕਲਾ, ਕਾਂਗਰਸ ਮੰਗੇ ਸਰਬੱਤ ਦਾ ਭਲਾ' ਲਿਖਿਆ ਹੈ।

**ਸਿੱਧੂ ਦੀ ਫੋਟੋ ਸਭ ਤੋਂ ਅੱਗੇ ਲਾਈ**

ਕਾਂਗਰਸ ਨੇ ਜੋ ਬੋਰਡ ਸਨਅਤੀ ਸ਼ਹਿਰ ਵਿੱਚ ਲਾਏ ਹਨ, ਉਨਾਂ ਵਿੱਚ ਸਭ ਤੋਂ ਅੱਗੇ ਨਵਜੋਤ ਸਿੰਘ ਸਿੱਧੂ ਦੇ ਬੋਰਡ ਲਗਾਏ ਗਏ ਹਨ, ਵਿਚਕਾਰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਤੀਜੇ ਨੰਬਰ 'ਤੇ ਸੁਨੀਲ ਜਾਖੜ ਦੀ ਫੋਟੋ ਲਗਾਈ ਗਈ ਹੈ। ਇਸ ਬੋਰਡ ਰਾਹੀਂ ਕਾਂਗਰਸ ਜੱਟ ਸਿੱਖ, ਦਲਿਤ ਭਾਈਚਾਰੇ ਤੇ ਹਿੰਦੂ ਭਾਈਚਾਰੇ ਦੀਆਂ ਵੋਟਾਂ ਨੂੰ ਆਪਣੇ ਪਾਸੇ ਕਰਨਾ ਚਾਹੁੰਦੀ ਹੈ।ਪਰ ਜਾਪਦਾ ਹੈ ਕਿ ਸਿੱਧੂ ਸਥਿਤੀ ਨੂੰ ਭਾਂਪ ਗਏ ਹਨ ਕਿ ਜੇਕਰ ਚੋਣਾਂ ਤੋਂ ਪਹਿਲਾਂ ਹੀ ਉਨਾਂ ਨੂੰ ਮੁੱਖ ਮੰਤਰੀ ਦਾ ਚਿਹਰਾ ਨਾ ਐਲਾਨਿਆ ਗਿਆ ਤਾਂ ਚੋਣਾਂ ਤੋਂ ਬਾਅਦ ਚੰਨੀ ਦੀ ਥਾਂ ਉਨਾਂ ਨੂੰ ਮੁੱਖ ਮੰਤਰੀ ਬਣਾਉਣਾ ਬਹੁਤ ਮੁਸ਼ਕਲ ਹੋ ਜਾਵੇਗਾ। ਕਿਉਂਕਿ ਕਾਂਗਰਸ ਹਾਈਕਮਾਨ ਦੇ ਸਾਹਮਣੇ 2024 ਦੀਆਂ ਆਮ ਚੋਣਾਂ ਵੀ ਹਨ। ਕਾਂਗਰਸ ਨੇ ਇਕ ਦਲਿਤ ਨੂੰ ਮੁੱਖ ਮੰਤਰੀ ਬਣਾਉਣ ਦਾ ਖੂਬ ਪ੍ਰਚਾਰ ਕੀਤਾ ਹੈ ਅਤੇ ਜੇਕਰ ਚੋਣਾਂ ਤੋਂ ਬਾਅਦ ਉਸ ਨੂੰ ਲਾਹਿਆ ਜਾਂਦਾ ਹੈ ਤਾਂ ਦੇਸ਼ ਭਰ ਵਿਚ ਦਲਿਤ ਨਾਰਾਜ਼ ਹੋ ਸਕਦੇ ਹਨ। ਇਹੀ ਕਾਰਨ ਮੰਨਿਆ ਜਾਂਦਾ ਹੈ, ਜਿਸ ਕਾਰਨ ਸਿੱਧੂ ਨੇ ਇਸ ਗੱਲ 'ਤੇ ਖੁੱਲ ਕੇ ਬੋਲਣਾ ਸ਼ੁਰੂ ਕਰ ਦਿੱਤਾ ਕਿ ਮੁੱਖ ਮੰਤਰੀ ਦਾ ਚਿਹਰਾ ਹੁਣੇ ਐਲਾਨਿਆ ਜਾਵੇ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਉਹ ਕਿਸੇ ਅਹੁਦੇ ਲਈ ਚੋਣ ਨਹੀਂ ਲੜ ਰਹੇ, ਸਗੋਂ ਉਨਾਂ ਦੀ ਲੜਾਈ ਤਾਂ ਨਿਜ਼ਾਮ ਬਦਲਣ ਦੀ ਹੈ। ਨਵਜੋਤ ਸਿੱਧੂ ਨੇ ਕਿਹਾ ਕਿ ਜਿਹੜਾ ਸਿਸਟਮ ਸਾਡੇ ਗੁਰੂ ਗਰੰਥ ਸਾਹਿਬ ਨੂੰ ਇਨਸਾਫ਼ ਨਹੀਂ ਦੇ ਸਕਿਆ ਤੇ ਨਸ਼ਾ ਤਸਕਰੀ ਦੇ ਕਾਰੋਬਾਰ ਦੀਆਂ ਵੱਡੀਆਂ ਮੱਛੀਆਂ ਨੂੰ ਸਜ਼ਾਵਾਂ ਨਹੀਂ ਦੇ ਸਕਿਆ, ਉਸ ਨੂੰ ਖ਼ਤਮ ਕਰਨ ਦੀ ਜ਼ਰੂਰਤ ਹੈ। ਉਨਾਂ ਕਿਹਾ ਕਿ




ਕੁੱਝ ਸਿਆਸੀ ਆਗੂਆਂ ਅਤੇ ਮਾਫ਼ੀਆ ਦੀ ਆਪਸੀ ਮਿਲੀਭੁਗਤ ਨੇ ਪੰਜਾਬ ਦੀ ਆਨ ਤੇ ਸ਼ਾਨ ਨੂੰ ਢਾਹ ਲਾ ਦਿੱਤੀ ਹੈ। ਉਨਾਂ ਕਿਹਾ ਕਿ ਬਦਲਾਅ ਤੇ ਸੁਧਾਰ ਹੋਣੇ ਲਾਜ਼ਮੀ ਹਨ। ਯਾਦ ਰਹੇ ਕਿ ਨਵਜੋਤ ਸਿੱਧੂ ਨੇ ਹਾਲੇ ਕੁਝ ਦਿਨ ਪਹਿਲਾਂ ਹੀ 'ਪੰਜਾਬ ਮਾਡਲ' ਪੇਸ਼ ਕਰਦਿਆਂ ਕਿਹਾ ਸੀ ਕਿ ਮੁੱਖ ਮੰਤਰੀ ਦੀ ਚੋਣ ਐਤਕੀਂ ਪੰਜਾਬ ਦੇ ਲੋਕ ਕਰਨਗੇ।

ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੇ ਵੀ ਇਸ ਮਗਰੋਂ ਸਿੱਧੂ ਨੂੰ ਨਿਸ਼ਾਨੇ 'ਤੇ ਲਿਆ ਸੀ ਤੇ ਕਿਹਾ ਸੀ ਕਿ ਮੁੱਖ ਮੰਤਰੀ ਦੇ ਚਿਹਰੇ ਬਾਰੇ ਫ਼ੈਸਲਾ ਹਾਈਕਮਾਨ ਨੇ ਕਰਨਾ ਹੈ, ਜਿਸ ਲਈ ਕਿਸੇ ਨੂੰ ਜਿੱਦ ਨਹੀਂ ਕਰਨੀ ਚਾਹੀਦੀ ਹੈ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਵੀ ਨਵਜੋਤ ਸਿੱਧੂ ਬਾਰੇ ਸਖ਼ਤ ਪ੍ਰਤੀਕਿਰਿਆ ਦੇ ਚੁੱਕੇ ਹਨ। ਹਾਲਾਂਕਿ ਕਾਂਗਰਸ ਹਾਈਕਮਾਨ ਸਾਂਝੀ ਕਮਾਨ ਹੇਠ ਹੀ ਚੋਣ ਲੜੇ ਜਾਣ ਦਾ ਫੈਸਲਾ ਕਰ ਚੁੱਕੀ ਹੈ।

**ਚੋਣ ਮਨੋਰਥ ਪੱਤਰ ਨੂੰ ਲੈ ਕੇ ਕਾਂਗਰਸ ਵਿਚ ਭੰਬਲਭੂਸਾ**

ਪੰਜਾਬ ਕਾਂਗਰਸ ਵਲੋਂ ਵਿਧਾਨ ਸਭਾ ਚੋਣਾਂ ਲਈ ਜਾਰੀ ਕੀਤੇ ਜਾਣ ਵਾਲੇ ਚੋਣ ਮਨੋਰਥ ਪੱਤਰ ਸਬੰਧੀ ਭੰਬਲਭੂਸਾ ਜਾਰੀ ਹੈ। ਪਾਰਟੀ ਹਾਈਕਮਾਨ ਵਲੋਂ ਇਸ ਮੰਤਵ ਲਈ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੀ ਚੇਅਰਮੈਨਸ਼ਿਪ ਹੇਠ ਬਣਾਈ ਹਾਈ ਕਮੇਟੀ ਨੇ ਹਾਈਕਮਾਨ ਵਲੋਂ ਨਿਰਧਾਰਤ ਸਮੇਂ ਵਿਚ ਚੋਣ ਮਨੋਰਥ ਪੱਤਰ ਦਾ ਡਰਾਫ਼ਟ ਬਣਾ ਕੇ ਪੰਜਾਬ ਦੇ ਇੰਚਾਰਜ ਹਰੀਸ਼ ਚੌਧਰੀ ਨੂੰ ਭੇਜ ਦਿੱਤਾ ਸੀ, ਪਰ ਇਸ ਵਿਚ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਵਲੋਂ ਕੀਤੇ ਗਏ ਐਲਾਨਾਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਕਿਉਂਕਿ ਦੋਵਾਂ ਵਲੋਂ ਕਮੇਟੀ ਨੂੰ ਨਾ ਤਾਂ ਆਪਣੇ ਕੀਤੇ ਐਲਾਨਾਂ ਦਾ ਬਿਓਰਾ ਦਿੱਤਾ ਗਿਆ ਅਤੇ ਨਾ ਹੀ ਬਾਜਵਾ ਵਲੋਂ ਰਾਏ ਲੈਣ ਲਈ ਸੱਦੀਆਂ ਗਈਆਂ ਮੀਟਿੰਗਾਂ ਵਿਚ ਸ਼ਮੂਲੀਅਤ ਹੀ ਕੀਤੀ ਗਈ। ਨਵਜੋਤ ਸਿੰਘ ਸਿੱਧੂ ਵਲੋਂ ਹਾਲਾਂਕਿ ਐਲਾਨ ਕੀਤਾ ਗਿਆ ਹੈ ਕਿ ਉਨਾਂ ਦਾ 'ਪੰਜਾਬ ਮਾਡਲ' ਚੋਣ ਮਨੋਰਥ ਪੱਤਰ ਦਾ ਹਿੱਸਾ ਹੋਵੇਗਾ ਅਤੇ ਉਨਾਂ ਇਸ ਦਾ ਐਲਾਨ ਪਾਰਟੀ ਹਾਈਕਮਾਨ ਦੀ ਮਰਜ਼ੀ ਨਾਲ ਹੀ ਕੀਤਾ ਹੈ। ਬਾਜਵਾ ਵਲੋਂ ਉਨਾਂ ਦੀ ਕਮੇਟੀ ਕੋਲ ਸੂਬੇ ਦੇ ਵਿੱਤੀ ਪ੍ਰਬੰਧਾਂ ਸਬੰਧੀ ਲੋੜੀਂਦੀ ਜਾਣਕਾਰੀ ਨਾ ਹੋਣ ਸਬੰਧੀ ਜੋ ਇਤਰਾਜ਼ ਉਠਾਏ ਗਏ ਸਨ ਉਸ ਕਾਰਨ ਹੁਣ ਪਾਰਟੀ ਹਾਈਕਮਾਨ ਵਲੋਂ ਉਨਾਂ ਨਾਲ ਰਾਜ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਕਮੇਟੀ ਦਾ ਕਨਵੀਨਰ ਨਿਯੁਕਤ ਕਰ ਦਿੱਤਾ ਹੈ ਤਾਂ ਜੋ ਕਮੇਟੀ ਨੂੰ ਸੂਬੇ ਦੀ ਵਿੱਤੀ ਸਥਿਤੀ ਸਬੰਧੀ ਲੋੜੀਂਦੀ ਜਾਣਕਾਰੀ ਮਿਲ ਸਕੇ ਤੇ ਕਮੇਟੀ ਵੱਖ-ਵੱਖ ਪੱਧਰ 'ਤੇ ਹੋਏ ਐਲਾਨਾਂ ਨੂੰ ਸ਼ਾਮਿਲ ਕਰਨ ਸਬੰਧੀ ਵਿੱਤ ਮੰਤਰੀ ਦੀ ਰਾਏ ਵੀ ਪ੍ਰਾਪਤ ਕਰ ਸਕੇ। ਸੰਭਵ ਹੈ ਕਿ ਪਾਰਟੀ ਹਾਈਕਮਾਨ ਵਲੋਂ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਜਾਂ ਤਾਂ ਪ੍ਰਾਪਤ ਹੋਏ ਡਰਾਫ਼ਟ ਨੂੰ ਵਾਪਸ ਕਮੇਟੀ ਨੂੰ ਭੇਜਣ ਅਤੇ ਜਾਂ ਫਿਰ ਪਾਰਟੀ ਹਾਈਕਮਾਨ ਆਪਣੇ ਪੱਧਰ 'ਤੇ ਹੀ ਸਿੱਧੂ ਅਤੇ ਚੰਨੀ ਵਲੋਂ ਕੀਤੇ ਗਏ ਐਲਾਨਾਂ ਨੂੰ ਪਾਰਟੀ ਚੋਣ ਮਨੋਰਥ ਪੱਤਰ ਵਿਚ ਸ਼ਾਮਿਲ ਕਰਨ ਸਬੰਧੀ ਫ਼ੈਸਲਾ ਲਵੇ ਪਰ ਪਾਰਟੀ ਹਾਈਕਮਾਨ ਵਲੋਂ ਇਸ ਮੰਤਵ ਨਾਲ ਬਣਾਈ ਕਮੇਟੀ ਅਤੇ ਚੋਣ ਮੁਹਿੰਮ ਲਈ ਵੀ ਬਣਾਈਆਂ ਗਈਆਂ ਕਮੇਟੀਆਂ ਨਾਲ ਸਰਕਾਰ ਤੇ ਪ੍ਰਦੇਸ਼ ਕਾਂਗਰਸ ਦੇ ਤਾਲਮੇਲ ਦੀ ਘਾਟ ਸਾਹਮਣੇ ਆ ਰਹੀ ਹੈ, ਉਸ ਤੋਂ ਸਪੱਸ਼ਟ ਹੈ ਕਿ ਕਾਂਗਰਸ ਵਿਚ ਅਨੁਸ਼ਾਸਨ ਵਰਗੀ ਕੋਈ ਚੀਜ਼ ਨਹੀਂ।

# ਮੋਦੀ ਦੀ ਸੁਰੱਖਿਆ ਨੂੰ ਲੈ ਕੇ ਭਾਜਪਾ ਕਾਂਗਰਸ ਉਪਰ ਭਾਰੂ

## ✪ ਚੰਨੀ ਨੇ ਮਾਫੀ ਮੰਗਕੇ ਛੁਟਕਾਰਾ ਪਾਇਆ, ਕਿਹਾ-ਤੁਮ ਸਲਾਮਤ ਰਹੋ ਕਿਆਮਤ ਤੱਕ... ✪ ਭਾਜਪਾ ਮੰਗ ਰਹੀ ਸੀ ਚੰਨੀ ਦੀ ਗ੍ਰਿਫ਼ਤਾਰੀ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੁਰੱਖਿਆ ਵਿਚ ਕੁਤਾਹੀ ਦੇ ਮਾਮਲੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਮਾਫ਼ੀ ਮੰਗੀ ਤੇ ਉਨਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ। ਇਹ ਮੌਕਾ ਸੀ ਪ੍ਰਧਾਨ ਮੰਤਰੀ ਵੱਲੋਂ ਕੋਵਿਡ-19 ਦੀ ਸਥਿਤੀ 'ਤੇ ਮੁੱਖ ਮੰਤਰੀਆਂ ਨਾਲ ਵੀਡੀਓ ਕਾਨਫਰੰਸ ਦਾ। ਉਨਾਂ ਨੇ ਮੋਦੀ ਦੇ ਪੰਜਾਬ ਦੌਰੇ ਦੌਰਾਨ ਜੋ ਕੁਝ ਹੋਇਆ, ਉਸ ਲਈ ਮਾਫ਼ੀ ਮੰਗੀ। ਉਨਾਂ ਕਿਹਾ ਕਿ ਉਨਾਂ ਲਈ ਪ੍ਰਧਾਨ ਮੰਤਰੀ ਸਤਿਕਾਰ ਯੋਗ ਹਨ। ਉਨਾਂ ਕਿਹਾ, 'ਤੁਮ ਸਲਾਮਤ ਰਹੋ ਕਿਆਮਤ ਤਕ, ਔਰ ਖ਼ੁਦਾ ਕਰੇ ਕਿ ਕਿਆਮਤ ਨਾ ਹੋ।'

ਪਿਛਲੇ ਹਫ਼ਤੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਨੂੰ ਲੈ ਕੇ ਭਾਜਪਾ ਪੰਜਾਬ ਸਰਕਾਰ ਦੀ ਆਲੋਚਨਾ ਕਰਦੀ ਰਹੀ ਹੈ। ਸੁਰੱਖਿਆ ਕਾਰਨ ਉਨਾਂ ਨੂੰ ਆਪਣੀ ਯਾਤਰਾ ਵਿਚਾਲੇ ਹੀ ਛੱਡ ਕੇ ਜਾਣਾ ਪਿਆ ਸੀ। ਪਾਰਟੀ ਦੇ ਆਗੂਆਂ ਦਾ ਦੋਸ਼ ਹੈ ਕਿ ਪ੍ਰਧਾਨ ਮੰਤਰੀ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ। ਪੰਜ ਜਨਵਰੀ ਨੂੰ ਫਿਰੋਜ਼ਪੁਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਵਿੱਚ ਕੋਤਾਹੀ ਦਾ ਮਾਮਲਾ ਭਾਜਪਾ ਸ਼ਾਸਿਤ ਸੂਬਿਆਂ ਦੇ ਮੁੱਖ ਮੰਤਰੀਆਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨੂੰ ਘੇਰਨ ਕਾਰਨ ਇੱਕ ਵਾਰ ਮੁੜ ਪੂਰੇ ਜ਼ੋਰ ਨਾਲ ਸਿਆਸੀ ਸਫ਼ਾਂ ਵਿੱਚ ਚਰਚਾ ਵਿੱਚ ਆ ਗਿਆ ਸੀ। ਭਾਜਪਾ ਦੇ ਘੱਟੋ-ਘੱਟ ਛੇ ਮੁੱਖ ਮੰਤਰੀਆਂ ਨੇ ਕਿਹਾ ਸੀ ਕਿ ਇਹ ਘਟਨਾਕ੍ਰਮ ਇੱਕ 'ਸੋਚੀ ਸਮਝੀ ਸਾਜ਼ਿਸ਼' ਸੀ ਜਿਸ ਨੂੰ ਬਾਖੂਬੀ ਨੇਪਰੇ ਚਾੜ੍ਹਿਆ ਗਿਆ।ਦਿ ਇੰਡੀਅਨ ਐਕਸਪ੍ਰੈੱਸ ਦੀ ਖ਼ਬਰ ਮੁਤਾਬਕ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ



ਪੀਐਮ ਨੂੰ ਮਾਰਨ ਦੀ ਸਾਜ਼ਿਸ਼ ਲਈ ਪੰਜਾਬ ਵਿੱਚ ਆਪਣੇ ਹਮਰੁਤਬਾ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਯੋਗੀ ਆਦਿੱਤਿਆਨਾਥ (ਯੂ.ਪੀ.), ਸ਼ਿਵਰਾਜ ਸਿੰਘ ਚੌਹਾਨ (ਮੱਧ ਪ੍ਰਦੇਸ਼), ਬਿਪਲਬ ਦੇਬ (ਤ੍ਰਿਪੁਰਾ), ਪੁਸ਼ਕਰ ਸਿੰਘ ਧਾਮੀ (ਉਤਰਾਖੰਡ) ਤੇ ਮਨੋਹਰ ਲਾਲ ਖੱਟਰ (ਹਰਿਆਣਾ) ਨੇ ਇਸ ਘਟਨਾ ਨੂੰ ਸਾਜ਼ਿਸ਼ ਕਿਹਾ ਹੈ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ, 'ਪ੍ਰਧਾਨ ਮੰਤਰੀ ਦੀ ਸੁਰੱਖਿਆ ਨਾਲ ਸਾਜ਼ਿਸ਼ ਕੀਤੀ ਜਾ ਚੁੱਕੀ ਹੈ ਇਹ ਕੋਈ ਕਲਪਨਾ ਤੱਕ ਨਹੀਂ ਕਰ ਸਕਦਾ।' ਉਨਾਂ ਨੇ ਇਲਜ਼ਾਮ ਲਗਾਇਆ, 'ਮੋਦੀ ਜੀ ਨਾਲ ਨਫ਼ਰਤ ਨੇ ਕਾਂਗਰਸ ਦੀ ਆਤਮਾ ਨੂੰ ਮਾਰ ਦਿੱਤਾ ਹੈ। ਜਨਤਾ ਦੇ ਵਿੱਚ ਤਾਂ ਕਾਂਗਰਸ ਦਾ ਗਰਾਫ਼ ਡਿੱਗ ਹੀ ਰਿਹਾ ਸੀ ਕਾਂਗਰਸ ਦਾ ਚਰਿੱਤਰ ਵੀ ਡਿੱਗ ਗਿਆ।'

ਤ੍ਰਿਪੁਰਾ ਦੇ ਮੁੱਖ ਮੰਤਰੀ ਬਿਪਲ ਦੇਵ ਨੇ ਕਿਹਾ ਕਿ ਇਹ ਘਟਨਾਕ੍ਰਮ ਪੀਐਮ ਦੀ ਜਾਨ ਨੂੰ ਖ਼ਤਰੇ ਵਿੱਚ ਪਾਉਣ ਦੀ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਸੀ ਅਤੇ ਪਹਿਲਾਂ ਤੋਂ ਬਣਾਈ ਗਈ ਸੀ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਜਾਨ ਨੂੰ ਜਾਣਬੁਝ ਕੇ ਖ਼ਤਰੇ ਵਿੱਚ ਪਾਇਆ ਗਿਆ।

ਯਾਦ ਰਹੇ ਕਿ ਪੰਜ ਜਨਵਰੀ ਨੂੰ ਪ੍ਰਧਾਨ ਮੰਤਰੀ ਨੇ ਫਿਰੋਜ਼ਪੁਰ ਵਿੱਚ ਇੱਕ ਸਿਆਸੀ ਰੈਲੀ ਨੂੰ ਸੰਬੋਧਨ ਕਰਨਾ ਸੀ। ਮੁਜ਼ਾਹਰਾਕਾਰੀ ਕਿਸਾਨਾਂ ਵੱਲੋਂ ਰਾਹ ਰੋਕੇ ਜਾਣ ਤੋਂ ਬਾਅਦ ਉਨਾਂ ਦਾ ਕਾਫ਼ਲਾ ਪੁਲ ਉੱਪਰ 20 ਮਿੰਟ ਲਈ ਰੁਕਿਆ ਅਤੇ ਬਾਅਦ ਵਿੱਚ ਰੈਲੀ ਰੱਦ ਕਰ ਦਿੱਤੀ ਗਈ। ਕਾਂਗਰਸ ਦੇ ਹੋਰ ਕਈ ਆਗੂ ਅਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਪਹਿਲੇ ਦਿਨ ਤੋਂ ਇਨਾਂ ਇਲਜ਼ਾਮਾਂ ਨੂੰ ਰੱਦ ਕਰ ਰਹੇ ਸਨ। ਚੰਨੀ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਮੋਦੀ ਦੀ ਆਲੋਚਨਾ ਕਰਦਿਆਂ ਸਾਰੀ ਸਥਿਤੀ ਸਪੱਸ਼ਟ ਕੀਤੀ ਸੀ ਕਿ ਪੰਜਾਬ ਸਰਕਾਰ ਲਈ ਇਸ ਦੀ ਜ਼ਿੰਮੇਵਾਰ ਨਹੀਂ। ਕੇਂਦਰੀ ਏਜੰਸੀਆਂ ਜ਼ਿੰਮੇਵਾਰ ਹਨ। ਪ੍ਰਧਾਨ ਮੰਤਰੀ ਦੀ ਜਾਨ ਨੂੰ ਕੋਈ ਖਤਰਾ ਨਹੀਂ ਸੀ। ਪਰ ਹੁਣ ਅਲੋਚਨਾ ਹੋਣ ਕਾਰਨ ਮਾਫੀ ਮੰਗ ਲਈ ਹੈ। ਦਸਿਆ ਜਾਂਦਾ ਹੈ ਕਿ ਇਹ ਹਾਈਕਮਾਂਡ ਕਾਂਗਰਸ ਦੇ ਆਦੇਸ਼ ਉਪਰ ਮੰਗੀ ਗਈ ਹੈ। ਯਾਦ ਰਹੇ ਕਿ ਸੁਪਰੀਮ ਕੋਰਟ ਵੱਲੋਂ ਵੀ ਇਸ ਮਾਮਲੇ ਦੀ ਜਾਂਚ ਲਈ ਇੱਕ ਵੱਖਰੀ ਕਮੇਟੀ ਬਣਾ ਦਿੱਤੀ ਗਈ ਸੀ। ਸੁਪਰੀਮ ਕੋਰਟ ਨੇ ਮਾਮਲੇ ਦੀ ਜਾਂਚ ਲਈ ਪੰਜਾਬ ਸਰਕਾਰ ਤੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪਹਿਲਾਂ ਤੋਂ ਬਣਾਈਆਂ ਕਮੇਟੀਆਂ ਦੇ ਕੰਮ ਉੱਪਰ ਰੋਕ ਲਗਾ ਦਿੱਤੀ ਸੀ। ਸੁਪਰੀਮ ਕੋਰਟ ਵੱਲੋਂ ਬਣਾਈ ਗਈ ਕਮੇਟੀ ਦੀ ਅਗਵਾਈ ਸੁਪਰੀਮ ਕੋਰਟ ਦੀ ਸਾਬਕਾ ਜਸਟਿਸ ਇੰਦੂ ਮਲਹੋਤਰਾ ਕਰਨਗੇ।

# ਰੁੱਤ ਵੋਟਾਂ ਮੰਗਣ ਦੀ ਆਈ : ਸਿਆਸੀ ਲੀਡਰਾਂ ਦੇ ਲਾਰੇ ਕਿਤੇ ਲਾਰੇ ਨਾ ਰਹਿ ਜਾਣ



**ਸਰਬਜੀਤ ਕੌਰ ਸਰਬ**

ਭਾਰਤ ਦੇਸ਼ ਦੇ ਪੰਜ ਸੂਬਿਆਂ ਵਿਚ ਮੁੜ ਵਿਧਾਨ ਸਭਾ ਚੋਣ ਦੀ ਰੁੱਤ ਆ ਗਈ ਹੈ। ਲੀਡਰ ਵੋਟਰਾਂ ਨੂੰ ਭਰਮਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਸਿਆਸਤਦਾਨ ਆਪਣੀ ਸਿਖ਼ਰਲੀ ਹੱਦ ਉੱਤੇ ਜਾ ਕੇ ਦਿਨ ਰਾਤ ਵੋਟਰਾਂ ਨੂੰ ਭਰਮਾ ਰਹੇ ਹਨ। ਹਰੇਕ ਸਿਆਸੀ ਪਾਰਟੀ ਨੇ ਆਪਣਾ ਚੋਣ ਮੈਨੀਫੈਸਟੋ ਲੱਗਭਗ ਤੈਅ ਕਰ ਲਿਆ ਹੈ, ਦੇਖੋ ਕਿੰਨੀ ਤ੍ਰਾਸਦੀ ਹੈ ਕਿ ਜੇਕਰ ਇਕ ਸਿਆਸੀ ਪਾਰਟੀ ਨੇ ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਤਾਂ ਦੂਸਰੀ ਪਾਰਟੀ ਨੇ ਇਸ ਤੋਂ ਦੁੱਗਣਾ ਦੇਣ ਦਾ ਐਲਾਨ ਕਰ ਦਿੱਤਾ ਹੈ, ਪਰ ਇਨਾਂ ਲੀਡਰਾਂ ਦੇ ਲਾਰੇ ਆਏ ਪੰਜ ਸਾਲ ਬਾਅਦ ਜਨਤਾ ਨੂੰ ਸੁਣਨੇ ਪੈਂਦੇ ਹਨ ।

ਜੇਕਰ ਕਿਤੇ ਇਨਾਂ ਸਿਆਸੀ ਲੀਡਰਾਂ ਦੇ ਕੀਤੇ ਹੋਏ ਵਾਅਦੇ ਪਹਿਲਾਂ ਹੀ ਪੂਰੇ ਹੋ ਜਾਂਦੇ ਤਦ ਇਨਾਂ ਨੂੰ ਏਨੀਆਂ ਘਮਾਸਾਨ ਚੋਣਾਂ ਨਹੀਂ ਲੜਨੀਆਂ ਪੈਂਦੀਆਂ। ਅਜੋਕੇ ਸਮੇਂ ਜੋ ਪੰਜਾਬ ਦੇ ਹਾਲਾਤ ਚੱਲ ਰਹੇ ਹਨ, ਉਨਾਂ ਨੂੰ ਦੇਖ ਕੇ ਇੰਝ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਇਹ ਸਿਆਸੀ ਲੀਡਰ ਵੋਟ ਲੈਣ ਦੇ ਲਈ ਵੋਟਰਾਂ ਨੂੰ ਆਖ ਸਕਦੇ ਹਾਂ ਕੀ ਸਾਨੂੰ ਵੋਟ ਦਿਉ ਅਸੀਂ ਤੁਹਾਨੂੰ ਸਿੱਧੀ ਕੈਨੇਡਾ ਦੀ ਪੀ.ਆਰ ਦਵਾ ਦਿਆਂਗੇ। ਸਾਡੀ ਪੰਜਾਬ ਦੀ ਭੋਲੀ ਜਨਤਾ ਅਜਿਹੇ ਸਿਆਸਤਦਾਨਾਂ ਦੇ ਚੱਕਰਵਿਊ ਵਿੱਚ ਫਸ ਕੇ ਫਿਰ ਅਗਲੇ ਪੰਜ ਸਾਲ ਡਾਂਗਾਂ ਖਾਂਦੀ ਹੈ। ਪੜੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਵੱਲੋਂ ਥਾਂ-ਥਾਂ ਧਰਨੇ ਲਾਏ ਜਾਂਦੇ ਜੇਕਰ ਸਾਡਾ ਅੱਜ ਦਾ ਪੜਿਆ ਲਿਖਿਆ ਤਬਕਾ ਇਨਾਂ ਸਿਆਸਤੀ ਲੀਡਰਾਂ ਦੁਆਰਾ ਦਿੱਤੇ ਗਏ ਚੋਣ ਮੈਨੀਫੈਸਟੋ ਨੂੰ ਲੈ ਕੇ ਸਵਾਲ ਕਰੇ ਜਾਂ ਫਿਰ ਇਨਾਂ ਦੁਆਰਾ ਦਿੱਤੇ ਨਵੇਂ ਮਾਡਲਾਂ ਤੇ ਜੇਕਰ ਕੰਮ ਨਹੀਂ ਹੁੰਦਾ ਤਾਂ ਲੋਕ ਅਦਾਲਤਾਂ ਵਿੱਚ ਜਾ ਕੇ ਸਵਾਲ ਕਰ ਸਕਣ, ਕੀ ਉਹ ਕੰਮ ਕਿਉਂ ਨਹੀਂ ਹੋਏ ਜਿਨਾਂ ਨੂੰ ਲੈ ਕੇ ਇਨਾਂ ਸਿਆਸਤਦਾਨਾਂ ਨੇ ਵੋਟਾਂ ਲਈਆਂ ਸਨ, ਪਰ ਅਫ਼ਸੋਸ ਹੈ ਕਿ ਨਾ ਹੀ ਸਾਡੇ ਨੌਜਵਾਨ ਤਬਕੇ ਨੇ



**ਪੰਜਾਬ ਦੀ ਨੌਜਵਾਨ ਪੀੜੀ ਨੂੰ ਰੋਜ਼ਗਾਰ ਚਾਹੀਦਾ ਹੈ ਨਾ ਕਿ ਮੁਫ਼ਤ ਵਿਚ ਦਿੱਤਾ ਹੋਇਆ ਦਾਨ। ਆਇਲੈਟਸ ਕਰਵਾ ਕੇ ਪੰਜਾਬ ਨੂੰ ਖਾਲੀ ਨਾ ਕਰੋ ਸਗੋਂ ਉਨਾਂ ਨੂੰ ਇੱਥੇ ਅਜਿਹੀਆਂ ਸਹੂਲਤਾਂ ਪ੍ਰਦਾਨ ਕਰੋ ਜਿਸ ਨਾਲ ਉਹ ਖ਼ੁਦ ਆਪਣੇ ਪੰਜਾਬ ਨੂੰ ਖ਼ੁਸ਼ਹਾਲ ਬਣਾਉਣ। ਸਿਆਸੀ ਲੀਡਰਾਂ ਨੂੰ ਚਾਹੀਦਾ ਹੈ ਕਿ ਪੰਜਾਬ ਨੂੰ ਮੁੜ ਸੋਨੇ ਦੀ ਚਿੜੀ ਬਣਾਉਣ ਦੇ ਲਈ ਆਪਸੀ ਖਹਿਬਾਜ਼ੀ ਛੱਡੇ। ਪੰਜਾਬ ਦੇ ਰਾਜਨੀਤਿਕ ਵਾਤਾਵਰਨ ਦੇ ਨਾਲ ਨਾਲ ਕੁਦਰਤੀ ਵਾਤਾਵਰਨ ਵੱਲ ਖ਼ਾਸ ਧਿਆਨ ਦੇਣ ਦੀ ਲੋੜ ਹੈ। ਪੰਜ ਆਬ ਦੀ ਧਰਤੀ ਦਾ ਪਾਣੀ ਲਗਾਤਾਰ ਥੱਲੇ ਜਾ ਰਿਹਾ ਹੈ ਜੇਕਰ ਇਸ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੀਆਂ ਪੀੜੀਆਂ ਲਈ ਪੰਜਾਬ ਵਿੱਚ ਰਹਿਣਾ ਔਖਾ ਹੋ ਜਾਵੇਗਾ ।**

ਅਜਿਹਾ ਕੁਝ ਕਰਨਾ ਹੈ ਅਤੇ ਨਾ ਹੀ ਅਦਾਲਤਾਂ ਦੁਆਰਾ ਇਨਾਂ ਰਾਜਨੀਤਿਕ ਲੀਡਰਾਂ ਦੇ ਦਿੱਤੇ ਮੈਨੀਫੇਸਟੋ ਉਤੇ ਕੋਈ ਕਾਰਵਾਈ ਕਰਨੀ ਹੈ। ਕਿਉਂਕਿ ਅਸੀਂ ਖ਼ੁਦ ਜਾਣਦੇ ਹਾਂ ਕਿ ਅਸੀਂ ਵੀ ਕਿਤੇ ਨਾ ਕਿਤੇ ਵਿਕਾਊ ਹੀ ਹਾਂ, ਵੋਟ ਦੇਣ ਦੇ ਸਮੇਂ ਅਸੀਂ ਇਹ ਨਹੀਂ ਸੋਚਦੇ ਕਿ ਇਹ ਬੰਦਾ ਕਿਸ ਪਾਰਟੀ ਨਾਲ ਸਬੰਧ ਰੱਖਦਾ ਹੈ।

ਇਨਾਂ ਦੀ ਪਾਰਟੀ ਦਾ ਮੁੱਖ ਆਧਾਰ ਕੀ ਹੈ । ਅਸੀਂ ਲੋਕ ਸਿਰਫ਼ ਇਹ ਸੋਚਦੇ ਹਾਂ ਕਿ ਇਸ ਬੰਦੇ ਨੇ ਸਾਡਾ ਇਹ ਕੰਮ ਸੰਵਾਰਿਆ ਸੀ। ਪੰਜਾਬ ਦੀ 70 ਫੀਸਦੀ ਵੋਟ ਇਸੇ ਕਰਕੇ ਪੈਂਦੀ ਹੈ ਕੀ ਇਹ ਬੰਦਾ ਸਾਡੇ ਔਖੇ ਸਮੇਂ ਸਾਡੇ ਨਾਲ ਖੜਾ ਸੀ । ਬੇਸ਼ੱਕ ਫਿਰ ਉਹ ਬੰਦਾ ਕਾਂਗਰਸ, ਅਕਾਲੀਆਂ, ਬਾਜਪਾ ਜਾਂ ਫਿਰ ਆਪ ਦਾ ਹੋਵੇ । ਅਸੀਂ ਖੁਦ ਇਸ ਭ੍ਰਿਸ਼ਟਾਚਾਰ ਸਿਆਸਤ ਨੂੰ ਬਨਾਉਣ 'ਚ ਜ਼ਿਮੇਵਾਰ ਹਾਂ ਤੇ ਪਿੰਡਾਂ ਦੀਆਂ ਜ਼ਿਆਦਾਤਰ ਵੋਟਾਂ ਦਾ ਇਹੀ ਆਧਾਰ ਹੁੰਦਾ ਹੈ । ਇਹ ਹੀ ਮੁੱਖ ਕਾਰਨ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਨੂੰ ਪੂਰਨ ਬਹੁਮਤ ਹਾਸਲ ਨਹੀਂ ਹੁੰਦੀ ।

ਦੂਜੇ ਪਾਸੇ ਸੋਸ਼ਲ ਮੀਡੀਆ ਦੇ ਉੱਤੇ ਲਗਾਤਾਰ ਇਹ ਸਿਆਸੀ ਲੀਡਰ ਇੱਕ ਦੂਜੇ ਉੱਤੇ ਇਲਜ਼ਾਮ ਲਾਉਂਦੇ ਹਨ ਜਦ ਕਿ ਇਨਾਂ ਗੱਲਾਂ ਨਾਲ ਆਮ ਇਨਸਾਨ ਦੇ ਮਸਲੇ ਹੱਲ ਨਹੀਂ ਹੋਣੇ । ਇੱਕ ਦੂਜੇ ਉੱਤੇ ਇਲਜ਼ਾਮਾਂ ਦੀ ਬੁਛਾੜ ਲਾਉਣ ਨਾਲ ਪੰਜਾਬ ਦੀ ਧਰਤੀ ਹੇਠਲਾ ਪਾਣੀ ਜੋ ਲਗਾਤਾਰ ਖ਼ਤਮ ਹੋ ਰਿਹਾ ਹੈ ਉਹ ਉੱਪਰ ਨਹੀਂ ਆ ਜਾਣਾ । ਪੜੇ ਲਿਖੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਨਹੀਂ ਮਿਲਣਗੀਆਂ, ਕਿਸੇ ਗ਼ਰੀਬ ਦੇ ਘਰ ਰੋਟੀ ਨਹੀਂ ਪੱਕਣੀ । ਇਹ ਕੇਵਲ ਸਿਆਸੀ ਲੀਡਰਾਂ ਦੀ ਸਿਆਸਤ ਹੈ ਜਿਨਾਂ ਨੇ ਅਜਿਹਾ ਕਰਨ ਨਾਲ ਅਗਲੇ ਪੰਜ ਸਾਲਾਂ ਲਈ ਆਮ ਲੋਕਾਂ ਉੱਤੇ ਰਾਜ ਕਰਨਾ ਹੈ ਅਤੇ ਅਸੀਂ ਆਮ ਲੋਕਾਂ ਨੇ ਫਿਰ ਇਨਾਂ ਦੇ ਖ਼ਿਲਾਫ਼ ਧਰਨੇ ਦੇਣੇ ਹਨ ਅਤੇ ਨਾਅਰੇਬਾਜ਼ੀ ਕਰਨੀ ਹੈ । ਅਜਿਹਾ ਕਦੋਂ ਤੱਕ ਚੱਲੇਗਾ ? ਹੁਣ ਸੋਚਣ ਵਾਲੀ ਸੱਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਲਾਰੇਬਾਜ਼ੀ ਦੀ ਸਿਆਸਤ ਅਸੀਂ ਕਿੰਨੀ ਦੇਰ ਤੱਕ ਚੱਲਣ ਦੇਣੀ ਹੈ, ਅਸੀਂ ਕਈ ਦਹਾਕਿਆਂ ਤੋਂ ਸਿਆਸੀ ਲੀਡਰਾਂ ਦੇ ਹਸ਼ਰ ਦੇਖਦੇ ਆਏ ਹਾਂ, ਵੋਟਾਂ ਪੈਣ ਤੋਂ ਪੰਜ ਕੁ ਹਫਤੇ ਪਹਿਲਾਂ ਸ਼ੁਰੂ ਹੋ ਕੇ ਇਹ ਲੀਡਰ ਘਰੋਂ ਘਰੀਂ ਲੋਕਾਂ ਕੋਲੋ ਵੋਟਾਂ ਮੰਗਣ ਲਈ ਹੱਥ ਜੋੜਦੇ ਹਨ, ਵੋਟਾਂ ਪਈਆਂ, ਨਤੀਜਾ ਆਇਆ, ਵਿਧਾਇਕ ਬਣ ਗਿਆ ਤੇ ਫਿਰ ਵੋਟਰ ਨੂੰ ਸਮਝਦਾ ਹੈ ਕਿ ਤੂੰ ਕੌਣ ਤੇ ਮੈਂ ਕੌਣ ? ਉਮੀਦਵਾਰ ਦੇ ਜਿੱਤਣ ਤੱਕ ਪਹਿਲਾ ਵਿਧਾਇਕ ਫੇਰ ਮੰਤਰੀ ਬਣ ਜਾਣਾ ਪਬਲਿਕ ਲਈ ਖੁਸ਼ੀ ਹੁੰਦੀ ਹੈ ਪਰ ਅਫ਼ਸੋਸ ਕੰਮ ਸਾਰੇ ਇਲਾਕੇ ਦੇ ਨਹੀਂ ਕੇਵਲ ਕੁਝ ਖਾਸ ਦੇ ਕੰਮ ਹੁੰਦੇ ਹਨ ਤੇ ਆਮ ਵੋਟਰ ਕੇਵਲ ਹੱਥ ਹੀ ਜੋੜਦਾ ਹੈ। ਸੋ ਸਾਨੂੰ ਹੁਣ ਸੁਚੇਤ ਹੋ ਕੇ ਆਗੂ ਚੁਨਣ ਦੀ ਤੇ ਲੀਡਰਾਂ ਨੂੰ ਵੀ ਸੁਚੇਤ ਹੋ ਕੇ ਸੇਵਾ ਕਰਨ ਦੀ ਸਮਝ ਹੋਣੀ ਚਾਹੀਦੀ ਹੈ।

ਇਹ ਆਮ ਇਨਸਾਨ ਆਪਣੇ ਹੱਕਾਂ ਲਈ ਅੱਗੇ ਨਹੀਂ ਆਵੇਗਾ ਅਤੇ ਇਨਾਂ ਸਿਆਸੀ ਲੀਡਰਾਂ ਕੋਲੋਂ ਸਵਾਲ ਨਹੀਂ ਪੁੱਛੇਗਾ ਕਿਉਂਕਿ ਸਾਡੇ ਵਿਚ ਕਮਜ਼ੋਰੀ ਹੈ ਪਰ ਫੇਰ ਵੀ ਸਾਨੂੰ ਜਾਗਣ ਦੀ ਲੋੜ ਹੈ ਤਾਂ ਜੋ ਇਨਾਂ ਸਿਆਸੀ ਪਾਰਟੀਆਂ ਦੁਆਰਾ ਜੋ ਚੋਣਾਂ ਦੇ ਸਮੇਂ ਪੰਜਾਬ ਮਾਡਲ ਪੇਸ਼ ਕੀਤਾ ਜਾਂਦਾ ਹੈ ਉਸ ਉੱਤੇ ਅਦਾਲਤਾਂ ਵੱਲੋਂ ਕਾਰਵਾਈ ਕਰਵਾਉਣੀ ਚਾਹੀਦੀ ਹੈ ਤਾਂ ਜੋ ਰਾਜਨੀਤਕ ਲੀਡਰ ਆਪਣੇ ਚੋਣ ਵਾਅਦਿਆਂ ਤੋਂ ਮੁਨਕਰ ਨਾ ਹੋ ਸਕਣ ।

---

# ਪੰਜਾਬ ਵਿਚ ਚੋਣਾਂ ਦਾ ਬਿਗਲ, ਕਿਸਾਨ ਮੋਰਚੇ ਦੀ ਜ਼ਿੰਮੇਵਾਰੀ

**ਐਡਵੋਕੇਟ ਦਰਸ਼ਨ ਸਿੰਘ ਰਿਆੜ**

**ਵਿਸ਼ੇਸ਼ ਮੁਦਾ**

ਪੰਜ ਰਾਜਾਂ ਵਿੱਚ ਚੋਣਾਂ ਦਾ ਐਲਾਨ ਹੋਣ ਨਾਲ ਹੀ ਪੰਜਾਬ ਵਿੱਚ ਵੀ ਬਾਕੀ ਪ੍ਰਾਂਤਾਂ ਵਾਂਗ ਹੀ ਚੋਣ ਸਰਗਰਮੀਆਂ ਤੇਜ਼ ਹੋ ਗਈਆਂ ਹਨ ਪਰ ਨਾਲ ਹੀ ਕੋਵਿਡ ਦੀ ਤੀਸਰੀ ਲਹਿਰ ਨੇ ਸਭ ਰੰਗ ਫਿੱਕੇ ਪਾ ਦਿੱਤੇ ਹਨ। ਹਾਲ ਦੀ ਘੜੀ ਤਾਂ ਚੋਣ ਕਮਿਸ਼ਨ ਨੇ 15 ਜਨਵਰੀ ਤਕ ਰੈਲੀਆਂ, ਨੁੱਕੜ ਮੀਟਿੰਗਾਂ ਅਤੇ ਰੋਡ ਸ਼ੋਅ ਉੱਪਰ ਪਾਬੰਦੀ ਲਗਾ ਕੇ ਸੋਸ਼ਲ ਮੀਡੀਆ ਉੱਪਰ ਅਤੇ ਵਰਚੂਅਲ ਮੀਟਿੰਗਾਂ ਰਾਹੀਂ ਚੋਣ ਪ੍ਰੋਗਰਾਮ ਕਰਨ ਦੀ ਮਨਜ਼ੂਰੀ ਦਿੱਤੀ ਹੈ।

ਇਸ ਵਾਰ ਚੋਣ ਪ੍ਰਕਿਰਿਆ ਕੁਝ ਹਟ ਕੇ ਹੋਣ ਦੀ ਆਸ ਬਣ ਗਈ ਹੈ। ਇੱਕ ਤਾਂ ਇਸ ਵਾਰ ਚੋਣਾਂ ਦੋ ਜਾਂ ਤਿੰਨ ਧਿਰੀਆਂ ਨਹੀਂ ਰਹੀਆਂ ਸਗੋਂ ਬਹੁ ਕੋਨੇ ਮੁਕਾਬਲੇ ਹੋਣ ਦੀ ਆਸ ਬਣ ਗਈ ਹੈ। ਦੂਜਾ, ਕਿਸਾਨ ਸੰਗਠਨਾਂ ਦੇ 22 ਕੁ ਧੜਿਆਂ ਨੇ ਸਿੱਧੇ ਰੂਪ ਵਿੱਚ ਚੋਣ ਮੈਦਾਨ ਵਿੱਚ ਕੁੱਦਣ ਦਾ ਮਨ ਬਣਾ ਲਿਆ ਹੈ। ਹਰਿਆਣਾ ਪ੍ਰਾਂਤ ਦੀ ਗੁਰਨਾਮ ਸਿੰਘ ਚੜੂਨੀ ਦੀ ਕਿਸਾਨ ਸੰਘਰਸ਼ ਪਾਰਟੀ ਪਹਿਲਾਂ ਹੀ ਚੋਣਾਂ ਲੜਨ ਦਾ ਐਲਾਨ ਕਰ ਚੁੱਕੀ ਸੀ। ਹੁਣ ਬਲਬੀਰ ਸਿੰਘ ਰਾਜੇਵਾਲ ਦੀ ਪ੍ਰਧਾਨਗੀ ਵਿੱਚ ਸਮਾਜ ਸੰਘਰਸ਼ ਮੋਰਚੇ ਦੇ ਨਾਮ 'ਤੇ ਪੰਜਾਬ ਦੇ ਕਿਸਾਨ ਸੰਗਠਨਾਂ ਦਾ ਵੱਡਾ ਧੜਾ ਵੀ ਚੋਣ ਮੈਦਾਨ ਵਿੱਚ ਕੁੱਦ ਪਿਆ ਹੈ। ਇਨਾਂ ਦੋਹਾਂ ਦਾ ਇਕੱਠੇ ਹੋ ਕੇ ਚੋਣ ਲੜਨ ਲਈ ਸਮਝੌਤਾ ਵੀ ਹੋ ਗਿਆ ਹੈ। ਚੋਣ ਧੜੇ ਵਧਣ ਨਾਲ ਲੋਕਾਂ ਲਈ ਚੋਣ ਬਦਲ ਤਾਂ ਜ਼ਰੂਰ ਵਧ ਗਏ ਹਨ ਪਰ ਕਈ ਸਮੱਸਿਆਵਾਂ ਵੀ ਪੈਦਾ ਹੋ ਗਈਆਂ ਹਨ। ਜਿਸ ਤਰੀਕੇ ਨਾਲ ਸੰਯੁਕਤ ਕਿਸਾਨ ਮੋਰਚੇ ਨੇ ਦਿੱਲੀ ਦੀਆਂ ਬਰੂਹਾਂ 'ਤੇ ਪਿਛਲੇ ਸਮੇਂ ਦੌਰਾਨ ਸਾਲ ਤੋਂ ਵੀ ਵੱਧ ਸਮੇਂ ਲਈ ਕੇਂਦਰ ਸਰਕਾਰ ਦੇ ਵਿਰੁੱਧ ਸ਼ਾਂਤਮਈ ਸੰਘਰਸ਼ ਚਲਾਇਆ ਸੀ, ਉਸ ਨੂੰ ਸਮਾਜ ਦੇ ਹਰ ਵਰਗ ਦਾ ਸਮਰਥਨ ਵੀ ਮਿਲਿਆ ਸੀ ਤੇ ਨਤੀਜੇ ਵਜੋਂ ਅੜੀਅਲ ਸੁਭਾਅ ਦੇ ਸਮਝੇ ਜਾਂਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣਾ ਫੈਸਲਾ ਬਦਲਣ ਲਈ ਮਜਬੂਰ ਵੀ ਹੋਣਾ ਪਿਆ ਸੀ। ਚੰਗਾ ਹੁੰਦਾ ਜੇ ਚੋਣ ਮੈਦਾਨ ਵਿੱਚ ਕੁੱਦਣ ਸਮੇਂ ਵੀ ਇਹ ਮੋਰਚਾ ਉਸੇ ਰੂਪ ਵਿੱਚ ਰਹਿੰਦਾ ਤੇ ਪੰਜਾਬ ਦੇ ਨਾਲ ਨਾਲ ਉੱਤਰ ਪ੍ਰਦੇਸ਼ ਵਿੱਚ ਵੀ ਰਾਜਨੀਤਕ ਧਿਰ ਵਜੋਂ ਉੱਭਰਦਾ। ਲੋਕਾਂ ਨੂੰ ਇੱਕ ਇਮਾਨਦਾਰ ਨਵਾਂ ਰਾਜਨੀਤਕ ਬਦਲ ਮਿਲਣ ਦੀ ਆਸ ਵੀ ਬੱਝਦੀ ਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਵੀ ਹੋਰ ਗੂੜੀਆਂ ਹੁੰਦੀਆਂ। ਪਰ ਅਜਿਹਾ ਨਹੀਂ ਹੋਇਆ। ਇੰਜ ਸ਼ਾਂਤਮਈ ਤੇ ਅਹਿੰਸਕ ਸੰਘਰਸ਼ ਕਰਨ ਵਾਲੇ ਮੋਰਚੇ ਵਿੱਚ ਤਰੇੜਾਂ ਉਤਪਨ ਹੋਣ ਦੀ ਗੁੰਜਾਇਸ਼ ਬਣ ਗਈ ਹੈ। ਜੋ ਕੰਮ ਸਾਲ ਭਰ ਕਰਨ ਵਿੱਚ ਸਰਕਾਰ ਸਫਲ ਨਹੀਂ ਹੋਈ ਇਸ ਸਿਆਸੀ ਕਦਮ ਨਾਲ ਕਿਸਾਨ ਸੰਗਠਨਾਂ ਨੇ ਉਹ ਕੰਮ ਆਪੇ ਕਰ ਦਿੱਤਾ ਹੈ।

ਸੰਯੁਕਤ ਕਿਸਾਨ ਮੋਰਚਾ ਸਿਆਸੀ ਧਿਰ ਨਾ ਬਣਨ ਕਾਰਨ ਅਤੇ ਸਿਆਸੀ ਪਾਰਟੀਆਂ ਤੋਂ ਵੀ ਦੂਰੀ ਬਣਾਈ ਰੱਖਣ ਨਾਲ ਸਰਕਾਰਾਂ ਲਈ ਵੱਡਾ ਦਬਾਅ ਗਰੁੱਪ ਬਣ ਗਿਆ ਸੀ। ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਵਾਂਗ ਉਹ ਗਰੁੱਪ ਭਵਿੱਖ ਵਿੱਚ ਵੀ ਸਰਕਾਰ ਲਈ ਵੱਡੀ ਚੁਣੌਤੀ ਬਣ ਕੇ ਸਰਕਾਰ ਨੂੰ ਲੋਕ ਹਿਤਾਂ ਵਿਰੁੱਧ ਫੈਸਲੇ ਲੈਣ ਤੋਂ ਰੋਕ ਸਕਦਾ ਸੀ। ਸਵਾਰਥ ਅਤੇ ਲਾਲਚ ਰਹਿਤ ਹੋ ਕੇ ਵਿਚਰਨ ਵਾਲੇ ਅਜਿਹੇ ਧੜਿਆਂ ਦਾ ਉੱਭਰਨਾ ਲੋਕਤੰਤਰ ਲਈ ਬੜਾ ਲਾਹੇਵੰਦ ਹੁੰਦਾ ਹੈ। ਚਾਹੇ ਕਈ ਵਾਰ ਉਸ ਵਿੱਚ ਤਰੇੜਾਂ ਦੀਆਂ ਕਨਸੋਆਂ ਵੀ ਨਿੱਕਲਦੀਆਂ ਸਨ ਪਰ ਸਿਆਣੇ ਸਿਰ ਆਪੇ ਜੁੜ ਬੈਠ ਕੇ ਕੋਈ ਨਾ ਕੋਈ ਹੱਲ ਕੱਢ ਲੈਂਦੇ ਸਨ ਤੇ ਮੋਰਚੇ ਨੇ ਸ਼ਾਨਾਂਮੱਤਾ ਇਤਿਹਾਸ ਸਿਰਜ ਲਿਆ ਸੀ। ਦੇਸ਼ ਭਰ ਦੇ 500 ਤੋਂ ਵੀ ਵੱਧ ਕਿਸਾਨ ਸੰਗਠਨਾਂ ਦੇ ਨਾਲ ਨਾਲ ਹਰ ਵਰਗ ਦੇ ਲੋਕ, ਬੁੱਧੀਜੀਵੀ ਤੇ ਬਿਨਾਂ ਕਿਸੇ ਝੰਡੇ ਜਾਂ ਪਹਿਚਾਣ ਦੇ ਰਾਜਨੀਤਕ ਲੋਕ ਵੀ ਉਸਦਾ ਹਿੱਸਾ ਬਣ ਗਏ ਸਨ। ਵੱਡੇ ਵੱਡੇ ਸਮਾਜ ਸੁਧਾਰਕ ਅਤੇ ਸਮਾਜ ਸੇਵੀ ਸੰਗਠਨਾਂ ਦੇ ਨਾਲ ਜੁੜ ਜਾਣ ਨਾਲ ਉਹ ਸੰਘਰਸ਼ ਆਮ ਲੋਕਾਂ ਦਾ ਸੰਘਰਸ਼ ਅਤੇ ਹਰਮਨ ਪਿਆਰਾ ਹੋਣ ਵਿੱਚ ਸਫਲ ਹੋ ਗਿਆ ਸੀ। ਪਰ ਹੁਣ ਚੋਣ ਮੈਦਾਨ ਵਿੱਚ ਕੁੱਦਣ ਨਾਲ ਮੋਰਚੇ ਦਾ ਉਹ ਰੂਪ ਨਹੀਂ ਰਿਹਾ ਅਤੇ ਸੋਚ ਵਿੱਚ ਵੀ ਤਬਦੀਲੀ ਜ਼ਰੂਰ ਆਵੇਗੀ ਕਿਉਂਕਿ ਰਾਜਨੀਤਕ ਤਾਣਾ ਬਾਣਾ ਬਹੁਤ ਉਲਝ ਚੁੱਕਾ ਹੈ ਤੇ ਇਸ ਵਿੱਚ ਬਹੁਤ ਸੁਧਾਰਾਂ ਦੀ ਲੋੜ ਹੈ।

ਪੰਜ ਰਾਜਾਂ ਦੀ ਥਾਂ ਜੇ ਇਕੱਲੇ ਆਪਣੇ ਪੰਜਾਬ ਰਾਜ ਦੀ ਹੀ ਗੱਲ ਕਰੀਏ ਤਾਂ ਇਸਦੀ ਰਾਜਨੀਤਕ ਤਸਵੀਰ ਹੁਣ ਬਹੁਤ ਬਦਲ ਚੁੱਕੀ ਹੈ। ਵੱਡੇ ਸਾਰੇ ਪੰਜਾਬ ਤੋਂ ਇੱਕ ਨਿੱਕੀ ਜਿਹੀ ਪੰਜਾਬੀ ਸੂਬੀ ਦੀ ਸ਼ਕਲ ਅਖਤਿਆਰ ਕਰ ਚੁੱਕੇ ਪੰਜਾਬ ਦਾ ਵਾਲ ਵਾਲ ਕਰਜ਼ੇ ਨਾਲ ਵਿੰਨਿਆ ਹੋਇਆ ਹੈ। ਤਿੰਨ ਕਰੋੜ ਦੀ ਕੁਲ ਵੱਸੋਂ ਵਾਲਾ ਇਹ ਸੂਬਾ ਤਿੰਨ ਲੱਖ ਕਰੋੜ ਰੁਪਏ ਦਾ ਤਾਂ ਸਿੱਧੇ ਤੌਰ 'ਤੇ ਕਰਜ਼ਾਈ ਹੋਇਆ ਪਿਆ ਹੈ। ਬਹੁਤ ਸਾਰੇ ਸਰਕਾਰੀ ਸੋਮੇ ਗਿਰਵੀ ਰੱਖ ਕੇ ਸਰਕਾਰ ਹੋਰ ਕਰਜ਼ਾ ਲੈ ਚੁੱਕੀ ਹੈ ਅਤੇ ਕੁਲ ਕਰਜ਼ੇ ਦੀ ਰਕਮ ਪੰਜ ਲੱਖ ਕਰੋੜ ਰੁਪਏ ਦੇ ਨੇੜੇ ਤੇੜੇ ਪਹੁੰਚ ਚੁੱਕੀ ਹੈ। ਰੋਜ਼ਗਾਰ ਦੇ ਸੋਮੇ ਕਿੱਧਰੇ ਨਜ਼ਰ ਨਹੀਂ ਆਉਂਦੇ। ਬੇਰੋਜ਼ਗਾਰੀ ਨੌਜਵਾਨਾਂ ਦਾ ਮੂੰਹ ਚਿੜਾ ਰਹੀ ਹੈ। ਮਹਿੰਗੀ ਵਿੱਦਿਆ ਅਤੇ ਡਾਕਟਰੀ ਸਹੂਲਤਾਂ ਲੋਕਾਂ ਦੇ ਭਵਿੱਖ ਲਈ ਚੁਣੌਤੀ ਬਣ ਗਈਆਂ ਹਨ। ਕਾਲਜ ਬੰਦ ਹੋ ਰਹੇ ਹਨ। ਚੰਗੇ ਭਵਿੱਖ ਅਤੇ ਰੋਜ਼ਗਾਰ ਦੀ ਭਾਲ ਵਿੱਚ ਨੌਜਵਾਨਾਂ ਦਾ ਵੱਡਾ ਹਿੱਸਾ ਵਿਦੇਸ਼ਾਂ ਨੂੰ ਪ੍ਰਵਾਸ ਕਰ ਗਿਆ ਹੈ। ਮਾਫੀਆ ਕਲਚਰ ਨੇ ਗੁਰੂਆਂ ਪੀਰਾਂ ਦੀ ਇਸ ਧਰਤੀ ਦੀ ਦਿਸ਼ਾ ਅਤੇ ਦਸ਼ਾ ਬਦਲ ਦਿੱਤੀ ਹੈ। ਰੇਤਾ, ਬੱਜਰੀ, ਟਰਾਂਸਪੋਰਟ, ਕੇਬਲ, ਸ਼ਰਾਬ ਆਦਿ ਮਾਲੀਆ ਕਮਾਉਣ ਵਾਲੇ ਅਦਾਰੇ ਸਰਕਾਰੀ ਤੰਤਰ ਦੇ ਕੰਟਰੋਲ ਦੀ ਬਜਾਏ ਨਿੱਜੀ ਹੱਥਾਂ ਵਿੱਚ ਕੇਂਦਰਤ ਹੋ ਕੇ ਉਹਨਾਂ ਦੀ ਤਾਨਾਸ਼ਾਹੀ ਵਿੱਚ ਬਦਲ ਚੁੱਕੇ ਹਨ। ਨਤੀਜੇ ਜਜੋਂ ਮਹਿੰਗਾਈ ਨੇ ਲੋਕਾਂ ਦਾ ਜੀਊਣਾ ਮੁਹਾਲ ਕਰ ਦਿੱਤਾ ਹੈ।

ਰਾਜਨੀਤਕ ਲੋਕ ਦੇਸ਼ ਦੀ ਅਜ਼ਾਦੀ ਵੇਲੇ ਦੇਸ਼ ਭਗਤ ਮੰਨੇ ਜਾਂਦੇ ਸਨ। ਪਰ ਅੱਜ ਕੱਲ ਰਾਜਨੀਤੀ ਨੂੰ ਉਹਨਾਂ ਨੇ ਆਪਣਾ ਪੇਸ਼ਾ ਬਣਾ ਲਿਆ ਹੈ, ਰਾਜਨੀਤੀ ਵਿੱਚ ਆ ਕੇ ਉਹ ਜਾਇਦਾਦਾਂ ਦੇ ਲਾਉਣ ਲੱਗ ਜਾਂਦੇ ਹਨ। ਦਲਬਦਲੀ ਲੋਕਤੰਤਰ ਲਈ ਤਾਂ ਸਰਾਪ ਬਣਿਆ ਹੀ ਹੈ ਲੋਕਾਂ ਨਾਲ ਵਿਸ਼ਵਾਸਘਾਤ ਵੀ ਬਣ ਗਿਆ ਹੈ। ਇਹ ਲੋਕ ਕੱਪੜੇ ਬਦਲਣ ਵਾਂਗ ਵਫਾਦਾਰੀਆਂ ਬਦਲ ਲੈਂਦੇ ਹਨ ਅਤੇ ਵਿਚਾਰਧਾਰਾ ਦੀ ਮੌਤ ਹੀ ਹੋ ਜਾਂਦੀ ਹੈ।

ਕਿਸਾਨ-ਮਜ਼ਦੂਰ ਸੰਘ ਵੱਲੋਂ ਯੋਜਨਾਬੱਧ ਅਤੇ ਸ਼ਾਂਤਮਈ ਤਰੀਕੇ ਨਾਲ ਦਿੱਲੀ ਦੀਆਂ ਬਰੂਹਾਂ 'ਤੇ ਲੜੇ ਗਏ ਸਭ ਲੋਕਾਂ ਦੇ ਸਾਂਝੇ ਸੰਘਰਸ਼ ਨੇ ਇਮਾਨਦਾਰੀ ਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਗੂੜੀਆਂ ਕੀਤੀਆਂ ਹਨ। ਸੰਯੁਕਤ ਕਿਸਾਨ ਮੋਰਚੇ ਤੋਂ ਦੇਸ਼ ਦੇ ਲੋਕਾਂ ਨੂੰ ਬੜੀਆਂ ਆਸਾਂ ਹਨ। ਇਹ ਲੋਕ ਸਮੂਹਿਕ ਤੌਰ 'ਤੇ ਇਕੱਠੇ ਹੋ ਕੇ ਰਾਜਨੀਤਕ ਮੈਦਾਨ ਵਿੱਚ ਉੱਤਰਨ ਤਾਂ ਇਸ ਪਿੜ ਵਿੱਚੋਂ ਗੰਦਗੀ ਸਾਫ ਕਰਕੇ ਲੋਕ ਮਨਾਂ ਵਿੱਚ ਆਪਣਾ ਥਾਂ ਪੱਕਾ ਕਰ ਸਕਦੇ ਹਨ। ਪਰ ਜੇ ਇਹ ਅੱਧ ਪਚੱਧੇ ਹੀ ਚੋਣ ਮੈਦਾਨ ਵਿੱਚ ਉੱਤਰਨਗੇ ਤਾਂ ਕਈ ਤਰਾਂ ਦੀਆਂ ਕਮਜ਼ੋਰੀਆਂ ਇਨਾਂ ਦਾ ਰਾਹ ਰੋਕਣਗੀਆਂ ਤੇ ਇਮਾਨਦਾਰ ਉਮੀਦਵਾਰਾਂ ਨੂੰ ਨੁਕਸਾਨ ਵੀ ਪਹੁੰਚਾਉਣਗੀਆਂ। ਲੋਕ ਰਵਾਇਤੀ ਪਾਰਟੀਆਂ ਦੇ ਵਰਤਾਰੇ ਤੋਂ ਤੰਗ ਆ ਚੁੱਕੇ ਹਨ ਜੋ ਲੋਕਾਂ ਤੇ ਸਮਾਜ ਦੀ ਨਬਜ਼ ਫੜਨ ਦੀ ਥਾਂ ਉਨਾਂ ਨੂੰ ਮੰਗਤੇ ਅਤੇ ਮੁਫਤ ਕਲਚਰ ਦੇ ਪਿਛਲੱਗ ਬਣਾਉਣ ਤੇ ਤੁਲੇ ਹੋਏ ਹਨ। ਰਾਜ ਦੇ ਵਧਦੇ ਜਾ ਰਹੇ ਕਰਜ਼ੇ, ਮਹਿੰਗੀ ਹੁੰਦੀ ਜਾ ਰਹੀ ਸਿੱਖਿਆ ਅਤੇ ਸਿਹਤ ਸਹੂਲਤਾਂ, ਵਧਦੀ ਹੋਈ ਮਹਿੰਗਾਈ ਅਤੇ ਬੇਰੋਜ਼ਗਾਰੀ ਅਤੇ ਮਾਫੀਆ ਰਾਜ ਵਰਗੇ ਅਲੰਕਾਰ, ਪੰਜਾਬ ਦੀ ਨਿੱਘਰਦੀ ਹਾਲਤ ਲਈ ਜ਼ਿੰਮੇਵਾਰ ਹਨ। ਇਹ ਪਹਿਲੂ ਸੁਹਿਰਦਤਾ ਨਾਲ ਵਿਚਾਰੇ ਜਾਣ ਤਾਂ ਹੀ ਪੰਜਾਬ ਦਾ ਅਤੇ ਲੋਕਾਂ ਦਾ ਕਲਿਆਣ ਹੋ ਸਕੇਗਾ ਅਤੇ ਪੰਜਾਬ ਆਪਣੀ ਖੁੱਸੀ ਹੋਈ ਸ਼ਾਨ ਮੁੜ ਹਾਸਲ ਕਰ ਸਕੇਗਾ। ਸੰਯੁਕਤ ਸਮਾਜ ਮੋਰਚੇ ਨੂੰ ਵੀ ਇਹ ਪਹਿਲੂ ਧਿਆਨ ਗੋਚਰੇ ਰੱਖਣੇ ਚਾਹੀਦੇ ਹਨ ਤਾਂ ਜੋ ਸਭ ਵਰਗਾਂ ਦੇ ਲੋਕ ਇਸ ਨਾਲ ਜੁੜੇ ਰਹਿ ਸਕਣ। ਮੁੱਖ ਪਹਿਲੂ ਪ੍ਰਾਂਤ ਦੇ ਸਿਰ ਤੋਂ ਕਰਜ਼ੇ ਦੀ ਪੰਡ ਲਾਹ ਕੇ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ, ਸਿੱਖਿਆ ਤੇ ਰੋਜ਼ਗਾਰ ਦੇ ਨਾਲ ਨਾਲ ਇਮਾਨਦਾਰ ਪ੍ਰਸ਼ਾਸਨ ਦੇਣਾ ਹੈ। ਜੇ ਇਹ ਇਸ ਵਾਰ ਵੀ ਵਿੱਸਰ ਗਿਆ ਤਾਂ ਪਛਤਾਵੇ ਤੋਂ ਬਿਨਾਂ ਕੁਝ ਵੀ ਪੱਲੇ ਨਹੀਂ ਰਹੇਗਾ।

# ਸੰਯੁਕਤ ਕਿਸਾਨ ਮੋਰਚੇ ਦਾ ਵਿਰੋਧ ਕੇਜਰੀਵਾਲ ਨੂੰ ਮਹਿੰਗਾ ਪਵੇਗਾ

## ✪ 'ਆਪ' ਦਾ ਬੀਜੇਪੀ 'ਤੇ ਵੱਡਾ ਇਲਜ਼ਾਮ, ਖਾਸ ਪਾਰਟੀ ਰਜਿਸਟਰ ਕਰਾਉਣ ਲਈ ਨਿਯਮ ਬਦਲਾਉਣ ਦੀ ਤਿਆਰੀ

## ✪ ਚੋਣ ਕਮਿਸ਼ਨ ਨੇ ਭਾਜਪਾ ਦੇ ਇਸ਼ਾਰੇ 'ਤੇ ਨਿਯਮ ਬਦਲਣ ਦੇ ਦੋਸ਼ਾਂ ਨੂੰ ਨਕਾਰਿਆ, 'ਆਪ' ਨੇ ਲਾਏ ਸੀ ਗੰਭੀਰ ਇਲਜ਼ਾਮ

ਪੰਜਾਬ ਵਿੱਚ 14 ਫਰਵਰੀ ਨੂੰ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣੇ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰਨ ਲਈ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੌਰਾਨ ਸੰਯੁਕਤ ਕਿਸਾਨ ਮੋਰਚੇ ਦਾ ਆਪ ਪਾਰਟੀ ਨਾਲ ਤਿਖਾ ਟਕਰਾਅ ਛਿੜ ਗਿਆ ਹੈ।

ਬਾਦਲ ਦਲ ਤੇ ਸੰਯੁਕਤ ਕਿਸਾਨ ਮੋਰਚਾ ਆਮ ਆਦਮੀ ਪਾਰਟੀ 'ਤੇ ਟਿਕਟਾਂ ਨੂੰ ਵੇਚੇ ਜਾਣ ਦੇ ਇਲਜ਼ਾਮ ਲੱਗਾ ਰਹੇ ਹਨ।

ਹਾਲਾਂਕਿ, ਅਜਿਹਾ ਪਹਿਲੀ ਵਾਰ ਨਹੀਂ ਹੈ ਜਦੋਂ ਪਾਰਟੀ ਉੱਤੇ ਅਜਿਹੇ ਇਲਜ਼ਾਮ ਲੱਗੇ ਲੱਗੇ ਹੋਣ। ਸਾਲ 2017 ਦੀਆਂ ਚੋਣਾਂ ਦੌਰਾਨ ਵੀ ਪਾਰਟੀ ਉੱਤੇ ਟਿਕਟਾਂ ਵੇਚਣ ਦੇ ਅਜਿਹੇ ਹੀ ਇਲਜ਼ਾਮ ਲੱਗੇ ਸਨ, ਪਰ ਪਾਰਟੀ ਨੇ ਉਨਾਂ ਨੂੰ ਰੱਦ ਕਰ ਦਿੱਤਾ ਸੀ।

ਸੰਯੁਕਤ ਸਮਾਜ ਮੋਰਚਾ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਇਲਜ਼ਾਮ ਲਗਾਇਆ ਕਿ ਆਮ ਆਦਮੀ ਪਾਰਟੀ ਨੇ ਵੀ ਰਵਾਇਤੀ ਪਾਰਟੀਆਂ ਵਾਂਗ ਵਤੀਰਾ ਸ਼ੁਰੂ ਕਰ ਦਿੱਤਾ ਹੈ ਜਿੱਥੇ ਟਿਕਟਾਂ ਪੈਸੇ ਲੈ ਕੇ ਵੇਚੀਆਂ ਜਾਂਦੀਆਂ ਹਨ।ਰਾਜੇਵਾਲ ਨੇ ਦਾਅਵਾ ਕੀਤਾ ਸੀ ਕਿ ਉਨਾਂ ਕੋਲ ਇਸ ਗੱਲ ਦੇ ਸਬੂਤ ਹਨ ਕਿ ਪਾਰਟੀ ਆਪਣੀਆਂ ਟਿਕਟਾਂ ਵੇਚਦੀ ਹੈ। ਇਸ ਸਬੂਤ ਉਨਾਂ ਕੇਜਰੀਵਾਲ ਨੂੰ ਸੌਂਪ ਦਿੱਤੇ ਹਨ।

ਰਾਜੇਵਾਲ ਨੇ ਇਨਾਂ ਚੋਣਾਂ ਦੌਰਾਨ 22 ਕਿਸਾਨ ਜਥੇਬੰਦੀਆਂ ਨਾਲ ਮਿਲ ਕੇ ਸੰਯੁਕਤ ਸਮਾਜ ਮੋਰਚਾ ਬਣਾਇਆ ਹੈ ਤੇ ਪੰਜਾਬ ਦੇ ਚੋਣ ਅਖਾੜੇ ਵਿੱਚ ਕਿਸਮਤ ਅਜ਼ਮਾਉਣ ਲੱਗੇ ਹਨ।

ਰਾਜੇਵਾਲ ਦੇ ਆਮ ਆਦਮੀ ਪਾਰਟੀ ਖ਼ਿਲਾਫ਼ ਇਲਜ਼ਾਮ ਇਸ ਲਈ ਵੀ ਗੰਭੀਰ ਹਨ ਕਿਉਂਕਿ ਕੁਝ ਮੀਡੀਆ ਰਿਪੋਰਟਾਂ ਵਿੱਚ ਉਨਾਂ ਨੂੰ 'ਆਪ' ਵਲੋਂ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਦੀਆਂ ਖ਼ਬਰਾਂ ਸਨ। ਫਿਰ ਦੋਵਾਂ ਪਾਰਟੀਆਂ ਵਿਚਾਲੇ ਗਠਜੋੜ ਦੀ ਗੱਲਬਾਤ ਵੀ ਚੱਲੀ, ਜਿਸ ਦੀ ਪੁਸ਼ਟੀ ਕੇਜਰੀਵਾਲ ਨੇ ਪ੍ਰੈਸ ਕਾਨਫਰੰਸ ਦੌਰਾਨ ਕੀਤੀ।ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਸੀ ਕਿਸਾਨਾਂ ਅਤੇ ਆਮ ਆਦਮੀ ਪਾਰਟੀ ਵਿਚਾਲੇ ਸਮਝੌਤਾ ਇਸ ਲਈ ਸਿਰੇ ਨਹੀਂ ਚੜਿਆ ਕਿਉਂਕਿ ਇਹ ਪਾਰਟੀ ਵੀ ਰਵਾਇਤੀ ਪਾਰਟੀਆਂ ਵਰਗੀ ਹੀ ਹੋ ਗਈ ਹੈ।

ਰਾਜੇਵਾਲ ਦੇ ਜਵਾਬ ਵਿੱਚ 12 ਜਨਵਰੀ ਨੂੰ ਮੁਹਾਲੀ ਪਹੁੰਚੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਰਾਜੇਵਾਲ ਨੇ ਉਨਾਂ ਨੂੰ ਇੱਕ ਪੈਨ ਡਰਾਇਵ ਦਿੱਤੀ ਸੀ ਜਿਸ ਵਿੱਚ ਦੋ ਅਣਜਾਣ ਬੰਦੇ ਆਪਸ ਵਿਚ ਗੱਲਾਂ ਕਰ ਰਹੇ ਹਨ, ਕਿ ਕੇਜਰੀਵਾਲ ਰਿਸ਼ਵਤ ਲੈਂਦਾ ਹੈ, ਮਨੀਸ਼ ਸਿਸੋਦੀਆ ਪੈਸੇ ਲੈਕੇ ਕੰਮ ਕਰਦਾ ਹੈ, ਪਰ ਬੇਹੂਦਾ ਅਤੇ ਬਿਨਾਂ ਸਿਰ ਪੈਰ ਵਾਲੇ ਇਲਜ਼ਾਮ ਹਨ। ਕੇਜਰੀਵਾਲ ਨੇ ਕਿਹਾ, 'ਕੋਈ ਸਾਬੂਤ ਦੇ ਕੇ ਸਾਬਿਤ ਕਰ ਦੇਵੇ ਕਿ ਫਲਾਣੇ ਟਿਕਟ ਵੇਚੀ ਤੇ ਫਲਾਣੇ ਨੇ ਖਰੀਦੀ ਤਾਂ 24 ਘੰਟਿਆਂ ਅੰਦਰ ਦੋਵਾਂ ਨੂੰ ਪਾਰਟੀ 'ਤੋਂ ਕੱਢ ਦਿਆਂਗਾ ਅਤੇ ਨਾ ਸਿਰਫ਼ ਪਾਰਟੀ 'ਚੋਂ ਕੱਢਾਂਗਾ ਬਲਕਿ ਜੇਲ ਵਿੱਚ ਵੀ ਭੇਜਾਂਗਾ। ਇਸ ਦੌਰਾਨ ਕੇਜਰੀਵਾਲ ਨੇ ਕਿਹਾ, 'ਰਾਜੇਵਾਲ ਨੂੰ ਕਹਾਂਗਾ ਕਿ ਕੋਈ ਵੀ ਸਬੂਤ ਹੈ ਤਾਂ ਮੈਨੂੰ ਵੀ ਦੇਣ ਦੀ ਲੋੜ ਨਹੀਂ ਜਨਤਕ ਕਰ ਦਿਓ। ਕੇਜਰੀਵਾਲ ਨੇ ਰਾਜੇਵਾਲ ਨੂੰ ਇਹ ਵੀ ਧਮਕੀ ਦਿਤੀ ਕਿ ਜੇ ਕੋਈ ਐਂਵੇ ਹੀ ਆਮ ਆਦਮੀ ਪਾਰਟੀ 'ਤੇ ਇਲਜ਼ਾਮ ਲਗਾਏ ਤਾਂ ਉਸ ਨੂੰ ਵੀ ਨਹੀਂ ਬਖ਼ਸ਼ਿਆ ਜਾਵੇਗਾ। ਗ਼ਲਤ ਇਲਜ਼ਾਮ ਲਗਾਉਣ ਵਾਲੇ ਉੱਤੇ ਕਾਨੂੰਨੀ ਕਾਰਵਾਈ ਕਰਾਂਗੇ।' ਇਸ ਤੋਂ ਇਲਾਵਾ ਕੇਜਰੀਵਾਲ ਨੇ ਮੰਨਿਆ ਕਿ ਸੰਯੁਕਤ ਸਮਾਜ ਮੋਰਚਾ ਜੇਕਰ ਵੱਖਰੇ ਤੌਰ 'ਤੇ ਲੜਦਾ ਹੈ ਤਾਂ ਉਨਾਂ ਦੀਆਂ ਕੁਝ ਵੋਟਾਂ ਤਾਂ ਕੱਟੀਆਂ ਜਾਣਗੀਆਂ।

ਸਿਰਫ਼ ਰਾਜੇਵਾਲ ਹੀ ਨਹੀਂ ਬਲਕਿ ਆਮ ਆਦਮੀ ਪਾਰਟੀ ਦੇ ਆਗੂ ਰਹੇ ਪਟਿਆਲੇ ਦੇ ਸੌਰਭ ਜੈਨ ਨੇ ਵੀ 'ਆਪ' ਵਿੱਚ ਟਿਕਟਾਂ ਦੀ ਖਰੀਦੋ-ਫ਼ਰੋਖ਼ਤ ਦੇ ਇਲਜ਼ਾਮ ਲਾਏ ਹਨ।ਸੌਰਭ ਜੈਨ ਨੇ ਵੀ ਇਸ ਬਾਰੇ ਚੰਡੀਗੜ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਉਨਾਂ ਨੂੰ ਟਿਕਟ ਦੇਣ ਦੇ ਬਦਲੇ ਉਨਾਂ ਕੋਲੋਂ ਪਾਰਟੀ ਫੰਡ ਲਈ ਦੋ ਕਰੋੜ ਰੁਪਏ ਉਧਾਰ ਮੰਗੇ ਗਏ ਸਨ। ਉਨਾਂ ਨੇ ਦੱਸਿਆ, 'ਜਦੋਂ ਮੈਂ ਪੈਸੇ ਦੇਣ ਵਿੱਚ ਅਸਮਰੱਥਾ ਜਤਾਈ ਤਾਂ ਉਨਾਂ ਨੇ ਕਿਹਾ ਕਿ ਜੇਕਰ ਤੁਸੀਂ ਸਹਾਇਤਾ ਨਹੀਂ ਕਰ ਸਕਦੇ ਤਾਂ ਪਾਰਟੀ ਕਿਸੇ ਹੋਰ ਉਮੀਦਵਾਰ ਬਾਰੇ ਸੋਚ ਸਕਦੀ ਹੈ। ਸੌਰਭ ਜੈਨ ਨੇ ਕਿਹਾ ਉਨਾਂ ਇਸ ਤੋਂ ਇਨਕਾਰ ਕਰਦਿਆਂ ਪਾਰਟੀ ਨੂੰ ਅਲਵਿਦਾ ਆਖ ਦਿੱਤਾ ਹੈ।

ਹਾਲਾਂਕਿ, ਆਪ ਦੇ ਸੀਨੀਅਰ ਨੇਤਾ ਰਾਘਵ ਚੱਢਾ ਨੇ ਸੌਰਭ ਜੈਨ ਖ਼ਿਲਾਫ਼ ਆਪਣੇ ਉੱਤੇ ਬੇਬੁਨਿਆਦ ਨਿੱਜੀ ਇਲਜ਼ਾਮ ਲਗਾਉਣ ਕਰਕੇ ਅਪਰਾਧਿਕ ਮਾਨਹਾਨੀ ਦੀ ਮਾਮਲਾ ਦਰਜ ਕਰਵਾਇਆ ਹੈ।





**ਜਲੰਧਰ ਵਿੱਚ ਵਰਕਰਾਂ ਦੀ ਖਿੱਚ ਧੂਹ**

ਯਾਦ ਰਹੇ ਇਨਾਂ ਇਲਜਾਮਾਂ ਕਾਰਣ ਜਲੰਧਰ ਵਿੱਚ ਰਾਘਵ ਚੱਢਾ ਦੀ ਆਮ ਆਦਮੀ ਪਾਰਟੀ ਦੇ ਵਰਕਰਾਂ ਵਲੋਂ ਖਿਚ ਧੂਹ ਹੋ ਚੁਕੀ ਹੈ।ਇੱਥੇ ਵੀ ਰਾਘਵ ਚੱਢਾ ਪ੍ਰੈਸ ਕਾਨਫਰੰਸ ਕਰਕੇ ਬਾਗੀ ਕਾਂਗਰਸੀ ਦਿਨੇਸ਼ ਢਲ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਪਹੁੰਚੇ ਸਨ।

ਪਰ ਪ੍ਰੈਸ ਕਾਨਫਰੰਸ ਤੋਂ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਇੱਥੇ ਪਹੁੰਚ ਗਏ ਅਤੇ ਉਨਾਂ ਰਾਘਵ ਨੂੰ ਪ੍ਰੈਸ ਕਲੱਬ ਵਿਚ ਦਾਖ਼ਲ ਹੋਣ ਤੋਂ ਰੋਕ ਦਿੱਤਾ। ਇਸ ਖਿੱਚ ਧੂਹ ਤੇ ਇੱਕ ਦੂਜੇ ਉੱਤੇ ਪੱਥਰਬਾਜ਼ੀ ਕਰਨ ਦੇ ਵੀਡੀਓ ਵੀ ਕਾਫੀ ਵਾਇਰਲ ਹੋਏ ਸਨ।

ਤੇ ਰਾਘਵ ਚੱਢਾ ਭੀੜ ਤੋਂ ਡਰਦੇ ਕਾਹਲੀ ਨਾਲ ਪ੍ਰੈਸ ਕਲੱਬ ਤੋਂ ਬਾਹਰ ਜਾਂਦੇ ਦਿਖ ਰਹੇ ਹਨ।ਇਸ ਨਾਲ ਆਪ ਪਾਰਟੀ ਨੂੰ ਨਮੋਸ਼ੀ ਹੋਈ ਹੈ।

**ਆਪ ਨੇ ਚੋਣ ਕਮਿਸ਼ਨ, ਭਾਜਪਾ ਤੇ ਕਿਸਾਨਾਂ ਵਿਰੁਧ ਖੋਲਿਆ ਮੋਰਚਾ**

ਆਮ ਆਦਮੀ ਪਾਰਟੀ ਦੇ ਮੁਖ ਬੁਲਾਰੇ ਰਾਘਵ ਚੱਢਾ ਨੇ ਭਾਜਪਾ 'ਤੇ ਚੋਣ ਕਮਿਸ਼ਨ ਦੇ ਕੰਮ ਵਿਚ ਦਖਲ ਦੇਣ ਦਾ ਦੋਸ਼ ਲਗਾਇਆ ਹੈ। ਉਨਾਂ ਕਿਹਾ ਕਿ ਬੀਜੇਪੀ ਚੋਣ ਕਮਿਸ਼ਨ ਦੇ ਨਿਯਮਾਂ ਨੂੰ ਬਦਲਾਉਣ ਦੀ ਤਿਆਰੀ ਵਿਚ ਹੈ। ਉਨਾਂ ਕਿਹਾ ਕਿ ਇੱਕ ਪਾਰਟੀ ਸੰਯੁਕਤ ਕਿਸਾਨ ਮੋਰਚਾ ਨੂੰ ਰਜਿਸਟਰ ਕਰਨ ਲਈ ਨਿਯਮ ਬਦਲੇ ਜਾ ਰਹੇ ਹਨ। ਉਨਾਂ ਕਿਹਾ ਕਿ ਰਜਿਸਟ੍ਰੇਸ਼ਨ ਵਿੱਚ ਦੋ ਵੱਡੇ ਬਦਲਾਅ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਤਰਾਜ਼ ਦੀ ਮਿਆਦ ਘਟਾਈ ਜਾ ਸਕਦੀ ਹੈ।

**ਚੋਣ ਕਮਿਸ਼ਨ ਦਾ ਜਵਾਬ**

ਚੋਣ ਕਮਿਸ਼ਨ ਨੇ ਆਮ ਆਦਮੀ ਪਾਰਟੀ ਵੱਲੋਂ ਲਾਏ ਗਏ ਨਿਯਮ ਬਦਲਣ ਦੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਨੇ ਝੂਠੇ ਦੋਸ਼ ਲਾਏ ਹਨ। ਚੋਣ ਕਮਿਸ਼ਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਦੋਸ਼ ਤਥਹੀਣ ਹਨ। ਚੋਣ ਕਮਿਸ਼ਨ ਨੇ ਕਿਹਾ ਕਿ ਅਜਿਹੇ ਬਦਲਾਅ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ। ਅਤੀਤ ਵਿੱਚ ਵੀ ਕਈ ਚੋਣਾਂ ਤੋਂ ਪਹਿਲਾਂ ਅਜਿਹਾ ਕੀਤਾ ਜਾ ਚੁੱਕਾ ਹੈ। ਇਹ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਕੀਤਾ ਗਿਆ ਸੀ ਤੇ ਇਸ ਦਾ ਐਲਾਨ 15 ਮਾਰਚ, 2019 ਨੂੰ ਜਾਰੀ ਪ੍ਰੈੱਸ ਨੋਟ ਰਾਹੀਂ ਕੀਤਾ ਗਿਆ ਸੀ। ਅਜਿਹਾ 2020 ਦੀਆਂ ਬਿਹਾਰ ਚੋਣਾਂ ਤੋਂ ਪਹਿਲਾਂ ਵੀ ਕੀਤਾ ਗਿਆ ਸੀ।

ਵਖ ਵਖ ਰਾਜਨੀਤਕ ਮਾਹਿਰਾਂ ਦੀ ਰਾਇ ਹੈ ਕਿ ਕਿਸਾਨ ਮੋਰਚਾ ਆਪ ਨੂੰ ਵਡਾ ਨੁਕਸਾਨ ਪਹੁੰਚਾਏਗਾ। ਇਸ ਵਾਰ ਪ੍ਰਵਾਸੀ ਪੰਜਾਬੀ ਆਪ ਦੀ ਥਾਂ ਕਿਸਾਨਾਂ ਵਲ ਝੁਕੇ ਹਨ।

**ਅਕਾਲੀ ਦਲ ਨੂੰ ਚੋਣ ਰੈਲੀਆਂ 'ਤੇ ਰੋਕ ਤੋਂ ਨਿਰਾਸ਼**

ਸ਼੍ਰੋਮਣੀ ਅਕਾਲੀ ਦਲ ਨੂੰ ਕੋਰੋਨਾ ਵਾਇਰਸ ਕਰਕੇ ਚੋਣ ਰੈਲੀਆਂ ਉੱਪਰ ਰੋਕ ਰਾਸ ਨਹੀਂ ਆ ਰਹੀ। ਅਕਾਲੀ ਦਲ ਨੇ ਹੁਣ ਇਸ ਲਈ ਚੋਣ ਕਮਿਸ਼ਨ ਕੋਲ ਪਹੁੰਚ ਕੀਤੀ ਹੈ। ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਅਕਾਲੀ ਦਲ ਨੇ ਕਿਹਾ ਹੈ ਕਿ ਚੋਣ ਰੈਲੀਆਂ ਤੇ ਕਾਰਨਰ ਮੀਟਿੰਗਾਂ 'ਤੇ ਪੂਰਨ ਪਾਬੰਦੀ ਦੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕੀਤੀ ਜਾਵੇ। ਅਕਾਲੀ ਦਲ ਨੇ ਕਿਹਾ ਹੈ ਕਿ ਉਮੀਦਵਾਰਾਂ ਲਈ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚਣ ਲਈ ਛੋਟੀਆਂ ਮੀਟਿੰਗਾਂ ਜ਼ਰੂਰੀ ਹਨ। ਇਸ ਲਈ ਚੋਣ ਰੈਲੀਆਂ ਤੇ ਮੀਟਿੰਗਾਂ 'ਤੇ ਪੂਰਨ ਪਾਬੰਦੀ ਦੇ ਫੈਸਲੇ 'ਤੇ ਮੁੜ ਵਿਚਾਰ ਕੀਤੀ ਜਾਵੇ।ਅਸਲ ਵਿਚ ਅਕਾਲੀ ਦਲ ਬਾਦਲ ਦਾ ਸੋਸ਼ਲ ਮੀਡੀਆ ਆਪ ਤੋਂ ਕਮਜੋਰ ਹੈ।ਆਪ ਨੇ ਪਹਿਲਾਂ ਵੀ ਚੋਣਾਂ ਦੌਰਾਨ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਇਆ ਸੀ।

**ਪੰਜਾਬ ਵਿਚ ਭਾਜਪਾ ਕੋਲ ਲੀਡਰਸ਼ਿਪ ਦੀ ਘਾਟ**

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹੈ ਅਤੇ ਹਰ ਸਿਆਸੀ ਪਾਰਟੀ ਸੂਬੇ ਦੀ ਸੱਤਾ ਲਈ ਮੈਦਾਨ ਵਿਚ ਉਤਰ ਚੁੱਕੀ ਹੈ। ਸਾਰੀਆਂ ਪਾਰਟੀਆਂ ਆਪੋ-ਆਪਣੀ ਰਣਨੀਤੀ ਬਣਾ ਕੇ ਕੰਮ ਕਰ ਰਹੀਆਂ ਹਨ। ਇਸ ਸਭ ਦੇ ਵਿਚਾਲੇ ਪੰਜਾਬ ਵਿਚ ਭਾਜਪਾ ਨੂੰ ਦੁੱਗਣੀ ਮਿਹਨਤ ਕਰਨੀ ਪੈ ਰਹੀ ਹੈ। ਭਾਜਪਾ ਵਿਚ ਸਭ ਤੋਂ ਵੱਡੀ ਸਮੱਸਿਆ ਇਸ ਵੇਲੇ ਜੋ ਚੱਲ ਰਹੀ ਹੈ, ਉਹ ਹੈ ਲੀਡਰਸ਼ਿਪ ਦੀ ਘਾਟ। ਪਾਰਟੀ ਕੋਲ ਕੋਈ ਵੱਡਾ ਨੇਤਾ ਨਹੀਂ ਜੋ ਪਾਰਟੀ ਲਈ ਤਾਕਤ ਲਾ ਸਕੇ ਜੋ ਪੰਜਾਬੀਆਂ ਨੂੰ ਪ੍ਰਭਾਵਿਤ ਕਰ ਸਕੇ। ਪਾਰਟੀ ਪੰਜਾਬ ਵਿਚ ਕਈ ਸਾਲਾਂ ਤੋਂ ਸਰਗਰਮ ਹੈ। ਪਾਰਟੀ ਪੰਜਾਬ ਵਿਚ ਕਦੇ 2 ਸੀਟਾਂ ਲੈ ਕੇ ਵੀ ਖ਼ੁਸ਼ ਹੋਈ ਹੈ ਤਾਂ ਕਦੇ ਉਸ ਕੋਲ 19 ਸੀਟਾਂ ਵੀ ਰਹੀਆਂ ਹਨ ਪਰ ਇਸ ਤੋਂ ਬਾਅਦ ਵੀ ਪਾਰਟੀ ਆਪਣੀ ਲੀਡਰਸ਼ਿਪ ਤਿਆਰ ਨਹੀਂ ਕਰ ਸਕੀ, ਜਿਸ ਦਾ ਖਮਿਆਜ਼ਾ ਉਸ ਨੂੰ ਹੁਣ ਤਕ ਭੁਗਤਣਾ ਪੈ ਰਿਹਾ ਹੈ।

ਭਾਜਪਾ ਕੇਂਦਰ ਵਿਚ ਸੱਤਾ ਵਿਚ ਹੈ ਅਤੇ ਲਗਾਤਾਰ ਖ਼ੁਦ ਨੂੰ ਅੱਗੇ ਵਧਾ ਰਹੀ ਹੈ। ਉਸ ਨੇ ਕੇਂਦਰ ਵਿਚ ਆਉਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਅਜਿਹੀ ਜੁਗਤ ਲਾਈ ਕਿ ਕਈ ਸੂਬਿਆਂ ਵਿਚ ਸੱਤਾ ਹਾਸਲ ਕਰ ਲਈ। ਜਿੱਥੇ ਭਾਜਪਾ ਦਾ ਝੰਡਾ ਵੀ ਕਦੇ ਕਿਸੇ ਨੇ ਨਹੀਂ ਵੇਖਿਆ ਸੀ, ਉਨਾਂ ਸੂਬਿਆਂ ਵਿਚ ਵੀ ਉਸ ਨੇ ਸੀਟਾਂ ਹਾਸਲ ਕੀਤੀਆਂ ਪਰ ਦੂਜੇ ਪਾਸੇ ਪੰਜਾਬੀਆਂ ਦੀ ਸੋਚ ਭਾਜਪਾ ਦੀ ਹਿੰਦੂਤਵੀ ਰਾਜਨੀਤੀ ਤੋਂ ਵਖ ਹੈ।ਇਸੇ ਕਰਕੇ ਮੋਦੀ ਦਾ ਚਿਹਰਾ ਵੀ ਡੁਬਦੀ ਭਾਜਪਾ ਨੂੰ ਆਕਸੀਜਨ ਨਹੀਂ ਦੇ ਸਕਿਆ।ਇਹ ਅਕਾਲੀ ਗਠਜੋੜ ਸਹਾਰੇ ਅਗੇ ਵਧਦੇ ਰਹੇ। ਇੱਥੇ ਪਾਰਟੀ ਬਾਦਲ ਦਲ ਨਾਲ ਸੱਤਾ ਵਿਚ ਤਾਂ ਰਹੀ ਪਰ ਖ਼ੁਦ ਨੂੰ ਮਜ਼ਬੂਤ ਨਹੀਂ ਕਰ ਸਕੀ। 19 ਵਿਧਾਇਕਾਂ ਨਾਲ ਪਾਰਟੀ ਨੇ ਅਕਾਲੀ ਦਲ ਨਾਲ ਮਿਲ ਕੇ ਸੱਤਾ ਦਾ ਸੁੱਖ ਭੋਗਿਆ ਪਰ ਸੰਗਠਨ ਨੂੰ ਤਰਜੀਹ ਨਹੀਂ ਦਿੱਤੀ। ਜਿਸ ਦਾ ਨੁਕਸਾਨ ਪਾਰਟੀ ਨੂੰ ਅੱਜ ਪੰਜਾਬ ਵਿਚ ਹੋ ਰਿਹਾ ਹੈ। ਪਾਰਟੀ ਕੋਲ ਪੰਜਾਬ ਵਿਚ 117 ਸੀਟਾਂ 'ਤੇ ਚੋਣ ਲੜਨ ਲਈ ਉਮੀਦਵਾਰ ਨਹੀਂ ਮਿਲ ਰਹੇ। ਪਾਰਟੀ ਵਿਚ ਦੂਜੀ ਕਤਾਰ ਦੇ ਨੇਤਾ ਨਹੀਂ ਹਨ, ਜੋ ਵਰਕਰਾਂ ਨੂੰ ਸਹੀ ਦਿਸ਼ਾ ਦੇ ਸਕਣ। ਪਾਰਟੀ ਨੇ 2010 ਵਿਚ ਅਸ਼ਵਨੀ ਸ਼ਰਮਾ ਨੂੰ ਪੰਜਾਬ ਦੀ ਕਮਾਨ ਸੌਂਪੀ, ਜਿਸ ਤੋਂ ਬਾਅਦ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਗਠਜੋੜ ਨਾਲ ਪਾਰਟੀ 12 ਸੀਟਾਂ ਜਿੱਤੀ। ਉਸ ਤੋਂ ਬਾਅਦ ਸ਼ਰਮਾ ਨੂੰ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ। ਹੁਣ ਕੁਝ ਸਾਲ ਬਾਅਦ ਮੁੜ ਅਸ਼ਵਨੀ ਸ਼ਰਮਾ ਹੀ ਪ੍ਰਧਾਨ ਹਨ, ਜਦੋਂਕਿ ਪਾਰਟੀ ਨੂੰ ਹੋਰ ਚਿਹਰੇ ਨਹੀਂ ਮਿਲ ਰਹੇ। ਇਸੇ ਤਰਾਂ ਸੁਭਾਸ਼ ਸ਼ਰਮਾ ਪਾਰਟੀ ਵਿਚ ਸਵ. ਕਮਲ ਸ਼ਰਮਾ ਨਾਲ ਜਨਰਲ ਸਕੱਤਰ ਰਹੇ ਅਤੇ ਹੁਣ ਮੁੜ ਅਸ਼ਵਨੀ ਸ਼ਰਮਾ ਨਾਲ ਜਨਰਲ ਸਕੱਤਰ ਹਨ। ਜੋ ਪਹਿਲਾਂ ਜਨਰਲ ਸਕੱਤਰ ਸਨ, ਉਨਾਂ ਨੂੰ ਹੁਣ ਹੋਰ ਕੋਈ ਅਹੁਦਾ ਦੇ ਦਿੱਤਾ। ਕੁਲ ਮਿਲਾ ਕੇ ਘੁੰਮ-ਫਿਰ ਕੇ ਉਹੀ ਗਿਣੇ-ਚੁਣੇ ਲੋਕ ਪਾਰਟੀ ਵਿਚ ਵੱਖ-ਵੱਖ ਕਿਰਦਾਰ ਸੰਭਾਲਦੇ ਹਨ ਅਤੇ ਉਹੀ ਨੀਤੀਆਂ ਵਾਰ-ਵਾਰ ਪੰਜਾਬ ਵਿਚ ਲਾਗੂ ਹੋ ਰਹੀਆਂ ਹਨ, ਜਿਸ ਕਾਰਨ ਪੰਜਾਬ ਵਿਚ ਪਾਰਟੀ ਦੇ ਹਾਲਾਤ ਖ਼ਰਾਬ ਹੋ ਰਹੇ ਹਨ।

ਭਾਜਪਾ ਦੇ ਆਮ ਵਰਕਰ ਕੋਲੋਂ ਕਦੇ ਪੁੱਛਿਆ ਜਾਵੇ ਕਿ 'ਹਾਓ ਇਜ਼ ਜੋਸ਼' ਤਾਂ ਇਕੋ ਜਵਾਬ ਆਉਂਦਾ ਹੈ ਕਿ 'ਹਾਈ' ਪਰ ਪਾਰਟੀ ਦੀ ਪੰਜਾਬ ਦੀ ਲੀਡਰਸ਼ਿਪ ਦਾ ਪੂਰਾ ਜੋਸ਼ ਸਿਰਫ਼ ਮੀਡੀਆ ਵਿਚ ਹੀ ਹਾਈ ਹੈ। ਮੀਡੀਆ ਨਾਲ ਰੂਬਰੂ ਹੋ ਕੇ ਕੁਝ ਚੋਣਵੇਂ ਖ਼ਬਰਨਵੀਸਾਂ ਨਾਲ ਬੈਠਕਾਂ ਕਰ ਕੇ ਖ਼ਬਰਾਂ ਲਵਾ ਲਈਆਂ ਜਾਂਦੀਆਂ ਹਨ ਪਰ ਜ਼ਮੀਨੀ ਪੱਧਰ 'ਤੇ ਪਾਰਟੀ ਦੇ ਨੇਤਾਵਾਂ ਤੇ ਵਰਕਰਾਂ ਦਰਮਿਆਨ ਗੱਲਬਾਤ ਨਾਮਾਤਰ ਹੈ। ਇਹੀ ਖ਼ਬਰਾਂ ਕੇਂਦਰ ਦੇ ਕੁਝ ਨੇਤਾਵਾਂ ਨੂੰ ਭੇਜ ਕੇ ਦੱਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੰਜਾਬ ਭਾਜਪਾ ਦਾ 'ਹਾਲ ਚੰਗਾ' ਹੈ, ਜਦੋਂਕਿ ਪੰਜਾਬ ਵਿਚ ਵਰਕਰ ਪਾਰਟੀ ਤੋਂ ਦੂਰ ਹੋ ਰਹੇ ਹਨ ਕਿਉਂਕਿ ਸੜਕਾਂ 'ਤੇ ਤਾਂ ਭਾਜਪਾ ਕਿਤੇ ਨਜ਼ਰ ਹੀ ਨਹੀਂ ਆ ਰਹੀ।

**17 ਸਾਲ ਦਾ ਹੀ ਬਚਿਆ ਜਮੀਨਦੋਜ ਤਿੰਨ ਪੱਤਣਾਂ ਦਾ ਪਾਣੀ**

**ਖੇਤੀ ਮਾਹਰਾਂ ਵਲੋਂ ਅਪੀਲ ਕਿਸਾਨ ਝੋਨੇ ਦੀ ਬਜਾਏ ਹੋਰ ਜਿਣਸਾਂ ਦੀ ਖੇਤੀ ਕਰਨ**

ਪੰਜਾਬ ਅੰਦਰ ਧਰਤੀ ਹੇਠਲੇ ਪਾਣੀ ਦਾ ਸੰਕਟ ਦਿਨੋ-ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਜੇਕਰ ਪੰਜਾਬੀਆਂ ਨੇ ਪਾਣੀ ਦੀ ਸੰਜਮ ਨਾਲ ਵਰਤੋਂ ਨਾ ਕੀਤੀ ਤਾਂ ਆਉਣ ਵਾਲੇ ਸਮੇਂ ਵਿਚ ਪਾਣੀ ਸੰਕਟ ਹੋਰ ਵੀ ਵਧ ਜਾਵੇਗਾ। ਕੇਂਦਰੀ ਭੂਜਲ ਬੋਰਡ ਦੀ ਸਾਲ 2019 ਦੀ ਰਿਪੋਰਟ ਅਨੁਸਾਰ ਪੰਜਾਬ ਅੰਦਰ ਧਰਤੀ ਹੇਠਲੇ ਤਿੰਨ ਪੱਤਣਾਂ ਵਿਚ 17 ਸਾਲ ਦਾ ਹੀ ਪਾਣੀ ਬਚਿਆ ਹੈ। ਜਾਣਕਾਰੀ ਅਨੁਸਾਰ ਪੰਜਾਬ ਦੇ 163 ਸ਼ਹਿਰਾਂ ਵਿਚ 2200 ਮਿਲੀਅਨ (220 ਕਰੋੜ) ਲੀਟਰ ਪ੍ਰਤੀ ਦਿਨ ਸੀਵਰੇਜ ਦੇ ਪਾਣੀ ਦੀ ਨਿਕਾਸੀ ਹੁੰਦੀ ਹੈ, 1600 ਮਿਲੀਅਨ (160 ਕਰੋੜ) ਲੀਟਰ ਪਾਣੀ ਨੂੰ ਹੀ ਸਾਫ਼ ਕਰਨ ਦੇ ਟਰੀਟਮੈਂਟ ਪਲਾਂਟ ਕੇਵਲ 128 ਸ਼ਹਿਰਾਂ ਵਿਚ ਹੀ ਲੱਗੇ ਹਨ। ਉਹ ਪੂਰੀ ਤਰਾਂ ਨਹੀਂ ਚੱਲ ਰਹੇ, ਬਾਕੀ 35 ਸ਼ਹਿਰਾਂ ਦੇ ਲਗਭਗ 600 ਮਿਲੀਅਨ (60 ਕਰੋੜ) ਲੀਟਰ ਪਾਣੀ ਨੂੰ ਸੋਧਣ ਲਈ ਕੋਈ ਟਰੀਟਮੈਂਟ ਪਲਾਂਟ ਨਹੀਂ ਲੱਗੇ। ਲੁਧਿਆਣਾ ਦੇ ਬੁੱਢੇ ਦਰਿਆ (ਨਾਲੇ) ਦਾ ਸਭ ਤੋਂ ਮਾੜਾ ਹਾਲ ਹੈ। ਇਸ ਵਿਚ 750 ਮਿਲੀਅਨ (75 ਕਰੋੜ) ਲੀਟਰ ਪਾਣੀ ਚੱਲਦਾ ਹੈ, ਜੋ ਸਤਲੁਜ ਦਰਿਆ ਵਿਚ ਪੈਂਦਾ ਹੈ, ਜੋ ਅੱਗੇ ਪੰਜਾਬ ਦੇ ਮਾਲਵਾ ਖੇਤਰ ਅਤੇ ਰਾਜਸਥਾਨ ਵਿਚ ਪੀਣ ਲਈ ਵੀ ਵਰਤਿਆ ਜਾਂਦਾ ਹੈ। ਇਸ ਦਰਿਆ ਵਿਚ ਵਗਦੇ ਪਾਣੀ ਦੀ ਗੁਣਵੱਤਾ ਦਾ ਪੈਮਾਨਾ ਬਹੁਤ ਹੀ ਖਤਰਨਾਕ ਪੱਧਰ ਤੱਕ ਮਾੜਾ ਹੈ। ਹੈਬੋਵਾਲ ਡੇਅਰੀ ਕੰਪਲੈਕਸ ਦੇ ਨੇੜੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਨਵੰਬਰ 2021 ਮਹੀਨੇ ਕੀਤੀ ਜਾਂਚ ਦੌਰਾਨ ਬੀ. ਓ. ਡੀ. (ਬਾਇਓ ਕੈਮੀਕਲ ਆਕਸੀਜਨ ਡਿਮਾਂਡ) ਪੱਧਰ 1750 ਪਾਇਆ ਗਿਆ, ਜੋ ਸਾਫ਼ ਪਾਣੀ ਵਿਚ ਕੇਵਲ 10 ਤੱਕ ਹੋ ਸਕਦਾ ਹੈ। ਇਸੇ ਤਰਾਂ ਸੀ. ਓ. ਡੀ. (ਕੈਮੀਕਲ ਆਕਸੀਜਨ ਡਿਮਾਂਡ) ਦਾ ਪੱਧਰ 5680 ਪਾਇਆ ਗਿਆ, ਜੋ ਕਿ ਸਾਫ਼ ਪਾਣੀ ਵਿਚ 50 ਤੱਕ ਹੀ ਮਿੱਥਿਆ ਗਿਆ ਹੈ। ਪੰਜਾਬ ਵਿਚ ਵੱਡੀ ਗਿਣਤੀ ਵਿਚ ਉਦਯੋਗ ਪਾਣੀ ਦੀ ਵਰਤੋਂ ਕਰਦੇ ਹਨ। ਅਨੇਕਾਂ ਡਰੇਨਾਂ ਵਿਚ ਵੱਡੀ ਪੱਧਰ 'ਤੇ ਕਈ ਉਦਯੋਗਾਂ ਦਾ ਅਣਸੋਧਿਆ ਪਾਣੀ ਵੀ ਛੱਡਿਆ ਜਾਂਦਾ ਹੈ। ਇਸ 'ਚ ਭਾਰੀਆਂ ਧਾਤਾਂ ਅਤੇ ਖ਼ਤਰਨਾਕ ਜ਼ਹਿਰਾਂ ਵੀ ਹੁੰਦੀਆਂ ਹਨ, ਜਿਸ ਕਾਰਨ ਡਰੇਨਾਂ ਅਤੇ ਦਰਿਆਵਾਂ ਕੰਢੇ ਵਸਦੇ ਲੋਕਾਂ 'ਚ ਖ਼ਤਰਨਾਕ ਬਿਮਾਰੀਆਂ ਲਗਾਤਾਰ ਵਧ ਰਹੀਆਂ ਹਨ। ਡੇਅਰੀਆਂ ਦਾ ਮਲ ਮੂਤਰ ਵੀ ਸਿੱਧਾ ਇਨਾਂ ਡਰੇਨਾਂ ਵਿਚ ਸੁੱਟਿਆ ਜਾ ਰਿਹਾ ਹੈ, ਜੋ ਅੱਗੇ ਦਰਿਆਵਾਂ ਵਿਚ ਜਾ ਕੇ ਲਗਾਤਾਰ ਪੀਣ ਦੇ ਪਾਣੀ ਦੇ ਜਲ ਸਰੋਤਾਂ ਨੂੰ ਗੰਦਾ ਕਰਦਾ ਹੈ। ਪੰਜਾਬ ਅੰਦਰ ਧਰਤੀ ਹੇਠਲਾ ਪਾਣੀ ਘੱਟ ਹੋਣ ਦੇ ਨਾਲ-ਨਾਲ ਦੂਸ਼ਿਤ ਵੀ ਹੁੰਦਾ ਜਾ ਰਿਹਾ ਹੈ, ਜੋ ਪੀਣ ਯੋਗ ਨਹੀਂ ਹੈ।

ਬਾਕੀ ਸਫ਼ਾ 30 'ਤੇ

# ਪੰਜਾਬ ਵਿਚ ਦਲ-ਬਦਲੀ ਖਤਰਨਾਕ ਸਿਆਸਤ

**ਜਗਰੂਪ ਸਿੰਘ ਸੇਖੋਂ**

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾ ਲੋਕਾਂ ਦੇ ਚੁਣੇ ਨੁਮਾਇੰਦਿਆਂ ਦਾ ਇਕ ਤੋਂ ਦੂਸਰੀ ਪਾਰਟੀ ਅਤੇ ਦੂਸਰੀ ਤੋਂ ਤੀਸਰੀ ਪਾਰਟੀ ਵਿਚ ਸ਼ਾਮਿਲ ਹੋਣ ਦੀ ਦੌੜ ਲੱਗੀ ਹੋਈ ਹੈ। ਲੱਗਦਾ ਹੈ, ਇਸ ਵਾਰ ਦਲ-ਬਦਲੀ ਦੀਆਂ ਘਟਨਾਵਾਂ ਨੇ ਪਿਛਲੀਆਂ ਸਾਰੀਆਂ ਚੋਣਾਂ ਦੇ ਰਿਕਾਰਡ ਤੋੜ ਦਿੱਤੇ ਹਨ। ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਾਂਗਰਸ ਛੱਡ ਕੇ ਨਵੀਂ ਪਾਰਟੀ ਬਣਾ ਲਈ ਅਤੇ ਕਈ ਮੰਤਰੀ, ਵਿਧਾਇਕ, ਪਾਰਟੀ ਦੇ ਅਹੁਦੇਦਾਰ ਆਪਣੀ ਪਾਰਟੀ ਨੂੰ ਅਲਵਿਦਾ ਕਹਿ ਕੇ ਦੂਸਰੀਆਂ ਪਾਰਟੀਆਂ ਵਿਚ ਚਲੇ ਗਏ ਹਨ ਜਾਂ ਉਨ੍ਹਾਂ ਨਾਲ ਚੋਣ ਸਮਝੌਤਾ ਕੀਤਾ ਹੈ। ਇਹੋ ਜਿਹਾ ਹਾਲ ਸ਼੍ਰੋਮਣੀ ਅਕਾਲੀ ਦਲ, ਬੀਜੇਪੀ ਅਤੇ ਹੋਰ ਪਾਰਟੀਆਂ ਦਾ ਵੀ ਹੈ। ਅਕਾਲੀ ਦਲ ਦੇ ਇਕ ਬਜ਼ੁਰਗ ਨੇਤਾ ਦਾ ਪਹਿਲਾ ਅਕਾਲੀ ਦਲ ਤੋਂ ਬਾਹਰ ਆ ਕੇ ਆਪਣਾ ਵੱਖਰਾ ਦਲ ਬਣਾਉਣਾ ਅਤੇ ਫਿਰ ਅਕਾਲੀ ਦਲ ਵਿਚ ਵਾਪਸੀ ਪੰਜਾਬ ਦੀ ਸਿਆਸਤ, ਲੀਡਰ ਤੇ ਉਨ੍ਹਾਂ ਦਾ ਵਿਹਾਰ ਅਤੇ ਪੰਜਾਬ ਦੀ ਸਮੁੱਚੀ ਸਿਆਸਤ ਤੇ ਕਈ ਸਵਾਲ ਖੜੇ ਕਰਦਾ ਹੈ।

ਥੋੜੇ ਦਿਨ ਪਹਿਲਾਂ ਹਰਗੋਬਿੰਦਪੁਰ ਤੋਂ ਕਾਂਗਰਸ ਦਾ ਮੌਜੂਦਾ ਵਿਧਾਇਕ ਆਪਣੇ ਕਾਦੀਆਂ ਹਲਕੇ ਦੇ ਸਾਥੀ ਨਾਲ ਪਹਿਲਾਂ ਕਾਂਗਰਸ ਛੱਡ ਕੇ ਬੀਜੇਪੀ ਵਿਚ ਸ਼ਾਮਿਲ ਹੋ ਗਿਆ ਸੀ ਪਰ ਉਹ ਬਹੁਤ ਛੇਤੀ ਵਾਪਸ ਕਾਂਗਰਸ ਵਿਚ ਆ ਗਿਆ। ਇਨ੍ਹਾਂ ਦਲ-ਬਦਲੂ ਲੀਡਰਾਂ ਦੇ ਇਸ ਵਰਤਾਰੇ ਨੇ 1967 ਵਿਚ ਹਰਿਆਣਾ ਦੇ ਹੋਡਲ ਤੋਂ ਆਜ਼ਾਦ ਚੁਣੇ ਵਿਧਾਇਕ ਗਯਾ ਲਾਲ ਦੇ ਜ਼ਮਾਨੇ ਦੀ ਯਾਦ ਤਾਜ਼ਾ ਕਰਵਾ ਦਿੱਤੀ। ਇਹ ਵਿਧਾਇਕ ਕੁਝ ਹੀ ਦਿਨਾਂ ਵਿਚ ਪਹਿਲੋਂ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋਇਆ ਤੇ ਫਿਰ ਯੂਨਾਈਟਿਡ ਫਰੰਟ ਵਿਚ ਚਲਾ ਗਿਆ ਤੇ ਫਿਰ ਕਾਂਗਰਸ ਵਿਚ ਆ ਗਿਆ। ਇਸ ਤਰੀਕੇ ਨਾਲ ਉਸ ਨੇ 14 ਦਿਨਾਂ ਵਿਚ ਤਿੰਨ ਪਾਰਟੀਆਂ ਦਾ ਪੱਲਾ ਫੜਿਆ। ਇਸ ਵਰਤਾਰੇ ਨਾਲ ਉਹ ਆਪਣੇ ਅਸਲੀ ਨਾਂ ਗਯਾ ਲਾਲ ਤੋਂ ਗਯਾ ਰਾਮ ਤੇ ਆਇਆ ਰਾਮ ਦੇ ਨਾਂ ਨਾਲ ਭਾਰਤੀ ਸਿਆਸਤ ਵਿਚ ਦਲ-ਬਦਲੀ ਕਰਨ ਦਾ ਸਿਹਰਾ ਆਪਣੇ ਸਿਰ ਬੰਨ ਕੇ ਮਸ਼ਹੂਰ ਹੋ ਗਿਆ।

ਇਹ ਰੁਝਾਨ ਜਵਾਹਰਲਾਲ ਨਹਿਰੂ ਦੀ ਮੌਤ ਮਗਰੋਂ ਅਤੇ ਹੋਰ ਬਹੁਤ ਸਾਰੀਆਂ ਮੁਸ਼ਕਿਲਾਂ ਕਰਕੇ 1960 ਦੇ ਦਹਾਕੇ ਵਿਚ ਸ਼ੁਰੂ ਹੋਇਆ। ਇਸ ਸਮੇਂ ਭਾਰਤ ਬਹੁਤ ਮੁਸ਼ਕਿਲਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਸੀ। 1967 ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੌਂ ਰਾਜਾਂ ਵਿਚ ਖੇਤਰੀ ਦਲਾਂ ਕੋਲੋਂ ਹਾਰ ਗਈ ਸੀ। ਜ਼ਿਆਦਾਤਰ ਖੇਤਰੀ ਦਲਾਂ ਦੀ ਸਿਆਸੀ ਹੋਂਦ ਬੋਲੀ, ਭਾਸ਼ਾ, ਇਲਾਕੇ, ਸਭਿਆਚਾਰ ਆਦਿ ਦੇ ਆਧਾਰ ਤੇ ਬਣੀ ਅਤੇ ਇਨ੍ਹਾਂ ਖੇਤਰੀ ਦਲਾਂ ਦੇ ਬਹੁਤੇ ਲੀਡਰ ਕਈ ਕਾਰਨਾਂ ਕਰਕੇ ਕਾਂਗਰਸ ਪਾਰਟੀ ਵਿਚੋਂ ਹੀ ਬਾਹਰ ਆਏ ਸਨ। 1967 ਦੀਆਂ ਚੋਣਾਂ ਤੋਂ ਬਾਅਦ ਰਾਜਾਂ ਦੀ ਸਿਆਸਤ ਵਿਚ ਸਿਆਸੀ ਅਸਥਿਰਤਾ ਸ਼ੁਰੂ ਹੋਈ, ਇਸ ਨਾਲ ਦਲ-ਬਦਲੀ ਰੁਝਾਨ ਦਾ ਵਾਧਾ ਹੋਇਆ। ਇਕ ਅੰਦਾਜ਼ੇ ਨਾਲ 1967 ਤੋਂ 1970 ਤੱਕ ਮੁਲਕ ਵਿਚ 800 ਵਿਧਾਇਕਾਂ ਨੇ ਦਲ-ਬਦਲੀ ਕੀਤੀ ਜਿਨ੍ਹਾਂ ਵਿਚੋਂ 155 ਨੇ ਵਜ਼ੀਰੀਆਂ ਹਾਸਲ ਕੀਤੀਆਂ। ਸਭ ਤੋਂ ਵੱਧ ਹੈਰਾਨੀ ਵਾਲੀ ਘਟਨਾ 1980 ਵਿਚ ਹਰਿਆਣਾ ਵਿਚ ਹੋਈ। ਉਸ ਸਮੇਂ ਦੇ ਜਨਤਾ ਪਾਰਟੀ ਦੇ ਮੁੱਖ ਮੰਤਰੀ ਭਜਨ ਲਾਲ ਨੇ ਇੰਦਰਾ ਗਾਂਧੀ ਦੇ ਕੇਂਦਰ ਵਿਚ ਦੁਬਾਰਾ ਸੱਤਾ ਹਾਸਲ ਕਰਨ ਤੋਂ ਬਾਅਦ ਪੂਰੀ ਪਾਰਟੀ ਤੇ ਸਰਕਾਰ ਨੂੰ ਹੀ ਕਾਂਗਰਸ ਪਾਰਟੀ ਵਿਚ ਮਿਲਾ ਦਿੱਤਾ ਸੀ। ਇਸ ਤਰੀਕੇ ਨਾਲ ਇੰਦਰਾ ਗਾਂਧੀ ਨੇ ਹਰਿਆਣਾ ਨੂੰ ਛੱਡ ਕੇ ਬਾਕੀ ਸਾਰੀਆਂ ਗ਼ੈਰ-ਕਾਂਗਰਸੀ ਸਰਕਾਰਾਂ ਭੰਗ ਕਰਵਾ ਕੇ ਦੁਬਾਰਾ ਚੋਣਾਂ ਕਰਵਾ ਦਿੱਤੀਆਂ। ਉਦੋਂ ਤੋਂ ਲੈ ਕੇ ਹੁਣ ਤੱਕ ਦਲ-ਬਦਲੀ ਰੋਕੂ ਕਾਨੂੰਨ ਹੋਣ ਦੇ ਬਾਵਜੂਦ ਹਾਲਤ ਬਦ ਤੋਂ ਬਦਤਰ ਹੋ ਰਹੀ ਹੈ।

ਦਲ-ਬਦਲੀ ਦੀ ਸਮੱਸਿਆ ਦੇ ਗੰਭੀਰ ਹੋਣ ਦੇ ਮੁੱਖ ਕਾਰਨ ਸਿਆਸੀ ਪਾਰਟੀਆਂ ਦੇ ਮਜ਼ਬੂਤ ਢਾਂਚੇ ਦੀ ਕਮੀ, ਵਿਚਾਰਧਾਰਾ-ਮੁਕਤ ਸਿਆਸਤ, ਲਾਲਚੀ ਲੀਡਰ, ਪੈਸੇ ਦਾ ਬੋਲਬਾਲਾ, ਸਿਆਸੀ ਕਦਰਾਂ-ਕੀਮਤਾਂ ਦੀ ਗਿਰਾਵਟ, ਸਿਆਸਤ 'ਚ ਜ਼ਰਾਇਮ ਪੇਸ਼ਾ ਲੋਕਾਂ ਦਾ ਦਾਖ਼ਲਾ, ਯੋਗ ਵਿਅਕਤੀਆਂ ਦਾ ਸਿਆਸਤ ਵਿਚ ਪ੍ਰਵੇਸ਼ ਕਰਨ ਤੋਂ ਪ੍ਰਹੇਜ਼ ਆਦਿ ਹਨ। ਕਦਰਾਂ-ਕੀਮਤਾਂ ਦੀ ਗਿਰਾਵਟ ਇੰਦਰਾ ਗਾਂਧੀ ਦੇ ਸੱਤਾ 'ਚ ਆਉਣ ਨਾਲ ਸ਼ੁਰੂ ਹੋ ਗਈ ਸੀ। ਇਸ ਦਾ ਕਾਰਨ ਉਨ੍ਹਾਂ ਦੁਆਰਾ ਪਾਰਟੀ ਤੇ ਸਰਕਾਰ ਨੂੰ ਪੂਰੀ ਤਰਾਂ ਆਪਣੇ ਅਧੀਨ ਕਰਨਾ ਤੇ ਫਿਰ ਆਪਣੇ ਵਫ਼ਾਦਾਰਾਂ ਨੂੰ ਕੇਂਦਰੀ ਮੰਤਰੀ, ਮੁੱਖ ਮੰਤਰੀ ਤੇ ਪਾਰਟੀ ਪ੍ਰਧਾਨ ਨਿਯੁਕਤ ਕਰਨਾ ਸੀ। ਇਸ ਸਮੇਂ ਹੀ ਸਿਆਸਤ ਵਿਚ ਚਾਪਲੂਸੀ ਦੀ ਖੁੱਲ ਕੇ ਸ਼ੁਰੂਆਤ ਹੋਈ। ਹੱਦ ਤਾਂ ਉਦੋਂ ਹੋ ਗਈ ਜਦੋਂ 1970ਵਿਆਂ ਵਿਚ ਕਾਂਗਰਸ ਦੇ ਕੌਮੀ ਪ੍ਰਧਾਨ ਦੇਵ ਕਾਂਤ ਬਰੂਆ ਦੇ ਬਿਆਨ 'ਇੰਦਰਾ ਹੀ ਇੰਡੀਆ ਤੇ ਇੰਡੀਆ ਹੀ ਇੰਦਰਾ' ਨੇ ਸਿਆਸਤ ਵਿਚ ਨੀਵੇਂ ਪੱਧਰ ਦੀ ਪਹਿਲ ਪੈਦਾ ਕੀਤੀ। ਇਸ ਵਰਤਾਰੇ ਨੇ ਲੋਕਤੰਤਰ ਦੀਆਂ ਜੜਾਂ ਖੋਖਲੀਆਂ ਕਰਨ ਵਿਚ ਵੱਡਾ ਰੋਲ ਅਦਾ ਕੀਤਾ ਅਤੇ ਹੌਲੀ ਹੌਲੀ ਸੰਸਥਾਵਾਂ ਦੀ ਰਾਖੀ ਤੇ ਸੰਵਿਧਾਨਕ ਵਚਨਬੱਧ ਹੋਣ ਦੀ ਬਜਾਇ ਵਿਅਕਤੀ ਪ੍ਰਤੀ ਵਫ਼ਾਦਾਰੀ ਦਾ ਰੁਝਾਨ ਸ਼ੁਰੂ ਹੋ ਗਿਆ। ਇਹ ਰੁਝਾਨ ਹੁਣ ਚਰਮ ਸੀਮਾ ਤੇ ਹੈ। ਮੌਜੂਦਾ ਸਮੇਂ ਵਿਚ ਕੇਂਦਰ ਵਿਚ ਸੱਤਾਧਾਰੀ ਬੀਜੇਪੀ ਦੇ ਸਿਰਮੌਰ ਲੀਡਰਾਂ ਨੇ ਸਾਰੇ ਤਰੀਕੇ ਵਰਤ ਕੇ ਪਾਰਟੀ ਅਤੇ ਸਰਕਾਰ ਦੀ ਸਾਰੀ ਤਾਕਤ ਆਪਣੇ ਹੱਥ ਕਰ ਲਈ ਹੈ। ਇਹੀ ਹਾਲ ਸੂਬਿਆਂ ਵਿਚ ਰਾਜ ਕਰਨ ਵਾਲੇ ਖੇਤਰੀ ਦਲਾਂ ਦੇ ਮੁਖੀਆਂ ਦਾ ਹੈ। 1980 ਤੋਂ ਬਾਅਦ ਭਾਰਤੀ ਸਿਆਸਤ ਵਿਚ ਖੇਤਰੀ ਦਲਾਂ ਦਾ ਦਬਦਬਾ ਵਧਣ ਕਾਰਨ ਵੱਡੀ ਗਿਣਤੀ ਲੋਕਾਂ ਦਾ ਬਿਨਾਂ ਕਿਸੇ ਵਿਚਾਰਧਾਰਕ ਪ੍ਰਪੱਕਤਾ ਤੋਂ ਇੱਕ ਪਾਰਟੀ ਜਾਂ ਦੂਸਰੀ ਪਾਰਟੀ ਵਿਚ ਸ਼ਾਮਿਲ ਹੋਣਾ ਸੁਭਾਵਿਕ ਹੋ ਗਿਆ ਹੈ। ਸਿਆਸਤ ਹੁਣ ਲਾਹੇਵੰਦ ਧੰਦਾ ਬਣ ਗਿਆ ਹੈ ਜਿਸ ਵਿਚ ਬਿਨਾਂ ਕਿਸੇ ਰੋਕ ਟੋਕ ਧਨ ਕਮਾਇਆ ਜਾ ਸਕਦਾ ਹੈ ਅਤੇ ਇਸ ਨੂੰ ਵਧਾਇਆ ਤੇ ਬਚਾਇਆ ਜਾ ਸਕਦਾ ਹੈ। ਅਜਿਹੀ ਸਿਆਸਤ ਨੇ ਦਲ ਬਦਲੀ ਨੂੰ ਬਹੁਤ ਹੁਲਾਰਾ ਦਿੱਤਾ ਤੇ ਦਲ-ਬਦਲੂ ਸਿਆਸਤਦਾਨਾਂ ਲਈ ਹਰ ਕਿਸਮ ਦੇ ਮੌਕੇ ਪੈਦਾ ਕੀਤੇ।

ਦਲ-ਬਦਲੀ ਵਰਤਾਰਾ ਰੋਕਣ ਵਾਸਤੇ 1985 'ਚ 52ਵੀਂ ਸੰਵਿਧਾਨਕ ਸੋਧ ਲਿਆਂਦੀ ਜਿਹੜੀ ਹੁਣ ਆਪਣੀ ਮਹੱਤਤਾ ਗੁਆ ਬੈਠੀ ਹੈ। ਇਹ ਕਾਨੂੰਨ ਰਾਜੀਵ ਗਾਂਧੀ (1984-1989) ਦੀ ਹਕੂਮਤ ਵੇਲੇ ਬਣਿਆ ਸੀ। ਇਸ ਦਾ ਮੁੱਖ ਮੰਤਵ ਦਲ-ਬਦਲੀ ਰੋਕਣਾ ਅਤੇ ਸਥਿਰਤਾ ਵਾਲੀ ਸਾਫ਼ ਸੁਥਰੀ ਸਿਆਸਤ ਦੇ ਰਾਹ ਮੋਕਲੇ ਕਰਨਾ ਸੀ। ਇਸ ਦੀਆਂ ਬਹੁਤ ਸਾਰੀਆਂ ਧਾਰਾਵਾਂ ਜਿਵੇਂ ਵਿਧਾਨ ਸਭਾ ਜਾਂ ਪਾਰਲੀਮੈਂਟ ਦੇ ਚੁਣੇ ਹੋਏ ਨੁਮਾਇੰਦੇ ਨੇ ਆਪਣੀ ਪਾਰਟੀ ਨੂੰ ਛੱਡ ਦੇਣਾ, ਹੋਰ ਪਾਰਟੀ ਵਿਚ ਸ਼ਾਮਿਲ ਹੋਣਾ, ਆਪਣੀ ਮਰਜ਼ੀ ਨਾਲ ਸਦਨ ਵਿਚ ਵੋਟ ਪਾਉਣਾ ਜਾਂ ਵੋਟਾਂ ਵਿਚ ਹਿੱਸਾ ਨਾ ਲੈਣਾ ਆਦਿ ਨਾਲ ਉਸ ਨੂੰ ਅਯੋਗ ਠਹਿਰਾ ਕੇ ਬਾਹਰ ਦਾ ਰਸਤਾ ਦਿਖਾਇਆ ਜਾ ਸਕਦਾ ਸੀ। ਬਹੁਤ ਸਾਰੇ ਕਾਰਨਾਂ ਕਰਕੇ ਇਹ ਕਾਨੂੰਨ ਆਪਣਾ ਮਹੱਤਵ ਪੂਰੀ ਤਰਾਂ ਗਵਾ ਬੈਠਾ ਹੈ। ਇਸ ਦਾ ਮੁੱਖ ਕਾਰਨ ਸਦਨ ਦੇ ਮੈਂਬਰਾਂ ਦੇ ਵਿਹਾਰ ਬਾਰੇ ਫ਼ੈਸਲਾ ਕਰਨ ਦਾ ਅਧਿਕਾਰ ਸਪੀਕਰ ਜਾਂ ਸਭਾਪਤੀ ਕੋਲ ਹੁੰਦਾ ਹੈ। ਦੇਖਣ ਵਿਚ ਆਇਆ ਹੈ ਕਿ ਉਹ ਆਪਣੀ ਪਾਰਟੀ ਦੀ ਸਿਆਸੀ ਸਹੂਲਤ ਨੂੰ ਸਾਹਮਣੇ ਰੱਖ ਕੇ ਜਾਂ ਤਾਂ ਫ਼ੈਸਲਾ ਕਰਨ ਵਿਚ ਬਹੁਤ ਦੇਰ ਲਾ ਦਿੰਦਾ ਹੈ, ਜਾਂ ਫਿਰ ਫ਼ੈਸਲਾ ਕਰਦਾ ਹੀ ਨਹੀਂ। ਦੂਸਰੇ ਪਾਸੇ, ਉਹ ਵਿਰੋਧੀ ਪਾਰਟੀਆਂ ਨੂੰ ਹੋਰ ਕਮਜ਼ੋਰ ਕਰਨ ਲਈ ਉਨ੍ਹਾਂ ਦੇ ਵਿਧਾਇਕਾਂ ਦੀ ਮੈਂਬਰਸ਼ਿਪ ਖਤਮ ਕਰਨ ਲਈ ਬਹੁਤ ਜਲਦੀ ਫ਼ੈਸਲੇ ਕਰ ਕੇ ਆਪਣੀ ਪਾਰਟੀ ਦੀ ਸਰਕਾਰ ਦੇ ਹੱਥ ਮਜ਼ਬੂਤ ਕਰਦਾ ਹੈ। ਇਹੋ ਜਿਹੀਆਂ ਦਰਜਨਾਂ ਉਦਾਹਰਨਾਂ ਤਰਕੀਬਨ ਹਰ ਸੂਬੇ ਅਤੇ ਰਾਜ ਸਭਾ ਤੇ ਲੋਕ ਸਭਾ ਵਿਚ ਮਿਲ ਜਾਂਦੀਆਂ ਹਨ। ਪੰਜਾਬ ਦੀ ਤਾਜ਼ਾ ਉਦਾਹਰਨ ਵਿਚ ਆਮ ਆਦਮੀ ਪਾਰਟੀ ਦੇ ਬਹੁਤ ਸਾਰੇ ਵਿਧਾਇਕਾਂ ਨੇ ਨਾ ਸਿਰਫ਼ ਆਪਣੀ ਪਾਰਟੀ ਛੱਡੀ ਸਗੋਂ ਕਾਂਗਰਸ ਵਿਚ ਸ਼ਾਮਿਲ ਵੀ ਹੋ ਗਏ ਪਰ ਸਪੀਕਰ ਨੇ ਬਹੁਤ ਸਾਰਾ ਸਮਾਂ ਤਕਨੀਕੀ ਕਾਰਨਾਂ ਕਰਕੇ ਉਨ੍ਹਾਂ ਦੇ ਅਜਿਹੇ ਵਰਤਾਰੇ ਤੇ ਕੋਈ ਐਕਸ਼ਨ ਨਹੀਂ ਲਿਆ। ਖਾਨਾਪੂਰਤੀ ਲਈ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਉਨ੍ਹਾਂ ਦੀ ਮੈਂਬਰਸ਼ਿਪ ਖਾਰਜ ਕਰ ਦਿੱਤੀ ਗਈ। ਅਜਿਹੇ ਹਾਲਾਤ ਵਿਚ ਲੋਕਾਂ ਦਾ ਲੋਕਤੰਤਰੀ ਵਿਵਸਥਾ ਤੇ ਸੰਸਥਾਵਾਂ, ਪਾਰਟੀਆਂ ਦੇ ਚੁਣੇ ਹੋਏ ਨੁਮਾਇੰਦਿਆ ਤੋਂ ਵਿਸ਼ਵਾਸ ਉੱਠ ਜਾਂਦਾ ਹੈ ਜੋ ਅੰਤ ਵਿਚ ਸੰਵਿਧਾਨਕ ਸੰਸਥਾਵਾਂ ਨੂੰ ਕਮਜ਼ੋਰ ਕਰਦਾ ਹੈ।

ਮੌਜੂਦਾ ਸਮੇਂ ਵਿਚ ਇਹ ਹਾਲਾਤ ਇੱਥੋਂ ਤੱਕ ਪਹੁੰਚ ਗਏ ਹਨ ਕਿ ਬਹੁਮਤ ਪ੍ਰਾਪਤ ਪਾਰਟੀਆਂ ਦੇ ਨੁਮਾਇੰਦੇ ਵੀ ਵਿਰੋਧੀ ਪਾਰਟੀ ਵਿਚ ਸ਼ਾਮਿਲ ਹੋ ਕੇ ਆਪਣੀ ਹੀ ਸਰਕਾਰ ਦਾ ਤਖ਼ਤਾ ਪਲਟ ਸਕਦੇ ਹਨ। ਇਸ ਦੀ ਤਾਜ਼ਾ ਉਦਾਹਰਨ ਮੱਧ ਪ੍ਰਦੇਸ਼ ਹੈ ਜਿੱਥੇ ਕਾਂਗਰਸ ਪਾਰਟੀ ਅਤੇ ਕਰਨਾਟਕ ਵਿਚ ਕਾਂਗਰਸ ਦੀ ਸਾਂਝੀ ਸਰਕਾਰ ਦੇ ਬਹੁਤ ਸਾਰੇ ਵਿਧਾਇਕਾਂ ਨੇ ਬੀਜੇਪੀ ਵਿਚ ਜਾ ਕੇ ਆਪਣੀਆਂ ਹੀ ਸਰਕਾਰਾਂ ਦਾ ਭੋਗ ਪਾ ਦਿੱਤਾ। 2017 ਵਿਚ ਗੋਆ ਚੋਣਾਂ ਵਿਚ ਕਾਂਗਰਸ, ਵਿਧਾਨ ਸਭਾ ਦੀਆਂ ਕੁੱਲ 40 ਵਿਚੋਂ 17 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਉੱਭਰਨ ਦੇ ਬਾਵਜੂਦ ਸਰਕਾਰ ਨਾ ਬਣਾ ਸਕੀ ਅਤੇ ਕੇਂਦਰ ਵਿਚ ਸੱਤਾਧਾਰੀ ਬੀਜੇਪੀ ਨੇ ਖਰੀਦੋ-ਫਰੋਖ਼ਤ ਰਾਹੀਂ ਆਪਣੀ ਸਰਕਾਰ ਬਣਾ ਲਈ। ਇਹੋ ਜਿਹਾ ਵਰਤਾਰਾ ਮਨੀਪੁਰ, ਨਾਗਾਲੈਂਡ, ਮੇਘਾਲਿਆ, ਅਰੁਨਾਚਲ ਪ੍ਰਦੇਸ਼ ਤੇ ਹੋਰ ਰਾਜਾਂ ਵਿਚ ਵੀ ਦੇਖਣ ਨੂੰ ਮਿਲਿਆ ਹੈ। ਇਸ ਦਾ ਮੁੱਖ ਕਾਰਨ ਕੇਂਦਰ ਵਿਚ ਸੱਤਾਧਾਰੀ ਪਾਰਟੀ ਕੋਲ ਧਨ, ਬਾਹੂਬਲ ਅਤੇ ਹੋਰ ਸਾਧਨਾਂ ਦੀ ਭਰਮਾਰ ਹੈ ਜਿਸ ਨਾਲ ਉਹ ਚੋਣਾਂ ਤੋਂ ਬਾਅਦ ਦੂਸਰੀਆਂ ਪਾਰਟੀਆਂ ਦੇ ਜਿੱਤੇ ਹੋਏ ਉਮੀਦਵਾਰਾਂ ਨੂੰ ਆਪਣੇ ਹੱਕ ਵਿਚ ਕਰ ਲੈਂਦੀ ਹੈ। ਇਸ ਸਮੇਂ ਮੁਲਕ ਦੀ ਸਿਆਸਤ ਵਿਚ ਨੈਤਿਕਤਾ ਸਭ ਤੋਂ ਹੇਠਲੇ ਦਰਜੇ ਦੀ ਹੈ। ਆਜ਼ਾਦੀ ਤੋਂ ਪਹਿਲਾਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਵੱਲੋਂ ਆਜ਼ਾਦ ਭਾਰਤ ਵਿਚ ਪੈਦਾ ਹੋਣ ਵਾਲੇ ਸਿਆਸੀ ਲੀਡਰਾਂ ਦੇ ਕਿਰਦਾਰ ਬਾਰੇ ਕੀਤੀ ਭਵਿੱਖਬਾਣੀ ਸਾਬਤ ਹੁੰਦੀ ਦਿਖਾਈ ਦਿੰਦੀ ਹੈ। ਉਨ੍ਹਾਂ ਮੁਤਾਬਕ- 'ਜੇ ਭਾਰਤ ਨੂੰ ਅਜ਼ਾਦੀ ਮਿਲ ਜਾਂਦੀ ਹੈ ਤਾਂ ਸੱਤਾ ਬਦਮਾਸ਼ਾਂ, ਠੱਗਾਂ, ਲੁਟੇਰਿਆਂ ਦੇ ਹੱਥਾਂ ਵਿਚ ਚਲੀ ਜਾਵੇਗੀ। ਸਾਰੇ ਭਾਰਤੀ ਨੇਤਾ ਘੱਟ ਸਮਰਥਾ ਵਾਲੇ ਤੇ ਖ਼ਾਲੀ ਦਿਮਾਗ ਵਾਲੇ ਹੋਣਗੇ। ਉਨ੍ਹਾਂ ਕੋਲ ਮਿੱਠੀਆਂ ਗੱਲਾਂ ਤੇ ਮੂਰਖ ਦਿਮਾਗ ਹੋਣਗੇ। ਉਹ ਸੱਤਾ ਲਈ ਆਪਸ ਵਿਚ ਲੜਨਗੇ ਅਤੇ ਭਾਰਤ ਸਿਆਸੀ ਝਗੜਿਆਂ ਵਿਚ ਗੁਆਚ ਜਾਵੇਗਾ।' ਮੌਜੂਦਾ ਪ੍ਰਸੰਗ ਵਿਚ ਦੇਖਿਆ ਜਾਵੇ ਤਾਂ ਇਹ ਕਥਨ ਕਾਫ਼ੀ ਹੱਦ ਤੱਕ ਹੁਣ ਦੀ ਸਿਆਸਤ ਤੇ ਢੁੱਕਦਾ ਹੈ। ਪੰਜਾਬ ਵਿਚ ਜੋ ਕੁਝ ਹੋ ਰਿਹਾ ਹੈ, ਇਸੇ ਵਰਤਾਰੇ ਦਾ ਹਿੱਸਾ ਹੈ। ਬਹੁਤੇ ਸਾਰੇ ਲੀਡਰ ਆਪੋ-ਆਪਣੀ ਪਾਰਟੀਆਂ ਛੱਡ ਕੇ ਹੋਰ ਪਾਰਟੀਆਂ ਵਿਚ ਗਏ ਹਨ। ਇਹ ਉਹ ਲੀਡਰ ਹਨ ਜਿਹੜੇ ਥੋੜੇ ਦਿਨ ਪਹਿਲਾ ਇਹ ਢੰਡੋਰਾ ਪਿੱਟ ਰਹੇ ਸਨ ਕਿ ਉਹ ਪਾਰਟੀ ਦੇ ਵਫ਼ਾਦਾਰ ਸਿਪਾਹੀ ਹਨ। ਇਹ ਪੰਜਾਬ ਦੇ ਸੂਝਵਾਨ, ਜੁਝਾਰੂ ਤੇ ਚੇਤੰਨ ਵੋਟਰਾਂ ਨੇ ਦੇਖਣਾ ਹੈ ਕਿ ਚੋਣਾਂ ਵਿਚ ਇਨ੍ਹਾਂ ਨੂੰ ਕੀ ਜੁਆਬ ਦੇਣਾ ਹੈ।

# ਚੋਣਾਂ ਤੋਂ ਪਹਿਲਾਂ ਦਲ ਬਦਲਣ ਦੀ ਰਾਜਨੀਤੀ ਦਾ ਖਤਰਨਾਕ ਰੁਝਾਨ

**ਵਿਜੈ ਕੁਮਾਰ**

ਪੰਜ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਹੁੰਦਿਆਂ ਸਾਰ ਹੀ ਖੱਦਰਧਾਰੀਆਂ ਲਈ ਦਲ-ਬਦਲਣ ਦੀ ਰੁੱਤ ਵੀ ਸ਼ੁਰੂ ਹੋ ਗਈ ਹੈ। ਪੰਜਾਬ, ਉੱਤਰਾਖੰਡ, ਉੱਤਰ ਪ੍ਰਦੇਸ਼, ਮਣੀਪੁਰ ਤੇ ਗੋਆ ਵਿਚ ਨੇਤਾ ਏਨੀ ਤੇਜ਼ੀ ਨਾਲ ਇਧਰੋਂ-ਉਧਰ ਹੋਏ ਹਨ (ਅਤੇ ਹੋ ਰਹੇ ਹਨ) ਕਿ ਹਿਸਾਬ ਰੱਖ ਸਕਣਾ ਔਖਾ ਹੋ ਗਿਆ ਹੈ। ਫਿਲਹਾਲ ਇਸ ਸਿਆਸੀ ਸਰਕਸ ਵਿਚ ਕੁਝ ਮਹੱਤਵਪੂਰਨ ਸਵਾਲ ਜ਼ਰੂਰ ਖੜੇ ਹੋਏ ਹਨ। ਆਖਿਰ ਇਹ ਹਲਚਲ ਕਿਉਂ ਮਚੀ ਹੋਈ ਹੈ ? ਇਸ ਦਲਬਦਲੀਆਂ ਦਾ ਚੋਣ ਨਤੀਜਿਆਂ ਜਾਂ ਰਾਜਨੀਤਕ ਪਾਰਟੀਆਂ ਦੀਆਂ ਸੰਭਾਵਨਾਵਾਂ 'ਤੇ ਕੀ ਪ੍ਰਭਾਵ ਪਵੇਗਾ ? ਰਾਜਨੀਤਕ ਪਾਰਟੀਆਂ ਦੇ ਪੁਰਾਣੇ, ਮਿਹਨਤੀ ਤੇ ਵਫ਼ਾਦਾਰ ਵਰਕਰਾਂ ਦੀ ਇਸ ਦਲ-ਬਦਲੀਆਂ 'ਤੇ ਕੀ ਪ੍ਰਤੀਕਿਰਿਆ ਹੈ, ਖ਼ਾਸਕਰ ਜਦੋਂ ਉਨ੍ਹਾਂ ਦੀਆਂ ਆਪਣੀਆਂ ਸਿਆਸੀ ਉਮੀਦ ਟੁੱਟਣ ਦੀ ਕਗਾਰ 'ਤੇ ਹੋਵੇ ? ਇਨ੍ਹਾਂ ਦਲਬਦਲੂਆਂ ਤੋਂ ਵਾਰ-ਵਾਰ ਪ੍ਰੇਸ਼ਾਨ ਹੋਣ ਵਾਲੀ ਆਮ ਜਨਤਾ ਕੀ ਇਸ ਵਾਰ ਇਨ੍ਹਾਂ ਨੂੰ ਕੋਈ ਸਬਕ ਸਿਖਾਏਗੀ ?

ਇਹ ਸਿਆਸੀ ਸਰਕਸ ਏਨੀ ਅਜੀਬ ਹੈ ਕਿ ਕਈ ਵਾਰ ਤਾਂ ਯਾਦ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਕਿਹੜਾ ਨੇਤਾ ਕਿਸ ਪਾਰਟੀ ਨੂੰ ਛੱਡ ਕੇ ਕਿਹੜੀ ਨਵੀਂ ਪਾਰਟੀ ਵਿਚ ਸ਼ਾਮਿਲ ਹੋਇਆ ਹੈ। ਭਾਵ ਅਵਤਾਰ ਸਿੰਘ ਭੜਾਨਾ ਨੇ 2017 ਵਿਚ ਭਾਜਪਾ ਦੀ ਟਿਕਟ 'ਤੇ ਮੀਰਾਪੁਰ (ਉੱਤਰ ਪ੍ਰਦੇਸ਼) ਤੋਂ ਵਿਧਾਇਕ ਦੀ ਚੋਣ ਜਿੱਤੀ ਸੀ, ਪਰ 2019 ਵਿਚ ਉਹ ਕਾਂਗਰਸ ਦੀ ਟਿਕਟ 'ਤੇ ਫ਼ਰੀਦਾਬਾਦ (ਹਰਿਆਣਾ) ਤੋਂ ਲੋਕ ਸਭਾ ਦੀਆਂ ਚੋਣਾਂ ਲੜੇ ਅਤੇ ਹਾਰ ਗਏ। ਉਹ ਹੁਣ ਵੀ ਭਾਜਪਾ ਦੇ ਵਿਧਾਇਕ ਹਨ, ਕਿਉਂਕਿ ਭਾਜਪਾ ਨੇ ਉਨ੍ਹਾਂ ਦਾ ਅਸਤੀਫ਼ਾ ਅਜੇ ਤੱਕ ਮਨਜ਼ੂਰ ਨਹੀਂ ਕੀਤਾ। ਹੁਣ ਰਾਸ਼ਟਰੀ ਲੋਕ ਦਲ (ਆਰ.ਐਲ.ਡੀ.) ਮੁਖੀ ਜਯੰਤ ਚੌਧਰੀ ਨੇ ਟਵੀਟ ਕੀਤਾ ਹੈ ਕਿ ਭੜਾਨਾ ਉਨ੍ਹਾਂ ਦੀ ਪਾਰਟੀ ਦੇ ਮੈਂਬਰ ਬਣ ਗਏ ਹਨ। ਇਸ ਲਈ ਕਿਸੇ ਨੂੰ ਨਹੀਂ ਪਤਾ ਕਿ ਭੜਾਨਾ ਆਰ.ਐਲ.ਡੀ ਵਿਚ ਭਾਜਪਾ ਛੱਡ ਕੇ ਸ਼ਾਮਿਲ ਹੋਏ ਹਨ ਜਾਂ ਉਨ੍ਹਾਂ ਨੇ ਕਾਂਗਰਸ ਛੱਡੀ ਹੈ। ਭੜਾਨਾ ਦਾ ਕਹਿਣਾ ਹੈ ਕਿ ਭਾਜਪਾ ਦੀਆਂ ਕਿਸਾਨ ਵਿਰੋਧੀ ਨੀਤੀਆਂ ਅਤੇ ਪਿਛਲੇ ਸਤੰਬਰ ਵਿਚ ਨੋਇਡਾ ਵਿਚ 'ਗੁੱਜਰ ਆਈਕਾਨ' ਰਾਜਾ ਮਿਹਿਰ ਭੋਜ ਦੇ ਬੁੱਤ ਦੇ 'ਅਪਮਾਨ' ਨੇ ਉਨ੍ਹਾਂ ਨੂੰ ਇਸ ਪਾਰਟੀ ਤੋਂ ਦੂਰ ਕੀਤਾ ਹੈ, ਪਰ ਕਾਂਗਰਸ ਤੋਂ ਵੱਖ ਹੋਣ ਦਾ ਉਨ੍ਹਾਂ ਨੇ ਕੋਈ ਕਾਰਨ ਨਹੀਂ ਦੱਸਿਆ।

ਭੜਾਨਾ ਦੇ ਇਸ ਅਜੀਬ ਕਿੱਸੇ ਤੋਂ ਏਨਾ ਤਾਂ ਸਪੱਸ਼ਟ ਹੈ ਕਿ ਨੇਤਾਵਾਂ ਦੀ ਕਿਸੇ ਰਾਜਨੀਤਕ ਪਾਰਟੀ ਤੇ ਉਸ ਦੀ ਵਿਚਾਰਧਾਰਾ ਵਿਚ ਆਸਥਾ ਤੇ ਵਫ਼ਾਦਾਰੀ ਨਹੀਂ ਹੈ, ਉਨ੍ਹਾਂ ਨੂੰ ਤਾਂ ਸਿਰਫ਼ ਇਸ ਗੱਲ ਨਾਲ ਮਤਲਬ ਹੈ ਕਿ ਨਵੀਆਂ ਚੋਣਾਂ ਵਿਚ ਕਿਵੇਂ ਸਦਨ ਦਾ ਮੈਂਬਰ ਬਣਿਆ ਜਾਵੇ ਤਾਂ ਕਿ ਮੰਤਰੀ ਬਣਨ ਦੀ ਸੰਭਾਵਨਾ ਬਣੀ ਰਹੇ। ਉੱਤਰ ਪ੍ਰਦੇਸ਼ ਵਿਚ ਤਿੰਨ ਕੈਬਨਿਟ ਮੰਤਰੀਆਂ ਸਵਾਮੀ ਪ੍ਰਸਾਦ ਮੌਰਿਆ, ਦਾਰਾ ਸਿੰਘ ਚੌਹਾਨ ਅਤੇ ਧਰਮ ਸਿੰਘ ਸੈਣੀ ਤੇ ਕੁਝ ਵਿਧਾਇਕਾਂ ਨੇ ਭਾਜਪਾ ਦੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਸਮਾਜਵਾਦੀ ਪਾਰਟੀ 'ਚ ਸ਼ਾਮਿਲ ਹੋ ਗਏ ਹਨ। ਦੂਜੇ ਪਾਸੇ ਸਪਾ ਦੇ ਵਿਧਾਇਕ ਹਰੀਓਮ ਯਾਦਵ, ਜੋ ਮੁਲਾਇਮ ਸਿੰਘ ਯਾਦਵ ਦੇ ਰਿਸ਼ਤੇਦਾਰ ਵੀ ਹਨ, ਭਾਜਪਾ ਵਿਚ ਸ਼ਾਮਿਲ ਹੋ ਗਏ ਹਨ। ਬਹੁਜਨ ਸਮਾਜ ਪਾਰਟੀ ਤੇ ਕਾਂਗਰਸ ਦੇ ਵੀ ਕੁਝ ਵਿਧਾਇਕ ਭਾਜਪਾ ਵਿਚ ਸ਼ਾਮਿਲ ਹੋਏ ਹਨ। ਇਸ ਦਲਬਦਲ ਪ੍ਰਕਿਰਿਆ ਦਾ ਸਾਰੀਆਂ ਪਾਰਟੀਆਂ ਖ਼ੂਬ ਪ੍ਰਚਾਰ ਰਹੀਆਂ ਹਨ ਅਤੇ ਅਜਿਹਾ ਕਰਨ ਦਾ ਇਕ ਖ਼ਾਸ ਕਾਰਨ ਵੀ ਹੈ।

'ਡੁੱਬਦੇ ਜਹਾਜ਼ ਨੂੰ ਚੂਹੇ ਪਹਿਲਾਂ ਛੱਡ ਕੇ ਭੱਜਦੇ ਹਨ', ਇਹ ਕਹਾਵਤ ਤਾਂ ਤੁਸੀਂ ਸੁਣੀ ਹੀ ਹੋਵੇਗੀ। ਸਿਆਸੀ ਦਲ ਚੋਣਾਂ ਵਿਚ ਆਪਣੀ ਹਵਾ ਬਣਾਉਣ ਲਈ ਇਸ ਕਹਾਵਤ 'ਤੇ ਹੀ ਅਮਲ ਕਰਦੇ ਹਨ, ਭਾਵ ਦਲ ਬਦਲ ਕੇ ਉਹ ਇਹ ਦਿਖਾਉਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਵਿਰੋਧੀ ਦਲ ਡੁੱਬਦੀ ਹੋਈ ਕਿਸ਼ਤੀ ਹਨ, ਪਰ ਇਹ ਤਕਨੀਕ ਅਕਸਰ ਉਲਟੀ ਵੀ ਪੈ ਜਾਂਦੀ ਹੈ, ਜਿਵੇਂ ਕਿ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਦੇਖਣ ਨੂੰ ਮਿਲਿਆ। ਭਾਜਪਾ ਨੇ ਤ੍ਰਿਣਮੂਲ ਦੇ ਲਗਭਗ ਸਾਰੇ ਚੋਟੀ ਦੇ ਨੇਤਾਵਾਂ ਨੂੰ ਤੋੜ ਕੇ ਆਪਣੇ ਮੈਂਬਰ ਬਣਾ ਲਿਆ ਸੀ, ਜਿਸ ਵਿਚ ਘੱਟ ਤੋਂ ਘੱਟ ਮੀਡੀਆ 'ਚ ਤ੍ਰਿਣਮੂਲ ਨੂੰ ਤਾਂ ਵੋਟਾਂ ਤੋਂ ਪਹਿਲਾਂ ਹੀ ਹਰਿਆ ਮੰਨ ਲਿਆ ਗਿਆ ਸੀ, ਪਰ ਜਦੋਂ ਨਤੀਜੇ ਆਏ ਤਾਂ ਮਮਤਾ ਬੈਨਰਜੀ ਜ਼ਿਆਦਾ ਮਜ਼ਬੂਤ ਹੋ ਕੇ ਉੱਭਰੀ। ਭਾਜਪਾ ਛੱਡਦਿਆਂ ਤਿੰਨਾਂ ਮੌਰਿਆ, ਚੌਹਾਨ ਤੇ ਸੈਣੀ ਨੇ ਤਕਰੀਬਨ ਇਕੋ ਜਿਹੇ ਕਾਰਨ ਦੱਸੇ ਹਨ ਕਿ ਪਛੜੇ ਵਰਗਾਂ, ਦਲਿਤਾਂ ਅਤੇ ਕਿਸਾਨਾਂ ਦੀ ਅਣਦੇਖੀ ਕੀਤੀ ਜਾ ਰਹੀ ਸੀ ਅਤੇ ਡਾ. ਅੰਬੇਡਕਰ ਦੇ ਸੰਵਿਧਾਨ ਨੂੰ ਛੱਡ ਕੇ ਨਾਗਪੁਰ ਦਾ ਏਜੰਡਾ (ਪੜ੍ਹੋ ਹਿੰਦੂਤਵ) ਨੂੰ ਥੋਪਣ ਦੀ ਕੋਸ਼ਿਸ਼ ਸੀ।

ਕਮਾਲ ਹੈ, ਇਹ ਗੱਲ ਇਨ੍ਹਾਂ ਨੇਤਾਵਾਂ ਨੂੰ ਲਗਭਗ ਪੰਜ ਸਾਲਾਂ ਤੱਕ ਸੱਤਾ ਸੁੱਖ ਭੋਗਣ ਤੋਂ ਬਾਅਦ ਸਮਝ ਵਿਚ ਆਈ, ਜਦੋਂ ਕਿ ਭਾਜਪਾ ਦਾ ਏਜੰਡਾ ਜੋ ਪਹਿਲਾਂ ਸੀ, ਉਹੀ ਅੱਜ ਵੀ ਹੈ। ਇਸ ਲਈ ਦਲ ਬਦਲਣ ਦੇ ਇਸ ਕਾਰਨ ਨੂੰ ਸਵੀਕਾਰ ਕਰਨਾ ਤਾਂ ਔਖਾ ਹੈ। ਕਹਿੰਦੇ ਹਨ ਕਿ ਇਕ ਸਿਆਸਤਦਾਨ ਇਕ ਜਾਦੂਗਰ ਦੀ ਤਰਾਂ ਹੁੰਦਾ ਹੈ, ਜੋ ਸਾਡਾ ਧਿਆਨ ਉਸ ਚੀਜ਼ ਤੋਂ ਹਟਾ ਦਿੰਦਾ ਹੈ, ਜੋ ਉਹ ਅਸਲ 'ਚ ਕਰ ਰਿਹਾ ਹੁੰਦਾ ਹੈ, ਭਾਵ ਉਸ ਦੀਆਂ ਨਜ਼ਰਾਂ ਕਿਤੇ ਹੋਰ ਹੁੰਦੀਆਂ ਹਨ ਅਤੇ ਨਿਸ਼ਾਨਾ ਕਿਤੇ ਹੋਰ ਹੁੰਦਾ ਹੈ। ਇਸ ਸਿਆਸੀ ਜਾਦੂਗਰੀ ਨੂੰ ਸਮਝਣ ਲਈ ਇਹ ਗੱਲ ਧਿਆਨ 'ਚ ਰੱਖਣੀ ਜ਼ਰੂਰੀ ਹੈ ਕਿ ਭਾਰਤ ਵਿਚ ਚੋਣਾਂ ਸਿੱਖਿਆ, ਰੁਜ਼ਗਾਰ, ਸਿਹਤ, ਮਹਿੰਗਾਈ ਆਦਿ ਮਹੱਤਵਪੂਰਨ ਮੁੱਦਿਆਂ 'ਤੇ ਨਹੀਂ ਹੁੰਦੀਆਂ, ਸਗੋਂ ਉਨ੍ਹਾਂ ਦਾ ਆਧਾਰ ਜਾਤੀ ਆਧਾਰਿਤ ਸਮੀਕਰਨ ਹੁੰਦਾ ਹੈ। ਭਾਜਪਾ ਦੇ ਹਿੰਦੂਤਵ ਦੇ ਏਜੰਡੇ ਦੀ ਤਹਿ 'ਚ ਵੀ ਇਹੀ ਜਾਤੀ ਆਧਾਰਿਤ ਸਮੀਕਰਨ ਜਾਂ ਸੋਸ਼ਲ ਇੰਜੀਨੀਅਰਿੰਗ ਹੈ, ਜੋ ਉਸ ਨੇ ਅਤਿ ਪਛੜੇ ਵਰਗ (ਐਮ.ਬੀ.ਸੀ.), ਗ਼ੈਰ-ਯਾਦਵ ਓ.ਬੀ.ਸੀ., ਗ਼ੈਰ-ਜਾਟਵ ਦਲਿਤ ਅਤੇ ਸੁਨਿਆਰਾ ਜਾਤੀਆਂ ਨੂੰ ਨਾਲ ਲੈ ਕੇ ਤਿਆਰ ਕੀਤਾ ਸੀ,

ਬਾਕੀ ਸਫ਼ਾ 30 'ਤੇ

# ਪੰਜਾਬ ਵਿਚ ਉਚੇਰੀ ਸਿੱਖਿਆ ਦੀ ਨੁਹਾਰ ਬਦਲੇ

**ਸਵਰਨਦੀਪ ਸਿੰਘ ਨੂਰ**
ਮੋ.75891-19192

ਪੰਜਾਬ ਦੀ ਜ਼ਰਖੇਜ਼ ਧਰਤੀ ਦੇ ਬਾਸ਼ਿੰਦੇ ਵਰਤਮਾਨ ਵਿਚ ਅਨੇਕਾਂ ਪ੍ਰਕਾਰ ਦੀਆਂ ਸਮਾਜਿਕ, ਆਰਥਿਕ, ਅਤੇ ਰਾਜਨੀਤਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਬੇਰੁਜ਼ਗਾਰੀ ਦੇ ਦੈਂਤ ਦੇ ਡੰਝੇ ਹਜ਼ਾਰਾਂ ਨੌਜਵਾਨ ਆਪਣੇ ਸੁਨਹਿਰੇ ਭਵਿੱਖ ਦੀ ਤਲਾਸ਼ ਵਿਚ ਵਿਦੇਸ਼ਾਂ ਵੱਲ ਉਡਾਰੀਆਂ ਮਾਰਨ ਲਈ ਮਜਬੂਰ ਹਨ। ਸਰਕਾਰੀ ਅੰਕੜਿਆਂ ਮੁਤਾਬਕ ਸਾਲ 2006 ਤੋਂ ਲੈ ਕੇ 2021 ਦੀ ਪਹਿਲੀ ਤਿਮਾਹੀ ਤੱਕ 2,62,011 ਪੰਜਾਬੀ ਨੌਜਵਾਨ ਵਿਦਿਆਰਥੀ ਆਪਣੇ ਭਵਿੱਖ ਦੀ ਤਲਾਸ਼ ਵਿਚ ਵਿਦੇਸ਼ਾਂ ਦੀ ਧਰਤੀ 'ਤੇ ਜਾ ਪੁੱਜੇ ਹਨ। ਪੰਜਾਬ ਦੀ ਉਚੇਰੀ ਸਿੱਖਿਆ ਪ੍ਰਣਾਲੀ ਦੀ ਮੌਜੂਦਾ ਹਾਲਤ ਕਿਸੇ ਵੀ ਸੂਝਵਾਨ ਮਨੁੱਖ ਦੀਆਂ ਨਜ਼ਰਾਂ ਤੋਂ ਲੁਕੀ ਛੁਪੀ ਹੋਈ ਨਹੀਂ ਰਹਿ ਗਈ। ਡੀ.ਪੀ.ਆਈ ਕਾਲਜਾਂ/ਪੰਜਾਬ ਦੀ ਅਧਿਕਾਰਤ ਵੈਬਸਾਈਟ ਅਨੁਸਾਰ ਮੌਜੂਦਾ ਸਮੇਂ ਵਿਚ ਪੰਜਾਬ ਅੰਦਰ ਕੁੱਲ 48 ਸਰਕਾਰੀ ਕਾਲਜ ਹਨ ਜੋ ਕਿ ਸੂਬੇ ਦੀ ਜਨ-ਸੰਖਿਆ ਦੇ ਮੁਕਾਬਲੇ ਆਟੇ ਵਿਚ ਲੂਣ ਬਰਾਬਰ ਹਨ। ਨਿੱਤ ਵਧ ਰਹੀ ਜਨ-ਸੰਖਿਆ ਮੁਤਾਬਕ ਇਨਾਂ ਕਾਲਜਾਂ ਦੀ ਗਿਣਤੀ ਵਧਾਉਣ ਦੀ ਬਜਾਏ ਸਰਕਾਰ ਵੱਲੋਂ ਇਨਾਂ ਵਿਚੋਂ ਵੀ ਤਿੰਨ ਕਾਲਜ ਖ਼ਤਮ ਕਰ ਦਿੱਤੇ ਗਏ ਹਨ। ਦੋ ਕਾਲਜ 'ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਟੀ ਪਟਿਆਲਾ' ਵਿਚ ਸ਼ਾਮਿਲ ਕਰ ਦਿਤੇ ਗਏ ਅਤੇ ਇਕ ਕਾਲਜ 'ਗੁਰੂ ਨਾਨਕ ਦੇਵ ਯੂਨੀਵਰਸਟੀ' ਅੰਮ੍ਰਿਤਸਰ ਅਧੀਨ ਕਰ ਦਿੱਤਾ ਗਿਆ ਹੈ। ਸਾਡੇ ਗੁਆਂਢੀ ਸੂਬੇ ਹਿਮਾਚਲ ਅਤੇ ਹਰਿਆਣਾ ਜੋ ਕਿ 'ਪੰਜਾਬ' ਰਾਜ ਤੋਂ ਬਹੁਤ ਮਗਰੋਂ ਜਾ ਕੇ ਹੋਂਦ ਵਿਚ ਆਏ ਹਨ ਉਨਾਂ ਰਾਜਾਂ ਵਿਚ ਸਰਕਾਰੀ ਕਾਲਜਾਂ ਦੀ ਗਿਣਤੀ ਸਾਡੇ ਨਾਲੋਂ ਕਿਤੇ ਵਧੇਰੇ ਹੈ। ਯੂਆਈਡੀਏ ਆਫ਼ ਇੰਡੀਆ ਵੱਲੋਂ 31 ਮਈ 2020 ਤੱਕ ਅਪਡੇਟ ਕੀਤੇ ਗਏ ਅਧਾਰ ਕਾਰਡਾਂ ਦੇ ਅਧਾਰ 'ਤੇ ਪੰਜਾਬ ਦੀ ਜਨ-ਸੰਖਿਆ 3 ਕਰੋੜ ਜਿਥੇ ਕਾਲਜ ਸਿਰਫ਼ 48, ਹਰਿਆਣੇ ਦੀ ਜਨ-ਸੰਖਿਆ 2 ਕਰੋੜ 86 ਲੱਖ ਜਿਥੇ ਕਾਲਜਾਂ ਦੀ ਸੰਖਿਆ 173 ਅਤੇ ਹਿਮਾਚਲ ਦੀ ਜਨ-ਸੰਖਿਆ 75.1 ਲੱਖ ਦੱਸੀ ਗਈ ਹੈ ਜਿਥੇ ਕਾਲਜਾਂ ਦੀ ਸੰਖਿਆ 98 ਦੇ ਕਰੀਬ ਹੈ ਜੋ ਪੰਜਾਬ ਦੇ ਸਰਕਾਰੀ ਕਾਲਜਾਂ ਨਾਲੋਂ ਦੁੱਗਣੇ ਤੋਂ ਵੱਧ ਬਣਦੀ ਹੈ। ਪੰਜਾਬ ਸੂਬੇ ਦੇ ਸੀਮਤ ਗਿਣਤੀ ਸਰਕਾਰੀ ਕਾਲਜਾਂ ਅੰਦਰ 2009 ਦੀ ਰੈਸ਼ਨਲਾਇਜ਼ ਨੀਤੀ ਅਨੁਸਾਰ ਨਿਯਮਿਤ ਮਨਜ਼ੂਰਸ਼ੁਦਾ ਅਸਾਮੀਆਂ ਦੀ ਕੁੱਲ ਗਿਣਤੀ 1873 ਹੈ ਜੋ ਕਿ ਇਸ ਤੋਂ ਪਹਿਲਾਂ 2450 ਸੀ ਪਰ ਦੁੱਖ ਦੀ ਗੱਲ ਇਹ ਹੈ ਕਿ ਇਨਾਂ ਵਿਚ 1500 ਤੋਂ ਵੱਧ ਅਸਾਮੀਆਂ ਖ਼ਾਲੀ ਪਈਆਂ ਹਨ ਜੋ ਪਿਛਲੇ ਦੋ ਦਹਾਕਿਆਂ ਤੋਂ ਵਧੇਰੇ ਸਮੇਂ ਤੋਂ ਭਰੀਆਂ ਹੀ ਨਹੀਂ ਗਈਆਂ। ਪੰਜਾਬ ਡੀ. ਪੀ. ਆਈ (ਕਾਲਜਾਂ) ਦੀ ਵੈਬਸਾਈਟ 'ਤੇ ਮੌਜੂਦ ਸੀਨੀਅਰਤਾ ਸੂਚੀ 'ਤੇ ਝਾਤ ਮਾਰੀਏ ਤਾਂ ਬੜੇ ਹੀ ਹੈਰਾਨੀਜਨਕ ਤੇ ਡਰਾਉਣੇ ਤੱਥ ਸਾਹਮਣੇ ਆਉਂਦੇ ਹਨ ਕਿ ਸਾਲ 2021 ਦੇ ਅਖ਼ੀਰ ਤੱਕ ਤਕਰੀਬਨ 315 ਨਿਯਮਤ ਪ੍ਰੋਫ਼ੈਸਰ ਹਨ ਅਤੇ ਇਨਾਂ ਵਿੱਚੋਂ ਵੀ 39 ਪ੍ਰੋਫ਼ੈਸਰ ਚੰਡੀਗੜ੍ਹ ਵਿਚ ਡੈਪੂਟੇਸ਼ਨ 'ਤੇ ਕੰਮ ਕਰ ਰਹੇ ਹਨ। ਸਪੱਸ਼ਟ ਹੈ ਕਿ 2022 ਦੇ ਅਰੰਭ ਵਿਚ ਸਿਰਫ਼ ਪੌਣੇ ਤਿੰਨ ਸੌ ਰੈਗੂਲਰ ਪ੍ਰੋਫ਼ੈਸਰ ਹੀ ਵੱਖ ਵੱਖ ਸਰਕਾਰੀ ਕਾਲਜਾਂ ਵਿਚ ਸੇਵਾਵਾਂ ਦੇ ਰਹੇ ਹੋਣਗੇ ਤੇ ਇਨਾਂ ਵਿਚੋਂ ਵੀ 80 ਪ੍ਰਤੀਸ਼ਤ ਪ੍ਰੋਫ਼ੈਸਰ 2025 ਤੱਕ ਸੇਵਾ-ਮੁਕਤ ਹੋ ਕੇ ਚਲੇ ਜਾਣਗੇ। 48 ਸਰਕਾਰੀ ਕਾਲਜਾਂ ਵਿਚ ਪੰਜਾਬੀ ਦੇ ਰੈਗੂਲਰ ਪ੍ਰੋਫ਼ੈਸਰ ਕੇਵਲ ਅਠਾਰਾਂ ਹਨ। ਭਾਵ ਕਿ ਪ੍ਰਤੀ ਕਾਲਜ ਵੀ ਪੰਜਾਬੀ ਵਿਸ਼ੇ ਦਾ ਇੱਕ ਪ੍ਰੋਫ਼ੈਸਰ ਨਹੀਂ ਹੈ। ਐਮ.ਏ. ਪੰਜਾਬੀ ਪੜਾਉਣ ਲਈ ਪ੍ਰਤੀ ਕਾਲਜ ਚਾਰ ਪ੍ਰੋਫ਼ੈਸਰਾਂ ਦੀ ਜ਼ਰੂਰਤ ਹੁੰਦੀ ਹੈ ਤੇ ਇਹੋ ਨਿਯਮ ਬਾਕੀ ਸਾਰੇ ਵਿਸ਼ਿਆਂ ਉਪਰ ਵੀ ਲਾਗੂ ਹੁੰਦਾ ਹੈ ਪਰ ਉਪਰੋਕਤ ਅੰਕੜਿਆਂ ਤੋਂ ਤੁਸੀਂ ਮੌਜੂਦਾ ਸਥਿਤੀ ਦੀ ਗੰਭੀਰਤਾ ਬਾਰੇ ਖ਼ੁਦ ਹੀ ਅੰਦਾਜ਼ਾ ਲਾ ਸਕਦੇ ਹੋ।

ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਅਧਿਆਪਨ ਕਾਰਜਾਂ ਤੋਂ ਇਲਾਵਾ ਇਥੇ ਮੌਜੂਦ ਲਾਇਬ੍ਰੇਰੀਆਂ ਵੀ ਅਤੀ ਤਰਸਯੋਗ ਹਾਲਤ ਵਿਚੋਂ ਗੁਜ਼ਰ ਰਹੀਆਂ ਹਨ। ਇਨਾਂ ਲਾਇਬ੍ਰੇਰੀਆਂ ਵਿਚ ਮੌਜੂਦ ਅਨਮੋਲ ਗਿਆਨ ਦੀਆਂ ਪੁਸਤਕਾਂ/ਗ੍ਰੰਥ ਆਦਿ ਕੀਮਤੀ ਧਾਰਮਿਕ/ਸੱਭਿਆਚਾਰਕ/ਵਿਰਾਸਤੀ/ਵਿਗਿਆਨਕ ਸਮੱਗਰੀ ਯੋਗ ਸੰਭਾਲ ਨਾ ਹੋਣ ਕਾਰਨ ਲਗਾਤਾਰ ਸਿਉਂਕ ਦੀ ਭੇਂਟ ਚੜਦੀ ਜਾ ਰਹੀ ਹੈ। ਸਰਕਾਰੀ ਕਾਲਜਾਂ ਦੀਆਂ ਲਾਇਬ੍ਰੇਰੀਆਂ ਵਿਚ ਵੀ 1998 ਤੋਂ ਬਾਅਦ ਕੋਈ ਪੱਕੀ ਭਰਤੀ ਸਰਕਾਰ ਵੱਲੋਂ ਨਹੀਂ ਕੀਤੀ ਗਈ। ਇਨਾਂ ਕਾਲਜਾਂ ਵਿਚ ਲਾਇਬ੍ਰੇਰੀ ਸਬੰਧੀ ਸਟਾਫ਼ ਦੀ ਅਣਹੋਂਦ ਕਾਰਨ ਵਿਦਿਆਰਥੀ ਵਰਗ ਵਿਚ ਗਿਆਨ ਪ੍ਰਾਪਤੀ ਦਾ ਵਾਤਾਵਰਣ ਹੀ ਨਹੀਂ ਬਣਦਾ। ਸਰਕਾਰੀ ਕਾਲਜਾਂ ਵਿਚ ਲਾਇਬ੍ਰੇਰੀਅਨਾਂ ਦੀਆਂ 48 ਮਨਜ਼ੂਰਸ਼ੁਦਾ ਅਸਾਮੀਆਂ ਹਨ ਜਿੰਨਾਂ ਵਿਚੋਂ ਕੇਵਲ 16 ਹੀ ਭਰੀਆਂ ਗਈਆਂ ਹਨ ਅਤੇ 32 ਅਸਾਮੀਆਂ ਖ਼ਾਲੀ ਹਨ। ਇਸੇ ਤਰਾਂ ਲਾਇਬ੍ਰੇਰੀ ਰਿਸਟੋਰਰ ਦੀਆਂ 50 ਮਨਜ਼ੂਰਸ਼ੁਦਾ ਅਸਾਮੀਆਂ ਵਿਚੋਂ ਕੇਵਲ 13 ਹੀ ਭਰੀਆਂ ਗਈਆਂ ਹਨ। ਇਸ ਤੋਂ ਇਲਾਵਾ ਸਰਕਾਰੀ ਕਾਲਜਾਂ ਲਈ ਲੋੜੀਂਦੇ ਦਰਜਾ ਚਾਰ ਕਰਮਚਾਰੀਆਂ (ਮਾਲੀ, ਚੌਕੀਦਾਰ, ਸਫਾਈ ਸੇਵਕ ਆਦਿ) ਦੀ ਘਾਟ ਵੀ ਹਮੇਸ਼ਾ ਤੋਂ ਰੜਕਦੀ ਰਹੀ ਹੈ।

ਇਸ ਤੋਂ ਵੱਡੀ ਬਦ-ਇੰਤਜ਼ਾਮੀ ਕੀ ਹੋਵੇਗੀ ਕਿ ਇੱਕ ਦਰਜਨ ਦੇ ਕਰੀਬ ਅਜਿਹੇ ਸਰਕਾਰੀ ਕਾਲਜ ਹਨ ਜਿਥੇ ਕਿ ਇੱਕ ਵੀ ਰੈਗੂਲਰ ਪ੍ਰੋਫ਼ੈਸਰ ਨਹੀਂ ਹੈ। ਸਰਕਾਰਾਂ ਵੱਲੋਂ ਪਾਰਟ ਟਾਈਮ, ਗੈਸਟ ਫ਼ੈਕਲਟੀ, ਠੇਕੇ 'ਤੇ ਰੱਖੇ ਜਾਂ ਰਿਸੋਰਸ ਪਰਸਨ ਅਧਿਆਪਕਾਂ ਨਾਲ ਹੀ ਉਚੇਰੀ ਸਿੱਖਿਆ ਦਾ ਬੁੱਤਾ ਸਾਰਿਆ ਜਾ ਰਿਹਾ ਹੈ ਜੋ ਕਿ ਪੰਜਾਬ ਦੀ ਨੌਜਵਾਨੀ ਨਾਲ ਹੱਦ-ਦਰਜੇ ਦਾ ਧੱਕਾ/ਅਨਿਆਂ ਹੈ। ਸਰਕਾਰਾਂ ਤਾਂ ਆਉਂਦੀਆਂ ਤੇ ਜਾਂਦੀਆਂ ਰਹੀਆਂ ਪਰ ਪੰਜਾਬ ਵਿਚ ਉਚੇਰੀ ਸਿੱਖਿਆ ਦੀ ਬਿਹਤਰੀ ਕਦੇ ਵੀ ਕਿਸੇ ਰਾਜਨੀਤਕ ਪਾਰਟੀ ਦੇ ਏਜੰਡੇ 'ਤੇ ਨਹੀਂ ਰਹੀ। ਨਾ ਹੀ ਸੱਤਾ ਧਿਰ ਅਤੇ ਨਾ ਵਿਰੋਧੀ ਪਾਰਟੀਆਂ ਇਸ ਨਾਜ਼ੁਕ ਮੁੱਦੇ 'ਤੇ ਗੰਭੀਰ ਹਨ।

ਯੂ. ਜੀ. ਸੀ. ਨੈੱਟ, ਐੱਮ. ਫਿਲ ਤੇ ਪੀਐਚ. ਡੀ. ਕੀਤੇ ਨੌਜਵਾਨਾਂ ਦੇ ਸੰਗਠਨ 'ਸਰਕਾਰੀ ਕਾਲਜ ਬਚਾਉ ਮੰਚ' ਵੱਲੋਂ ਪਿਛਲੇ ਦੋ ਸਾਲ ਤੋਂ ਸਰਕਾਰ ਖਿਲਾਫ਼ ਮੋਰਚਾ ਵਿੱਢਿਆ ਹੋਇਆ ਸੀ ਕਿ ਸਰਕਾਰੀ ਕਾਲਜਾਂ ਵਿਚ ਪ੍ਰੋਫ਼ੈਸਰਾਂ ਦੀ ਨਿਯਮਤ ਭਰਤੀ ਕੀਤੀ ਜਾਵੇ। ਅਖ਼ੀਰ ਮੌਜੂਦਾ ਸਰਕਾਰ ਵੱਲੋਂ ਲੱਗਭੱਗ ਵੀਹ-ਬਾਈ ਸਾਲਾਂ ਦੇ ਲੰਬੇ ਅਰਸੇ ਬਾਅਦ 19 ਅਕਤੂਬਰ 2021 ਨੂੰ ਸਰਕਾਰੀ ਕਾਲਜਾਂ ਲਈ ਵੱਖ ਵੱਖ ਵਿਸ਼ਿਆਂ ਦੇ 1158 ਸਹਾਇਕ ਪ੍ਰੋਫ਼ੈਸਰਾਂ/ਲਾਇਬ੍ਰੇਰੀਅਨਾਂ ਦੀ ਭਰਤੀ ਲਈ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ। ਸੂਬੇ ਦੀਆਂ ਦੋ ਵੱਡੀਆਂ ਯੂਨੀਵਰਸਿਟੀਆਂ ਨੂੰ ਇਸ ਭਰਤੀ ਪ੍ਰਕ੍ਰਿਆ ਦਾ ਕਾਰਜ ਸੌਂਪਿਆ ਗਿਆ, ਜਿਹਨਾਂ ਨੇ ਇਸ ਕਾਰਜ ਨੂੰ ਬਿਹਤਰ ਪ੍ਰਬੰਧਾਂ ਅਧੀਨ ਸੁਚੱਜੇ ਢੰਗਾਂ ਨਾਲ ਨੇਪਰੇ ਚਾੜਿਆ। 20 ਅਤੇ 21 ਨਵੰਬਰ ਨੂੰ ਹੋਏ ਲਿਖਤੀ ਪੇਪਰਾਂ ਦਾ ਨਤੀਜਾ ਆਉਣ ਤੋਂ ਬਾਅਦ ਮੈਰਿਟ ਦੇ ਅਧਾਰ 'ਤੇ ਉਮੀਦਵਾਰ 29 ਅਤੇ 30 ਨਵੰਬਰ ਨੂੰ ਸਕਰੂਟਨੀ ਲਈ ਬੁਲਾਏ ਗਏ। ਸਕਰੂਟਨੀ ਦੇ ਤੀਜੇ ਚੌਥੇ ਦਿਨ ਵੱਖ ਵੱਖ ਵਿਸ਼ਿਆਂ ਦੀ ਅੰਤਿਮ ਸੂਚੀ ਵਿਭਾਗ ਦੀ ਵੈਬਸਾਈਟ ਉਤੇ ਨਜ਼ਰ ਆਉਣੀ ਸ਼ੁਰੂ ਹੋ ਗਈ ਸਿਵਾਏ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਸ਼ੇ ਤੋਂ।

ਇਸ ਭਰਤੀ ਪ੍ਰਕ੍ਰਿਆ ਦਾ ਨਤੀਜਾ ਆਉਣ ਬਾਅਦ ਅਸਫ਼ਲ ਉਮੀਦਵਾਰਾਂ ਵੱਲੋਂ ਲਗਾਤਾਰ ਅਫ਼ਵਾਹਾਂ ਦਾ ਬਜ਼ਾਰ ਗ਼ਰਮ ਕੀਤਾ ਗਿਆ ਕਿ ਇਹ ਭਰਤੀ ਪੂਰੀ ਤਰਾਂ ਤਰਕ-ਸੰਗਤ ਜਾਂ ਪਾਰਦਰਸ਼ੀ ਨਹੀਂ। ਆਪਣੀਆਂ ਅਖੌਤੀ ਟਿੱਪਣੀਆਂ ਅਧੀਨ ਇਨਾਂ ਕੁਝ ਕੁ ਅਸਫ਼ਲ ਉਮੀਦਵਾਰਾਂ ਵੱਲੋਂ ਆਪਣੀ ਬੌਖਲਾਹਟ ਦਾ ਪ੍ਰਗਟਾਵਾ ਕਰਦਿਆਂ 'ਪੰਜਾਬੀ ਯੂਨੀਵਰਸਿਟੀ ਪਟਿਆਲਾ' ਦੇ ਕੁਝ ਸੀਨੀਅਰ ਪ੍ਰੋਫ਼ੈਸਰ ਸਾਹਿਬਾਨਾਂ ਦਾ ਨਾਂ ਬਿਨਾਂ ਕਿਸੇ ਪੁਖ਼ਤਾ ਸਬੂਤ ਦੇ ਸੋਸ਼ਲ ਮੀਡੀਆ ਉਪਰ ਉਛਾਲਿਆ ਗਿਆ ਕਿ ਇਹਨਾਂ ਕੁਝ ਚੁਣੀਂਦਾ ਪ੍ਰੋਫ਼ੈਸਰ ਸਾਹਿਬਾਨ ਵੱਲੋਂ ਹੀ 'ਪੰਜਾਬੀ' ਵਿਸ਼ੇ ਦਾ ਪ੍ਰਸ਼ਨ-ਪੱਤਰ ਸੈੱਟ ਕੀਤਾ ਗਿਆ ਹੈ ਅਤੇ ਪੇਪਰ ਵਿਚ ਆਉਣ ਵਾਲੇ ਪ੍ਰਸ਼ਨ ਆਪਣੇ ਵਿਦਿਆਰਥੀਆਂ ਨੂੰ ਪਹਿਲਾਂ ਹੀ ਦੱਸ ਦਿੱਤੇ ਗਏ, ਜਿਸ ਨੇ ਨਤੀਜਿਆਂ ਨੂੰ ਬੇਹਦ ਪ੍ਰਭਾਵਿਤ ਕੀਤਾ। ਅਜਿਹੇ ਇਲਜ਼ਾਮ ਲਾਉਣ ਵਾਲੇ ਅਸਫ਼ਲ ਉਮੀਦਵਾਰਾਂ ਕੋਲ ਆਪਣੀਆਂ ਗੱਲਾਂ ਦਾ ਕੋਈ ਵੀ ਠੋਸ ਅਧਾਰ ਜਾਂ ਸਬੂਤ ਨਹੀਂ ਸਿਵਾਏ ਅਨੁਮਾਨਾਂ ਦੇ।

ਭਰਤੀ ਪ੍ਰਕ੍ਰਿਆ ਦੇ ਕੁਆਰਡੀਨੇਟਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫ਼ੈਸਰ ਡਾ. ਗੁਰਪ੍ਰੀਤ ਸਿੰਘ ਲਹਿਲ ਜੀ ਕੁਝ ਦਿਨ ਪਹਿਲਾਂ ਅਖ਼ਬਾਰਾਂ ਵਿਚ ਸਪੱਸ਼ਟੀਕਰਨ ਦੇ ਚੁੱਕੇ ਹਨ ਕਿ ਪੰਜਾਬੀ ਵਿਸ਼ੇ ਲਈ ਸੂਬੇ ਅਤੇ ਸੂਬੇ ਤੋਂ ਬਾਹਰ ਦੀਆਂ ਯੂਨੀਵਰਸਿਟੀਆਂ ਦੇ ਨੌਂ ਪ੍ਰੋਫ਼ੈਸਰ ਸਾਹਿਬਾਨ ਕੋਲੋਂ ਛੇ ਛੇ ਸੌ ਪ੍ਰਸ਼ਨਾਂ ਦੀ ਸੂਚੀ ਮੰਗੀ ਗਈ ਸੀ ਅਤੇ ਉਸ ਉਪਰੰਤ ਕੰਪਿਊਟਰ ਦੇ ਇਕ ਖ਼ਾਸ ਸਾਫ਼ਟਵੇਅਰ ਰਾਹੀਂ ਇਕ ਡਾਟਾਬੇਸ ਅਧੀਨ ਪ੍ਰਸ਼ਨ ਪੱਤਰ ਬਣਾਇਆ ਗਿਆ ਸੀ ਜੋ ਕਿ ਪੂਰੀ ਤਰਾਂ ਗੁਪਤ ਅਤੇ ਸੁਰੱਖਿਅਤ ਸੀ। ਡਾ. ਲਹਿਲ ਅਨੁਸਾਰ ਪ੍ਰਸ਼ਨ ਪੱਤਰ ਸੈੱਟ ਕਰਨ ਲਈ ਇਹੋ ਵਿਧੀ ਹੋਰ ਬਾਕੀ ਸਾਰੇ ਵਿਸ਼ਿਆਂ ਲਈ ਵੀ ਅਪਣਾਈ ਗਈ। ਡਾ. ਸਾਹਿਬ ਨੇ ਆਪਣੇ ਬਿਆਨ ਵਿਚ ਪ੍ਰਸ਼ਨ-ਪੱਤਰ ਲੀਕ ਹੋਣ ਜਾਂ ਕੁਝ ਪ੍ਰੋਫ਼ੈਸਰ ਸਾਹਿਬਾਨ ਵੱਲੋਂ ਆਪਣੇ ਕੁਝ ਕੁ ਚਹੇਤੇ ਵਿਦਿਆਰਥੀਆਂ ਨੂੰ ਪ੍ਰਸ਼ਨ ਦੱਸਣ ਦੀ ਗੁੰਜਾਇਸ਼ ਨੂੰ ਸਿਰੇ ਤੋਂ ਨਕਾਰਦਿਆਂ ਅਜਿਹੇ ਇਲਜ਼ਾਮਾਂ ਨੂੰ ਬੇ-ਬੁਨਿਆਦ ਆਖਿਆ ਹੈ। ਇਸ ਦੇ ਬਾਵਜੂਦ ਇਨਾਂ ਅਸਫ਼ਲ ਉਮੀਦਵਾਰਾਂ ਵੱਲੋਂ ਇਸ ਭਰਤੀ ਪ੍ਰਕ੍ਰਿਆ ਸਬੰਧੀ ਸਵਾਲ 'ਤੇ ਸਵਾਲ ਉਠਾਉਂਦਿਆਂ ਭਰਤੀ ਪ੍ਰਕ੍ਰਿਆ ਨੂੰ ਅਦਾਲਤ ਵਿਚ ਲਿਜਾਇਆ ਗਿਆ ਹੈ। ਸੋ ਹੁਣ ਇਹ 1158 ਸਹਾਇਕ ਪ੍ਰੋਫ਼ੈਸਰ/ਲਾਇਬ੍ਰੇਰੀਅਨ ਭਰਤੀ ਮਾਨਯੋਗ ਅਦਾਲਤ ਦੇ ਫ਼ੈਸਲੇ ਅਧੀਨ ਹੈ।

ਇਸ ਭਰਤੀ ਪ੍ਰਕ੍ਰਿਆ ਵਿਚ ਆਪਣੀ ਸਖ਼ਤ ਮਿਹਨਤ ਦੇ ਬਲਬੂਤੇ ਸਫ਼ਲ ਹੋਏ ਉਮੀਦਵਾਰਾਂ ਦੀ ਯੂਨੀਅਨ 1158 ਸਹਾਇਕ ਪ੍ਰੋਫ਼ੈਸਰ ਫਰੰਟ ਪੰਜਾਬ ਵੱਲੋਂ ਮਾਨਯੋਗ ਅਦਾਲਤ ਅਤੇ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਗਈ ਹੈ ਕਿ ਇਸ ਭਰਤੀ ਵਿਰੋਧੀ ਇਕ ਧੜੇ ਵੱਲੋਂ ਜਾਣਬੁੱਝ ਕੇ ਇਸ ਭਰਤੀ ਪ੍ਰਕ੍ਰਿਆ ਨੂੰ ਟਾਲਣ ਲਈ ਕੋਝੇ ਹੱਥ ਕੰਡੇ ਵਰਤੇ ਜਾ ਰਹੇ ਹਨ। ਭਰਤੀ ਪ੍ਰਕ੍ਰਿਆ ਵਿਚ ਵਿਚ ਸਾਹਮਣੇ ਆਈਆਂ ਕੁਝ ਕੁ ਨਾ-ਮਾਤਰ ਜਿਹੀਆਂ ਊਣਤਾਈਆਂ ਜਿਨਾਂ ਸਬੰਧੀ ਵਿਭਾਗ ਵੱਲੋਂ ਸਪੱਸ਼ਟੀਕਰਨ ਵੀ ਦਿੱਤੇ ਜਾ ਰਹੇ ਹਨ, ਨੂੰ ਭਰਤੀ ਘਪਲੇ/ਘੁਟਾਲੇ ਦਾ ਨਾਂ ਦੇ ਕੇ ਇਨਾਂ ਵਿਰੋਧੀਆਂ ਵੱਲੋਂ ਸੋਸ਼ਲ ਮੀਡੀਆ ਅਤੇ ਇਕ-ਪਾਸੜ ਯੂ-ਟਿਊਬ ਚੈਨਲਾਂ ਰਾਹੀਂ ਲਗਾਤਾਰ ਇਸ ਸਹਾਇਕ ਪ੍ਰੋਫ਼ੈਸਰ/ਲਾਇਬ੍ਰੇਰੀਅਨ ਭਰਤੀ ਪ੍ਰਕ੍ਰਿਆ ਵਿਰੋਧੀ ਮਾਹੌਲ ਉਸਾਰਿਆ ਜਾ ਰਿਹਾ ਹੈ ਅਤੇ ਆਪਣੀ ਮਿਹਨਤ ਨਾਲ ਸਖ਼ਤ ਚੋਣ ਪ੍ਰਕ੍ਰਿਆ ਰਾਹੀਂ ਚੁਣ ਕੇ ਅੱਗੇ ਆਏ ਸਹਾਇਕ ਪ੍ਰੋਫ਼ੈਸਰਾਂ/ਲਾਇਬ੍ਰੇਰੀਅਨਾਂ ਨੂੰ ਬਦਨਾਮ ਕਰਨ ਲਈ ਵੱਖੋ ਵੱਖਰੇ ਢੰਗ-ਤਰੀਕੇ ਅਪਣਾਏ ਜਾ ਰਹੇ ਹਨ ਤਾਂ ਕਿ ਨਵੇਂ ਚੁਣੇ ਗਏ ਸਹਾਇਕ ਪ੍ਰੋਫ਼ੈਸਰਾਂ/ਲਾਇਬ੍ਰੇਰੀਅਨਾਂ ਦਾ ਮਨੋਬਲ ਡੇਗਿਆ ਜਾ ਸਕੇ ਅਤੇ ਅਦਾਲਤੀ ਫੈਸਲੇ ਨੂੰ ਪ੍ਰਭਾਵਿਤ ਕੀਤਾ ਜਾ ਸਕੇ।

ਇਥੇ ਇਹ ਕਹਿਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਕੁਝ ਕੁ ਸਮਾਜਿਕ ਜਥੇਬੰਦੀਆਂ ਵੱਲੋਂ ਸਹੀ ਤੱਥ ਜਾਣੇ-ਸਮਝੇ ਬਿਨਾਂ ਹੀ ਇਸ ਭਰਤੀ ਪ੍ਰਕ੍ਰਿਆ ਵਿਰੋਧੀ ਧੜੇ ਦੀ ਹਮਾਇਤ ਲਈ ਅੱਗੇ ਆਉਣਾ ਜਿਥੇ ਇਨਾਂ ਚੁਣੇ ਗਏ 1158 ਸਹਾਇਕ ਪ੍ਰੋਫ਼ੈਸਰਾਂ/ਲਾਇਬ੍ਰੇਰੀਅਨਾਂ ਨਾਲ ਨਾ-ਇਨਸਾਫ਼ੀ ਹੈ, ਉਥੇ ਉਚੇਰੀ-ਸਿੱਖਿਆ ਦੇ ਘਾਣ ਵਿਚ ਜਾਣੇ-ਅਣਜਾਣੇ ਉਨਾਂ ਦਾ ਰੋਲ ਵੀ ਨਾ-ਪੱਖੀ ਅੱਖਰਾਂ ਵਿਚ ਲਿਖਿਆ ਜਾਵੇਗਾ ਕਿਉਂਕਿ ਸਰਕਾਰ ਵੱਲੋਂ ਪਹਿਲਾਂ ਹੀ ਦੋ ਦਹਾਕਿਆਂ ਦੇ ਲੰਬੇ ਅਰਸੇ ਬਾਅਦ ਇਹ ਭਰਤੀ ਜਾਰੀ ਕੀਤੀ ਸੀ ਤੇ ਜੇਕਰ ਹੁਣ ਵੀ ਕਿਸੇ ਕਾਰਨ ਇਹ ਭਰਤੀ ਸਿਰੇ ਨਹੀਂ ਚੜਦੀ ਤਾਂ ਪਹਿਲਾਂ ਤੋਂ ਹੀ ਆਖ਼ਰੀ ਸਾਹਾਂ 'ਤੇ ਚੱਲ ਰਹੇ ਸਰਕਾਰੀ ਕਾਲਜਾਂ ਦੀ ਅਣਹੋਣੀ ਦਾ ਅਨੁਮਾਨ ਭਲੀਭਾਂਤ ਲਾਇਆ ਜਾ ਸਕਦਾ ਹੈ।

ਵੱਖ ਵੱਖ ਵਿਸ਼ਿਆਂ ਲਈ ਸਾਫ਼-ਸੁਥਰੀ ਚੋਣ ਪ੍ਰਕ੍ਰਿਆ ਰਾਹੀਂ ਚੁਣੇ ਗਏ ਸਹਾਇਕ ਪ੍ਰੋਫ਼ੈਸਰਾਂ/ਲਾਇਬ੍ਰੇਰੀਅਨਾਂ ਦਾ ਭਵਿੱਖ ਸੁਰੱਖਿਅਤ ਰਹਿ ਸਕੇ ਅਤੇ ਗੁਰਬਾਣੀ ਦੇ ਗੁਰਵਾਕ 'ਵਿਦਿਆ ਵੀਚਾਰੀ ਤਾ ਪਰਉਪਕਾਰੀ' ਦੇ ਸਿਧਾਂਤ 'ਤੇ ਚਲਦਿਆਂ ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਇਕ ਵਾਰ ਫ਼ਿਰ ਤੋਂ ਉਚੇਰੀ ਸਿੱਖਿਆ ਦੀ ਨੁਹਾਰ ਬਦਲੇ।

# ਸਾਡਾ ਕਸੂਰ ਕੀ ਹੈ ?

**ਗਜਿੰਦਰ ਸਿੰਘ, ਦਲ ਖ਼ਾਲਸਾ**

ਸਾਡਾ ਕਸੂਰ ਇਹ ਹੈ ਕਿ ਅਸੀਂ ਆਪਣੀ ਕਿਸਮਤ ਦੇ ਆਪ ਮਾਲਕ ਬਣਨਾ ਚਾਹੁੰਦੇ ਹਾਂ। ਸਾਡਾ ਕਸੂਰ ਇਹ ਹੈ ਕਿ ਅਸੀਂ ਆਜ਼ਾਦ ਫਿਜ਼ਾ ਵਿੱਚ ਸਾਹ ਲੈਣਾ ਚਾਹੁੰਦੇ ਹਾਂ। ਸਾਡਾ ਕਸੂਰ ਇਹ ਹੈ ਕਿ ਅਸੀਂ ਅਜ਼ਾਦੀ ਚਾਹੁੰਦੇ ਹਾਂ।

ਉਹ ਕਹਿੰਦੇ ਨੇ ਅਸੀਂ ਵੱਖਵਾਦੀ ਹਾਂ। ਉਹ ਕਹਿੰਦੇ ਨੇ ਅਸੀਂ ਅਤਿਵਾਦੀ ਹਾਂ। ਉਹ ਕਹਿੰਦੇ ਨੇ ਅਸੀਂ ਦਹਿਸ਼ਤਗਰਦ ਹਾਂ। ਉਹ ਕੌਣ ਨੇ? ਉਹ ਕਦੇ ਮੁਗਲ ਸਨ, ਕਦੇ ਅੰਗਰੇਜ਼ ਅਤੇ ਹੁਣ ਗੰਗੂ ਦੇ ਵਾਰਿਸ।

ਜਦ ਵੀ ਅਸੀਂ ਆਪਣੇ ਹੱਕਾਂ ਲਈ ਸੰਘਰਸ਼ ਛੇੜਿਆ, ਅਸੀਂ ਕਸੂਰਵਾਰ ਹੋ ਗਏ। ਇੱਕ ਪਾਸੇ ਅਸੀਂ ਹਾਂ, ਜੋ ਆਪਣੇ ਹੱਕਾਂ ਲਈ ਲੜ ਰਹੇ ਹਾਂ, ਇੱਕ ਪਾਸੇ ਉਹ ਹਨ ਜਿਹੜੇ ਸਾਨੂੰ ਸਾਡੇ ਹੱਕਾਂ ਤੋਂ ਮਹਿਰੂਮ ਰੱਖ ਰਹੇ ਹਨ। ਕੈਸੀ ਸਿਤਮ ਜ਼ਰੀਫ਼ੀ ਹੈ, ਫਿਰ ਵੀ ਕਸੂਰਵਾਰ ਅਸੀਂ ਹਾਂ।

ਉਹ ਸਾਨੂੰ ਸੜਕਾਂ 'ਤੇ ਕੁੱਟਣ, ਗੋਲੀਆਂ ਮਾਰਨ, ਤਸੀਹੇ ਘਰਾਂ ਵਿੱਚ ਪੁੱਠੇ ਲਟਕਾਉਣ ਅਤੇ ਕਦੇ ਸੁੰਨੀਆਂ ਥਾਵਾਂ 'ਤੇ ਲਿਜਾ ਕੇ ਗੋਲੀਆਂ ਮਾਰਨ, ਉਹ ਫਿਰ ਵੀ ਸਹੀ ਹਨ, ਕਾਨੂੰਨ ਦੇ ਰੱਖਵਾਲੇ ਹਨ। ਅਸੀਂ ਆਪਣੀ ਇੱਜ਼ਤ ਆਬਰੂ ਲਈ, ਆਪਣੀ ਜ਼ਿੰਦਗੀ ਤੇ ਸਵੈਮਾਨ ਨੂੰ ਬਚਾਉਣ ਲਈ ਡਾਂਗ ਚੁੱਕੀਏ, ਤਲਵਾਰ ਜਾਂ ਬੰਦੂਕ, ਅਸੀਂ ਕਸੂਰਵਾਰ, ਕਾਤਲ, ਤੇ ਪਤਾ ਨਹੀਂ ਕੀ ਕੀ ਹੋ ਜਾਂਦੇ ਹਾਂ।

ਅਸੀਂ ਦੋ ਧਿਰਾਂ ਹਾਂ, ਇੱਕ ਆਪਣੇ ਹੱਕਾਂ ਲਈ ਲੜਨ ਵਾਲੇ ਤੇ ਇੱਕ ਸਾਡੇ ਹੱਕ ਉਤੇ ਮੱਲ ਮਾਰੀ ਬੈਠੇ ਦਿੱਲੀ ਦੇ ਹਾਕਮ। ਸਾਡਾ ਫੈਸਲਾ ਕੌਣ ਕਰੇਗਾ? ਕਹਿਣ ਨੂੰ ਤਾਂ ਇਹ ਹੱਕ ਯੂ ਐਨ ਓ ਕੋਲ ਹੈ, ਪਰ ਕੀ ਸੱਚਮੁਚ ਉਹ ਸੱਚ ਝੂਠ ਦੇ ਫੈਸਲੇ ਕਰਨ ਦੇ ਸਮਰੱਥ ਹੈ? ਅਸੀਂ ਕਿਸ ਤੋਂ ਉਮੀਦ ਕਰੀਏ? ਜਗਤਾਰ ਸਿੰਘ ਹਵਾਰਾ ਹੋਵੇ ਜਾਂ ਜਗਤਾਰ ਸਿੰਘ ਤਾਰਾ, ਬਲਵੰਤ ਸਿੰਘ ਰਾਜੋਆਣਾ ਹੋਵੇ, ਜਾਂ ਦਵਿੰਦਰਪਾਲ ਸਿੰਘ ਭੁੱਲਰ, ਹੋਰ ਵੀ ਬਹੁਤ ਸਾਰੇ ਨਾਮ ਲਏ ਜਾ ਸਕਦੇ ਹਨ, ਸੱਭ ਦਾ ਕਸੂਰ ਇੱਕ ਹੀ ਹੈ, ਕਿ ਉਨਾਂ ਅਜ਼ਾਦੀ ਦਾ ਸੁਪਨਾ ਦੇਖਿਆ। ਉਨਾਂ ਆਪਣੀ ਕੌਮ ਦਾ ਅਜ਼ਾਦ ਘਰ ਸਿਰਜਣ ਦੀ ਖਵਾਹਿਸ਼ ਕੀਤੀ ਅਤੇ ਬੰਦੂਕ ਦੇ ਮੁਕਾਬਲੇ ਲਈ ਬੰਦੂਕ ਚੁੱਕੀ।

ਕਸੂਰ ਕਿਸ ਦਾ ਹੈ, ਜ਼ਿਆਦਤੀ ਕਿਸ ਨਾਲ ਹੋ ਰਹੀ ਹੈ? ਕੋਈ ਤਾਂ ਹੋਣਾ ਚਾਹੀਦਾ ਹੈ, ਜੋ ਫੈਸਲਾ ਕਰੇ। ਜੇ ਕੋਈ ਫੈਸਲਾ ਕਰਨ ਲਈ ਸਾਹਮਣੇ ਨਾ ਆਵੇ ਤਾਂ ਸਾਡੇ ਕੋਲ ਕੀ ਰਾਹ ਰਹਿ ਜਾਂਦਾ ਹੈ? ਬੇਗੈਰਤਾਂ ਵਾਂਗ ਜਿਊਣਾ ਕਬੂਲ ਕਰੀਏ ਤਾਂ ਆਤਮਾ ਮਰਦੀ ਹੈ, ਲੜ ਮਰਨ ਦਾ ਰਾਹ ਚੁਣੀਏ ਤਾਂ ਕਸੂਰਵਾਰ ਬਣਦੇ ਹਾਂ, ਸਜ਼ਾ ਦੇ ਹੱਕਦਾਰ ਬਣਦੇ ਹਾਂ। ਆਖਿਰ ਅਸੀਂ ਕੀ ਕਰੀਏ? ਬੇਗੈਰਤੀ ਤੇ ਗੁਲਾਮੀ ਤਾਂ ਕਬੂਲ ਨਹੀਂ ਹੁੰਦੀ। ਕਦੇ ਜੇਲ ਵਿੱਚ ਰਹਿੰਦੇ ਲਿਖਿਆ ਸੀ :

ਅਜ਼ਾਦੀ ਲਈ ਲੜਦੇ ਹਾਂ, ਇਸੇ ਲਈ ਤਾਲੇ ਵਿਚ ਬੰਦ ਹਾਂ ਚਿੜੀਓ, ਬੇਘਰੇ ਹਾਂ, ਬੇਅਣਖੇ ਨਹੀਂ, ਇਸੇ ਲਈ 'ਦਹਿਸ਼ਤਪਸੰਦ' ਹਾਂ ਚਿੜੀਓ।

ਕਿਸੇ ਸ਼ੌਕ ਵਿੱਚ ਘਰ ਬਾਰ ਨਹੀਂ ਛੱਡੇ, ਪਰਿਵਾਰਾਂ ਨੂੰ ਰੁਲਣ ਲਈ ਨਹੀਂ ਛਡਿਆ, ਜੇਲਾਂ ਤੇ ਜਲਾਵਤਨੀਆਂ ਨਹੀਂ ਕੱਟੀਆਂ, ਗੋਲੀਆਂ ਨਹੀਂ ਖਾਧੀਆਂ, ਬਾਰੂਦ ਛਾਤੀ 'ਤੇ ਨਹੀਂ ਬੰਨਿਆ। ਕਿਸੇ ਸ਼ੌਕ ਵਿੱਚ ਜ਼ਿੰਦਗੀ ਤੇ ਮੌਤ ਦਾ ਫਰਕ ਭੁੱਲ ਕੇ ਜਿਊਣਾ ਨਹੀਂ ਚਾਹਿਆ।

ਕਹਿੰਦੇ ਨੇ ਦੁਨੀਆ ਬਹੁਤ ਤਰੱਕੀ ਕਰ ਗਈ ਹੈ, ਬਹੁਤ ਬਦਲ ਗਈ ਹੈ, ਪਰ ਸਾਡੇ ਲਈ ਤਾਂ ਡਾਹਢੇ ਦਾ ਹੀ ਸੱਤੀਂ ਵੀਹਵੀਂ ਸੌ ਹੈ। ਸਾਨੂੰ ਤਾਂ ਨਾ ਕੋਈ ਅੰਮ੍ਰਿਤਸਰ ਸਾਹਿਬ ਵਿੱਚ ਬਚਾਉਣ ਆਇਆ ਤੇ ਨਾਂ ਦਿੱਲੀ ਵਿੱਚ। ਸਾਡੇ ਕਾਤਲਾਂ ਨੂੰ ਤਾਂ ਕਿਸੇ ਨੇ ਕਿਤੇ ਸਜ਼ਾ ਨਹੀਂ ਦਿੱਤੀ। ਫਿਰ ਹਵਾਰਾ ਜਾਂ ਤਾਰਾ ਨਾ ਬਣੀਏ, ਤਾਂ ਕੀ ਕਰੀਏ? ਹਾਂ ਇਹ ਸੱਚ ਹੈ ਕਿ ਸੱਚ ਮਨਵਾਉਣ ਲਈ ਕਈ ਵਾਰੀ ਸਦੀਆਂ ਲੱਗ ਜਾਂਦੀਆਂ ਹਨ। 'ਹਵਾਰੇ ਤੇ ਤਾਰੇ' ਨੂੰ 'ਸੁੱਖਾ ਸਿੰਘ ਮਹਿਤਾਬ ਸਿੰਘ' ਬਣਨ ਨੂੰ ਸਦੀਆਂ ਲੱਗ ਜਾਂਦੀਆਂ ਹਨ।

ਪੰਜਾਬ ਹੋਵੇ ਜਾਂ ਕਸ਼ਮੀਰ, ਤਾਮਿਲ ਹੋਣ ਜਾਂ ਨਾਗੇ ਸੱਭ ਦਾ ਦਰਦ ਇੱਕ ਹੀ ਹੈ। ਦੱਖਣੀ ਅਫਰੀਕਾ, ਨੈਮਿੰਬੀਆ, ਫਲਸਤੀਨ ਸੱਭ ਨੂੰ ਇਸੇ ਦਰਦ ਨੂੰ ਹੰਢਾਉਣਾ ਪਿਆ ਹੈ ਅਤੇ ਕਈਆਂ ਨੂੰ ਹਾਲੇ ਹੰਢਾਉਣਾ ਪੈ ਵੀ ਰਿਹਾ ਹੈ।

ਬਹੁਤ ਸਾਰੇ ਕੱਲ ਦੇ 'ਦਹਿਸ਼ਤਗਰਦ' ਅੱਜ ਦੇ ਸਤਿਕਾਰਤ ਨੇਤਾ ਹਨ। ਅੱਜ ਦੇ 'ਦਹਿਸ਼ਤਗਰਦਾਂ' ਨੂੰ ਆਉਣ ਵਾਲੇ ਕੱਲ ਦੇ ਸਤਿਕਾਰਤ ਨੇਤਾ ਬਣਦਿਆਂ ਪਤਾ ਨਹੀਂ ਵਰੇ ਲੱਗਣੇ ਹਨ, ਦਹਾਕੇ ਜਾਂ ਸਦੀਆਂ। ਇਹ ਸੁਪਨਿਆਂ ਤੇ ਸੋਚਾਂ ਦਾ ਸਫਰ ਹੈ, ਕਿਸ ਦਾ ਕਦੋਂ ਮੁੱਕੇ, ਕੀ ਪਤਾ।

ਸੁਪਨਿਆਂ ਤੇ ਸੋਚਾਂ ਦੇ ਸਫਰ 'ਤੇ ਤੁਰੇ ਜਾਂਦੇ ਅੰਮ੍ਰਿਤਸਰ ਤੋਂ ਚੰਡੀਗੜ੍ਹ ਤੱਕ, ਲੰਡਨ ਤੋਂ ਵਾਸ਼ਿੰਗਟਨ ਤੱਕ, ਸੱਭ ਪਾਂਧੀਆਂ ਦੀ ਪੈੜਚਾਪ ਦੇ ਸੰਗੀਤ ਦੀ ਸੁਰ ਇੱਕ ਹੀ ਹੈ। ਪੈਰਾਂ ਥੱਲੇ ਦੀ ਜ਼ਮੀਨ ਦੇ ਨਾਮ ਭਾਵੇਂ ਵੱਖ ਵੱਖ ਹੋਣ, ਪਰ ਸਫਰ ਇੱਕ ਹੀ ਹੈ। ਗਜਿੰਦਰ ਸਿੰਘ ਕੱਲਾ ਹੀ ਇੰਝ ਨਹੀਂ ਸੋਚਦਾ, ਇਸ ਸਫਰ ਦੇ ਸੱਭ ਪਾਂਧੀ ਇੰਝ ਹੀ ਸੋਚਦੇ ਹਨ। ਸਾਡੇ ਲਈ ਇੰਨਾ ਹੀ ਕਾਫੀ ਹੈ ਕਿ ਅਸੀਂ ਦਸਮ ਪਾਤਸ਼ਾਹ ਵੱਲ ਮੂੰਹ ਕਰਕੇ ਇੱਕ ਵਾਰ ਤੁਰਨ ਤੋਂ ਬਾਅਦ ਕਿਤੇ ਭਟਕੇ ਨਹੀਂ ਹਾਂ। ਤੁਰੇ ਜਾ ਰਹੇ ਹਾਂ, ਤੁਰੇ ਜਾ ਰਹੇ ਹਾਂ, ਤੁਰੇ ਜਾ ਰਹੇ ਹਾਂ ਅਤੇ ਇਹੀ ਸਾਡਾ ਕਸੂਰ ਹੈ।

# ਕਾਂਗਰਸ ਵਲੋਂ 86 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ, ਬਗਾਵਤ ਸ਼ੁਰੂ

**✪ ਚੰਨੀ ਚਮਕੌਰ ਸਾਹਿਬ ਤੋਂ ਹੀ ਲੜਨਗੇ ਚੋਣ ✪ ਨਵਜੋਤ ਸਿੰਘ ਸਿੱਧੂ, ਸੁਖਜਿੰਦਰ ਸਿੰਘ ਰੰਧਾਵਾ, ਓਮ ਪ੍ਰਕਾਸ਼ ਸੋਨੀ, ਮਨਪ੍ਰੀਤ ਸਿੰਘ ਬਾਦਲ, ਰਜ਼ੀਆ ਸੁਲਤਾਨਾ, ਗੁਰਕੀਰਤ ਸਿੰਘ ਕੋਟਲੀ, ਰਾਜਾ ਵੜਿੰਗ, ਪਰਗਟ ਸਿੰਘ, ਰਾਣਾ ਗੁਰਜੀਤ ਸਿੰਘ ਆਦਿ ਦੇ ਨਾਂ ਵੀ ਸ਼ਾਮਿਲ ✪ 4 ਵਿਧਾਇਕਾਂ ਦੀਆਂ ਟਿਕਟਾਂ ਕੱਟੀਆਂ, ਕੈਪਟਨ ਦੇ ਕਰੀਬੀਆਂ ਨੂੰ ਵੀ ਮਿਲੀ ਟਿਕਟ ✪ ਟਿਕਟਾਂ ਕੱਟੇ ਜਾਣ ਤੋਂ ਖ਼ਫ਼ਾ ਕਈ ਆਗੂਆਂ ਨੇ ਆਜ਼ਾਦ ਚੋਣ ਲੜਨ ਦਾ ਕੀਤਾ ਐਲਾਨ**

## ਕਾਂਗਰਸ ਦੇ ਉਮੀਦਵਾਰ

ਕਾਂਗਰਸ ਦੇ 86 ਉਮੀਦਵਾਰਾਂ ਵਿਚੋਂ ਸਿਰਫ਼ 16 ਨਵੇਂ ਹਨ। ਕਾਂਗਰਸ ਪੰਜਾਬ ਵਿਚ ਬਹੁਗਿਣਤੀ ਨੌਜਵਾਨ ਚਿਹਰਿਆਂ ਨੂੰ ਸਾਹਮਣੇ ਨਹੀਂ ਲਿਆ ਸਕੀ। ਬਗਾਵਤ ਘਟ ਹੋਵੇ ਇਸੇ ਲਈ ਸਥਿਤੀ ਲਗਭਗ ਪਹਿਲਾਂ ਵਾਲੀ ਬਣੀ ਰਹੀ। ਪਰ ਦਲਬਦਲੀਆਂ ਤੇ ਬਗਾਵਤ ਦਾ ਰੁਝਾਨ ਜਾਰੀ ਹੈ।ਕੈਪਟਨ ਅਮਰਿੰਦਰ ਸਿੰਘ ਦੁਆਰਾ ਬਣਾਈ ਗਈ ਪਾਰਟੀ ਇਸ ਤਾਕ ਵਿਚ ਸੀ/ਹੈ ਕਿ ਜਿਹੜੇ ਵਿਧਾਇਕਾਂ ਨੂੰ ਕਾਂਗਰਸ ਤੋਂ ਟਿਕਟ ਨਹੀਂ ਮਿਲਦੀ, ਉਨਾਂ ਨੂੰ ਪੰਜਾਬ ਲੋਕ ਕਾਂਗਰਸ ਵਿਚ ਸ਼ਾਮਿਲ ਕਰ ਲਿਆ ਜਾਵੇ। ਭਾਜਪਾ ਵੀ ਕਾਂਗਰਸੀ ਆਗੂਆਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਕਾਂਗਰਸੀ ਵਿਧਾਇਕ ਡਾ. ਹਰਜੋਤ ਕਮਲ ਟਿਕਟ ਨਾ ਮਿਲਣ 'ਤੇ ਭਾਜਪਾ ਵਿਚ ਸ਼ਾਮਿਲ ਹੋ ਗਿਆ ਹੈ। ਪਾਰਟੀ ਨੇ ਚਾਰ ਵਿਧਾਇਕਾਂ ਅਜੈਬ ਸਿੰਘ ਭੱਟੀ, ਬਲਵਿੰਦਰ ਸਿੰਘ ਲਾਡੀ, ਹਰਜੋਤ ਕਮਲ ਅਤੇ ਨੱਥੂ ਰਾਮ ਨੂੰ ਟਿਕਟ ਨਹੀਂ ਦਿੱਤੀ। ਇਨਾਂ ਵਿਚੋਂ ਬਲਵਿੰਦਰ ਸਿੰਘ ਲਾਡੀ ਕੁਝ ਦਿਨਾਂ ਲਈ ਭਾਜਪਾ ਵਿਚ ਸ਼ਾਮਿਲ ਹੋਇਆ ਸੀ ਪਰ ਫਿਰ ਕਾਂਗਰਸ ਵਿਚ ਪਰਤ ਆਇਆ।

ਅਕਾਲੀ ਬਸਪਾ ਗਠਜੋੜ, ਕਾਂਗਰਸ, ਆਮ ਆਦਮੀ ਪਾਰਟੀ, ਭਾਜਪਾ ਦੀ ਅਗਵਾਈ ਵਾਲਾ ਗੱਠਜੋੜ ਅਤੇ ਸੰਯੁਕਤ ਸਮਾਜ ਮੋਰਚੇ ਦਰਮਿਆਨ ਹੋਣ ਵਾਲੇ ਬਹੁਕੋਣੀ ਮੁਕਾਬਲਿਆਂ ਵਿਚ ਬਹੁਤੀਆਂ ਸੀਟਾਂ ਦਾ ਫ਼ੈਸਲਾ ਵੋਟਾਂ ਦੇ ਬਹੁਤ ਘੱਟ ਅੰਤਰ 'ਤੇ ਹੋਵੇਗਾ। ਸ਼੍ਰੋਮਣੀ ਅਕਾਲੀ ਦਲ ਅਤੇ 'ਆਪ' ਵੀ ਜ਼ਿਆਦਾਤਰ ਉਮੀਦਵਾਰਾਂ ਦਾ ਐਲਾਨ ਕਰ ਚੁੱਕੀਆਂ ਹਨ। ਦਿਹਾਤੀ ਇਲਾਕਿਆਂ ਵਿਚ ਸੰਯੁਕਤ ਸਮਾਜ ਮੋਰਚੇ ਦੇ ਉਮੀਦਵਾਰ ਕ੍ਰਮਵਾਰ 'ਆਪ', ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੀਆਂ ਵੋਟਾਂ ਨੂੰ ਖ਼ੋਰਾ ਲਗਾਉਣਗੇ।

**ਨਵੀਂ ਦਿੱਲੀ/ਏ.ਟੀ.ਨਿਊਜ਼ :** ਕਾਂਗਰਸ ਵਲੋਂ ਬੀਤੇ ਸਨਿਚਰਵਾਰ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਲਈ ਆਖਰਕਾਰ ਆਪਣੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਗਈ ਹੈ । ਕਾਂਗਰਸ ਨੇ ਆਪਣੀ ਪਹਿਲੀ ਸੂਚੀ ਵਿਚ 117 ਵਿਧਾਨ ਸਭਾ ਸੀਟਾਂ ਵਿਚੋਂ 86 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਵਲੋਂ ਐਲਾਨੀ ਗਈ ਪਹਿਲੀ 'ਹਾਈ ਪ੍ਰੋਫਾਈਲ ਸੂਚੀ' ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੋਂ ਇਲਾਵਾ ਚੰਨੀ ਵਜ਼ਾਰਤ ਦੇ ਤਕਰੀਬਨ ਸਾਰੇ ਮੰਤਰੀਆਂ ਦੇ ਨਾਂਅ ਵੀ ਸ਼ਾਮਿਲ ਹਨ । ਉਪ-ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਓਮ ਪ੍ਰਕਾਸ਼ ਸੋਨੀ ਤੋਂ ਇਲਾਵਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਰਜ਼ੀਆ ਸੁਲਤਾਨਾ, ਅਰੁਣਾ ਚੌਧਰੀ, ਵਿਜੈ ਇੰਦਰ ਸਿੰਗਲਾ, ਗੁਰਕੀਰਤ ਸਿੰਘ ਕੋਟਲੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਪਰਗਟ ਸਿੰਘ, ਰਾਣਾ ਗੁਰਜੀਤ ਸਿੰਘ, ਰਾਜ ਕੁਮਾਰ ਵੇਰਕਾ, ਸੁਖਬਿੰਦਰ ਸਰਕਾਰੀਆ, ਭਾਰਤ ਭੂਸ਼ਣ ਆਸ਼ੂ, ਸੰਗਤ ਸਿੰਘ ਗਿਲਜੀਆਂ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਰਣਦੀਪ ਸਿੰਘ ਨਾਭਾ ਦਾ ਨਾਂ ਵੀ ਸ਼ਾਮਿਲ ਹੈ।

ਪਾਰਟੀ ਵਲੋਂ ਜਾਰੀ ਸੂਚੀ ਮੁਤਾਬਿਕ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਚਮਕੌਰ ਸਾਹਿਬ ਤੋਂ ਹੀ ਚੋਣ ਲੜਨਗੇ। ਆਦਮਪੁਰ ਤੋਂ ਸੁਖਵਿੰਦਰ ਸਿੰਘ ਕੋਟਲੀ ਨੂੰ ਉਮੀਦਵਾਰ ਐਲਾਨਿਆ ਗਿਆ ਜੋ ਬਸਪਾ ਵਿਚ ਸੀਨੀਅਰ ਪ੍ਰਧਾਨ ਰਹਿ ਚੁਕੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਅੰਮ੍ਰਿਤਸਰ ਪੂਰਬੀ, ਸੁਖਜਿੰਦਰ ਸਿੰਘ ਰੰਧਾਵਾ ਡੇਰਾ ਬਾਬਾ ਨਾਨਕ ਅਤੇ ਓ.ਪੀ. ਸੋਨੀ ਅੰਮ੍ਰਿਤਸਰ ਸੈਂਟਰਲ ਤੋਂ ਉਮੀਦਵਾਰ ਐਲਾਨਿਆ ਗਿਆ। ਬਾਕੀ ਉਮੀਦਵਾਰਾਂ ਕੁਲਜੀਤ ਸਿੰਘ ਨਾਗਰਾ ਨੂੰ ਫ਼ਤਹਿਗੜ ਸਾਹਿਬ, ਸੁਖਵਿੰਦਰ ਸਿੰਘ ਡੈਨੀ ਨੂੰ ਜੰਡਿਆਲਾ ਗੁਰੂ, ਸੰਗਤ ਸਿੰਘ ਗਿਲਜੀਆਂ ਨੂੰ ਟਾਂਡਾ ਉੜਮੁੜ ਰਾਜ ਕੁਮਾਰ ਵੇਰਕਾ ਅੰਮ੍ਰਿਤਸਰ ਪੱਛਮੀ, ਰਾਣਾ ਗੁਰਜੀਤ ਸਿੰਘ ਕਪੂਰਥਲਾ, ਤ੍ਰਿਪਤ ਰਜਿੰਦਰ ਸਿੰਘ ਬਾਜਵਾ ਫ਼ਤਹਿਗੜ ਚੂੜੀਆਂ, ਪਰਗਟ ਸਿੰਘ ਜਲੰਧਰ ਕੈਂਟ, ਗੁਰਕੀਰਤ ਸਿੰਘ ਕੋਟਲੀ ਖੰਨਾ, ਭਾਰਤ ਭੂਸ਼ਣ ਆਸ਼ੂ ਲੁਧਿਆਣਾ ਪੱਛਮੀ, ਰਾਜਾ ਵੜਿੰਗ ਗਿੱਦੜਬਾਹਾ, ਭੁਲੱਥ ਤੋਂ ਸੁਖਪਾਲ ਸਿੰਘ ਖਹਿਰਾ ,ਰਜ਼ੀਆ ਸੁਲਤਾਨਾ ਮਲੇਰਕੋਟਲਾ, ਵਿਜੈ ਇੰਦਰ ਸਿੰਗਲਾ ਸੰਗਰੂਰ ਤੋਂ ਉਮੀਦਵਾਰ ਐਲਾਨਿਆ ਗਿਆ ਹੈ।




ਕਾਂਗਰਸ ਦੀ ਸੂਚੀ ਮੁਤਾਬਿਕ ਬ੍ਰਹਮ ਮਹਿੰਦਰਾ ਦੀ ਥਾਂ 'ਤੇ ਉਨਾਂ ਦੇ ਬੇਟੇ ਮੋਹਿਤ ਮਹਿੰਦਰਾ ਨੂੰ ਪਟਿਆਲਾ ਦਿਹਾਤੀ ਤੋਂ ਉਮੀਦਵਾਰ ਐਲਾਨਿਆ ਗਿਆ ਹੈ। ਪਾਰਟੀ ਵਲੋਂ 'ਇਕ ਪਰਿਵਾਰ ਇਕ ਟਿਕਟ' ਦੇ ਸਿਧਾਂਤ ਮੁਤਾਬਿਕ ਬ੍ਰਹਮ ਮਹਿੰਦਰਾ ਜੋ ਕਿ ਪਟਿਆਲਾ ਦਿਹਾਤੀ ਤੋਂ ਕਾਂਗਰਸ ਵਿਧਾਇਕ ਹਨ, ਹੁਣ ਚੋਣ ਨਹੀਂ ਲੜਨਗੇ।

**ਕੈਪਟਨ ਦੇ ਕਰੀਬੀਆਂ ਨੂੰ ਵੀ ਟਿਕਟ**

ਸੂਚੀ ਵਿਚ ਸਭ ਤੋਂ ਦਿਲਚਸਪ ਗੱਲ ਉਨਾਂ ਵਿਧਾਇਕਾਂ ਨੂੰ ਟਿਕਟ ਦੇਣਾ ਹੈ ਜਿਨਾਂ ਤੋਂ ਮੰਤਰੀ ਦਾ ਅਹੁਦਾ ਸਿਰਫ ਇਸ ਲਈ ਲਿਆ ਗਿਆ, ਕਿਉਂਕਿ ਉਹ ਕੈਪਟਨ ਦੇ ਕਰੀਬੀ ਸਨ । ਇਨਾਂ ਵਿਚ ਹੁਸ਼ਿਆਰਪੁਰ ਤੋਂ ਸੁੰਦਰ ਸ਼ਾਮ ਅਰੋੜਾ, ਨਾਭਾ ਤੋਂ ਸਾਧੂ ਸਿੰਘ ਧਰਮਸੋਤ, ਮੁਹਾਲੀ ਤੋਂ ਬਲਬੀਰ ਸਿੰਘ ਸਿੱਧੂ ਅਤੇ ਰਾਮਪੁਰਾ ਫੂਲ ਤੋਂ ਗੁਰਪ੍ਰੀਤ ਸਿੰਘ ਕਾਂਗੜ ਸ਼ਾਮਿਲ ਹਨ। ਇੱਥੋਂ ਤੱਕ ਕਿ ਕੈਪਟਨ ਦੇ ਸਲਾਹਕਾਰ ਰਹੇ ਕੈਪਟਨ ਸੰਦੀਪ ਸੰਧੂ ਨੂੰ ਵੀ ਦਾਖਾ ਤੋਂ ਟਿਕਟ ਦਿੱਤੀ ਗਈ ।

**ਸੁਨੀਲ ਜਾਖੜ ਨਹੀਂ ਲੜਨਗੇ ਚੋਣ**

ਕਾਂਗਰਸ ਦੇ ਸੀਨੀਅਰ ਨੇਤਾ ਅਤੇ ਸਾਬਕਾ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਚੋਣ ਨਹੀਂ ਲੜਨਗੇ। ਜਾਖੜ ਦੀ ਰਵਾਇਤੀ ਸੀਟ ਮੰਨੀ ਜਾਂਦੀ ਅਬੋਹਰ ਤੋਂ ਉਨਾਂ ਦੇ ਭਤੀਜੇ ਸੰਦੀਪ ਜਾਖੜ ਨੂੰ ਟਿਕਟ ਦਿੱਤੀ ਗਈ ਹੈ ।

**ਕਾਂਗਰਸ ਵਿਚ ਉੱਠੀਆਂ ਬਗ਼ਾਵਤੀ ਸੁਰਾਂ**

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਲਈ ਕਾਂਗਰਸੀ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਹੋਣ ਨਾਲ ਪਾਰਟੀ ਅੰਦਰ ਬਗ਼ਾਵਤੀ ਸੁਰਾਂ ਪੈਦਾ ਹੋ ਗਈਆਂ ਹਨ। ਬਗ਼ਾਵਤ ਦੀ ਪਹਿਲ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਘਰ ਤੋਂ ਹੋਈ ਹੈ ਜਿਨਾਂ ਦੇ ਭਰਾ ਡਾ. ਮਨੋਹਰ ਸਿੰਘ ਨੇ ਹਲਕਾ ਬੱਸੀ ਪਠਾਣਾ ਤੋਂ ਆਜ਼ਾਦ ਤੌਰ 'ਤੇ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ।

ਹਲਕਾ ਆਦਮਪੁਰ ਅਤੇ ਜਲੰਧਰ ਕੇਂਦਰੀ ਤੋਂ ਟਿਕਟ ਦੇ ਦਾਅਵੇਦਾਰ ਮਹਿੰਦਰ ਸਿੰਘ ਕੇਪੀ ਨੂੰ ਵੀ ਪਾਰਟੀ ਨੇ ਟਿਕਟ ਨਹੀਂ ਦਿੱਤੀ ਹੈ। ਮੁੱਖ ਮੰਤਰੀ ਚੰਨੀ ਦੇ ਰਿਸ਼ਤੇਦਾਰ ਕੇਪੀ ਨੇ ਵੀ ਸਾਫ਼ ਕਰ ਦਿੱਤਾ ਹੈ ਕਿ ਉਹ ਆਗਾਮੀ ਚੋਣਾਂ ਜ਼ਰੂਰ ਲੜਨਗੇ ਪ੍ਰੰਤੂ ਪਹਿਲਾਂ ਸਮਰਥਕਾਂ ਨਾਲ ਮੀਟਿੰਗ ਕਰਨਗੇ। ਮੋਗਾ ਤੋਂ ਟਿਕਟ ਨਾ ਮਿਲਣ ਮਗਰੋਂ ਵਿਧਾਇਕ ਹਰਜੋਤ ਕਮਲ ਨੇ ਪਹਿਲਾਂ ਹੀ ਭਾਜਪਾ ਦਾ ਪੱਲਾ ਫੜ ਲਿਆ ਹੈ। ਇਸੇ ਤਰਾਂ ਸਾਬਕਾ ਵਿਧਾਇਕ ਅਜੀਤ ਸਿੰਘ ਸ਼ਾਂਤ ਵੀ ਭਾਜਪਾ ਵਿਚ ਚਲੇ ਗਏ ਹਨ। ਮਾਨਸਾ ਤੋਂ ਗਾਇਕ ਸਿੱਧੂ ਮੂਸੇਵਾਲਾ ਨੂੰ ਟਿਕਟ ਦਿੱਤੇ ਜਾਣ ਮਗਰੋਂ ਟਕਸਾਲੀ ਕਾਂਗਰਸੀ **ਬਾਕੀ ਸਫ਼ਾ 30 'ਤੇ**

## ਸਿੱਧੂ ਦੀ ਕਾਂਗਰਸ ਵਿਚ ਚੱਲੀ ਸਰਦਾਰੀ

ਕਾਂਗਰਸ ਵਲੋਂ ਐਲਾਨੀ ਸੂਚੀ ਜੋ ਕਿ ਪਾਰਟੀ ਦੀ ਸਾਂਝੀ ਅਗਵਾਈ ਸਿੱਧੂ, ਚੰਨੀ ਅਤੇ ਸੁਨੀਲ ਜਾਖੜ ਦੀ ਜ਼ੋਰ ਅਜ਼ਮਾਇਸ਼ ਵੀ ਸੀ, ਵਿਚ ਸਿੱਧੂ ਦੀ ਸਰਦਾਰੀ ਹੀ ਚਲਦੀ ਨਜ਼ਰ ਆਈ । ਸੂਚੀ ਵਿਚ ਸਿੱਧੂ ਦੀ ਪਸੰਦ ਦੇ ਕਈ ਉਮੀਦਵਾਰਾਂ ਨੂੰ ਥਾਂ ਮਿਲੀ। ਜਿਨਾਂ ਵਿਚ ਅਦਾਕਾਰ ਸੋਨੂੰ ਸੂਦ ਦੀ ਭੈਣ ਮਾਲਵਿਕਾ ਸੂਦ ਤੋਂ ਇਲਾਵਾ 'ਆਪ' ਤੋਂ ਕਾਂਗਰਸ ਵਿਚ ਆਉਣ ਵਾਲੀ ਰੁਪਿੰਦਰ ਰੂਬੀ ਅਤੇ ਰਜਿੰਦਰ ਕੌਰ ਭੱਠਲ ਦਾ ਨਾਂ ਸ਼ਾਮਿਲ ਹੈ। ਹਾਲਾਂਕਿ ਕਾਂਗਰਸ ਵਲੋਂ ਸੂਚੀ ਨੂੰ ਸੰਤੁਲਿਤ ਰੱਖਣ ਅਤੇ ਬਗਾਵਤੀ ਸੇਕ ਤੋਂ ਬਚਾਉਣ ਦੀ ਕਾਫ਼ੀ ਕੋਸ਼ਿਸ਼ ਕੀਤੀ ਗਈ ਪਰ ਸਿੱਧੂ ਆਪਣੀ ਪਸੰਦ ਦੇ ਉਮੀਦਵਾਰਾਂ ਨੂੰ ਸੂਚੀ ਵਿਚ ਸ਼ਾਮਿਲ ਕਰਵਾਉਣ ਤੋਂ ਇਲਾਵਾ ਆਪਣੇ ਨਾਪਸੰਦ ਦਾਅਵੇਦਾਰਾਂ ਨੂੰ ਬਾਹਰ ਰੱਖਣ ਵਿਚ ਵੀ ਕਾਮਯਾਬ ਰਹੇ। ਫਿਰ ਭਾਵੇਂ ਉਹ ਸ੍ਰੀ ਹਰਿਗੋਬਿੰਦਪੁਰ ਤੋਂ ਬਲਵਿੰਦਰ ਸਿੰਘ ਲਾਡੀ ਹੋਣ ਜਾਂ ਫਿਰ ਆਦਮਪੁਰ ਸੀਟ ਦੇ ਮਹਿੰਦਰ ਸਿੰਘ ਕੇ.ਪੀ. । ਦੂਜੇ ਪਾਸੇ ਮੁੱਖ ਮੰਤਰੀ ਚੰਨੀ ਨਾ ਤਾਂ ਆਦਮਪੁਰ ਤੋਂ ਆਪਣੀ ਪਸੰਦ ਦੇ ਉਮੀਦਵਾਰ ਨੂੰ ਟਿਕਟ ਦਿਵਾ ਸਕੇ ਅਤੇ ਨਾ ਹੀ ਆਪਣੇ ਭਰਾ ਡਾ. ਮਨੋਹਰ ਸਿੰਘ ਦੀ ਦਾਅਵੇਦਾਰੀ ਨੂੰ ਪੁਖਤਾ ਕਰ ਸਕੇ । ਹਾਲਾਂਕਿ ਉਨਾਂ ਦੇ ਭਰਾ ਦੀ ਦਾਅਵੇਦਾਰੀ ਪਾਰਟੀ ਦੇ 'ਇਕ ਪਰਿਵਾਰ, ਇਕ ਟਿਕਟ' 'ਤੇ ਵੀ ਖਰੀ ਨਹੀਂ ਉਤਰਦੀ । ਸਿੱਧੂ ਨੇ ਸੁਲਤਾਨਪੁਰ ਲੋਧੀ ਤੋਂ ਮੰਤਰੀ ਰਾਣਾ ਗੁਰਜੀਤ ਦੇ ਵਿਰੋਧੀ ਨਵਤੇਜ ਚੀਮਾ, ਰਾਏਕੋਟ ਤੋਂ 'ਆਪ' ਛੱਡ ਕੇ ਕਾਂਗਰਸ ਵਿਚ ਸ਼ਾਮਿਲ ਹੋਏ ਵਿਧਾਇਕ ਜਗਤਾਰ ਜੱਗਾ ਦੀ ਥਾਂ 'ਤੇ ਸ਼ਾਮਿਲ ਅਮਰ ਸਿੰਘ ਅਤੇ ਬਠਿੰਡਾ ਦਿਹਾਤੀ ਤੋਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਵਿਰੋਧੀ ਹਰਵਿੰਦਰ ਲਾਡੀ ਨੂੰ ਟਿਕਟ ਦਿਵਾਉਣ ਵਿਚ ਵੀ ਕਾਮਯਾਬ ਹੋ ਗਏ ।ਸਿੱਧੂ ਵਲੋਂ ਪਾਰਟੀ ਵਿਚ ਸ਼ਾਮਿਲ ਕੀਤੇ ਗਏ ਸਿੱਧੂ ਮੂਸੇਵਾਲਾ ਨੂੰ ਵੀ ਮਾਨਸਾ ਤੋਂ ਟਿਕਟ ਦਿੱਤਾ ਗਿਆ।

---

# ਮਜ਼ਾਕ ਬਣ ਕੇ ਰਹਿ ਗਈ ਪੰਜਾਬ ਦੀ ਸਿਆਸਤ



**ਹਰਕੀਰਤ ਕੌਰ**
੯੭੭੯੧੧੮੦੬੬

ਪੰਜਾਬ ਦੀ ਧਰਤੀ ਉਹ ਧਰਤੀ ਹੈ ਜਿਸ ਨੇ ਗੁਰੂ ਪੀਰ, ਯੋਧੇ ਪੈਦਾ ਕੀਤੇ। ਮਹਾਰਾਜਾ ਰਣਜੀਤ ਸਿੰਘ ਵਰਗੇ ਅਜਿਹੇ ਰਾਜੇ ਸਿਆਸਤਦਾਨ, ਆਗੂ ਪੈਦਾ ਕੀਤੇ ਜਿਨਾਂ ਦੇ ਤੇਜ਼ ਅੱਗੇ ਦੁਸ਼ਮਣ ਦੀ ਬਹਾਦੁਰੀ ਹਨੇਰੇ ਵਾਂਗ ਉੱਡਦੀ ਰਹੀ ਹੈ। ਜਿਸਦੇ ਸਾਹਮਣੇ ਵੈਰੀ ਦੇ ਹਥਿਆਰ ਮਿਆਨੋ ਬਾਹਰ ਨਹੀਂ ਸਨ ਨਿਕਲਦੇ ਅਤੇ ਜਿਨਾਂ ਦੇ ਨਾਅਰਿਆਂ ਨਾਲ ਖੈਬਰ ਤੱਕ ਦੀਆਂ ਪਹਾੜੀਆਂ ਕੰਬ ਜਾਂਦੀਆਂ ਰਹੀਆਂ। ਪੰਜ ਦਰਿਆਵਾਂ ਦੀ ਧਰਤੀ ਉੱਪਰ ਘੋੜਿਆਂ ਦੀਆਂ ਟਾਪਾਂ ਸੁਣਾਈ ਦਿੰਦੀਆਂ ਸਨ ਅਤੇ ਆਗੂ ਧੌਣਾਂ ਅਕੜਾ ਕੇ ਚੱਲਦੇ ਹੁੰਦੇ ਸਨ। ਅਜਿਹੇ ਸਿਆਸਤਦਾਨ ਹੋਏ ਕਿ ਅੰਗਰੇਜ਼ ਵੀ ਉਹਨਾਂ ਦੀਆਂ ਨੀਤੀਆਂ ਤੋਂ ਹੈਰਾਨ ਸਨ। ਪਰ ਉਹ ਪੰਜਾਬ ਅੱਜ ਵਰਗਾ ਪੰਜਾਬ ਨਹੀ ਸੀ। ਸਿੱਖਾਂ ਨੇ ਆਪਣਾ ਲਹੂ ਡੋਲ ਕੇ ਆਪਣਾ ਰਾਜ ਕਾਇਮ ਕੀਤਾ ਸੀ ਅਤੇ ਹਿੰਦੂ ਮੁਸਲਮਾਨ ਸਿੱਖ ਸਭ ਨੂੰ ਸਾਂਝੀਵਾਲ ਬਣਾਇਆ ਸੀ। ਉਹ ਇੱਕ ਅਜਿਹਾ ਪੰਜਾਬ ਸੀ ਜਿੱਥੇ ਸਰਦਾਰ ਹਰੀ ਸਿੰਘ ਨਲੂਏ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜੀਆ ਵਰਗੇ ਆਗੂ ਸਨ, ਜੋ ਦੀਨ ਈਮਾਨ ਦੇ ਪੱਕੇ ਅਤੇ ਕਹਿਣੀ ਤੇ ਕਰਨੀ ਦੇ ਪੂਰੇ ਸਨ।

ਪਿਛਲੇ ਦਿਨਾਂ ਦੌਰਾਨ ਜਦੋਂ ਦਾ ਪੰਜਾਬ ਦੇ ਮਾਨਯੋਗ ਸਾਬਕਾ ਮੁੱਖ ਮੰਤਰੀ ਸਾਹਿਬ ਨੂੰ ਅਹੁਦੇ ਤੋਂ ਹਟਾਉਣ ਨਾਲ ਇੱਕ ਨਵਾਂ ਹੀ ਨਾਟਕ ਪੰਜਾਬ ਦੀ ਸਿਆਸਤ ਵਿੱਚ ਵੇਖਣ ਨੂੰ ਮਿਲਿਆ। ਇੱਕ ਦਿਨ ਵਿੱਚ ਚਾਰ ਵਿਅਕਤੀਆਂ ਦਾ ਮੁੱਖ ਮੰਤਰੀ ਬਣਨ ਲਈ ਨਾਮਜ਼ਦ ਹੋਣਾ ਜਿੱਥੇ ਹਾਸੋਹੀਣੀ ਸਥਿਤੀ ਪੈਦਾ ਕਰ ਰਿਹਾ ਸੀ, ਉਥੇ ਨਾਲ ਹੀ ਹੈਰਾਨ ਵੀ ਕਰ ਰਿਹਾ ਸੀ, ਕੀ ਸਾਡੇ ਪੰਜਾਬ ਦੀ ਵਿਵਸਥਾ ਨੂੰ ਸੰਭਾਲਣ ਵਾਲੇ ਐਨੇ ਕਮਜ਼ੋਰ ਹਨ ਕਿ ਉਨਾਂ ਕੋਲੋਂ ਡਟ ਕੇ ਇੱਕ ਫੈਸਲਾ ਨਹੀਂ ਲਿਆ ਜਾ ਰਿਹਾ। ਇਸ ਘਟਨਾ ਨੇ ਇਹ ਤਾਂ ਸਿੱਧ ਕਰ ਦਿੱਤਾ ਕਿ ਸਾਡਾ ਪੰਜਾਬ ਕਿਸੇ ਸੁਰੱਖਿਅਤ ਹੱਥਾਂ ਵਿੱਚ ਨਹੀਂ ਹੈ। ਸਾਡੇ ਕੋਲ ਨਾ ਤਾਂ ਦ੍ਰਿੜ ਫੈਸਲਾ ਲੈਣ ਵਾਲੇ ਫੈਸਲਾਕੁੰਨ ਹਨ ਅਤੇ ਨਾ ਹੀ ਅਜਿਹੇ ਸਿਆਸਤਦਾਨ ਜਿੰਨਾ ਉੱਪਰ ਭਰੋਸਾ ਕਰਕੇ ਪੰਜਾਬ ਦੀ ਡੋਰ ਥਮਾਈ ਜਾ ਸਕੇ। ਚਲੋ ਵਿਚਾਰ ਹੋਇਆ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਹੋਰਾਂ ਨੂੰ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਘੋਸ਼ਿਤ ਕਰ ਦਿੱਤਾ ਗਿਆ। ਪਰ ਪੰਜਾਬ ਵਿਧਾਨ ਸਭਾ ਵਿੱਚ ਹੋਈ ਬੈਠਕ ਵਿੱਚ ਜਿਹੋ ਜਿਹਾ ਮਾਹੌਲ ਵੇਖਣ ਨੂੰ ਮਿਲਿਆ ਮੈ ਉਸ ਤੋਂ ਬਹੁਤ ਹੈਰਾਨ ਸੀ। ਸੋਸ਼ਲ ਮੀਡੀਆ ਉੱਪਰ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਦੇ ਹੋਏ ਆਪਸ ਵਿੱਚ ਸਵਾਲ ਜਵਾਬ ਉਨਾ ਹੈਰਾਨ ਨਹੀਂ ਸਨ ਕਰ ਰਹੇ ਜਿੰਨਾ ਇਹ ਵੇਖ ਕੇ ਅਚੰਭਿਤ ਸਾਂ ਕਿ ਪੰਜਾਬ ਦੇ ਸਭ ਤੋਂ ਵੱਡੇ ਸਰਕਾਰੀ ਅਦਾਰੇ ਵਿੱਚ ਅਨੁਸ਼ਾਸਨ ਦੀ ਕਿੰਨੀ ਕਮੀ ਹੈ। ਦੋਨਾਂ ਧਿਰਾਂ ਦੀ ਹੋ ਰਹੀ ਬਹਿਸਬਾਜ਼ੀ ਤੋਂ ਇਹ ਸਾਬਿਤ ਹੋ ਰਿਹਾ ਸੀ ਕਿ ਇਹ ਸਿਆਸਤਦਾਨਾਂ ਦੀ ਬੈਠਕ ਨਹੀਂ ਸਗੋਂ ਇੱਕ ਜੁਗਲਬੰਦੀ ਹੋ ਰਹੀ ਹੈ, ਜਿਸ ਵਿੱਚ ਇੱਕ ਦੂਸਰੇ ਨੂੰ ਟਿੱਚਰਾਂ ਕੀਤੀਆਂ ਜਾ ਰਹੀਆਂ ਹਨ। ਸਰਦਾਰ ਚਰਨਜੀਤ ਸਿੰਘ ਚੰਨੀ ਦੇ ਜਵਾਬਾਂ ਨੂੰ ਵੇਖ ਭਾਵੇਂ ਪੂਰਾ ਪੰਜਾਬ ਹੱਸ ਰਿਹਾ ਹੈ, ਪਰ ਮੈਨੂੰ ਲੱਗਦਾ ਹੈ ਕਿ ਹੱਸਣ ਵਾਲੀ ਨਹੀਂ ਬਲਕਿ ਚਿੰਤਾ ਕਰਨ ਵਾਲੀ ਗੱਲ ਹੈ ਕਿ ਸਾਡਾ ਪੰਜਾਬ ਕਿੰਨਾਂ ਹੱਥਾਂ ਵਿੱਚ ਜਾ ਰਿਹਾ ਹੈ ਅਤੇ ਉਸਤੋਂ ਵੀ ਵੱਡੀ ਗੱਲ ਕਿ ਸਾਡੇ ਸਿਆਸਤਦਾਨ ਕਿੰਨੇ ਗੈਰ-ਜਿੰਮੇਵਾਰ ਹਨ। ਇਹ ਵੀ ਸੋਚਣ ਵਾਲੀ ਗੱਲ ਹੈਂ ਕਿ ਅਜਿਹੇ ਕਿਹੜੇ ਹਾਲਾਤ ਪੈਦਾ ਹੋਏ ਹੋਣਗੇ ਜਿਨਾਂ ਕਰਕੇ ਮੁੱਖ ਮੰਤਰੀ ਅਸਤੀਫ਼ਾ ਦੇਣ ਲਈ ਮਜ਼ਬੂਰ ਹੋ ਗਏ। ਸਾਡੀ ਤਰਾਸਦੀ ਹੈ ਕਿ ਸੜਕਾਂ ਉੱਪਰ ਕਿਸਾਨ ਰੁੱਲ ਰਹੇ ਹਨ ਪਰ ਇੱਕ ਵੀ ਅਜਿਹਾ ਸਿਆਸਤਦਾਨ ਸਾਡੇ ਕੋਲ ਨਹੀਂ ਹੈ ਜੋ ਇਹ ਕਹਿ ਸਕੇ ਕਿ ਮੈਂ ਕਿਸਾਨਾਂ ਨਾਲ ਹਿੱਕ ਤਾਣ ਕੇ ਖੜਾ ਹਾਂ। ਜਿੰਨੀ ਦੇਰ ਸਾਡੇ ਕੋਲ ਜਿੰਮੇਵਾਰ ਨੁਮਾਇੰਦੇ ਨਹੀ ਹੋਣਗੇ, ਅਸੀਂ ਕਿਸੇ ਵੀ ਤਬਦੀਲੀ ਦੀ ਆਸ ਨਹੀਂ ਰੱਖ ਸਕਦੇ। ਮੇਰਾ ਮੰਨਣਾ ਹੈ ਕਿ ਜਦੋਂ ਅਜਿਹੀਆਂ ਸਥਿਤੀਆਂ ਬਣਦੀਆਂ ਹਨ ਤਾਂ ਸਾਨੂੰ ਹੱਸਣ ਦੀ ਬਜਾਏ ਚਿੰਤਤ ਹੋਣਾ ਚਾਹੀਦਾ ਹੈ। ਕਿੰਨੀ ਹੈਰਾਨਗੀ ਭਰੀ ਗੱਲ ਹੈ ਕਿ ਸਾਡੇ ਪੰਜਾਬੀ ਕਨੈਡਾ, ਅਮਰੀਕਾ, ਇੰਗਲੈਂਡ ਵਰਗੇ ਦੇਸ਼ਾਂ ਦੀ ਵਿਵਸਥਾ ਨੂੰ ਚਲਾ ਰਹੇ ਹਨ, ਕੈਨੇਡਾ ਵਿੱਚ ਜਗਮੀਤ ਸਿੰਘ ਪ੍ਰਧਾਨ ਮੰਤਰੀ ਦੇ ਪਦ ਲਈ ਚੋਣ ਲੜ ਰਹੇ ਹਨ, ਪਰ ਇੱਕ ਸਾਡੇ ਪੰਜਾਬੀ ਸਿਆਸਤਦਾਨ ਹਨ ਜਿਨਾਂ ਨੂੰ ਹਾਸੋਹੀਣੀਆਂ ਗੱਲਾਂ ਕਰਨ ਤੋਂ ਵਿਹਲ ਨਹੀਂ।

ਇਹ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ, ਜਿੰਨਾ ਕੌਮਾਂ ਦੇ ਆਗੂ ਚੰਗੇ, ਸੂਝਵਾਨ ਅਤੇ ਜਿੰਮੇਵਾਰ ਨਾ ਹੋਣ ਉਹ ਆਪ ਤਾਂ ਡੁੱਬਦੇ ਹਨ ਕੌਮਾਂ ਨੂੰ ਵੀ ਲੈ ਡੁੱਬਦੇ ਹਨ। ਸੋ ਜਰੂਰਤ ਸਾਨੂੰ ਸਾਰਿਆਂ ਨੂੰ ਜਾਗਰੂਕ ਹੋਣ ਦੀ, ਥੋੜੀ ਸਿਆਣਪ ਤੋਂ ਕੰਮ ਲੈਣ ਦੀ, ਥੋੜੇ ਗੰਭੀਰ ਹੋਣ ਦੀ ਕਿਉਂਕਿ ਅੱਜ ਪੰਜਾਬ ਦੀ ਉਸ ਸਿਆਸਤ ਦਾ ਮਜ਼ਾਕ ਬਣ ਰਿਹਾ ਹੈ, ਜਿਸ ਦੇ ਪੁਰਖੇ ਮਹਾਰਾਜਾ ਰਣਜੀਤ ਸਿੰਘ ਜੀ ਸਨ।

ਅੰਮ੍ਰਿਤਸਰ ਟਾਈਮਜ਼ AMRITSAR TIMES

19 ਜਨਵਰੀ 2022 ਤੋਂ 25 ਜਨਵਰੀ 2022

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਅਤੇ ਆਮ ਆਦਮੀ ਪਾਰਟੀ

ਪੰਜਾਬ ਵਿੱਚ ਅਗਲੇ ਮਹੀਨੇ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ ਜਿਸ ਕਰਕੇ ਸਾਰੀਆਂ ਪਾਰਟੀਆਂ ਆਪੋ ਆਪਣੀ ਥਾਂ ਪੱਕੀ ਕਰਨ ਲਈ ਜੋੜ ਤੋੜ ਕਰ ਰਹੀਆਂ ਹਨ। ਸਿਆਸੀ ਪਾਰਟੀਆਂ ਦਾ ਪੂਰਾ ਯਤਨ ਹੈ ਕਿ ਇਸ ਵਕਤ ਕੋਈ ਵੀ ਉਹਨਾਂ ਤੋਂ ਖਫ਼ਾ ਨਾ ਹੋਵੇ। ਇਸ ਸਭ ਦੇ ਚਲਦਿਆਂ ਪਿਛਲੇ ਕੁਝ ਸਮੇਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਮੁੜ ਚਰਚਾ ਵਿੱਚ ਹੈ। ਬੰਦੀ ਸਿੰਘਾਂ ਦੀ ਰਿਹਾਈ ਲਈ ਲੰਘੀ 26 ਦਸੰਬਰ 2021 ਨੂੰ ਦੇਸ ਵਿਦੇਸ ਵਿੱਚ ਅਰਦਾਸ ਸਮਾਗਮ ਕਰਵਾਏ ਗਏ। 11 ਜਨਵਰੀ 2022 ਨੂੰ ਫਤਹਿਗੜ੍ਹ ਸਾਹਿਬ ਤੋਂ ਚੰਡੀਗੜ੍ਹ 'ਰਿਹਾਈ ਮਾਰਚ' ਕੀਤਾ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਸਲੇ ਵਿੱਚ ਲਗਾਤਾਰ ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ ਮੁਹਿੰਮ ਚਲਾਈ ਜਾ ਰਹੀ ਹੈ।

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਸਿੱਖ ਸਿਆਸੀ ਕੈਦੀ ਹਨ ਜੋ ਪਿਛਲੇ ਤਕਰੀਬਨ ਤਿੰਨ ਦਹਾਕਿਆਂ ਤੋਂ ਇੰਡੀਆ 'ਚ ਨਜ਼ਰਬੰਦ ਹਨ। ਹੁਣ ਉਹ ਸਾਲ 2015 ਤੋਂ ਅੰਮ੍ਰਿਤਸਰ ਹਨ, ਜਿੱਥੇ ਉਹਨਾਂ ਦਾ ਇਲਾਜ ਵੀ ਚੱਲ ਰਿਹਾ ਹੈ। ਸਾਲ 2019 ਵਿੱਚ ਪਹਿਲੇ ਪਾਤਿਸਾਹ ਦੇ ਪ੍ਰਕਾਸ਼ ਪੁਰਬ 'ਤੇ ਕੇਂਦਰ ਸਰਕਾਰ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾਅ ਕਰਨ ਦਾ ਫੈਸਲਾ ਕੀਤਾ ਸੀ। ਉਸ ਤੋਂ ਬਾਅਦ ਮਨਿੰਦਰਜੀਤ ਸਿੰਘ ਬਿੱਟਾ ਨੇ ਇਸ ਫੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਦਿੱਤੀ ਸੀ ਜਿਸ ਤੋਂ ਬਾਅਦ ਸੁਪਰੀਮ ਕੋਰਟ ਨੇ ਇਸ ਉੱਤੇ ਸਟੇਅ ਲਗਾ ਦਿੱਤੀ ਸੀ। ਲੰਘੀ 9 ਦਸੰਬਰ ਨੂੰ ਸੁਪਰੀਮ ਕੋਰਟ ਨੇ ਮਨਿੰਦਰਜੀਤ ਸਿੰਘ ਬਿੱਟਾ ਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਪਟੀਸ਼ਨ ਖਾਰਜ ਹੋਣ ਤੋਂ ਬਾਅਦ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਸਬੰਧੀ ਸਾਰੇ ਕਨੂੰਨੀ ਅੜਿੱਕੇ ਦੂਰ ਹੋ ਗਏ ਅਤੇ ਅਰਵਿੰਦ ਕੇਜਰੀਵਾਲ ਦੇ ਦਸਤਖ਼ਤਾਂ ਕਰਕੇ ਉਹਨਾਂ ਦੀ ਰਿਹਾਈ ਦੀ ਗੱਲ ਅੜੀ ਹੋਈ ਹੈ। ਐਸ.ਆਰ.ਬੀ (ਸੈਨਟੈਂਸ ਰੀਵਿਊ ਬੋਰਡ) ਦਾ ਚੇਅਰਪਰਸਨ ਦਿੱਲੀ ਦਾ ਗ੍ਰਹਿ ਮੰਤਰੀ ਹੁੰਦਾ ਹੈ। ਬੇਸ਼ੱਕ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਸ੍ਰੀ ਅੰਮ੍ਰਿਤਸਰ ਹਨ ਪਰ ਉਹ ਦਿੱਲੀ ਦੇ ਕੈਦੀ ਹਨ ਜਿਸ ਕਰਕੇ ਓਹਨਾ ਦੀ ਰਿਹਾਈ ਲਈ ਕੇਜਰੀਵਾਲ ਦੇ ਦਸਤਖ਼ਤ ਹੋਣੇ ਹਨ।

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਸਬੰਧੀ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਵਾਰ ਵਾਰ ਸਵਾਲ ਕੀਤੇ ਜਾ ਰਹੇ ਹਨ। ਹੁਣ ਸਿੱਖ ਪ੍ਰਚਾਰਕਾਂ/ਕਾਰਕੁੰਨਾਂ ਵੱਲੋਂ 'ਆਪ' ਦੇ ਵਿਰੋਧ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਜਿੱਥੇ 'ਆਪ' ਨਾਲ ਸਬੰਧਿਤ ਕੁਝ ਆਗੂਆਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਨਾਲ ਕੇਜਰੀਵਾਲ ਦਾ ਕੋਈ ਸਬੰਧ ਨਹੀਂ ਹੈ। ਉੱਥੇ ਇਸ ਪਾਰਟੀ ਨਾਲ ਸਬੰਧਿਤ ਕੁਝ ਚਰਚਿਤ ਚਿਹਰਿਆਂ ਦੇ ਬਿਆਨ ਕੁਝ ਹੋਰ ਕਹਿ ਰਹੇ ਹਨ। ਭਗਵੰਤ ਮਾਨ ਨੇ ਇੱਕ ਚੈਨਲ ਨੂੰ ਇਸ ਮਸਲੇ ਵਿੱਚ ਕਿਹਾ ਹੈ ਕਿ "ਇਹ ਸਾਡੇ ਧਿਆਨ 'ਚ ਹੈ, ਐਲ.ਜ਼ੀ ਕੋਲ ਫਾਈਲ ਪਈ ਹੈ। ਜੋ ਵੀ ਕਨੂੰਨੀ ਕਾਰਵਾਈ ਹੈ ਅਸੀਂ ਕਰ ਦਵਾਂਗੇ। ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ, ਅਸੀਂ ਕਿਸੇ ਨਾਲ ਧੱਕਾ ਨਹੀਂ ਕਰਦੇ।" ਆਮ ਆਦਮੀ ਪਾਰਟੀ ਦੇ ਕੁਲਤਾਰ ਸਿੰਘ ਸੰਧਵਾ (ਐਮ.ਐਲ.ਏ) ਨੇ ਇੱਕ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ "ਸਾਡੀ ਗੱਲ ਹੋਈ ਹੈ, ਅਸੀਂ 40 ਦੇ ਕਰੀਬ ਉਮੀਦਵਾਰ ਸੀ ਜਿੰਨ੍ਹਾਂ ਨੇ ਇਹ ਅਵਾਜ਼ ਚੁੱਕੀ ਹੈ। ਇਹ ਗੱਲ ਅਸੀਂ ਅਰਵਿੰਦ ਕੇਜਰੀਵਾਲ ਕੋਲ ਰੱਖੀ ਹੈ ਅਤੇ ਅਸੀਂ ਇਹ ਕਰਵਾਵਾਂਗੇ।" ਵਕੀਲ ਜਸਪਾਲ ਸਿੰਘ ਮੰਝਪੁਰ ਦੇ ਦੱਸਣ ਅਨੁਸਾਰ 'ਆਪ' ਦੇ ਉਮੀਦਵਾਰ ਬਲਜਿੰਦਰ ਕੌਰ ਨੇ ਉਹਨਾਂ ਨੂੰ ਕਿਹਾ ਹੈ ਕਿ ਕੇਜਰੀਵਾਲ ਹਿੰਦੂ ਵੋਟਾਂ ਟੁੱਟਣ ਦੇ ਡਰੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਫਾਈਲ 'ਤੇ ਦਸਤਖ਼ਤ ਨਹੀਂ ਕਰ ਰਹੇ। 'ਆਪ' ਦੇ ਮਨਵਿੰਦਰ ਸਿੰਘ ਨੇ ਜਸਪਾਲ ਸਿੰਘ ਨੂੰ ਕਿਹਾ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਫਾਈਲ ਕੇਜਰੀਵਾਲ ਦੇ ਘਰ ਪਈ ਹੈ ਅਤੇ ਓਹ ਢੁੱਕਵੇਂ ਸਮੇਂ ਦੀ ਉਡੀਕ ਕਰ ਰਹੇ ਹਨ।

ਇਨੀ ਦਿਨੀਂ ਕੇਜਰੀਵਾਲ ਦੀ ਇੱਕ ਵੀਡੀਓ ਵੀ ਬਿਜਲ ਸੱਥ ਉੱਤੇ ਘੁੰਮ ਰਹੀ ਹੈ ਜਿਸ ਵਿੱਚ ਅਰਵਿੰਦ ਕੇਜਰੀਵਾਲ ਨੂੰ ਪੁੱਛਿਆ ਜਾਂਦਾ ਹੈ ਕਿ ਕਿਹਾ ਜਾ ਰਿਹਾ ਹੈ ਜੇਕਰ ਬੀ.ਜੇ.ਪੀ ਹਿੰਦੁਤਵਾ ਹੈ ਤਾਂ ਆਮ ਆਦਮੀ ਪਾਰਟੀ ਲੰਬੇ ਸਮੇਂ ਦੀ ਯੋਜਨਾ ਲਈ 'ਹਲਕਾ ਹਿੰਦੁਤਵਾ' ਕਰ ਰਹੀ ਹੈ। ਤਾਂ ਅਰਵਿੰਦ ਕੇਜਰੀਵਾਲ ਕਹਿੰਦੇ ਹਨ ਕਿ ਕਿਸ ਨੇ ਕਿਹਾ ਹਲਕਾ? ਅਸੀਂ ਅਸਲੀ ਹਿੰਦੁਤਵਾ ਹਾਂ, ਉਹ ਫਰਜ਼ੀ ਹਿੰਦੁਤਵਾ ਹਨ। ਜ਼ਿਕਰਯੋਗ ਹੈ ਕਿ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਿੱਚ ਕੀਤੀ ਤਿਰੰਗਾ ਰੈਲੀ ਦੇ ਰਾਗ ਵੀ ਕੁਝ ਅਜਿਹਾ ਹੀ ਦਰਸਾਅ ਰਹੇ ਹਨ।

ਇਸ ਦੇ ਨਾਲ ਹੀ ਬਿਜਲ ਸੱਥ ਉੱਤੇ ਇੱਕ ਚਿੱਠੀ ਵੀ ਚਰਚਾ ਵਿੱਚ ਹੈ ਜਿਸ ਤੋਂ ਇਹ ਜਾਣਕਾਰੀ ਮਿਲ ਰਹੀ ਹੈ ਕਿ 11 ਦਸੰਬਰ 2020 ਦੀ ਮੀਟਿੰਗ ਵਿੱਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਫਾਈਲ ਰੱਦ ਕਰ ਦਿੱਤੀ ਗਈ ਹੈ। ਇਸ ਚਿੱਠੀ ਬਾਰੇ ਫਿਲਹਾਲ ਸਪਸ਼ਟਤਾ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਕਿਉਂਕਿ ਅਜੇ ਇਸ ਬਾਰੇ ਕੋਈ ਬਹੁਤੀ ਜਾਣਕਾਰੀ ਸਾਹਮਣੇ ਨਹੀਂ ਆਈ ਪਰ ਅਸੀਂ ਭਲੀਭਾਂਤ ਇਹ ਗੱਲ ਜਾਣਦੇ ਹਾਂ ਕਿ 19 ਦਸੰਬਰ 2019 ਤੋਂ 9 ਦਸੰਬਰ 2021 ਤੱਕ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਫੈਸਲੇ ਉੱਤੇ ਸੁਪਰੀਮ ਕੋਰਟ ਵੱਲੋਂ ਸਟੇਅ ਲੱਗੀ ਰਹੀ ਹੈ। ਸੋ ਇਸ ਸਮੇਂ ਦੌਰਾਨ ਉਹਨਾਂ ਦੀ ਰਿਹਾਈ ਦੀ ਫਾਈਲ ਨੂੰ ਕਨੂੰਨ ਅਨੁਸਾਰ ਰੱਦ ਨਹੀਂ ਕੀਤਾ ਜਾ ਸਕਦਾ ਸੀ।

ਆਮ ਆਦਮੀ ਪਾਰਟੀ ਦੇ ਕੇਵਲ ਸਿੰਘ ਜਾਗੋਵਾਲ (ਜਿਲ੍ਹਾ ਸੱਕਤਰ, ਮਲੇਰਕੋਟਲਾ) ਨੇ ਆਪਣੀ ਫੇਸਬੁੱਕ ਉੱਤੇ ਲਿਖਿਆ ਹੈ ਕਿ "ਪ੍ਰੋਫੈਸਰ ਸਾਹਿਬ ਦੀ ਰਿਹਾਈ ਲਈ 2019 'ਚ ਕੇਂਦਰ ਵੱਲੋਂ ਸੁਰੂਆਤ ਕਰ ਦਿੱਤੀ ਸੀ ਪਰ ਇਸ ਰਿਹਾਈ ਦੇ ਵਿਰੋਧ 'ਚ ਮਨਿੰਦਰਜੀਤ ਬਿੱਟਾ ਨੇ ਸੁਪਰੀਮ ਕੋਰਟ 'ਚ ਰਿਟ ਪਾ ਦਿੱਤੀ ਸੀ ਅਤੇ ਇਹ ਰਿਹਾਈ ਰੁਕ ਗਈ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਇਹ ਰਿਹਾਈ ਰੁਕੀ ਹੋਈ ਸੀ ਅਤੇ ਹੁਣ ਵੀਹ ਦਿਨ ਪਹਿਲਾਂ ਇਹ ਰਿਟ ਖਾਰਜ ਹੋਈ ਹੈ ਅਤੇ ਇਹਦੇ 'ਤੇ ਜੇਲ ਦੇ ਕੈਦੀਆਂ ਦਾ ਮੁਲਾਂਕਣ ਕਰਨ ਵਾਲੇ ਪੈਨਲ ਦੀ ਕਾਰਵਾਈ ਰਹਿੰਦੀ ਹੈ। ਇਹ ਪੈਨਲ ਹਰ ਰੋਜ ਨਹੀਂ ਬੈਠਦਾ, ਇਹਦਾ ਇੱਕ ਨਿਰਧਾਰਿਤ ਸਮਾਂ ਹੁੰਦਾ ਹੈ ਅਤੇ ਉਦੋਂ ਹੀ ਪ੍ਰੋਫੈਸਰ ਸਾਹਿਬ ਅਤੇ ਹੋਰ ਕੈਦੀਆਂ ਦੀ ਰਿਹਾਈ ਬਾਰੇ ਫੈਸਲਾ ਲਿਆ ਜਾਵੇਗਾ।"

ਵੱਖੋ-ਵੱਖਰੇ ਬਿਆਨਾਂ ਦੀ ਥਾਂ ਸਮਾਂ ਵਿਚਾਰਦਿਆਂ 'ਆਮ ਆਦਮੀ ਪਾਰਟੀ' ਨੂੰ ਪੰਜਾਬ ਦੇ ਲੋਕਾਂ ਨੂੰ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ 'ਦਿੱਲੀ ਸਰਕਾਰ' ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਵਾਲੀ ਫਾਈਲ ਉੱਤੇ ਦਸਤਖ਼ਤ ਕਿਉਂ ਨਹੀਂ ਕੀਤੇ ਜਾ ਰਹੇ? ਜੇਕਰ ਘੁੰਮ ਰਹੀ ਚਿੱਠੀ ਮੁਤਾਬਿਕ ਇਹ ਰਿਹਾਈ ਰੱਦ ਕਰ ਦਿੱਤੀ ਗਈ ਹੈ ਤਾਂ ਉਹ ਸੁਪਰੀਮ ਕੋਰਟ ਦੇ ਫੈਸਲੇ ਦੇ ਉਲਟ ਜਾ ਕੇ ਕਿਉਂ ਕੀਤੀ ਗਈ? ਜੇਕਰ ਇਸੇ ਨੂੰ ਕੇਜਰੀਵਾਲ ਅਸਲੀ ਹਿੰਦੁਤਵਾ ਕਹਿ ਰਹੇ ਹਨ ਤਾਂ 'ਆਪ' ਨਾਲ ਸਬੰਧਿਤ ਪੰਜਾਬ ਦੇ ਲੋਕਾਂ ਨੂੰ ਇਸ ਨੂੰ ਗੰਭੀਰਤਾ ਨਾਲ ਲੈਣ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ। ਭਗਵੰਤ ਮਾਨ ਦੇ ਬਿਆਨ ਅਨੁਸਾਰ ਜੇਕਰ ਵਾਕਿਆ ਹੀ ਫਾਈਲ ਐਲ.ਜ਼ੀ ਕੋਲ ਹੈ ਤਾਂ ਇਸ ਦਾ ਮਤਲਬ ਐਸ.ਆਰ.ਬੀ (ਸੈਨਟੈਂਸ ਰੀਵਿਊ ਬੋਰਡ) ਵੱਲੋਂ ਫਾਈਲ ਪਾਸ ਹੋ ਕੇ ਚਲੀ ਗਈ ਹੈ। ਇਹਨਾਂ ਗੱਲਾਂ ਬਾਰੇ ਕੇਜਰੀਵਾਲ ਜਾਂ ਆਮ ਆਦਮੀ ਪਾਰਟੀ ਵੱਲੋਂ ਜਲਦੀ ਤੋਂ ਜਲਦੀ ਕੋਈ ਠੋਸ ਜਾਣਕਾਰੀ ਜਨਤਕ ਕਰਨੀ ਚਾਹੀਦੀ ਹੈ।

# ਕਿਸਾਨ ਜਥੇਬੰਦੀਆਂ ਵਿਧਾਨ ਸਭਾ ਚੋਣ ਜਿੱਤਣ ਲਈ ਗੰਭੀਰਤਾ ਨਾਲ ਸੋਚਣ



ਸੁੱਚਾ ਸਿੰਘ ਗਿੱਲ

ਕਿਸਾਨ ਅੰਦੋਲਨ ਦੀ ਜਿੱਤ ਤੋਂ ਬਾਅਦ ਪੰਜਾਬ ਵਿੱਚ ਸਿਆਸੀ ਪਾਰਟੀਆਂ ਵਲੋਂ ਚੋਣ ਪ੍ਰਚਾਰ ਤੇਜ਼ ਹੋ ਗਿਆ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ ਸਿਆਸੀ ਪਾਰਟੀਆਂ ਉਪਰ ਲਗਾਈਆਂ ਪਾਬੰਦੀਆਂ ਹਟਾ ਦਿਤੀਆਂ ਗਈਆਂ ਹਨ। ਇਸ ਕਾਰਨ ਪਾਰਟੀਆਂ ਵਲੋਂ ਚੋਣ ਰੈਲੀਆਂ ਅਤੇ ਸਮਾਗਮ ਕਰਵਾਏ ਜਾ ਰਹੇ ਹਨ। ਤਰਾਂ ਤਰਾਂ ਦੇ ਲੋਕ-ਲੁਭਾਊ ਵਾਅਦੇ ਕੀਤੇ ਜਾ ਰਹੇ ਹਨ। ਲੋਕਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਅਤੇ ਸੇਵਾਵਾਂ ਨੂੰ ਮੁਫ਼ਤ ਜਾਂ ਸਸਤੇ ਰੇਟਾਂ 'ਤੇ ਦੇਣ ਦੇ ਵਾਅਦੇ ਕੀਤੇ ਜਾ ਰਹੇ ਹਨ। ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ 'ਤੇ ਵੱਡੇ ਵੱਡੇ ਇਸ਼ਤਿਹਾਰ ਦਿਤੇ ਜਾ ਰਹੇ ਹਨ। ਅਸੈਂਬਲੀ ਸੀਟਾਂ ਤੋਂ ਉਮੀਦਵਾਰਾਂ ਦੇ ਨਾਵਾਂ ਦੀ ਘੋਸ਼ਣਾ ਕੀਤੀ ਜਾ ਰਹੀ ਹੈ। ਲੀਡਰਾਂ ਦਾ ਇਕ ਪਾਰਟੀ ਵੱਲੋਂ ਦੂਜੀਆਂ ਪਾਰਟੀਆਂ ਵਿੱਚ ਸ਼ਾਮਲ ਹੋਣ ਦਾ ਰੁਝਾਨ ਵੀ ਸਰਗਰਮ ਹੈ।

ਇਨਾਂ ਹਾਲਤਾਂ ਵਿੱਚ ਕਿਸਾਨ ਅੰਦੋਲਨ ਵਿੱਚ ਸ਼ਾਮਲ ਕਾਫੀ ਜਥੇਬੰਦੀਆਂ ਵੀ ਇਸ ਪ੍ਰਕਿਰਿਆ ਤੋਂ ਅਭਿੰਨ ਨਹੀਂ ਰਹਿ ਸਕੀਆਂ ਅਤੇ 22 ਕਿਸਾਨ ਜੱਥੇਬੰਦੀਆਂ ਵਲੋਂ 'ਸੰਯੁਕਤ ਸਮਾਜ ਮੋਰਚਾ' ਨਾਮ ਦੀ ਸਿਆਸੀ ਪਾਰਟੀ ਬਣਾ ਕੇ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਗਿਆ ਹੈ। ਨਾਲ ਹੀ ਕੁਝ ਕਿਸਾਨ ਜਥੇਬੰਦੀਆਂ ਨੇ ਸੰਯੁਕਤ ਸਮਾਜ ਮੋਰਚੇ ਵਿੱਚ ਸ਼ਾਮਲ ਨਾ ਹੋਣ ਦਾ ਐਲਾਨ ਕਰ ਦਿੱਤਾ ਹੈ। ਤਿੰਨ ਕਿਸਾਨ ਜਥੇਬੰਦੀਆਂ ਅਜੇ ਸੋਚ ਵਿਚਾਰ ਵਿੱਚ ਲੱਗੀਆਂ ਹੋਈਆਂ ਹਨ ਕਿ ਸੰਯੁਕਤ ਸਮਾਜ ਮੋਰਚੇ ਵਿੱਚ ਸ਼ਾਮਲ ਹੋਇਆ ਜਾਵੇ ਜਾਂ ਨਾ ਸ਼ਾਮਲ ਹੋਇਆ ਜਾਵੇ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਵਲੋਂ ਆਪਣੇ ਆਪ ਨੂੰ ਵੱਖ ਰੱਖਦੇ ਹੋਏ ਜ਼ਿਲਾ ਪੱਧਰੀ ਧਰਨਿਆਂ ਦਾ ਐਲਾਨ ਕੀਤਾ ਗਿਆ ਹੈ। ਗ਼ੌਰਤਲਬ ਹੈ ਕਿ 32 ਕਿਸਾਨ ਜਥੇਬੰਦੀਆਂ ਨੇ ਵਲੋਂ ਇਕਠੇ ਮਿਲ ਕੇ ਪੰਜਾਬ ਤੋਂ ਜੂਨ 2020 ਵਿੱਚ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਸ਼ੁਰੂ ਕੀਤਾ ਸੀ ਅਤੇ ਫਿਰ ਅੰਦੋਲਨ ਦੇ ਅਗਲੇ ਪੜਾਅ ਦੌਰਾਨ ਨਵੰਬਰ 2020 ਵਿੱਚ ਸੰਯੁਕਤ ਕਿਸਾਨ ਮੋਰਚਾ ਬਣਾ ਕੇ ਦਿਲੀ ਮੋਰਚਾ ਸ਼ੁਰੂ ਕੀਤਾ ਗਿਆ ਸੀ ਅਤੇ ਮੋਰਚੇ ਨੇ ਸਾਲ ਬਾਅਦ ਜਿੱਤ ਪ੍ਰਾਪਤ ਕਰਨ ਵਿੱਚ ਸਫਲਤਾ ਹਾਸਲ ਕੀਤੀ ਸੀ। ਪਰ ਹੁਣ ਉਹ ਸੰਯੁਕਤ ਕਿਸਾਨ ਮੋਰਚਾ ਵਿਚਾਰਧਾਰਾ ਦੇ ਆਧਾਰ 'ਤੇ ਲਗਭਗ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਨਜ਼ਰ ਆ ਰਿਹਾ ਹੈ।

ਸੰਯੁਕਤ ਕਿਸਾਨ ਮੋਰਚੇ ਦੀ ਯੋਗ ਅਗਵਾਈ ਸਦਕਾ ਕਿਸਾਨ ਅੰਦੋਲਨ ਦੀ ਜਿੱਤ ਹੋਈ ਹੈ। ਇੱਕ ਸਾਲ ਤੋਂ ਵੱਧ ਸਮੇਂ ਤਕ ਚਲੇ ਕਿਸਾਨ ਅੰਦੋਲਨ ਨੇ ਕਾਫੀ ਵੱਡੀ ਪੱਧਰ 'ਤੇ ਸਮਾਜਿਕ ਸਰਮਾਇਆ ਪੈਦਾ ਕੀਤਾ ਹੈ ਅਤੇ ਆਪਸੀ ਭਾਈਚਾਰਕ ਸਾਂਝ ਬਣਾਈ ਸੀ। ਅੰਦੋਲਨ ਨੂੰ ਸ਼ਾਂਤਮਈ ਰੱਖਣ ਬਾਰੇ ਪ੍ਰਪਕੱਤਾ, ਏਕਤਾ, ਸਾਂਝੀਵਾਲਤਾ, ਬਰਾਬਰੀ ਅਤੇ ਭਾਈਚਾਰਕ ਸਾਂਝ ਦੇ ਮੁਦਿਆਂ ਕਾਰਨ ਅੰਦੋਲਨ ਇਕ ਨਵਾਂ ਬਿਰਤਾਂਤ/ਗੋਸ਼ਟ ਉਸਾਰਨ ਵਿੱਚ ਕਾਮਯਾਬ ਹੋਇਆ ਸੀ। ਦਿੱਲੀ ਦੀਆਂ ਬਰੂਹਾਂ 'ਤੇ ਧਰਨਾ ਸਥਾਨ ਆਮ ਲੋਕਾਂ ਲਈ ਖਿੱਚ ਦਾ ਕੇਂਦਰ ਬਿੰਦੂ ਬਣ ਗਏ ਸਨ। ਇਨਾਂ ਕੇਂਦਰਾਂ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਦੇ ਨਾਲ ਔਰਤਾਂ, ਨੌਜਵਾਨਾਂ ਅਤੇ ਕਿਰਤੀਆਂ ਦੀ ਸ਼ਮੂਲੀਅਤ ਅਤੇ ਸਾਂਝੇ ਲੰਗਰਾਂ ਦੀ ਸੇਵਾ ਨੇ ਇਨਾਂ ਨੂੰ ਬਰਾਬਰੀ ਵਾਲੇ ਸਮਾਜਿਕ ਪਰਿਵਾਰਾਂ ਵਿੱਚ ਤਬਦੀਲ ਕਰ ਦਿੱਤਾ ਸੀ। ਇਸ ਕਰ ਕੇ ਇਹ ਲੋਕਾਂ ਦੀ ਖਿੱਚ ਦਾ ਕਾਰਨ ਬਣ ਗਏ ਸਨ। ਮੱਧ ਵਰਗੀ ਪਰਿਵਾਰ ਇਨਾਂ ਕੇਂਦਰਾਂ 'ਤੇ ਤੀਰਥ ਯਾਤਰਾ ਦੀ ਤਰਾਂ ਇਨਾਂ ਨੂੰ ਵੇਖਣ ਆਉਣ ਲਗ ਪਏ ਸਨ।

ਇਨਾਂ ਕੇਂਦਰਾਂ ਵਿੱਚ ਜ਼ਿੰਦਗੀ ਦੀ ਵਿਲੱਖਣਤਾ ਕਾਰਨ ਅਤੇ ਮੋਰਚੇ ਦੇ ਸ਼ਾਂਤਮਈ ਸੰਚਾਲਨ ਕਾਰਨ ਸਮਾਜ ਦੇ ਕਈ ਵਰਗਾਂ ਵਲੋਂ ਕਿਸਾਨ ਅੰਦੋਲਨ ਦੀ ਹਮਾਇਤ ਵਿੱਚ ਆਪ ਮੁਹਾਰੇ ਨਿਤਰ ਆਉਣ ਦਾ ਫੈਸਲਾ ਕੀਤਾ ਗਿਆ ਸੀ। ਇਸ ਅੰਦੋਲਨ ਦੇ ਸਾਂਝੀਵਾਲਤਾ, ਭਾਈਚਾਰਕ ਸਾਂਝ, ਬਰਾਬਰੀ ਅਤੇ ਸਰਬੱਤ ਦੇ ਭਲੇ ਦੇ ਸੰਕਲਪ ਕਾਰਨ ਬਹੁਤ ਸਾਰੇ ਵਿਦਵਾਨਾਂ ਅਤੇ ਵਿਚਾਰਵਾਨਾਂ ਨੂੰ ਇਸ ਵਿੱਚ ਭਵਿੱਖ ਦੀਆਂ ਕਈ ਸੰਭਾਵਨਾਵਾਂ ਨਜ਼ਰ ਆਉਣ ਲੱਗ ਪਈਆਂ ਸਨ। ਖਾਸ ਕਰ ਕੇ ਕਿਸਾਨੀ ਅਤੇ ਖੇਤੀ ਦੇ ਸੰਕਟ ਦੇ ਹੱਲ ਨਜ਼ਰ ਆਉਣ ਲੱਗ ਪਏ ਸਨ। ਇਸ ਅੰਦੋਲਨ ਦਾ ਫੈਲਾਅ ਅਤੇ ਸੰਸਾਰ ਪ੍ਰਸਿੱਧੀ ਕਾਰਨ ਦੇਸ਼ ਵਿੱਚ ਆਜ਼ਾਦੀ ਦੇ ਦੌਰ ਦੀਆਂ ਕੁਰਬਾਨੀਆਂ ਅਤੇ ਵਿਰਸੇ ਮੁਤਾਬਕ ਲੋਕ ਇਕ ਨਵੇਂ ਸਮਾਜ ਦੀ ਸਿਰਜਣਾ ਦਾ ਦੌਰ ਦੇਖਣ ਲਗ ਪਏ ਸਨ। ਕੁਝ ਵਿਦਵਾਨਾਂ ਵੱਲੋਂ ਇਸ ਅੰਦੋਲਨ ਵਿੱਚ ਭਾਰਤ ਦੇ ਰਿਪਬਲਿਕ ਨੂੰ ਨਵੀਂ ਦਿਸ਼ਾ ਮਿਲਦੀ ਨਜ਼ਰ ਆਈ ਸੀ। ਬਹੁਤ ਦੇਰ ਬਾਅਦ ਲੋਕ ਸੌੜੇ ਸਿਆਸੀ ਹਿੱਤਾਂ ਤੋਂ ਉੱਪਰ ਉੱਠ ਕੇ ਦੇਸ਼ ਅਤੇ ਲੋਕਾਂ ਦੇ ਭਲੇ ਲਈ ਸੋਚਣ ਲਗ ਪਏ ਸਨ। ਐਸੇ ਲੋਕ ਹਿੱਤ ਸਮਾਜਿਕ ਸਰਮਾਏ ਨੂੰ ਬਚਾਉਣ ਦੀ ਅਜੋਕੇ ਸਮੇਂ ਵਿੱਚ ਬਹੁਤ ਜ਼ਿਆਦਾ ਜ਼ਰੂਰਤ ਹੈ। ਇਸ ਕੀਮਤੀ ਸਰਮਾਏ ਨੂੰ ਪੈਦਾ ਕਰਨ ਵਿੱਚ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਨੇ ਅਹਿਮ ਭੂਮਿਕਾ ਨਿਭਾਈ ਹੈ। ਇਹ ਹੀ ਇਹ ਸਰਮਾਏ ਦੇ ਅਸਲੀ ਵਾਰਸ ਹੋਣ ਦੇ ਹੱਕਦਾਰ ਹਨ। ਇਨਾਂ ਦੀ ਹੀ ਮੁੱਖ ਜ਼ਿੰਮੇਵਾਰੀ ਇਸ ਵਿਰਸੇ ਨੂੰ ਸੰਭਾਲਣ ਦੀ ਬਣਦੀ ਹੈ।

ਪੰਜਾਬ ਵਿੱਚ ਅਗਾਮੀ ਅਸੈਂਬਲੀ ਚੋਣਾਂ ਬਾਰੇ ਕਿਸਾਨ ਜਥੇਬੰਦੀਆਂ ਅਤੇ ਆਗੂਆਂ ਦੀ ਸੋਚ ਅਤੇ ਸਮਝ ਵਿੱਚ ਵਖਰੇਵੇਂ ਨਜ਼ਰ ਆ ਰਹੇ ਹਨ। ਕਿਸਾਨ ਆਗੂਆਂ ਉਪਰ ਆਮ ਲੋਕਾਂ ਦਾ ਦਬਾਅ ਅਤੇ ਸਮਝ ਦਾ ਪ੍ਰਭਾਵ ਹੈ ਕਿ ਉਹ ਅੱਗੇ ਆ ਕੇ ਚੋਣਾਂ ਲੜਨ। ਇਹ ਸਮਝ ਕੁਝ ਵਿਦਵਾਨਾਂ ਦੀ ਵੀ ਹੈ ਕਿ ਮੌਜੂਦਾ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਪਿਛਲੇ ਸਮੇਂ ਦੌਰਾਨ ਕਾਫ਼ੀ ਮਾੜੀ ਰਹੀ ਹੈ। ਇਹ ਸਿਆਸੀ ਪਾਰਟੀਆਂ ਪੰਜਾਬ ਸਿਰ ਕਰਜ਼ੇ ਦੀ ਪੰਡ ਚੜ੍ਹਾਉਣ ਲਈ ਜ਼ਿੰਮੇਵਾਰ ਹਨ। ਇਨਾਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵਿੱਚ ਡੋਬਣ ਦਾ ਕੰਮ ਕੀਤਾ ਹੈ। ਨੌਜਵਾਨਾਂ ਵਾਸਤੇ ਲੋੜੀਂਦੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਬਜਾਏ ਇਨਾਂ ਮੌਕਿਆਂ ਨੂੰ ਘਟਾਉਣ ਦਾ ਯਤਨ ਕੀਤਾ ਹੈ। ਪੱਕੀਆਂ ਨੌਕਰੀਆਂ ਦੇਣ ਦੀ ਥਾਂ ਠੇਕੇ ਦੇ ਅਧਾਰ 'ਤੇ ਭਰਤੀਆਂ ਕੀਤੀਆਂ ਗਈਆਂ ਹਨ। ਰੁਜ਼ਗਾਰ ਮੰਗਦੇ ਨੌਜਵਾਨਾਂ 'ਤੇ ਡਾਂਗਾਂ ਵਰਾਈਆਂ ਜਾਂਦੀਆਂ ਹਨ। ਲਾਇਕ ਅਤੇ ਹੁਨਰਮੰਦ ਨੌਜਵਾਨ ਪੰਜਾਬ ਨੂੰ ਛੱਡ ਕੇ ਦੇਸ਼ ਦੇ ਹੋਰ ਰਾਜਾਂ ਅਤੇ ਵਿਦੇਸ਼ਾਂ ਵੱਲ ਨੂੰ ਵਹੀਰਾਂ ਘੱਤ ਰਹੇ ਹਨ। ਇਨਾਂ ਨੇਤਾਵਾਂ ਕੋਲ ਕਿਸਾਨੀ ਸੰਕਟ ਦਾ ਕੋਈ ਹੱਲ ਨਹੀਂ ਹੈ ਅਤੇ ਨਾ ਹੀ ਇਸ ਬਾਰੇ ਕੋਈ ਪ੍ਰੋਗਰਾਮ ਹੈ। ਇਹ ਲੋਕ ਲੁਭਾਊ ਲਾਰਿਆਂ ਨਾਲ ਤਾਕਤ ਵਿੱਚ ਆ ਕੇ ਸੂਬੇ ਦੇ ਸਾਧਨਾਂ ਅਤੇ ਲੋਕਾਂ ਨੂੰ ਲੁੱਟਣਾ ਚਾਹੁੰਦੇ ਹਨ। ਐਸੇ ਲੀਡਰਾਂ ਤੋਂ ਨਿਜਾਤ ਪਾਉਣ ਲਈ ਕੁਝ ਲੋਕਾਂ ਅਤੇ ਵਿਦਵਾਨਾਂ ਦਾ ਕਹਿਣਾ ਹੈ ਕਿ ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿੱਚ ਮੋਰਚਾ ਬਣਾ ਕੇ ਚੋਣਾਂ ਲੜੀਆਂ ਜਾਣ ਅਤੇ ਪੰਜਾਬ ਦੇ ਲੋਕਾਂ ਦੇ ਮਸਲਿਆਂ ਨੂੰ ਹੱਲ ਕੀਤਾ ਜਾਵੇ। ਇਸ ਸੋਚ ਦੇ ਆਧਾਰ 'ਤੇ 22 ਕਿਸਾਨ ਜੱਥੇਬੰਦੀਆਂ ਵੱਲੋਂ ਸੰਯੁਕਤ ਸਮਾਜ ਮੋਰਚੇ ਦਾ ਗਠਨ ਕਰ ਕੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਫੈਸਲਾ ਲਿਆ ਗਿਆ ਹੈ। ਇਸ ਫ਼ੈਸਲੇ ਨਾਲ ਕੁਝ ਜਥੇਬੰਦੀਆਂ ਵੱਲੋਂ ਅਸਹਿਮਤੀ ਪ੍ਰਗਟਾਈ ਗਈ ਹੈ। ਭਾਵੇਂ ਸੰਯੁਕਤ ਸਮਾਜ ਮੋਰਚੇ ਦੇ ਲੀਡਰਾਂ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਸੰਯੁਕਤ ਕਿਸਾਨ ਮੋਰਚੇ ਨੂੰ ਕਾਇਮ ਰੱਖਿਆ ਜਾਵੇਗਾ, ਪਰ ਫਿਰ ਵੀ ਇਸ ਨਾਲ ਕਿਸਾਨ ਜਥੇਬੰਦੀਆਂ ਵਿੱਚ ਮੱਤਭੇਦ ਨਜ਼ਰ ਆਉਣ ਲੱਗ ਪਏ ਹਨ। ਇਹ ਮੱਤਭੇਦ ਵਧ ਸਕਣ ਦੇ ਸੰਕੇਤ ਮਿਲ ਰਹੇ ਹਨ ਅਤੇ ਹੋਰ ਵਧਣ ਦਾ ਖਤਰਾ ਵੀ ਵਧ ਗਿਆ ਹੈ। ਇਸ ਸਮੱਸਿਆ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਨੂੰ ਕਿਸਾਨ ਅੰਦੋਲਨ ਵਲੋਂ ਪੈਦਾ ਕੀਤੇ ਸਮਾਜਿਕ ਸਰਮਾਏ ਨੂੰ ਬਚਾਉਣ ਦੇ ਨਜ਼ਰੀਏ ਤੋਂ ਵੇਖਣ ਦੀ ਲੋੜ ਹੈ। ਇਸ ਕਰ ਕੇ ਕਿਸਾਨ ਜਥੇਬੰਦੀਆਂ ਦੀ ਲੀਡਰਸ਼ਿਪ ਨੂੰ ਬੜੀ ਸੰਜੀਦਗੀ ਨਾਲ ਸੋਚਣ ਅਤੇ ਵਿਚਾਰਨ ਦੀ ਲੋੜ ਹੈ। ਚੋਣਾਂ ਲੜ ਰਹੀਆਂ ਜਥੇਬੰਦੀਆਂ ਅਤੇ ਚੋਣਾਂ ਨਾ ਲੜ ਰਹੀਆਂ ਜਥੇਬੰਦੀਆਂ ਨੂੰ ਆਪਸ ਵਿੱਚ ਭਰਾਤਰੀ ਜਥੇਬੰਦੀਆਂ ਦੇ ਤੌਰ 'ਤੇ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਕਿ ਭਾਈਚਾਰਕ ਸਾਂਝ ਕਾਇਮ ਰੱਖੀ ਜਾ ਸਕੇ। ਚੋਣਾਂ ਦੇ ਨਤੀਜੇ ਕੁਝ ਵੀ ਹੋਣ ਕਿਸਾਨੀ ਅਤੇ ਖੇਤੀ ਸੰਕਟ ਸਾਡੇ ਸਾਹਮਣੇ ਮੌਜੂਦ ਹਨ, ਜਿਨਾਂ ਦੇ ਹੱਲ ਵਾਸਤੇ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਮਿਲ ਕੇ ਬੈਠਣਾ ਪਵੇਗਾ। ਇਹ ਸੰਕਟ ਆਪਣੇ ਆਪ ਹੱਲ ਨਹੀਂ ਹੋਣਗੇ। ਇਸ ਤੋਂ ਇਲਾਵਾ ਪੰਜਾਬ ਦੀਆਂ ਹੋਰ ਸਮੱਸਿਆਵਾਂ ਜਿਵੇਂ ਨੌਜਵਾਨਾਂ ਦੀ ਬੇਰੁਜ਼ਗਾਰੀ, ਠੇਕਾ ਮੁਲਜ਼ਮਾਂ ਨੂੰ ਪੱਕੇ ਕਰਨਾ, ਮੁਲਾਜ਼ਮਾਂ ਦੀਆਂ ਤਨਖ਼ਾਹਾਂ, ਪੈਨਸ਼ਨਾਂ ਦਾ ਇੰਤਜ਼ਾਮ ਕਰਨਾ, ਕਰਜ਼ੇ ਦੀ ਪੰਡ ਨੂੰ ਲਾਹੁਣਾ, ਵਿਦਿਆ ਅਤੇ ਸਿਹਤ ਸਹੂਲਤਾਂ ਨੂੰ ਠੀਕ ਕਰਨਾ ਅਤੇ ਕਾਫ਼ੀ ਹੋਰ ਮੁਦਿਆਂ ਨੂੰ ਨਜਿੱਠਣ ਵਾਸਤੇ ਸਰਕਾਰ ਉਪਰ ਦਬਾਅ ਪਾਉਣ ਵਾਸਤੇ ਲੋਕਾਂ ਨੂੰ ਸੰਯੁਕਤ ਕਿਸਾਨ ਮੋਰਚੇ ਵਰਗੇ ਸੰਗਠਨਾਂ ਦੀ ਲੋੜ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਜ਼ਿਆਦਾ ਪੈਣੀ ਹੈ। ਸਰਕਾਰ ਭਾਵੇਂ ਸੰਯੁਕਤ ਸਮਾਜ ਮੋਰਚੇ ਦੀ ਬਣੇ ਜਾਂ ਕਿਸੇ ਹੋਰ ਪਾਰਟੀ ਦੀ ਬਣੇ, ਉਸ ਨੂੰ ਸਹੀ ਰਸਤੇ 'ਤੇ ਰੱਖਣ ਵਾਸਤੇ ਕਿਸਾਨ ਅੰਦੋਲਨ ਦੌਰਾਨ ਪੈਦਾ ਕੀਤੇ ਸਰਮਾਏ, ਸਾਂਝ ਅਤੇ ਸੁਹਿਰਦਤਾ 'ਤੇ ਹੀ ਟੇਕ ਰਖਣੀ ਪੈਣੀ ਹੈ। ਇਸ ਦੀ ਰਾਖੀ ਕਰਨਾ ਸਾਡੇ ਸਾਰਿਆਂ ਦੇ ਅਤੇ ਸੂਬੇ ਦੇ ਹਿੱਤ ਵਿੱਚ ਹੈ। ਇਸ ਦੀ ਮਜ਼ਬੂਤੀ ਤੋਂ ਬਗ਼ੈਰ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਵੀ ਨਹੀਂ ਬਚਾਇਆ ਜਾ ਸਕਦਾ। ਇਸ ਤਰਾਂ ਸਾਫ਼ ਹੈ ਕਿ ਇਹ ਸੂਬੇ ਦੇ ਵਿਕਾਸ ਲਈ ਬੇਹੱਦ ਜ਼ਰੂਰੀ ਹੈ। ਸਮੇਂ ਦੀ ਮੰਗ ਹੈ ਕਿ ਪਿਛਲੇ ਡੇਢ ਸਾਲ ਦੇ ਸਮੇਂ ਦੌਰਾਨ ਬਣੀ ਰਵਾਇਤੀ ਸਾਂਝ ਅਨੁਸਾਰ ਕਿਸਾਨ ਜਥੇਬੰਦੀਆਂ ਵਿੱਚ ਗੱਲਬਾਤ/ਗੋਸ਼ਟੀਆਂ ਨੂੰ ਜਾਰੀ ਰਖਿਆ ਜਾਵੇ। ਇਕ ਦੂਜੇ ਦੀ ਸਥਿਤੀ ਨੂੰ ਸਮਝ ਕੇ ਸਾਂਝ ਕਾਇਮ ਰੱਖਣੀ ਸਮੇਂ ਦੀ ਇਤਿਹਾਸਕ ਲੋੜ ਹੈ। ਵਿਚਾਰਾਂ ਦੀ ਵਿਭਿੰਨਤਾ ਦਾ ਸਤਿਕਾਰ ਕਰਦਿਆਂ ਆਮ ਸਹਿਮਤੀ ਬਣਾਈ ਜਾ ਸਕਦੀ ਹੈ। ਇਸ ਤੋਂ ਇਨਕਾਰੀ ਹੋਣਾ ਖਤਰਨਾਕ ਸਿੱਧ ਹੋ ਸਕਦਾ ਹੈ। ਇਸ ਨਾਜ਼ੁਕ ਮੋੜ 'ਤੇ ਕਿਸਾਨ ਜਥੇਬੰਦੀਆਂ ਨੂੰ ਜ਼ਿਆਦਾ ਗੰਭੀਰਤਾ ਨਾਲ ਸੋਚਣ, ਵਿਚਾਰਨ ਅਤੇ ਵਿਚਰਨ ਦੇ ਦੌਰ ਵਿਚੋਂ ਗੁਜ਼ਰਨਾ ਪਵੇਗਾ

# ਪੰਜਾਬ ਦੀ ਲੋਕ ਵਿਰੋਧੀ ਸਿਆਸਤ ਤੇ ਕਿਸਾਨ ਸਿਆਸੀ ਜਥੇਬੰਦੀ

**ਦਰਬਾਰਾ ਸਿੰਘ ਕਾਹਲੋਂ**

ਦੇਸ਼ ਵਿਚ ਅਜ਼ਾਦੀ ਤੋਂ ਬਾਅਦ ਕੁਝ ਐਸੇ ਵਰਤਾਰੇ ਅਤੇ ਵਿਵਸਥਾ ਦਾ ਝੌਲਾ ਪੈਂਦਾ ਤਾਂ ਵਿਖਾਈ ਦਿੱਤਾ ਪਰ ਜਿਉਂ-ਜਿਉਂ ਭਾਰਤੀ ਲੋਕਤੰਤਰ ਅੱਗੇ ਵਧਿਆ ਇਹ ਬਹੁਤ ਹੀ ਸ਼ਰਮਨਾਕ, ਅਪਰਾਧਕ, ਲੋਕ ਵਿਰੋਧੀ, ਭ੍ਰਿਸ਼ਟਾਚਾਰੀ, ਵਿਭਚਾਰੀ ਕੁਸੰਗਤੀਆਂ ਵੱਲ ਵਧਦਾ ਚਲਾ ਗਿਆ। ਰਾਜਨੀਤਕ ਪਾਰਟੀਆਂ ਏਕਾਧਿਕਾਰਵਾਦੀ ਰਹਿਨੁਮਾਵਾਂ ਦੀਆਂ ਦਸੀਆਂ ਬਣ ਕੇ ਰਹਿ ਗਈਆਂ। ਇਨਾਂ ਰਾਜਨੀਤਕ ਆਗੂਆਂ ਨੇ ਅਜਿਹੀ ਪ੍ਰਬੀਨਤਾ ਨਾਲ ਜਨਤਾ ਨੂੰ ਸੱਤਾ ਪ੍ਰਾਪਤੀ ਲਈ ਲੋਕ-ਲੁਭਾਊ ਰਾਜਨੀਤੀ ਦੇ ਚਿੱਕੜ ਵਿਚ ਸੁੱਟ ਦਿੱਤਾ ਜੋ ਹੁਣ ਭਾਰਤ ਦੀ ਆਰਥਿਕਤਾ ਨੂੰ ਚੂਸਣ ਵਾਲੀਆਂ ਜੋਕਾਂ ਬਣ ਚੁੱਕੇ ਹਨ। ਭਾਰਤੀ ਚੋਣ ਕਮਿਸ਼ਨ ਨੇ 5 ਰਾਜਾਂ ਜਿਵੇਂ ਯੂ.ਪੀ., ਪੰਜਾਬ, ਉੱਤਰਾਖੰਡ, ਗੋਆ, ਮਨੀਪੁਰ ਲਈ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਯੂ.ਪੀ. ਵਿਚ 10 ਫਰਵਰੀ ਤੋਂ 7 ਮਾਰਚ ਤਕ 7 ਗੇੜਾਂ ਵਿਚ, ਮਨੀਪੁਰ ਵਿਚ ਦੋ ਗੇੜਾਂ ਵਿਚ ਜਦਕਿ ਪੰਜਾਬ, ਉੱਤਰਾਖੰਡ, ਗੋਆ ਅੰਦਰ 14 ਫਰਵਰੀ ਨੂੰ ਇੱਕੋ ਗੇੜ ਵਿਚ ਚੋਣਾਂ ਸੰਪੰਨ ਕਰਾਈਆਂ ਜਾਣਗੀਆਂ। ਚੋਣ ਨਤੀਜੇ ਯੂ.ਪੀ. ਦੇ 403, ਪੰਜਾਬ ਦੇ 117, ਉੱਤਰਾਖੰਡ ਦੇ 70, ਮਨੀਪੁਰ ਦੇ 60 ਅਤੇ ਗੋਆ ਦੇ 40 ਵਿਧਾਨ ਸਭਾ ਹਲਕਿਆਂ ਲਈ 10 ਮਾਰਚ ਨੂੰ ਐਲਾਨ ਕੀਤੇ ਜਾਣਗੇ। ਕੋਰੋਨਾ ਕਾਰਨ ਰੈਲੀਆਂ ’ਤੇ ਪਾਬੰਦੀ ਸ਼ਲਾਘਾਯੋਗ ਕਦਮ ਹੈ। ਵੈਸੇ ਤਾਂ ਸਾਰੇ ਦੇਸ਼ ਅੰਦਰ ਆਏ ਦਿਨ ਰਾਜਨੀਤੀ ਦਾ ਮਿਆਰ ਡਿੱਗਦਾ ਨਜ਼ਰ ਆਉਂਦਾ ਹੈ ਪਰ ਪੰਜਾਬ ਦੇਸ਼ ਦੀ ਆਜ਼ਾਦੀ 15 ਅਗਸਤ 1947 ਨੂੰ ਅਤੇ ਪਹਿਲੀ ਨਵੰਬਰ 1966 ਨੂੰ ਦੋ ਵਾਰ ਵੰਡਿਆ ਗਿਆ।

ਇਹੋ ਨਹੀਂ, 10-12 ਸਾਲਾ ਪੰਜਾਬ ਤ੍ਰਾਸਦੀ ਨਾਲ ਬੁਰੀ ਤਰਾਂ ਤੁੰਬੇ, ਸੰਨ 2007 ਤੋਂ ਬਾਅਦ ਰੇਤ-ਬੱਜਰੀ, ਸ਼ਰਾਬ, ਨਸ਼ੀਲੇ ਪਦਾਰਥਾਂ, ਕੇਬਲ, ਟਰਾਂਸਪੋਰਟ, ਲੈਂਡ, ਗੈਂਗਸਟਰ ਮਾਫ਼ੀਆਵਾਂ ਉਪਰੰਤ ਸਥਾਪਤ ਰਾਜਨੀਤਕ ਮਾਫ਼ੀਆ ਨਿਜ਼ਾਮ ਰਾਹੀਂ ਲੁੱਟੇ-ਪੁੱਟੇ ਪੰਜਾਬ ਦੀ ਰਾਜਨੀਤੀ ਅੰਦਰ ਜਿੰਨਾ ਹੇਠਲੇ ਪੱਧਰ ਦਾ ਰਾਜਨੀਤਕ ਗੰਧਲਾ ਮਿਆਰ ਵੇਖਣ ਨੂੰ ਮਿਲਿਆ, ਇਸ ਨੇ ਸਮੂਹ ਪੰਜਾਬੀਆਂ ਨੂੰ ਸ਼ਰਮਸਾਰ ਕਰ ਕੇ ਰੱਖ ਦਿੱਤਾ ਹੈ। ਨਿੱਜੀ ਖ਼ੁਦਗਰਜ਼ੀ, ਪਰਿਵਾਰਕ ਅਤੇ ਏਕਾਧਿਕਾਰਕ ਮਾਫ਼ੀਆਵਾਦੀ ਰਾਜਨੀਤੀ ਅੰਦਰ ਸੱਤਾ ਪ੍ਰਾਪਤੀ ਖ਼ਾਤਰ ਹਰ ਰਾਜਨੀਤਕ ਪਾਰਟੀ ਅਤੇ ਇਸ ਦੇ ਆਗੂਆਂ ਨੇ ਸੰਵਿਧਾਨਕ ਅਤੇ ਕਾਨੂੰਨੀ ਹੱਦਾਂ-ਬੰਨੇ ਤੋੜ ਸੁੱਟੇ ਹਨ। ਸੱਤਾ ਪ੍ਰਾਪਤੀ ਲਈ ਸਭ ਰਾਜਨੀਤਕ ਪਾਰਟੀਆਂ ਦੇ ਆਗੂ ਇਕ ਹਮਾਮ ਵਿਚ ਨੰਗੇ ਵੇਖੇ ਜਾਂਦੇ ਹਨ। ਅੱਤ ਦੀ ਬੇਸ਼ਰਮੀ ਨਾਲ ਇਨਾਂ ਵੱਲੋਂ ਸੰਨ 1980ਵੇਂ ਦਹਾਕੇ ਤਕ ਸਰਪਲੱਸ ਬਜਟ ਵਾਲੇ ਪੰਜਾਬ ਨੂੰ 7 ਲੱਖ ਕਰੋੜ ਦੇ ਕਰਜ਼ੇ ਹੇਠ ਦਰੜ ਕੇ ਰੱਖ ਦਿੱਤਾ ਗਿਆ ਹੈ। ਅਜਿਹੀ ਅੱਤ ਦੀ ਚਿੰਤਾਜਨਕ ਵਿੱਤੀ ਸਥਿਤੀ ਵਿਚ ਹਰ ਪਾਰਟੀ ਤੇ ਆਗੂ ਚੋਣਾਂ ਜਿੱਤਣ ਲਈ ਲੋਕ-ਲੁਭਾਊ ਤੇ ਮੁਫ਼ਤਖੋਰ ਸਕੀਮਾਂ ਦੀ ਬਰਸਾਤ ਕਰ ਰਹੇ ਹਨ ਜਿਸ ਨੂੰ ਪੰਜਾਬ ਦੇ ਪ੍ਰਸਿੱਧ ਅਰਥ ਸ਼ਾਸਤਰੀ ਅਤੇ ਖੇਤੀ ਵਿਗਿਆਨੀ ਡਾ. ਸਰਦਾਰਾ ਸਿੰਘ ਜੌਹਲ ਅਤੇ ਡਾ. ਕ੍ਰਿਪਾਲ ਸਿੰਘ ਔਲਖ ‘ਖ਼ਾਲੀ ਝੋਲੀ ਪਤਾਸੇ ਵੰਡਣ’ ਦਾ ਰਾਜਨੀਤਕ ਗ਼ੁਨਾਹ ਕਰਾਰ ਦਿੰਦੇ ਹਨ। ਸੱਤਾਧਾਰੀ ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਇੱਕ-ਦੂਜੇ ਤੋਂ ਵਧ-ਵਧ ਕੇ ਲੋਕ-ਲੁਭਾਊ ਪ੍ਰੋਗਰਾਮਾਂ ਦੇ ਐਲਾਨ ਕਰ ਚੁੱਕੀਆਂ ਹਨ। ਅਜੇ ਇਨਾਂ ਪ੍ਰੋਗਰਾਮਾਂ ਨਾਲ ਭਰਪੂਰ ਇਨਾਂ ਦੇ ਚੋਣ ਮੈਨੀਫੈਸਟੋ ਆਉਣੇ ਹਨ। ਅਜਿਹਾ ਹੀ ਭਾਜਪਾ, ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਅਤੇ ਸੁਖਦੇਵ ਸਿੰਘ ਢੀਂਡਸਾ ਦੇ ਸੰਯੁਕਤ ਅਕਾਲੀ ਦਲ ਦੇ ਗੱਠਜੋੜ ਤੇ ਹੋਰਾਂ ਦੇ ਚੋਣ ਮੈਨੀਫੈਸਟੋਆਂ ਵਿਚੋਂ ਵੀ ਨਜ਼ਰ ਆਵੇਗਾ।

ਵਿਸ਼ਵ ਪ੍ਰਸਿੱਧ ਇਤਿਹਾਸਕ ਕਿਸਾਨ ਅੰਦੋਲਨ ਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਜਿੱਤ ਦੇ ਮਹਾਰਥੀ ਪੰਜਾਬ ਨਾਲ ਸਬੰਧਤ ਕਿਸਾਨ ਆਗੂ ਜੋ ਅੱਜ ਪੰਜਾਬ ਚੋਣਾਂ ਪ੍ਰਤੀ ਨਿੱਜੀ, ਕਿਸਾਨੀ ਅਤੇ ਜਨਤਕ ਹਿੱਤਾਂ ਲਈ ਇਕਜੁੱਟ ਨਹੀਂ, ਉਨਾਂ ਵਿਚੋਂ ਕਰੀਬ 20-22 ਗੁੱਟ ਸੰਯੁਕਤ ਸਮਾਜ ਮੋਰਚੇ ਅਧੀਨ ਚੋਣਾਂ ਲੜ ਰਹੇ ਹਨ, ਦਾ ਰਾਜਨੀਤਕ ਪ੍ਰੋਗਰਾਮ ਤੇ ਮੈਨੀਫੈਸਟੋ ਵੀ ਆਉਣਾ ਬਾਕੀ ਹੈ। ਆਮ ਆਦਮੀ ਪਾਰਟੀ ਸਮੇਤ ਸਭ ਰਵਾਇਤੀ ਪਾਰਟੀਆਂ ਇਨਾਂ ਚੋਣਾਂ ਵਿਚ ਸਾਮ, ਦਾਮ, ਦੰਡ, ਭੇਦ ਦੀ ਜੁਗਤ ਨਾਲ ਜਿੱਤ ਪ੍ਰਾਪਤ ਕਰਨ ਲਈ ਜ਼ੋਰ ਲਗਾਉਣਗੀਆਂ। ਸੰਯੁਕਤ ਸਮਾਜ ਮੋਰਚਾ ਤਮਾਮ 117 ਹਲਕਿਆਂ ’ਤੇ ਚੋਣ ਲੜ ਰਿਹੈ। ਹਕੀਕਤ ਇਹ ਹੈ ਕਿ ਰਵਾਇਤੀ ਪਾਰਟੀਆਂ ਦੇ ਲੋਕ- ਲੁਭਾਊ ਤੇ ਮੁਫ਼ਤਖੋਰ ਪ੍ਰੋਗਰਾਮਾਂ ਨੇ ਪੰਜਾਬ ਦੇ ਲੋਕਾਂ ਨੂੰ ਇਕ ਐਸੀ ਕੁੰਭੀ ਸਿਆਸੀ ਦਲਦਲ ’ਚ ਧੱਕ ਰੱਖਿਆ ਹੈ ਜਿਸ ਵਿਚੋਂ ਉਨਾਂ ਨੂੰ ਕਿਵੇਂ ਬਾਹਰ ਕੱਢਣਾ ਅਤੇ ਸੰਯੁਕਤ ਸਮਾਜ ਮੋਰਚੇ ਦੀ ਚੋਣ ਪ੍ਰਕਿਰਿਆ ਦੀ ਅਗਵਾਈ ਕਰਨ ਯੋਗ ਬਣਾਉਣਾ ਇਕ ਬਹੁਤ ਹੀ ਟੇਢੀ ਅਤੇ ਔਝੜ ਭਰੀ ਚੁਣੌਤੀ ਹੈ। ਸਿਆਸੀ ਮਾਫ਼ੀਆ ਜੋ ਰਾਜ ਦੀ ਸ਼ਕਤੀ ’ਤੇ ਕਾਬਜ਼ ਹੈ, ਉਸ ਅੱਗੇ ਰਾਜ ਸ਼ਕਤੀ ਏਨੀ ਹੀਣੀ ਹੈ ਅਤੇ ਇਨਾਂ ਦੀ ਦਾਸੀ ਬਣੀ ਬੈਠੀ ਹੈ ਕਿ ਉਹ ਰੇਤ-ਬੱਜਰੀ, ਸ਼ਰਾਬ, ਨਸ਼ੀਲੇ ਪਦਾਰਥਾਂ, ਕੇਬਲ, ਟਰਾਂਸਪੋਰਟ ਅਤੇ ਗੈਂਗਸਟਰ ਮਾਫ਼ੀਆਵਾਂ ਵਿਰੁੱਧ ਕਾਰਵਾਈ ਕਰਨੋਂ ਅਸਮਰੱਥ ਹੈ।

ਸੰਨ 2015 ਦੇ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਫੜਨ ਲਈ ਨਾਕਾਮ ਰਹੀ ਹੈ। ਉਲਟਾ ਬੇਅਦਬੀ ਕਾਂਡ ਦੇ ਦੋਸ਼ ਹੇਠ ਜੇਲ ’ਚ ਬੰਦ ਸੌਦਾ ਸਾਧ ਦੇ ਡੇਰੇ ਦੇ ਸਮਾਗਮਾਂ ’ਚ ਨਤਮਸਤਕ ਹੋ ਰਹੇ ਹਨ ਸਿਆਸੀ ਮਾਫ਼ੀਆ ਨਾਲ ਸਬੰਧਤ ਆਗੂ। ਸਿਆਸੀ ਮਾਫ਼ੀਆ ਅੱਗੇ ਪੰਜਾਬ ਦੀਆਂ ਲਗਪਗ ਸਭ ਸਿਆਸੀ ਜਮਾਤਾਂ ਗੋਡੇ ਟੇਕ ਚੁੱਕੀਆਂ ਹਨ। ਇਨਾਂ ਦਾ ਕੰਮ ਕਰਨ ਦਾ ਤਰੀਕਾ ਲੋਕ ਮਾਰੂ ਹੈ। ਸੱਤਾਧਾਰੀ ਸਿਆਸੀ ਮਾਫ਼ੀਏ ਵੱਲੋਂ ਪੂਰੇ ਰਾਜ ਵਿਚ ਲੱਖਾਂ ਕਰੋੜਾਂ ਰੁਪਏ 36000 ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਦਾਅਵੇ ਲਈ ਲਗਾਏ ਬੋਰਡਾਂ-ਇਸ਼ਤਿਹਾਰਾਂ ’ਤੇ ਖ਼ਰਚੇ ਗਏ। ਲਗਪਗ 13000 ਪਰਿਵਾਰਾਂ ਨਾਲ ਸਬੰਧਤ ਅਧਿਆਪਕ ਇਸ ਮਾਫ਼ੀਏ ਤੋਂ ਹਾਰ ਕੇ ਚੋਣ ਜ਼ਾਬਤਾ ਲੱਗਣ ਕਾਰਨ 208 ਰੋਜ਼ਾ ਧਰਨਾ ਚੁੱਕਣ ਲਈ ਮਜਬੂਰ ਹੋਏ। ਸਾਢੇ 4 ਸਾਲ ਸੀਸਵਾਂ ਮਹਿਲ ’ਚੋਂ ਬਾਹਰ ਨਾ ਨਿਕਲਣ ਵਾਲਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ 2017 ਤੋਂ ਪਹਿਲਾਂ ਉਨਾਂ ਦੇ ਧਰਨੇ ਵਿਚ ਬੈਠ ਕੇ ਇਹ ਕਹਿੰਦਾ ਸੀ ਕਿ ਉਨਾਂ ਨੂੰ ਤਾਂ ਉਸ ਦੇ ਮਾਲੀ ਤੋਂ ਘੱਟ ਤਨਖ਼ਾਹ ਮਿਲਦੀ ਹੈ। ਉਹ ਸੱਤਾ ਵਿਚ ਆਉਂਦੇ ਸਾਰ ਹੀ ਮਸਲਾ ਹੱਲ ਕਰੇਗਾ ਪਰ ਕੁਝ ਨਹੀਂ ਕੀਤਾ। ਫਿਰ ਚਰਨਜੀਤ ਸਿੰਘ ਚੰਨੀ ਆਇਆ ਸੀਐੱਮ ਬਣ ਕੇ। ਇਨਾਂ ਬੇਰੁਜ਼ਗਾਰਾਂ ਨੂੰ ਅਕਾਲੀ-ਭਾਜਪਾ ਗੱਠਜੋੜ ਦੀ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਛੱਲੀਆਂ ਵਾਂਗ ਕੁੱਟਿਆ ਸੀ, ਅਧਿਆਪਕਾਵਾਂ ਦੇ ਕੱਪੜੇ ਤਕ ਪਾੜ ਦਿੱਤੇ ਗਏ ਸਨ ਤੇ ਪਾਣੀ ਦੀਆਂ ਬੌਛਾੜਾਂ ਸੁੱਟੀਆਂ ਸਨ ਪਰ ਕਿਸੇ ਨੇ ਮਸਲਾ ਹੱਲ ਨਹੀਂ ਕੀਤਾ।

ਨਵਜੋਤ ਸਿੱਧੂ ਸਾਰਾ ਸਿਆਸੀ ਸ਼ੋਅ ਕੁਰਸੀ ਲਈ ਕਰ ਰਿਹਾ ਹੈ ਜਦਕਿ ਕਾਂਗਰਸ ਪਾਰਟੀ ਇਸ ਨੂੰ ਚਰਨਜੀਤ ਚੰਨੀ, ਸੁਨੀਲ ਜਾਖੜ, ਪ੍ਰਤਾਪ ਸਿੰਘ ਬਾਜਵਾ, ਮਨਪ੍ਰੀਤ ਬਾਦਲ ਅਤੇ ਉਸ ਸਮੇਤ ਸਮੂਹਿਕ ਅਗਵਾਈ ਆਧਾਰਿਤ ਬਣਾ ਰਹੀ ਹੈ। ਲੀਡਰ ਕੱਪੜੇ ਬਦਲਣ ਵਾਂਗ ਪਾਰਟੀਆਂ ਬਦਲ ਰਹੇ ਹਨ। ਨੋਟਾਂ ਦੇ ਬਕਸਿਆਂ ਨਾਲ ਟਿਕਟ ਪ੍ਰਾਪਤੀ ਕਾਰੋਬਾਰ ਧੜੱਲੇ ਨਾਲ ਚੱਲ ਰਿਹਾ ਹੈ। ਬਲਬੀਰ ਸਿੰਘ ਰਾਜੇਵਾਲ ਨੇ ਸਿੱਧੇ ਤੌਰ ’ਤੇ ਆਮ ਆਦਮੀ ਪਾਰਟੀ ’ਤੇ ਦੋਸ਼ ਥੋਪੇ ਹਨ। ਚੰਨੀ ਸਰਕਾਰ ਨੇ ਭ੍ਰਿਸ਼ਟਾਚਾਰ ਦੀਆਂ ਸੀਮਾਵਾਂ ੨ ਕਰੋੜ ਲੈ ਕੇ ਬਦਲੀਆਂ ਕਰਨ ਲਈ ਉਲੰਘੀਆਂ ਜਿਨਾਂ ਦਾ ਚਰਚਾ ਕੈਬਨਿਟ ਮੀਟਿੰਗ ਵਿਚ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਬੇਬਾਕੀ ਨਾਲ ਕੀਤਾ।

ਅਜੋਕੀ ਸੱਤਾ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਸੁਰੱਖਿਆ ਦੇਣੋਂ ਨਾਕਾਮ ਰਹਿਣ ਕਾਰਨ ਬਿਲਕੁਲ ਅਪੰਗ ਨਜ਼ਰ ਆਈ। ਡੀਜੀਪੀ, ਅਟਾਰਨੀ ਜਨਰਲ, ਚੌਕਸੀ, ਬਿਊਰੋ ਮੁਖੀ ਆਦਿ ਦੀਆਂ ਨਿਯੁਕਤੀਆਂ ਸਬੰਧੀ ਚੰਨੀ-ਸਿੱਧੂ-ਰੰਧਾਵਾ ਖਿੱਚ-ਧੂਹਾਂ ਵੇਲੇ ‘ਪੰਜਾਬ ਸਟੇਟ’ ਅਥਾਰਟੀ ਬੁਰੀ ਤਰਾਂ ਸਿਆਸੀ ਮਾਫ਼ੀਆ ਅੱਗੇ ਗੋਡੇ ਟੇਕਦੀ ਨਜ਼ਰ ਆਈ। ਪੰਜਾਬ ਦੇ ਲੋਕ ਕੀ ਲੋਕ-ਲੁਭਾਊ, ਮੁਫ਼ਤਖੋਰੀ ਅਤੇ ਸਿਆਸੀ ਮਾਫ਼ੀਆ ਦੀ ਦਲਦਲ ’ਚੋਂ ਬਾਹਰ ਨਿਕਲ ਕੇ ਸਿਆਸੀ ਇੱਛਾ ਸ਼ਕਤੀ ਦੀ ਵਰਤੋਂ ਰਾਹੀਂ ਇਕ ਵਧੀਆ, ਇਮਾਨਦਾਰ, ਜਵਾਬਦੇਹ, ਭ੍ਰਿਸ਼ਟਾਚਾਰ ਰਹਿਤ ਸਰਕਾਰ ਚੁਣ ਸਕਣਗੇ ? ਕੀ ਕੋਈ ਅੱਗ ਫੱਕਣ ਵਾਲਾ ਦਲੇਰ ਪੰਜਾਬੀ ਆਗੂ ਇਸ ਦਲਦਲ ’ਚੋਂ ਉਨਾਂ ਨੂੰ ਬਾਹਰ ਕੱਢਣ ਲਈ ਅੱਗੇ ਆਵੇਗਾ ? ਬਹੁਤ ਕਠਿਨ ਹੈ ਡਗਰ ਪਨਘਟ ਕੀ।

Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# ਮਾਮਲਾ ਭਗਵਿਆਂ ਦਾ ਮੁਸਲਮਾਨਾਂ ਖਿਲਾਫ ਨ਼ਫਰਤੀ ਭਾਸ਼ਣ ਵਾਲਾ

## ✪ ਸੁਪਰੀਮ ਕੋਰਟ ਵਲੋਂ ਕੇਂਦਰ, ਦਿੱਲੀ ਤੇ ਉੱਤਰਾਖੰਡ ਪੁਲਿਸ ਦੀ ਜਵਾਬਤਲਬੀ

## ✪ ਭਗਵਿਆਂ ਨੇ ਧਰਮ ਸੰਸਦ ਵਿਚ ਮੁਸਲਮਾਨਾਂ ਨੂੰ ਮਿਟਾਉਣ ਦੀ ਦਿਤੀ ਸੀ ਧਮਕੀ

**ਨਵੀਂ ਦਿੱਲੀ/ਏ.ਟੀ.ਨਿਊਜ਼ :** - ਸੁਪਰੀਮ ਕੋਰਟ ਨੇ ਹਰਿਦੁਆਰ ਤੇ ਕੌਮੀ ਰਾਜਧਾਨੀ ਵਿੱਚ 'ਧਰਮ ਸੰਸਦ' ਦੇ ਨਾਂ 'ਤੇ ਕੀਤੇ ਹਾਲੀਆ ਸਮਾਗਮਾਂ ਦੌਰਾਨ ਨ਼ਫਰਤੀ ਤਕਰੀਰਾਂ ਕਰਨ ਵਾਲਿਆਂ ਖਿਲਾਫ਼ ਕਾਰਵਾਈ ਤੇ ਇਸ ਪੂਰੇ ਮਾਮਲੇ ਦੀ ਜਾਂਚ ਦੀ ਮੰਗ ਕਰਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੇਂਦਰ ਸਰਕਾਰ, ਦਿੱਲੀ ਪੁਲਿਸ ਤੇ ਉੱਤਰਾਖੰਡ ਪੁਲਿਸ ਨੂੰ ਨੋਟਿਸ ਜਾਰੀ ਕੀਤੇ ਹਨ। ਚੀਫ਼ ਜਸਟਿਸ ਐੱਨ. ਵੀ.ਰਾਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਪਟੀਸ਼ਨ 'ਤੇ ਸੁਣਵਾਈ ਦੀ ਹਾਮੀ ਭਰਦਿਆਂ ਜਾਰੀ ਕੀਤੇ ਨੋਟਿਸ ਵਿੱਚ ਪਟੀਸ਼ਨਰਾਂ ਨੂੰ ਭਵਿੱਖ ਵਿੱਚ 'ਧਰਮ ਸੰਸਦ' ਜਿਹੇ ਸਮਾਗਮ ਕਰਵਾਉਣ ਖਿਲਾਫ਼ ਸਥਾਨਕ ਅਥਾਰਿਟੀਜ਼ ਕੋਲ ਆਪਣਾ ਪੱਖ ਰੱਖਣ ਦੀ ਖੁੱਲ ਦੇ ਦਿੱਤੀ ਹੈ। ਬੈਂਚ, ਜਿਸ ਵਿੱਚ 'ਜਸਟਿਸ ਸੂਰਿਆ ਕਾਂਤ ਤੇ ਜਸਟਿਸ ਹਿਮਾ ਕੋਹਲੀ ਵੀ ਸ਼ਾਮਲ ਹਨ, ਨੇ ਕੇਸ ਦੀ ਅਗਲੀ ਸੁਣਵਾਈ ਅਗਲੇ ਹਫਤੇ ਨਿਰਧਾਰਿਤ ਕਰ ਦਿੱਤੀ ਹੈ। ਸਿਖਰਲੀ ਅਦਾਲਤ ਪੱਤਰਕਾਰ ਕੁਰਬਾਨ ਅਲੀ ਅਤੇ ਪਟਨਾ ਹਾਈ ਕੋਰਟ ਦੇ ਸਾਬਕਾ ਜੱਜ ਤੇ ਸੀਨੀਅਰ ਐਡਵੋਕੇਟ ਅੰਜਨਾ ਪ੍ਰਕਾਸ਼ ਵੱਲੋਂ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਸੀ। ਪਟੀਸ਼ਨਰਾਂ ਨੇ ਮੁਸਲਿਮ ਭਾਈਚਾਰੇ ਖਿਲਾਫ਼ ਕੀਤੀਆਂ ਨ਼ਫਰਤੀ ਤਕਰੀਰਾਂ ਨਾਲ ਸਬੰਧਤ ਘਟਨਾਵਾਂ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਤੋਂ 'ਆਜ਼ਾਦਾਨਾ, ਭਰੋਸੇਯੋਗ ਤੇ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ ਸੀ। ਸਾਰੀਆਂ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰਨ ਤੇ ਕੇਸ ਦੀ ਸੁਣਵਾਈ ਅਗਲੇ ਹਫਤੇ ਮੁਕੱਰਰ ਕੀਤੇ ਜਾਣ 'ਤੇ ਪਟੀਸ਼ਨਰਾਂ ਵੱਲੋਂ ਪੇਸ਼ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਸਿਰਫ਼ ਇੰਨੀ ਕੁ ਮੁਸ਼ਕਲ ਹੈ ਕਿ ਇਨਾਂ ਦਸ ਦਿਨਾਂ ਦੌਰਾਨ 23 ਜਨਵਰੀ ਨੂੰ ਅਲੀਗੜ ਵਿੱਚ 'ਧਰਮ ਸੰਸਦ' ਹੋਣੀ ਹੈ ਤੇ ਪਟੀਸ਼ਨਰ ਚਾਹੁੰਦੇ ਹਨ ਕਿ ਇਹ ਸਮਾਗਮ ਨਹੀਂ ਹੋਣਾ ਚਾਹੀਦਾ। ਇਸ 'ਤੇ ਬੈਂਚ ਨੇ ਕਿਹਾ, 'ਅਸੀਂ ਤੁਹਾਨੂੰ ਸਬੰਧਤ ਅਥਾਰਟੀਜ਼ ਕੋਲ ਆਪਣੀ ਗੱਲ ਰੱਖਣ ਦੀ ਇਜਾਜ਼ਤ ਦਿੰਦੇ ਹਾਂ। ਉਨਾਂ ਨੂੰ ਇਸ ਬਾਰੇ ਫੈਸਲਾ ਲੈਣ ਦਿੱਤਾ ਜਾਵੇ।' ਬੈਂਚ ਨੇ ਕਿਹਾ ਕਿ ਸਿਖਰਲੀ ਅਦਾਲਤ ਇਸ ਗੱਲ ਦੀ ਖੁੱਲ ਦਿੰਦੀ ਹੈ ਕਿ ਉਹ ਅਜਿਹੇ ਸਮਾਗਮਾਂ (ਧਰਮ ਸੰਸਦ), ਜੋ ਅਜੇ ਹੋਣੇ ਹਨ ਅਤੇ ਪਟੀਸ਼ਨਰਾਂ ਮੁਤਾਬਕ ਕਾਨੂੰਨ ਦੀ ਖਿਲਾਫ਼ਵਰਜ਼ੀ ਹਨ, ਨੂੰ ਸਥਾਨਕ ਅਥਾਰਿਟੀਜ਼ ਦੇ ਧਿਆਨ ਵਿੱਚ ਲਿਆਉਣ। ਚੇਤੇ ਰਹੇ ਕਿ ਪਿਛਲੇ ਸਾਲ 17 ਤੇ 19 ਦਸੰਬਰ ਨੂੰ ਕ੍ਰਮਵਾਰ ਹਰਿਦੁਆਰ ਤੇ ਦਿੱਲੀ ਵਿੱਚ ਕੀਤੇ ਧਾਰਮਿਕ ਸਮਾਗਮਾਂ ਦੌਰਾਨ ਕਥਿਤ ਮੁਸਲਮਾਨ ਫ਼ਿਰਕੇ ਦੇ ਲੋਕਾਂ ਦੀ ਨਸਲਕੁਸ਼ੀ ਦਾ ਸੱਦਾ ਦਿੱਤਾ ਗਿਆ ਸੀ। ਬੈਂਚ ਨੇ ਕਿਹਾ



**ਯਤੀ ਨਰਸਿੰਹਾਨੰਦ ਗ੍ਰਿ਼ਫਤਾਰ**

**ਦੇਹਰਾਦੂਨ: ਉਬਤਰਾਖੰਡ ਪੁਲਿਸ ਨੇ ਹਰਿਦੁਆਰ ਧਰਮ ਸੰਸਦ ਵਿਚ ਨ਼ਫਰਤੀ ਭਾਸ਼ਣ ਦੇਣ ਦੇ ਮਾਮਲੇ ਵਿਚ ਯਤੀ ਨਰਸਿੰਹਾਨੰਦ ਨੂੰ ਗ੍ਰਿ਼ਫਤਾਰ ਕਰ ਲਿਆ ਹੈ। ਧਰਮ ਸੰਸਦ ਮਾਮਲੇ ਵਿਚ ਇਹ ਦੂਸਰੀ ਗ੍ਰਿ਼ਫਤਾਰੀ ਹੈ । ਇਸ ਤੋਂ ਪਹਿਲਾਂ ਇਸ ਮਾਮਲੇ ਵਿਚ ਵਸੀਮ ਰਿਜ਼ਵੀ ਉਰਫ ਜੀਤੇਂਦਰ ਤਿਆਗੀ ਨੂੰ ਹਿਰਾਸਤ ਵਿਚ ਲਿਆ ਗਿਆ ਸੀ ।**

ਕਿ ਉਹ ਸਬੰਧਤ ਰਾਜਾਂ ਨੂੰ ਨੋਟਿਸ ਜਾਰੀ ਕਰ ਰਹੀ ਹੈ ਤੇ ਉਨਾਂ ਨੂੰ ਪੇਸ਼ ਹੋ ਕੇ ਆਪਣੀ ਗੱਲ ਰੱਖਣ ਦਿਓ।

**ਯਤੀ ਨੇ ਮੁਸਲਮਾਨਾਂ ਨੂੰ ਧਮਕੀ ਦਿੱਤੀ**

ਹਾਲ ਹੀ ਵਿੱਚ ਹਰਿਦੁਆਰ ਵਿੱਚ ਹੋਈ ਧਰਮ ਸੰਸਦ ਵਿੱਚ ਯਤੀ ਨਰਸਿੰਹਾਨੰਦ ਨੇ ਕਿਹਾ, 'ਅੱਜ ਅਸੀਂ ਜਿਨਾਂ ਨੂੰ ਮੁਸਲਮਾਨ ਬੁਲਾਉਂਦੇ ਹਾਂ, ਉਨਾਂ ਨੂੰ ਪਹਿਲਾਂ ਰਾਖਸ਼ਸ ਬੁਲਾਇਆ ਜਾਂਦਾ ਸੀ।' ਮੁਸਲਮਾਨਾਂ ਨੂੰ ਮਾਰਨ ਦੇ ਲਈ ਤਲਵਾਰ ਦੀ ਲੋੜ ਨਹੀਂ ਹੋਵੇਗੀ, ਕਿਉਂਕਿ ਤਲਵਾਰ ਨਾਲ ਤੁਹਾਡੇ ਤੋਂ ਉਹ ਮਰਨਗੇ ਵੀ ਨਹੀਂ। ਤੁਹਾਨੂੰ ਤਕਨੀਕ ਵਿੱਚ ਉਨਾਂ ਤੋਂ ਅੱਗੇ ਜਾਣਾ ਪਵੇਗਾ।ਇਸਲਾਮ ਅਪਰਾਧੀਆਂ ਦਾ ਗੈਂਗ ਹੈ ਤੇ ਜਿਸਦਾ ਆਧਾਰ ਔਰਤਾਂ ਦਾ ਵਪਾਰ ਹੈ। ਜਿਸਦਾ ਆਧਾਰ ਔਰਤਾਂ ਨੂੰ ਬਰਬਾਦ ਕਰਨਾ ਹੈ। ਕਾਫ਼ਿਰਾਂ ਦੀਆਂ ਔਰਤਾਂ ਨੂੰ ਖੋਹਣਾ ਇਸ ਦਾ ਹਲ ਹੈ।' ਗਾਜ਼ੀਆਬਾਦ ਜ਼ਿਲੇ ਦੇ ਡਾਸਨਾ ਕਸਬੇ ਵਿੱਚ ਦੇਵੀ ਮੰਦਰ ਦੇ 'ਪੀਠਾਧੀਸ਼' ਯਤੀ ਨਰਸਿੰਹਾਨੰਦ ਸਰਸਵਤੀ ਹੁਣ ਜੂਨਾ ਅਖਾੜਾ ਦੇ ਮਹਾਂਮੰਡਲੇਸ਼ਵਰ ਵੀ ਹਨ।ਇਹ ਉਹੀ ਦੇਵੀ ਮੰਦਰ ਹੈ, ਜਿਸਦੇ ਗੇਟ ਦੇ ਬਾਹਰ ਵੱਡੇ-ਵੱਡੇ ਅੱਖਰਾਂ ਵਿੱਚ ਲਿਖਿਆ ਹੈ-ਇੱਥੇ ਮੁਸਲਮਾਨਾਂ ਦਾ ਦਾਖ਼ਲ ਹੋਣਾ ਮਨਾ ਹੈ। ਫਿਲਹਾਲ ਉੱਤਰ ਪ੍ਰਦੇਸ਼ ਦੀਆਂ ਚੋਣਾਂ ਨਜ਼ਦੀਕ ਹਨ। ਕਈ ਹਲਕਿਆਂ ਵਿੱਚ ਫਿਰਕੂ ਧਰੁਵੀਕਰਨ ਸਾਫ਼ ਦੇਖਿਆ ਜਾ ਰਿਹਾ ਹੈ।

**ਸਾਧ ਯਤੀ ਅਪਰਾਧੀ**

ਯਤੀ ਦੀ ਵਕੀਲ ਅਤੇ ਡਾਸਨਾ ਦੇਵੀ ਮੰਦਰ ਦੀ ਮਹੰਤ ਮਾਂ ਚੇਤਨਾਨੰਦ ਸਰਸਵਤੀ ਦੇ ਮੁਤਾਬਕ ਯਤੀ 'ਤੇ ਕਰੀਬ ਦੋ ਦਰਜਨ ਮਾਮਲੇ ਅਲੱਗ-ਅਲੱਗ ਪੜਾਵਾਂ ਵਿੱਚ ਹਨ।ਉਨਾਂ ਮੁਤਾਬਕ ਕੁਝ ਵਿੱਚ ਚਾਰਜਸ਼ੀਟ ਦਾਖ਼ਲ ਹੈ, ਕੁਝ ਮਾਮਲਿਆਂ ਵਿੱਚ ਹਾਈ ਕੋਰਟ ਨੇ ਸਟੇਅ ਲਗਾਇਆ ਹੋਇਆ ਹੈ ਅਤੇ ਕੁਝ ਮਾਮਲਿਆਂ ਵਿੱਚ ਜਾਂਚ ਚੱਲ ਰਹੀ ਹੈ।ਪੁਲਿਸ ਮੁਤਾਬਿਕ ਯਤੀ ਨਰਸਿੰਹਾਨੰਦ ਦੇ ਖ਼ਿਲਾਫ਼ ਆਈਟੀ ਐਕਟ ਤੋਂ ਇਲਾਵਾ ਆਈਪੀਸੀ ਦੀਆਂ ਧਾਰਾਵਾਂ ਜਿਵੇਂ 306, 307, 395 ਆਦਿ ਵਿੱਚ ਮੁਕੱਦਮੇ ਦਰਜ ਹਨ।ਧਾਰਾ 306 ਯਾਨੀ ਕਿਸੇ ਨੂੰ ਖ਼ੁਦਕੁਸ਼ੀ ਲਈ ਉਕਸਾਉਣਾ, ਧਾਰਾ 307 ਯਾਨੀ ਹੱਤਿਆ ਦਾ ਯਤਨ। 395 ਯਾਨੀ ਡਕੈਤੀ।ਉਬਤਰਾਖੰਡ ਵਿੱਚ ਯਤੀ ਨਰਸਿੰਹਾਨੰਦ 'ਤੇ ਦੋ ਧਾਰਾਵਾਂ 153-ਏ ਅਤੇ 295-ਏ ਦੇ ਅਧੀਨ ਮਾਮਲਾ ਚੱਲੇਗਾ।153-ਏ ਯਾਨੀ ਭਾਈਚਾਰਿਆਂ ਦੇ ਵਿੱਚ ਧਰਮ, ਭਾਸ਼ਾ ਆਦਿ ਦੇ ਆਧਾਰ 'ਤੇ ਦੁਸ਼ਮਣੀ ਫ਼ੈਲਾਉਣਾ ਅਤੇ ਧਾਰਾ 195-ਏ ਯਾਨੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਜਾਂ ਅਜਿਹੀ ਕੋਸ਼ਿਸ਼ ਕਰਨਾ। ਰਾਜੇਸ਼ ਤਿਆਗੀ ਉਨਾਂ 76 ਵਕੀਲਾਂ ਵਿੱਚੋਂ ਹਨ, ਜਿਨਾਂ ਨੇ ਸੁਪਰੀਮ ਕੋਰਟ ਨੂੰ ਚਿੱਠੀ ਲਿਖ ਕੇ ਅਦਾਲਤ ਦਾ ਧਿਆਨ ਹਰਿਦੁਆਰ ਵਿੱਚ ਨ਼ਫਰਤੀ ਭਾਸ਼ਣ ਦੇ ਮਾਮਲੇ ਵੱਲ ਖਿੱਚਿਆ ਹੈ।

ਮੇਰਠ ਵਿੱਚ ਰਹਿਣ ਵਾਲੇ ਰਾਜੇਸ਼ ਤਿਆਗੀ ਨੇ ਦੱਸਿਆ ਕਿ ਇਨਾਂ ਨੂੰ ਸਿੱਧੇ ਤੌਰ 'ਤੇ ਸੱਤਾ ਵੱਲੋਂ ਬਚਾਇਆ ਜਾ ਰਿਹਾ ਹੈ। ਉਨਾਂ ਨੂੰ ਪੁਲਿਸ ਕੁਝ ਨਹੀਂ ਕਹਿ ਰਹੀ ਹੈ, ਪ੍ਰਸ਼ਾਸਨ ਕੁਝ ਨਹੀਂ ਕਹਿ ਰਿਹਾ ਹੈ। ਬਸ, ਮੁਕੱਦਮਾ ਦਰਜ ਕੀਤਾ ਅਤੇ ਛੱਡ ਦਿੱਤਾ। ਤਾਂ ਕਰਕੇ ਇਹ ਲੋਕ ਬੇਫਿਕਰ ਹਨ।ਰਾਜੇਸ਼ ਤਿਆਗੀ ਕਹਿੰਦੇ ਹਨ ਕਿ ਜਿਸ ਤਰਾਂ ਦਾ ਜ਼ਹਿਰ ਬੀਜਿਆ ਜਾ ਰਿਹਾ ਹੈ, ਉਸ ਨਾਲ ਇੱਕ ਵਿਆਪਕ ਕਤਲੇਆਮ ਹੋ ਸਕਦਾ ਹੈ। ਉਹ ਕਹਿੰਦੇ ਹਨ, ਇਹ ਮਾਮਲਾ ਸਿੱਧਾ-ਸਿੱਧਾ ਯੂਏਪੀਏ ਦਾ ਬਣਦਾ ਹੈ ਪਰ ਪੁਲਿਸ ਯੂਏਪੀਏ ਨਹੀਂ ਲਗਾ ਰਹੀ ਹੈ।

ਯਤੀ ਨਰਸਿੰਹਾਨੰਦ ਸਰਸਵਤੀ ਦੇ ਨਜ਼ਦੀਕੀ ਅਤੇ 'ਛੋਟਾ ਨਰਸਿੰਹਾਨੰਦ' ਵਜੋਂ ਜਾਣੇ ਜਾਂਦੇ ਅਨਿਲ ਯਾਦਵ ਨੇ ਮੁਸਕਰਾਉਂਦੇ ਹੋਏ ਕਿਹਾ, ਮੁਕੱਦਮਿਆਂ ਦੀ ਲਾਈਨ ਲੱਗੀ ਹੋਈ ਹੈ। ਕੋਈ ਦਿੱਕਤ ਨਹੀਂ ਹੈ। ਇਹ ਤਾਂ ਗਹਿਣੇ ਹਨ ਸਾਡੇ।ਅਨਿਲ ਯਾਦਵ ਜੋ ਆਪਣੇ ਆਪ ਨੂੰ ਯਤੀ ਨਰਸਿੰਹਾਨੰਦ ਦੀ ਵਿਚਾਰਧਾਰਾ ਦਾ ਵਾਰਿਸ ਦੱਸਦੇ ਹਨ, ਉਹ ਕਹਿੰਦੇ ਹੋਏ ਨਹੀਂ ਝਿਜਕਦੇ, 'ਗੁਰੂ ਜੀ ਅਤੇ ਯੋਗੀ ਜੀ' ਦੇ ਚੰਗੇ ਰਿਸ਼ਤੇ ਹਨ।

ਉੱਤਰ ਪ੍ਰਦੇਸ਼ ਭਾਜਪਾ ਦੇ ਸਪੀਕਰ ਰਾਕੇਸ਼ ਤ੍ਰਿਪਾਠੀ ਨੇ ਯਤੀ ਨਰਸਿੰਹਾਨੰਦ ਦੇ ਕਿਸੇ ਵੀ ਮਾਮਲੇ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਤੋਂ ਇਨਕਾਰ ਕੀਤਾ। ਸਵਾਲ ਉਬਠ ਰਹੇ ਹਨ ਕਿ ਮੁਸਲਮਾਨਾਂ ਦੇ ਖ਼ਿਲਾਫ਼ ਲਗਾਤਾਰ ਨ਼ਫਰਤ ਫੈਲਾਉਣ ਵਾਲੇ ਭਾਸ਼ਣ ਦੇਣ ਵਾਲੇ ਯਤੀ ਨਰਸਿੰਹਾਨੰਦ ਸਰਸਵਤੀ ਹਾਲੇ ਵੀ ਜੇਲ ਵਿੱਚ ਕਿਉਂ ਨਹੀਂ ਹਨ ?

# ਭਾਜਪਾ ਦੇ ਪ੍ਰਭਾਵ ਵਿਚ ਕੌਮੀ ਚੈਨਲ ਪੰਜਾਬ ਵਿਰੋਧੀ ਕਿਉਂ ?

**ਪ੍ਰੋਫੈਸਰ ਕੁਲਬੀਰ ਸਿੰਘ**

ਪੰਜਾਬ ਨਾਲ ਸੰਬੰਧਿਤ ਕੋਈ ਮਸਲਾ ਹੋਵੇ, ਕੋਈ ਸੰਕਟ ਹੋਵੇ, ਕੌਮੀ ਹਿੰਦੀ ਚੈਨਲਾਂ ਦਾ ਇਕ ਵੱਡਾ ਹਿੱਸਾ ਹਮੇਸ਼ਾ ਪੰਜਾਬ ਦੇ, ਪੰਜਾਬੀ ਲੋਕਾਂ ਦੇ ਵਿਰੁੱਧ ਭੁਗਤਦਾ ਹੈ। ਪੰਜਾਬ ਨੂੰ, ਪੰਜਾਬ ਵਾਸੀਆਂ ਨੂੰ ਬਦਨਾਮ ਕਰਨ ਦੀ ਕੋਈ ਕਸਰ ਨਹੀਂ ਛੱਡੀ ਜਾਂਦੀ। ਤਰ੍ਹਾਂ-ਤਰ੍ਹਾਂ ਦੇ ਵਿਸ਼ੇਸ਼ਣ ਲਾ ਕੇ, ਗ਼ਲਤ ਤੇ ਝੂਠਾ ਪ੍ਰਚਾਰ ਕਰਕੇ, ਅਕਸ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਜਿਹਾ ਕਰਦਿਆਂ ਉਨ੍ਹਾਂ ਦਾ ਮਨੋਰਥ ਪੰਜਾਬ ਦਾ ਮਾਹੌਲ ਖਰਾਬ ਕਰਕੇ, ਵੱਖ-ਵੱਖ ਵਰਗਾਂ ਵਿਚਾਲੇ ਤਣਾਅ ਤੇ ਟਕਰਾਅ ਦੀ ਸਥਿਤੀ ਪੈਦਾ ਕਰਕੇ ਕਿਸੇ ਪਾਰਟੀ ਵਿਸ਼ੇਸ਼ ਨੂੰ ਸਿਆਸੀ ਲਾਭ ਪਹੁੰਚਾਉਣਾ ਹੁੰਦਾ ਹੈ। ਹੁਣ ਜਦੋਂ ਚੋਣਾਂ ਐਨ ਸਿਰ 'ਤੇ ਹਨ ਤਾਂ ਅਜਿਹੇ ਮੌਕੇ ਇਹ ਚੈਨਲ ਹੋਰ ਚੁਕੰਨੇ, ਹੋਰ ਚੌਕਸ, ਹੋਰ ਚੁਸਤ ਹੋ ਗਏ ਹਨ। ਪੰਜਾਬੀਆਂ ਦਾ ਚੇਤੰਨ ਸੁਭਾਅ ਅਤੇ ਪੰਜਾਬ ਵਿਚ ਵਿਰੋਧੀ ਪਾਰਟੀ ਦੀ ਸਰਕਾਰ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਕਰਦੀ ਹੈ। ਮੁੱਦਾ ਕੋਈ ਵੀ ਹੋਵੇ, ਮਸਲਾ ਕੋਈ ਵੀ ਹੋਵੇ, ਘਟਨਾ ਕੋਈ ਵੀ ਹੋਵੇ, ਉਨ੍ਹਾਂ ਨੇ ਪੰਜਾਬ ਦੇ ਵਿਰੁੱਧ ਅਤੇ ਕੇਂਦਰ ਸਰਕਾਰ ਦੇ ਹੱਕ ਵਿਚ ਭੁਗਤਣਾ ਹੁੰਦਾ ਹੈ। ਇਸ ਦੇ ਲਈ ਉਨ੍ਹਾਂ ਨੂੰ ਕਿੰਨਾ ਮਰਜ਼ੀ ਤੱਥਾਂ ਨੂੰ ਤੋੜਨਾ-ਮਰੋੜਨਾ ਪਵੇ, ਜਿੰਨੇ ਮਰਜ਼ੀ ਝੂਠ ਬੋਲਣੇ ਪੈਣ, ਘਟਨਾ ਨੂੰ ਜਿਹੜਾ ਮਰਜ਼ੀ ਰੰਗ ਰੂਪ ਦੇਣਾ ਪਵੇ, ਉਹ ਦੇ ਦਿੰਦੇ ਹਨ, ਕਿਉਂਕਿ ਉਨ੍ਹਾਂ ਨੇ ਕੇਂਦਰ ਸਰਕਾਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਨੂੰ ਸਹੀ ਸਿੱਧ ਕਰਨਾ ਹੁੰਦਾ ਹੈ। ਇਨ੍ਹਾਂ ਦੇ ਹਿੱਤਾਂ ਦੀ ਪੂਰਤੀ ਕਰਨੀ ਹੁੰਦੀ ਹੈ। ਅਜਿਹਾ ਕਰਦੇ ਵਕਤ ਉਹ ਪੱਤਰਕਾਰੀ ਦੇ ਬੁਨਿਆਦੀ ਅਸੂਲਾਂ, ਮਰਯਾਦਾ ਤੇ ਕਦਰਾਂ-ਕੀਮਤਾਂ ਨੂੰ ਵੀ ਛਿੱਕੇ ਟੰਗ ਦਿੰਦੇ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਮੌਕੇ ਜੋ ਹੋਇਆ, ਉਹ ਨਹੀਂ ਹੋਣਾ ਚਾਹੀਦਾ ਸੀ। ਉਹ ਕਿਸ ਦੀ ਗ਼ਲਤੀ ਕਾਰਨ, ਕਿਹੜੀ ਸੰਚਾਰ-ਸਮੱਸਿਆ ਦੀ ਵਜ੍ਹਾ ਨਾਲ ਹੋਇਆ, ਅਜੇ ਤੱਕ ਸਪੱਸ਼ਟ ਤੌਰ 'ਤੇ ਪਤਾ ਨਹੀਂ ਚੱਲਿਆ। ਪ੍ਰੰਤੂ ਉਪਰੋਕਤ ਸ਼੍ਰੇਣੀ ਦੇ ਖ਼ਬਰ ਚੈਨਲਾਂ ਵਲੋਂ ਹਫ਼ਤਾ ਭਰ ਪੰਜਾਬ ਨੂੰ ਜਿਸ ਤਰ੍ਹਾਂ ਬੁਰਾ ਭਲਾ ਕਿਹਾ ਗਿਆ, ਉਹ ਨਿੰਦਣਯੋਗ ਹੈ। ਪੂਰੇ ਦੇਸ਼ ਵਿਚ ਪੰਜਾਬ ਵਿਰੋਧੀ ਲਹਿਰ ਉਸਾਰਨ ਦਾ ਯਤਨ ਕੀਤਾ ਗਿਆ। ਸਿਆਸਤਦਾਨਾਂ ਨੇ ਤਾਂ



ਸਿਆਸਤ ਕਰਨੀ ਹੀ ਹੁੰਦੀ ਹੈ, ਖ਼ਬਰ ਚੈਨਲ ਵੀ ਹਰੇਕ ਮੁੱਦੇ-ਮਸਲੇ, ਹਰੇਕ ਘਟਨਾ ਸੰਬੰਧੀ ਸਿਆਸਤ ਸ਼ੁਰੂ ਕਰ ਦਿੰਦੇ ਹਨ। ਸਿਆਸੀ ਪਾਰਟੀਆਂ ਸਮਾਜ ਨੂੰ ਜਾਤ-ਪਾਤ, ਧਰਮ ਤੇ ਕੰਮ-ਧੰਦੇ ਦੇ ਆਧਾਰ 'ਤੇ ਵੰਡ ਕੇ ਵੋਟ ਰਾਜਨੀਤੀ ਕਰਦੀਆਂ ਹਨ। ਅਜਿਹਾ ਹਮੇਸ਼ਾ ਹੁੰਦਾ ਰਿਹਾ ਹੈ। ਪ੍ਰੰਤੂ ਖ਼ਬਰ ਚੈਨਲਾਂ ਤੋਂ ਅਜਿਹੀ ਉਮੀਦ ਨਹੀਂ ਕੀਤੀ ਜਾਂਦੀ। ਮੀਡੀਆ ਨੇ ਸਮਾਜ ਦੀ ਅਗਵਾਈ ਕਰਨੀ ਹੁੰਦੀ ਹੈ। ਲੋਕਾਂ ਨੂੰ ਸਹੀ ਜਾਣਕਾਰੀ, ਸਹੀ ਸੂਚਨਾ ਦੇਣੀ ਹੁੰਦੀ ਹੈ। ਸਰਕਾਰ ਦੇ ਕੰਮਕਾਜ, ਸਰਕਾਰ ਦੀਆਂ ਸਰਗਰਮੀਆਂ ਵਿਚ ਪਾਰਦਸ਼ਤਾ ਲਈ ਦਬਾਅ ਬਣਾਉਣਾ ਹੁੰਦਾ ਹੈ। ਇਹ ਜ਼ਿੰਮੇਵਾਰੀਆਂ ਨਿਭਾਉਂਦਿਆਂ ਹਰੇਕ ਚੈਨਲ, ਹਰੇਕ ਪੱਤਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਸਹੀ ਤੇ ਸੱਚੀ ਖ਼ਬਰ ਪ੍ਰਤੀ ਵਚਨਬੱਧ ਰਹੇ। ਸਰੋਤ ਦਾ ਸਤਿਕਾਰ ਕਰੇ ਅਤੇ ਮੀਡੀਆ ਦੀ ਆਜ਼ਾਦੀ ਬਰਕਰਾਰ ਰੱਖੇ।

ਪੱਤਰਕਾਰ ਕੇਵਲ ਤੱਥਾਂ ਅੰਕੜਿਆਂ 'ਤੇ ਆਧਾਰਿਤ ਸੱਚਾਈ ਪੇਸ਼ ਕਰੇ ਕਿਉਂਕਿ ਦਰਸ਼ਕ, ਪਾਠਕ ਦਾ ਸੱਚਾਈ ਜਾਨਣ ਦਾ ਅਧਿਕਾਰ ਹੈ। ਖ਼ਬਰ ਅਤੇ ਰਿਪੋਰਟਿੰਗ ਨਿਰਪੱਖ ਤੇ ਇਮਾਨਦਾਰ ਹੋਵੇ ਪਹੁੰਚ ਕਿਸੇ ਵੀ ਧੜੇ, ਕਿਸੇ ਵੀ ਅਦਾਰੇ ਨੂੰ ਲਾਭ ਜਾਂ ਨੁਕਸਾਨ ਪਹੁੰਚਾਉਣ ਵਾਲੀ ਨਾ ਹੋਵੇ। ਪੇਸ਼ੇਵਾਰਾਨਾ ਪਹੁੰਚ ਅਪਣਾਉਂਦਿਆਂ, ਨਿੱਜੀ ਸਾਂਝਾਂ ਨੂੰ ਲਾਂਭੇ ਰੱਖਦਿਆਂ ਪੱਖਪਾਤ ਤੇ ਉਲਾਰ ਹੋਣ ਤੋਂ ਬਚਣਾ ਹੁੰਦਾ ਹੈ।

ਮੀਡੀਆ ਨਾਲ ਜੁੜੇ ਕਿਸੇ ਵੀ ਵਿਅਕਤੀ ਨੂੰ ਸਰਕਾਰਾਂ ਤੋਂ, ਸੰਬੰਧਿਤ ਧਿਰਾਂ ਤੋਂ ਕੋਈ ਵੀ ਲਾਭ ਲੈਣ ਤੋਂ ਬਚਣਾ ਚਾਹੀਦਾ ਹੈ। ਤੋਹਫ਼ੇ ਸਵੀਕਾਰ ਨਹੀਂ ਕਰਨੇ ਚਾਹੀਦੇ।

ਜੇ ਕਿਤੇ ਹਿੱਤਾਂ ਦਾ ਟਕਰਾਅ ਹੈ ਜਾਂ ਰਾਜਨੀਤਕ ਦਖ਼ਲ ਹੈ ਤਾਂ ਉਸ ਨੂੰ ਸਾਹਮਣੇ ਲਿਆਉਣਾ ਚਾਹੀਦਾ ਹੈ। ਪੱਤਰਕਾਰੀ ਦੇ ਖੇਤਰ ਵਿਚ ਗ਼ੈਰ-ਸੰਜੀਦਗੀ ਨਾਲ ਨਹੀਂ ਵਿਚਰਿਆ ਜਾ ਸਕਦਾ। ਜੇ ਤੁਸੀਂ ਪਾਠਕ ਦਰਸ਼ਕ ਦੀਆਂ ਭਾਵਨਾਵਾਂ ਅਨੁਸਾਰ ਕੰਮ ਕਰਨ ਦੀ ਇੱਛਾ ਰੱਖਦੇ ਹੋ ਤਾਂ ਤੁਹਾਨੂੰ ਆਪਣੀ ਭੂਮਿਕਾ, ਸ਼ਬਦਾਂ ਅਤੇ ਕਲਮ ਦੀ ਤਾਕਤ ਨੂੰ ਸਮਝਣਾ ਪਵੇਗਾ। ਪੱਤਰਕਾਰ, ਅਖ਼ਬਾਰ, ਚੈਨਲ, ਮੈਗਜ਼ੀਨ ਦੀ ਜ਼ਿੰਮੇਵਾਰੀ ਲੋਕਾਂ ਪ੍ਰਤ ਹੈ, ਸਰਕਾਰ ਪ੍ਰਤੀ ਨਹੀਂ। ਸਰਕਾਰ ਨੂੰ ਉਸ ਨੇ ਲੋਕਾਂ ਪ੍ਰਤੀ, ਸਮਾਜ ਪ੍ਰਤੀ ਜ਼ਿੰਮੇਵਾਰ ਬਣਨ ਲਈ ਪ੍ਰੇਰਿਤ ਕਰਨਾ ਹੁੰਦਾ ਹੈ। ਭਾਰਤ ਵਿਚ ਇਸ ਦੇ ਉਲਟ ਹੋ ਰਿਹਾ ਹੈ। ਬਹੁਤੇ ਚੈਨਲ ਸਰਕਾਰ ਦੇ ਬੁਲਾਰੇ ਬਣੇ ਹੋਏ ਹਨ। ਸਰਕਾਰ ਦੀਆਂ ਗ਼ਲਤ ਨੀਤੀਆਂ, ਗ਼ਲਤ ਫ਼ੈਸਲਿਆਂ ਨੂੰ ਸਹੀ ਦਰਸਾਉਣ ਲਈ ਪੂਰੀ ਵਾਹ ਲਾ ਦਿੰਦੇ ਹਨ। ਅਜਿਹੇ ਚੈਨਲ ਜ਼ਮੀਨੀ ਹਕੀਕਤ ਅਤੇ ਲੋਕਾਂ ਦੇ ਪ੍ਰਤੀਕਰਮ ਨੂੰ ਮੂਲੋਂ ਨਜ਼ਰਅੰਦਾਜ਼ ਕਰ ਰਹੇ ਹਨ। ਅਜਿਹਾ ਕਰਦਿਆਂ ਉਹ ਕੇਂਦਰ ਸਰਕਾਰ ਅਤੇ ਪਾਰਟੀ ਵਿਸ਼ੇਸ਼ ਦੇ ਹਿੱਤਾਂ ਦੀ ਪੂਰਤੀ ਲਈ ਪੰਜਾਬ ਨੂੰ, ਪੰਜਾਬ ਵਾਸੀਆਂ ਨੂੰ ਬੁਰਾ-ਭਲਾ ਕਹਿਣ ਦੀਆਂ ਸਾਰੀਆਂ ਹੱਦਾਂ ਪਾਰ ਕਰ ਜਾਂਦੇ ਹਨ। ਇਹ ਉਹ ਮੌਕਾ ਹੁੰਦਾ ਹੈ ਜਦ ਪੱਤਰਕਾਰੀ ਦੇ ਬੁਨਿਆਦੀ ਅਸੂਲਾਂ ਦੀਆਂ ਧੱਜੀਆਂ ਉੱਡਦੀਆਂ ਲੋਕ ਆਪਣੀਆਂ ਅੱਖਾਂ ਨਾਲ ਵੇਖਦੇ ਹਨ, ਕੰਨਾਂ ਨਾਲ ਸੁਣਦੇ ਹਨ ਅਤੇ ਉਕਤ ਚੈਨਲ ਸ਼ਰ੍ਹੇਆਮ, ਧੜੱਲੇ ਨਾਲ ਪੰਜਾਬ ਵਿਰੁੱਧ ਭੁਗਤਦੇ ਹਨ ਪ੍ਰੰਤੂ ਪੰਜਾਬ ਵਾਸੀ, ਪੰਜਾਬ ਦੇ ਚੇਤੰਨ ਲੋਕ, ਬੁੱਧੀਜੀਵੀ ਤਬਕਾ ਲੋੜੀਂਦਾ ਪ੍ਰਤੀਕਰਮ ਪ੍ਰਗਟ ਨਹੀਂ ਕਰਦਾ।

# ਸੁਧਾ ਭਾਰਦਵਾਜ ਲੋਕਾਂ ਲਈ ਲੜਨ ਵਾਲੀ ਵਕੀਲ ਨੂੰ 3 ਸਾਲ ਜੇਲ ਹੰਢਾਉਣੀ ਪਈ

## ✪ ਸਾਲ 2018 ਦੌਰਾਨ ਕੋਰੇਗਾਓਂ ਪਿੰਡ ਵਿੱਚ ਹਿੰਸਾ ਦੀ ਘਟਨਾ ਵਿੱਚ ਸ਼ਾਮਲ ਹੋਣ ਅਤੇ ਮਾਓਵਾਦੀਆਂ ਨਾਲ ਕਥਿਤ ਸਬੰਧਾਂ ਦੀ ਭੂਮਿਕਾ ਦਾ ਲੱਗਿਆ ਇਲਜ਼ਾਮ ✪ ਜਮਾਨਤ ਹੋਣ ਬਾਅਦ ਮੁੰਬਈ ਤੋਂ ਬਾਹਰ ਜਾਣ ਉਪਰ ਲੱਗੀਆਂ ਪਾਬੰਦੀਆਂ

**ਮੁੰਬਈ/ਏ.ਟੀ.ਨਿਊਜ਼ :-** ਤਿੰਨ ਸਾਲ ਜੇਲ ਵਿੱਚ ਰਹਿਣ ਤੋਂ ਬਾਅਦ, ਭਾਰਤ ਦੇ ਸਭ ਤੋਂ ਮਸ਼ਹੂਰ ਸਮਾਜਿਕ ਕਾਰਕੁਨਾਂ ਵਿੱਚੋਂ ਇੱਕ ਸੁਧਾ ਭਾਰਦਵਾਜ ਹੁਣ ਨਵੇਂ ਸ਼ਹਿਰ ਵਿੱਚ ਘਰ ਵਸਾਉਣ ਅਤੇ ਕੰਮ ਲੱਭਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਜ਼ਮਾਨਤ ਦੀਆਂ ਸ਼ਰਤਾਂ ਅਨੁਸਾਰ, ਸੁਧਾ ਭਾਰਦਵਾਜ ਨੂੰ ਮੁਕੱਦਮੇ ਦੀ ਸਮਾਪਤੀ ਤੱਕ ਮੁੰਬਈ ਛੱਡਣ ’ਤੇ ਰੋਕ ਹੈ। ਇਸ ਮੁਕੱਦਮੇ ਅਨੁਸਾਰ, ਸੁਧਾ ਭਾਰਦਵਾਜ ’ਤੇ ਸਾਲ 2018 ਦੀ ਜਾਤੀ ਆਧਾਰਿਤ ਹਿੰਸਾ ਦੀ ਘਟਨਾ ਵਿੱਚ ਸ਼ਾਮਲ ਹੋਣ ਅਤੇ ਮਾਓਵਾਦੀਆਂ ਨਾਲ ਕਥਿਤ ਸਬੰਧਾਂ ਦੀ ਭੂਮਿਕਾ ਦਾ ਇਲਜ਼ਾਮ ਹੈ।ਇਸ ਤੋਂ ਇਲਾਵਾ, ਉਨਾਂ ਨੂੰ ਮੁਕੱਦਮੇ ਬਾਰੇ ਗੱਲ ਕਰਨ ਦੀ ਵੀ ਇਜਾਜ਼ਤ ਨਹੀਂ ਹੈ।

ਜੂਨ 2018 ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਜਪਾ ਸਰਕਾਰ ਨੇ ਮਹਾਰਾਸ਼ਟਰ ਸੂਬੇ ਦੇ ਭੀਮਾ ਕੋਰੇਗਾਓਂ ਪਿੰਡ ਵਿੱਚ ਹਿੰਸਾ ਦੇ ਸਬੰਧ ਵਿਚ 16 ਲੋਕਾਂ ਨੂੰ ਜੇਲ ਵਿੱਚ ਬੰਦ ਕੀਤਾ ਸੀ। ਇਨਾਂ ਲੋਕਾਂ ਵਿੱਚ ਭਾਰਤ ਦੇ ਕੁਝ ਸਭ ਤੋਂ ਸਤਿਕਾਰਤ ਵਿਦਵਾਨ, ਵਕੀਲ, ਅਕਾਦਮਿਕ, ਕਾਰਕੁਨ ਅਤੇ ਇੱਕ ਵੱਡੀ ਉਮਰ ਦੇ ਗਰਮ ਸੁਰ ਵਾਲੇ ਕਵੀ ਵੀ ਸ਼ਾਮਲ ਹਨ।

ਗ੍ਰਿਫਤਾਰ ਕੀਤੇ ਕਾਬਾਇਲੀ ਅਧਿਕਾਰ ਕਾਰਕੁਨ, ਸਟੈਨ ਸਵਾਮੀ ਦੀ 84 ਸਾਲ ਦੀ ਉਮਰ ਵਿੱਚ ਪਿਛਲੇ ਸਾਲ ਹਸਪਤਾਲ ਵਿੱਚ ਮੌਤ ਹੋ ਗਈ। ਅੱਤਵਾਦ ਵਿਰੋਧੀ ਕਾਨੂੰਨ ਦੇ ਤਹਿਤ ਵਾਰ-ਵਾਰ ਉਨਾਂ ਸਾਰਿਆਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕੀਤਾ ਗਿਆ ਹੈ, ਜਿਸ ਬਾਰੇ ਬਹੁਤ ਸਾਰੇ ਨਿਰਪਖ ਜਾਣਕਾਰਾਂ ਦਾ ਮੰਨਣਾ ਹੈ ਕਿ ਹੁਣ ਇਸ ਨੂੰ ਮੁੱਖ ਤੌਰ ’ਤੇ ਅਸਹਿਮਤੀ ਨੂੰ ਦਬਾਉਣ ਲਈ ਵਰਤਿਆ ਜਾ ਰਿਹਾ ਹੈ।

**ਨਾ ਘਰ ਜਾ ਸਕਦੇ, ਨਾ ਧੀ ਨੂੰ ਮਿਲ ਸਕਦੇ**

ਸੁਧਾ ਭਾਰਦਵਾਜ, ਹੁਣ ਦਿੱਲੀ ਦੀ ਇੱਕ ਪ੍ਰਮੁੱਖ ਯੂਨੀਵਰਸਿਟੀ ਵਿੱਚ ਕਾਨੂੰਨ ਦੀ ਪ੍ਰੋਫੈਸਰ ਵਜੋਂ ਆਪਣੇ ਕੰਮ ’ਤੇ ਵਾਪਸ ਨਹੀਂ ਜਾ ਸਕਦੇ ਅਤੇ ਨਾ ਹੀ ਫਰੀਦਾਬਾਦ ਦੇ ਬਾਹਰਵਾਰੀ ਵਸੇ ਆਪਣੇ ਘਰ ਜਾ ਸਕਦੇ ਹਨ। ਉਹ 1,000 ਕਿਲੋਮੀਟਰ ਤੋਂ ਵੱਧ ਦੂਰ ਭਿਲਾਈ ਵਿੱਚ ਮਨੋਵਿਗਿਆਨ ਦੀ ਪੜਾਈ ਕਰ ਰਹੀ ਆਪਣੀ ਧੀ ਨੂੰ ਮਿਲਣ ਵਿੱਚ ਵੀ ਅਸਮਰੱਥ ਹਨ। 10 ਦਸੰਬਰ 2020 ਨੂੰ ਸੁਧਾ ਦੀ ਰਿਹਾਈ ਤੋਂ ਬਾਅਦ ਦੋਵਾਂ ਨੂੰ ਥੋੜੇ ਸਮੇਂ ਲਈ ਮਿਲਵਾਇਆ ਗਿਆ ਸੀ। ਰਿਹਾਅ ਹੋਣ ਤੋਂ ਬਾਅਦ ਆਪਣੀ ਪਹਿਲੀ ਇੰਟਰਵਿਊ ਵਿੱਚ 60 ਸਾਲਾ ਸੁਧਾ ਭਾਰਦਵਾਜ ਨੇ ਦੱਸਿਆ, ‘ਛੋਟੀ ਜੇਲ ਤੋਂ ਬਾਅਦ ਮੈਂ ਹੁਣ ਇੱਕ ਵੱਡੀ ਜੇਲ ਵਿੱਚ ਰਹਿ ਰਹੀ ਹਾਂ, ਜੋ ਕਿ ਮੁੰਬਈ ਹੈ।ਉਨਾਂ ਕਿਹਾ, ‘ਮੈਨੂੰ ਕੰਮ ਲੱਭਣਾ ਪਏਗਾ ਅਤੇ ਅਜਿਹੀ ਜਗਾ ਜਿਸ ਨਾਲ ਮੈਂ ਆਪਣਾ ਖਰਚਾ ਚੁੱਕ ਸਕਾਂ।’ ਉਦੋਂ ਤੱਕ ਉਹ ਆਪਣੇ ਇੱਕ ਦੋਸਤ ਕੋਲ ਰਹਿ ਰਹੀ ਹੈ। ਮੈਸੇਚਿਉਸੇਟਸ ਵਿੱਚ ਜਨਮੀ ਭਾਰਦਵਾਜ ਨੇ ਆਪਣੇ ਮਾਤਾ-ਪਿਤਾ ਦੇ ਭਾਰਤ ਪਰਤਣ ਤੋਂ ਬਾਅਦ ਆਪਣਾ ਅਮਰੀਕੀ ਪਾਸਪੋਰਟ ਛੱਡ ਦਿੱਤਾ ਸੀ। ਫਿਰ ਉਹ ਨੌਜਵਾਨ ਮਹਿਲਾ ਵਕੀਲ ਇੱਕ ਵਚਨਬੱਧ ਕਾਰਕੁਨ ਅਤੇ ਟ੍ਰੇਡ ਯੂਨੀਅਨਿਸਟ ਬਣ ਗਈ ਜੋ ਖਣਿਜਾਂ ਨਾਲ ਭਰਪੂਰ ਸੂਬੇ ਛੱਤੀਸਗੜ ਵਿੱਚ ਬੇਘਰ ਹੋਏ ਲੋਕਾਂ ਦੇ ਹੱਕਾਂ ਲਈ ਮਜ਼ਬੂਤੀ ਨਾਲ ਲੜ ਰਹੀ ਸੀ।

ਸੁਧਾ ਭਾਰਦਵਾਜ ਕਹਿੰਦੀ ਹੈ ਕਿ ਜੇਲ ਵਿੱਚ ਬਿਤਾਇਆ ਉਨਾਂ ਦਾ ਸਮਾਂ ਖ਼ਾਸਕਰ ਮਹਾਂਮਾਰੀ ਦੇ ਦੌਰਾਨ, ਅੱਖਾਂ ਖੋਲਣ ਵਾਲਾ ਸੀ।ਉਨਾਂ ਕਿਹਾ, ‘ਜੇਲ ਦੀਆਂ ਸਥਿਤੀਆਂ ਹੁਣ ਮੱਧਯੁਗੀ ਨਹੀਂ ਰਹੀਆਂ। ਪਰ ਜਦੋਂ ਤੁਸੀਂ ਅੰਦਰ ਜਾਂਦੇ ਹੋ ਤਾਂ ਤੁਹਾਡੇ ਮਾਣ ਦਾ ਜੋ ਨੁਕਸਾਨ ਹੁੰਦਾ ਹੈ, ਉਹ ਇੱਕ ਸਦਮੇ ਵਾਂਗ ਹੁੰਦਾ ਹੈ।’



ਭਾਰਦਵਾਜ ਨੂੰ 28 ਅਕਤੂਬਰ 2018 ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਨਾਂ ਦਾ ਫੋਨ, ਲੈਪਟਾਪ ਅਤੇ ਕੁਝ ਸੀਡੀਜ਼ ਖੋਹ ਲਈਆਂ ਗਈਆਂ ਸਨ।

ਰਿਹਾਅ ਹੋਣ ਤੋਂ ਪਹਿਲਾਂ, ਤਿੰਨ ਵਾਰ ਉਨਾਂ ਦੀ ਜ਼ਮਾਨਤ ਅਰਜ਼ੀ ਰੱਦ ਹੋਈ ਅਤੇ ਇਸ ਦੌਰਾਨ ਉਹ ਦੋ ਜੇਲਾਂ ਵਿੱਚ ਰਹੇ। ਉਨਾਂ ਦਾ ਅੱਧਾ ਸਮਾਂ ਮਹਾਰਾਸ਼ਟਰ ਦੇ ਪੁਣੇ ਦੀ ਉੱਚ-ਸੁਰੱਖਿਆ ਵਾਲੀ ਯਰਵਡਾ ਕੇਂਦਰੀ ਜੇਲ ਵਿੱਚ ਲੰਘਿਆ, ਉਨਾਂ ਸੈੱਲਾਂ ਵਿੱਚ ਜੋ ਕਦੇ ਮੌਤ ਦੀ ਸਜ਼ਾ ਵਾਲੇ ਕੈਦੀਆਂ ਲਈ ਰਾਖਵੇਂ ਸਨ। ਯਰਵਡਾ ਕੇਂਦਰੀ ਜੇਲ ਵਿੱਚ ਅਤਿ-ਗੰਭੀਰ ਅਪਰਾਧਾਂ ਵਿਚ ਦੋਸ਼ੀ ਠਹਿਰਾਏ ਗਏ ਅਪਰਾਧੀਆਂ ਨੂੰ ਰੱਖਿਆ ਜਾਂਦਾ ਹੈ। ਉਥੇ ਵਾਰ-ਵਾਰ ਪਾਣੀ ਦੀ ਕਮੀ ਹੋ ਜਾਂਦੀ ਸੀ, ਜਿਸ ਕਾਰਨ ਉਨਾਂ ਨੂੰ ਨਹਾਉਣ ਅਤੇ ਪੀਣ ਲਈ ਪਾਣੀ ਦੀਆਂ ਬਾਲਟੀਆਂ ਕੋਠੜੀ ਤੱਕ ਲੈ ਕੇ ਜਾਣੀਆਂ ਪੈਂਦੀਆਂ ਸਨ।ਖਾਣੇ ਵਿੱਚ ਦਾਲ, ਦੋ ਰੋਟੀਆਂ ਅਤੇ ਸਬਜ਼ੀਆਂ ਮਿਲਦੀਆਂ ਸਨ। ਜਿਨਾਂ ਕੈਦੀਆਂ ਕੋਲ਼ ਖਰੀਦਣ ਦੀ ਪਹੁੰਚ ਹੁੰਦੀ ਹੈ, ਉਹ ਜੇਲ ਦੀ ਕੰਟੀਨ ਤੋਂ ਹੋਰ ਭੋਜਨ ਖਰੀਦ ਸਕਦੇ ਹਨ। ਕੁਝ ਕੈਦੀਆਂ ਦੇ ਪਰਿਵਾਰਾਂ ਨੂੰ ਉਨਾਂ ਦੇ ਜੇਲ ਖਾਤਿਆਂ ਵਿੱਚ ਹਰ ਮਹੀਨੇ ਵੱਧ ਤੋਂ ਵੱਧ 4,500 ਰੁਪਏ ਜਮਾਂ ਕਰਵਾਉਣ ਦੀ ਇਜਾਜ਼ਤ ਦਿੱਤੀ ਗਈ ਸੀ।

ਜੇਲ ਵਿੱਚ ਕੁਝ ਪੈਸੇ ਕਮਾਉਣ ਲਈ ਉਸਨੇ ਨੇ ਅਗਰਬੱਤੀਆਂ ਬਣਾਈਆਂ, ਚਟਾਈਆਂ ਬਣਾਈਆਂ, ਸਬਜ਼ੀਆਂ ਉਗਾਈਆਂ ਅਤੇ ਜੇਲ ਦੇ ਖੇਤ ਵਿੱਚ ਚੌਲ ਉਗਾਏ। ਬਾਅਦ ਵਿੱਚ ਸੁਧਾ ਨੂੰ ਮੁੰਬਈ ਦੀ ਬਾਈਕੂਲਾ ਜੇਲ ਵਿੱਚ ਭੇਜ ਦਿੱਤਾ ਗਿਆ, ਜੋ ਮੁਕੱਦਮੇ ਦੀ ਉਡੀਕ ਕਰ ਰਹੇ ਕੈਦੀਆਂ ਦੀ ਵੱਡੀ ਆਬਾਦੀ ਦੇ ਕਾਰਨ ਬਹੁਤ ਭੀੜ ਅਤੇ ਵਧੇਰੇ ਅਵਿਵਸਥਾ ਵਾਲੀ ਜੇਲ ਸੀ। ਇੱਕ ਸਮੇਂ ਤਾਂ ਔਰਤ ਵਿੰਗ ਵਿੱਚ ਸੁਧਾ ਦੀ ਯੂਨਿਟ ਵਿੱਚ 75 ਔਰਤ ਕੈਦੀ ਸਨ, ਜਦਕਿ ਉਸ ਯੂਨਿਟ ਨੂੰ ਸਿਰਫ 35 ਕੈਦੀਆਂ ਦੇ ਰਹਿਣ ਲਈ ਬਣਾਇਆ ਗਿਆ ਸੀ।ਉਹ ਸਾਰੇ ਫਰਸ਼ ’ਤੇ ਵਿਛੀ ਚਟਾਈ ਉੱਤੇ, ਇੱਕ-ਦੂਜੇ ਦੇ ਨਾਲ-ਨਾਲ ਲੱਗ ਕੇ ਸੌਂਦੇ ਸਨ।ਸੁਧਾ ਭਾਰਦਵਾਜ ਨੇ ਦੱਸਿਆ ਕਿ ਹਰੇਕ ਨੂੰ ‘ਇਕ ਤਾਬੂਤ ਦੇ ਆਕਾਰ’ ਦੇ ਬਰਾਬਰ ਜਗਾ ਦਿੱਤੀ ਗਈ ਸੀ।ਬਹੁਤ ਜ਼ਿਆਦਾ ਭੀੜ ਲੜਾਈਆਂ ਅਤੇ ਤਣਾਅ ਦਾ ਕਾਰਨ ਬਣ ਜਾਂਦੀ ਹੈ। ਇੱਥੇ ਭੋਜਨ, ਪਖਾਨੇ ਤੱਕ ਹਰ ਚੀਜ਼ ਲਈ ਕਤਾਰ ਲੱਗਦੀ ਹੈ।’

ਪਿਛਲੀ ਗਰਮੀਆਂ ਵਿੱਚ ਮਹਾਂਮਾਰੀ ਦੀ ਭਿਆਨਕ ਦੂਜੀ ਲਹਿਰ ਦੇ ਦੌਰਾਨ,ਉਨਾਂ ਦੀ ਯੂਨਿਟ ਦੀਆਂ 55 ਵਿੱਚੋਂ 13 ਔਰਤਾਂ ਕੋਵਿਡ-19 ਦੀ ਲਾਗ ਦਾ ਸ਼ਿਕਾਰ ਹੋਈਆਂ ਸਨ। ਭਾਰਦਵਾਜ ਦਾ ਕਹਿਣਾ ਹੈ ਕਿ ਬੁਖਾਰ ਹੋਣ ਅਤੇ ਦਸਤ ਲੱਗਣ ਤੋਂ ਬਾਅਦ ਉਨਾਂ ਨੂੰ ਜੇਲ ਦੇ ਹਸਪਤਾਲ ਅਤੇ ਫਿਰ ਇੱਕ ਭੀੜ ਵਾਲੀ ‘ਕੁਆਰੰਟਾਈਨ ਬੈਰਕ’ ਵਿੱਚ ਭੇਜ ਦਿੱਤਾ ਗਿਆ ਸੀ। ਇੱਥੋਂ ਤੱਕ ਕਿ ਮਹਾਂਮਾਰੀ ਦੇ ਦੌਰਾਨ ਵੀ ਬਹੁਤੇ ਲੋਕਾਂ ਨੂੰ ਆਪਣੇ ਪਰਿਵਾਰਾਂ ਕੋਲ ਵਾਪਸ ਜਾਣ ਲਈ ਅੰਤਰਿਮ ਜ਼ਮਾਨਤ (ਥੋੜੇ ਸਮੇਂ ਲਈ ਦਿੱਤੀ ਗਈ ਜ਼ਮਾਨਤ) ਨਹੀਂ ਮਿਲੀ ਸੀ।’

ਸਾਲ 2020 ਵਿੱਚ, ਸੁਪਰੀਮ ਕੋਰਟ ਨੇ ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ, ਸੂਬਿਆਂ ਨੂੰ ਕਿਹਾ ਸੀ ਕਿ ਭੀੜ-ਭੜੱਕੇ ਵਾਲੀਆਂ ਜੇਲਾਂ ਵਿੱਚੋਂ ਕੈਦੀਆਂ ਨੂੰ ਰਿਹਾਅ ਕਰਨ।

ਬਾਈਕੂਲਾ ਜੇਲ ਵਿੱਚ, ਭਾਰਦਵਾਜ ਨੇ ਅੰਤਰਿਮ ਜ਼ਮਾਨਤ ਦੀ ਮੰਗ ਕਰਨ ਵਾਲੀਆਂ ਸਾਥੀ ਮਹਿਲਾ ਕੈਦੀਆਂ ਲਈ ਦਰਜਨਾਂ ਕਾਨੂੰਨੀ ਸਹਾਇਤਾ ਅਰਜ਼ੀਆਂ ਲਿਖਣ ਵਿੱਚ ਆਪਣਾ ਬਹੁਤ ਸਾਰਾ ਸਮਾਂ ਬਿਤਾਇਆ। ਇਨਾਂ ਔਰਤਾਂ ਵਿੱਚੋਂ ਬਹੁਤ ਸਾਰੀਆਂ ਟੀਬੀ, ਐੱਚਆਈਵੀ ਏਡਜ਼ ਅਤੇ ਦਮੇ ਨਾਲ ਪੀੜਿਤ ਸਨ ਅਤੇ ਕਈ ਹੋਰ ਗਰਭਵਤੀ ਵੀ ਸਨ।ਉਨਾਂ ਵਿੱਚੋਂ ਕਿਸੇ ਨੂੰ ਵੀ ਅੰਤਰਿਮ ਜ਼ਮਾਨਤ ਨਹੀਂ ਮਿਲੀ, ਕੁਝ ਹੱਦ ਤੱਕ ਇਸ ਲਈ ਵੀ ਕਿਉਂਕਿ ਅਦਾਲਤਾਂ ਵਿੱਚ ਜ਼ਮਾਨਤ ’ਤੇ ਬਹਿਸ ਕਰਨ ਵਾਲਾ ਕੋਈ ਸੀ ਹੀ ਨਹੀਂ। ਜ਼ਿਆਦਾਤਰ ਔਰਤ ਕੈਦੀਆਂ ਨੂੰ ਦੇਹ ਵਪਾਰ ਜਾਂ ਮਨੁੱਖਾਂ ਤੇ ਨਸ਼ਿਆਂ ਦੀ ਤਸਕਰੀ ਦੇ ਮਾਮਲਿਆਂ ਵਿੱਚ ਹਿਰਾਸਤ ਵਿੱਚ ਲਿਆ ਗਿਆ ਸੀ। ਉਹ ਕਹਿੰਦੇ ਹਨ ਕਿ ਬਾਕੀ ਹੋਰ, ਭਗੌੜੇ ਗੈਂਗਸਟਰਾਂ ਦੀਆਂ ‘ਸਹੇਲੀਆਂ ਅਤੇ ਮਾਵਾਂ’ ਸਨ।

ਸੁਧਾ ਭਾਰਦਵਾਜ ਯਾਦ ਕਰਦੇ ਹਨ, ‘ਦੂਜੀ ਲਹਿਰ ਦਾ ਸਮਾਂ ਕੈਦੀਆਂ ਲਈ ਬਹੁਤ ਔਖਾ ਸੀ। ਅਦਾਲਤਾਂ ਨੇ ਕੰਮ ਬੰਦ ਕਰ ਦਿੱਤਾ ਸੀ, ਕੈਦੀਆਂ ਲਈ ਪਰਿਵਾਰਕ ਮੁਲਾਕਾਤਾਂ ਦੀ ਇਜਾਜ਼ਤ ਨਹੀਂ ਸੀ, ਮੁਕੱਦਮੇ ਰੁਕ ਗਏ ਸਨ। ਇਹ ਦਰਦਨਾਕ ਸਮਾਂ ਸੀ। ਭਾਰਦਵਾਜ ਨੇ ਕਿਹਾ ਕਿ ਉਹ ਮੁਕੱਦਮੇ ਭੁਗਤ ਰਹੇ ਗਰੀਬ ਕੈਦੀਆਂ ਲਈ ਦਿੱਤੀ ਜਾਂਦੀ ਕਾਨੂੰਨੀ ਸਹਾਇਤਾ ਦੀ ਭੈੜੀ ਸਥਿਤੀ ਦੇਖ ਕੇ ਹੈਰਾਨ ਹਨ ਅਤੇ ਅਜਿਹੇ ਹੀ ਲੋਕ ਜੇਲ ਦੀ ਅਬਾਦੀ ਦਾ ਵੱਡਾ ਹਿੱਸਾ ਹਨ। ਬਹੁਤ ਸਾਰੇ ਕੈਦੀਆਂ ਨੂੰ ਤਾਂ ਅਦਾਲਤ ਵਿੱਚ ਮੁਲਾਕਾਤ ਤੋਂ ਪਹਿਲਾਂ ਤੱਕ ਉਨਾਂ ਦੇ ਆਪਣੇ ਵਕੀਲਾਂ ਦੇ ਨਾਂ ਜਾਂ ਫ਼ੋਨ ਨੰਬਰ ਵੀ ਨਹੀਂ ਪਤਾ ਹੁੰਦੇ। ਘੱਟ ਤਨਖਾਹ ਵਾਲੇ ਵਕੀਲ ਆਪਣੇ ਮੁਵੱਕਲਾਂ ਨੂੰ ਮਿਲਣ ਲਈ ਜੇਲ ਵਿੱਚ ਵੀ ਨਹੀਂ ਆਉਂਦੇ ਹਨ। ਕੈਦੀਆਂ ਨੂੰ ਲੱਗਦਾ ਹੈ ਕਿ ਕਾਨੂੰਨੀ ਤੌਰ ’ਤੇ ਮਿਲਣ ਵਾਲੀ ਵਕੀਲੀ ਮਦਦ ਦਾ ਕੋਈ ਫਾਇਦਾ ਨਹੀਂ ਹੈ। ਅਤੇ ਸਿਰਫ਼ ਕੁਝ ਹੀ ਇੱਕ ਪ੍ਰਾਈਵੇਟ ਵਕੀਲ ਦਾ ਖਰਚਾ ਚੁੱਕ ਸਕਦੇ ਹਨ।’

ਭਾਰਦਵਾਜ ਦਾ ਕਹਿਣਾ ਹੈ ਕਿ ਉਹ ਜੇਲ ਵਿੱਚ ਇੱਕ ਬੈਠਕ ਵਿੱਚ ਸ਼ਾਮਲ ਹੋਏ ਸਨ ਜਿੱਥੇ ਉਨਾਂ ਨੇ ਇਹ ਪ੍ਰਸਤਾਵ ਦਿੱਤਾ ਸੀ ਕਿ ਕਾਨੂੰਨੀ ਸਹਾਇਤਾ ਵਜੋਂ ਮਿਲਣ ਵਾਲੇ ਵਕੀਲਾਂ ਨੂੰ ਤਿੰਨ ਮਹੀਨਿਆਂ ਵਿੱਚ ਇੱਕ ਵਾਰ ਆਪਣੇ ਮੁਵੱਕਲਾਂ ਨੂੰ ਮਿਲਣ ਆਉਣਾ ਚਾਹੀਦਾ ਹੈ ਅਤੇ ਉਨਾਂ ਨੂੰ ਸਹੀ ਤਨਖਾਹਾਂ ਵੀ ਮਿਲਣੀਆਂ ਚਾਹੀਦੀਆਂ ਹਨ।

ਭਾਰਦਵਾਜ ਕਹਿੰਦੇ ਹਨ ਕਿ ਉਨਾਂ ਨੇ ਆਪਣਾ ਸਮਾਂ ਮਹਿਲਾ ਕੈਦੀਆਂ ਦੇ ਬੱਚਿਆਂ ਲਈ ਗੀਤ ਗਾਉਣ, ਜੇਲ ਦੇ ਕੰਮ ਕਰਨ ਅਤੇ ‘ਬਹੁਤ ਸਾਰੀਆਂ ਕਿਤਾਬਾਂ ਪੜਨ’ ਵਿੱਚ ਬਿਤਾਇਆ। ਜਿਨਾਂ ਵਿੱਚ ਐਡਵਰਡ ਸਨੋਡੇਨ, ਵਿਲੀਅਮ ਡੈਲਰੀਮਪਲ ਅਤੇ ਨਾਓਮੀ ਕਲੇਨ ਦੀਆਂ ਕਿਤਾਬਾਂ ਵੀ ਸ਼ਾਮਲ ਹਨ।

ਮਹਾਂਮਾਰੀ ਦੇ ਸਿਖਰ ਵਾਲੇ ਸਮੇਂ ਦੌਰਾਨ, ਉਨਾਂ ਨੂੰ ਜੇਲ ਦੀ ਲਾਇਬ੍ਰੇਰੀ ਵਿੱਚ ਅਲਬਰਟ ਕੈਮਸ ਦੀ ‘ਦ ਪਲੇਗ’ ਦੀ ਇੱਕ ਕਾਪੀ ਮਿਲੀ ਜੋ ਕਿ ਬਹੁਤ ਵਾਰ ਪੜੀ ਗਈ ਲੱਗਦੀ ਸੀ।ਪਰ ਜਦੋਂ ਉਨਾਂ ਨੇ ਇਹ ਖਬਰ ਸੁਣੀ ਕਿ ਕੋਰੋਨਵਾਇਰਸ ਨੂੰ ਫੈਲਣ ਤੋਂ ਰੋਕਣ ਲਈ, ਭਾਰਤ ਵਿੱਚ ਮਾਰਚ 2020 ਵਿੱਚ ਲੌਕਡਾਊਨ ਲਗਾਇਆ ਜਾ ਰਿਹਾ ਹੈ, ਤਾਂ ਉਨਾਂ ਨੂੰ ਕੀ ਮਹਿਸੂਸ ਹੋਇਆ, ਇਹ ਇੱਕ ਅਜਿਹਾ ਅਨੁਭਵ ਹੈ ਜੋ ਉਹ ਕਦੇ ਨਹੀਂ ਭੁੱਲਣਗੇ।ਅਚਾਨਕ ਜੇਲ ਵਿਚ ਹਲਚਲ ਮੱਚ ਗਈ। ਕੈਦੀ ਨਾਸ਼ਤਾ ਅਤੇ ਦੁਪਹਿਰ ਦਾ ਖਾਣਾ ਛੱਡ ਕੇ ਭੁੱਖ ਹੜਤਾਲ ’ਤੇ ਚਲੇ ਗਏ। ਉਹ ਕਹਿ ਰਹੇ ਸਨ, ‘ਅਸੀਂ ਇੱਥੇ ਮਰਨਾ ਨਹੀਂ ਚਾਹੁੰਦੇ।’ ਮੈਂ ਕੈਦੀਆਂ ਨੂੰ ਇਸ ਤੋਂ ਜ਼ਿਆਦਾ ਡਰੇ ਹੋਏ ਅਤੇ ਰਿਹਾਈ ਦੀ ਇੱਛਾ ਰੱਖਦੇ ਹੋਏ ਕਦੇ ਨਹੀਂ ਦੇਖਿਆ।









# ਇਨਸਾਨ ਦੀ ਮਾਨਸਿਕ ਅਵਸਥਾ

ਮਨਪ੍ਰੀਤ ਕੌਰ ਮਿਨਹਾਸ

ਜ਼ਿੰਦਗੀ ਸੁੱਖ ਦੁੱਖ ਦਾ ਨਾਮ ਹੀ ਤਾਂ ਹੈ। ਦੁੱਖਾਂ ਨੇ ਸਾਨੂੰ ਨਹੀਂ ਫੜਿਆ, ਅਸੀਂ ਦੁੱਖਾਂ ਨੂੰ ਫੜਿਆ ਹੈ। ਜਦੋਂ ਮਨ ਢਹਿੰਦੀ ਅਵਸਥਾ ਵਿੱਚ ਹੁੰਦਾ ਹੈ ਤਾਂ ਮਹਿਸੂਸ ਕਰਨਾ ਕਿ ਸਾਨੂੰ ਹਰੇਕ ਚੀਜ਼ ਦੁਖੀ ਕਰਦੀ ਹੈ। ਆਲੇ ਦੁਆਲੇ ਦੀ ਦੁਨੀਆਂ, ਰਿਸ਼ਤੇ ਨਾਤੇ, ਬੇਮਾਅਇਨੇ ਨਜ਼ਰ ਆਉਣ ਲੱਗ ਜਾਂਦੇ ਹਨ। ਅਸੀਂ ਖਿਝੇ-ਖਿਝੇ, ਬੁਝੇ-ਬੁਝੇ ਅਤੇ ਮੁਰਝਾਏ ਹੋਏ ਪ੍ਰਤੀਤ ਹੁੰਦੇ ਹਾਂ। ਸਾਨੂੰ ਕੁਝ ਵੀ ਚੰਗਾ ਨਹੀਂ ਲੱਗਦਾ ਹੈ। ਦਿਲ ਕਰਦਾ ਹੈ ਕਿ ਸਭ ਕੁਝ ਛੱਡ ਕੇ ਕਿਤੇ ਦੌੜ ਜਾਈਏ। ਕਦੀ ਕਦੀ ਤਾਂ ਜ਼ਿੰਦਗੀ ਪ੍ਰਤੀ ਨਿਰਾਸ਼ਾ ਇੰਨੀ ਵਧ ਜਾਂਦੀ ਹੈ ਕਿ ਮਰਨ ਨੂੰ ਵੀ ਦਿਲ ਕਰਦਾ ਹੈ। ਦਿਲ ਕਰਦਾ ਹੈ ਕਿ ਉੱਚੀ ਉੱਚੀ ਰੋਈਏ ਪਰ ਕੋਈ ਦੇਖੇ ਅਤੇ ਸੁਣੇ ਨਾ। ਆਪਣਾ ਆਪ ਫਜ਼ੂਲ ਜਿਹਾ ਲੱਗਣ ਲੱਗ ਜਾਂਦਾ ਹੈ। ਉਸ ਵਕਤ ਆਪਣਾ ਚਿਹਰਾ ਸ਼ੀਸ਼ੇ ਵਿੱਚ ਦੇਖ ਕੇ ਤੁਹਾਨੂੰ ਆਪਣੇ ਆਪ ਤੋਂ ਹੀ ਡਰ ਲੱਗੇਗਾ। ਸੋ, ਇਹ ਅਵਸਥਾ ਸਾਡੇ ਮਨ ਨੇ ਉਪਜਾਈ ਹੈ। ਸਾਡਾ ਮਨ ਬੜਾ ਬਲਵਾਨ ਹੁੰਦਾ ਹੈ, ਇਹ ਸਮੁੱਚੇ ਸਰੀਰ ਨੂੰ ਕਾਬੂ ਕਰਕੇ ਚਲਾਉਂਦਾ ਹੈ।

ਮਨ ਦੀ ਹਰੇਕ ਅਵਸਥਾ ਨੂੰ ਸਰੀਰ ਰਾਹੀਂ ਪ੍ਰਗਟਾਇਆ ਜਾਂਦਾ ਹੈ। ਜਦੋਂ ਗੁੱਸਾ ਆਉਂਦਾ ਹੈ ਤਾਂ ਧਿਆਨ ਦੇਣਾ ਕਿ ਸਾਡਾ ਸੰਜਮ, ਸਾਡੀ ਆਵਾਜ਼, ਸਾਡੇ ਕਾਬੂ ਵਿੱਚੋਂ ਬਾਹਰ ਹੋ ਜਾਂਦੀ ਹੈ। ਸਾਡਾ ਸਰੀਰ ਕੰਬਣ ਲੱਗ ਜਾਂਦਾ ਹੈ। ਕੰਨਾਂ ਅਤੇ ਅੱਖਾਂ ਵਿੱਚੋਂ ਸੇਕ ਨਿਕਲਣ ਲੱਗ ਜਾਂਦਾ ਹੈ। ਸਾਡੀ ਬੁੱਧੀ ਵੀ ਸਾਡਾ ਸਾਥ ਛੱਡ ਦਿੰਦੀ ਹੈ। ਗੁੱਸੇ ਦੀ ਅਵਸਥਾ ਵਿੱਚ ਬੰਦਾ ਅਜਿਹੇ ਕਾਰਨਾਮੇ ਕਰ ਜਾਂਦੇ ਹਾਂ ਕਿ ਉਸ ਨੂੰ ਖ਼ੁਦ ਨੂੰ ਵੀ ਇਹ ਆਸ ਨਹੀਂ ਹੁੰਦੀ ਕਿ ਉਹ ਅਜਿਹਾ ਕੁਝ ਕਰ ਸਕਦਾ ਹੈ। ਅੰਤ ਪਛਤਾਵਾ ਹੁੰਦਾ ਹੈ। ਏਸੇ ਲਈ ਗੁਰਬਾਣੀ ਵਿਚ ਵੀ ਮਨ ਨੂੰ ਕਾਬੂ ਵਿੱਚ ਰੱਖਣ 'ਤੇ ਜ਼ੋਰ ਦਿੱਤਾ ਗਿਆ ਹੈ। ਜਦੋਂ ਮਨ ਲੰਬੇ ਸਮੇਂ ਤੱਕ ਉਦਾਸ ਅਵਸਥਾ ਵਿੱਚ ਰਹਿੰਦਾ ਹੈ ਤਾਂ ਹੌਲ਼ੀ ਹੌਲ਼ੀ ਇਹ ਡਿਪ੍ਰੈਸ਼ਨ ਵੱਲ ਵਧਦਾ ਜਾਂਦਾ ਹੈ। ਅਤੇ ਫਿਰ ਇਹੀ ਡਿਪ੍ਰੈਸ਼ਨ ਆਤਮ ਹੱਤਿਆ ਦੇ ਰਾਹ ਤੋਰ ਦਿੰਦਾ ਹੈ। ਉਦੋਂ ਜ਼ਿੰਦਗੀ ਉਸ ਮੌੜ 'ਤੇ ਜਾ ਕੇ ਖੜੀ ਹੋ ਜਾਂਦੀ ਹੈ ਕਿ ਮਰਨ ਤੋਂ ਬਿਨਾਂ ਹੋਰ



ਕੋਈ ਰਾਹ ਦਿਸਦਾ ਪ੍ਰਤੀਤ ਹੀ ਨਹੀਂ ਹੁੰਦਾ।

ਦੂਜੇ ਪਾਸੇ ਦੂਸਰੀ ਅਵਸਥਾ ਦਾ ਅਨੁਭਵ ਕਰੋ, ਜਦੋਂ ਤੁਹਾਡਾ ਮਨ ਚੜਦੀ ਕਲਾ ਵਿੱਚ ਹੁੰਦਾ ਹੈ ਤਾਂ ਮਹਿਸੂਸ ਕਰਨਾ ਕਿ ਤੁਹਾਨੂੰ ਸਾਰਾ ਸੰਸਾਰ ਸੋਹਣਾ ਸੋਹਣਾ ਲੱਗੇਗਾ। ਹਰੇਕ ਕੰਮ ਵਿੱਚ ਆਨੰਦ ਆਵੇਗਾ। ਤੁਹਾਡਾ ਉੱਚੀ ਉੱਚੀ ਹੱਸਣ ਨੂੰ, ਕੁਝ ਗੁਣਗੁਣਾਉਣ ਨੂੰ ਦਿਲ ਕਰੇਗਾ। ਜਦੋਂ ਜ਼ਿਆਦਾ ਹੀ ਖ਼ੁਸ਼ੀ ਹੋਵੇ ਤਾਂ ਨੱਚਣ ਨੂੰ ਵੀ ਪੈਰ ਥਰਕਣ ਲੱਗਣਗੇ। ਲੱਗੇਗਾ ਕਿ ਦੁਨੀਆਂ ਵਿੱਚ ਤੁਹਾਡੇ ਨਾਲੋਂ ਖ਼ੁਸ਼ਨਸੀਬ ਕੋਈ ਨਹੀਂ। ਪੂਰੀ ਕਾਇਨਾਤ ਤੁਹਾਨੂੰ ਚਹਿਕਦੀ ਨਜ਼ਰ ਆਵੇਗੀ। ਲੱਗੇਗਾ ਕਿ ਪੰਛੀ ਵੀ ਤੁਹਾਡੇ ਨਾਲ ਗਾਉਣ ਨੂੰ ਉਤਾਵਲੇ ਨੇ। ਤੁਹਾਡੇ ਸਰੀਰ ਵਿਚ ਅਲੱਗ ਹੀ ਜੋਸ਼, ਉਤਸ਼ਾਹ ਉਤਪੰਨ ਹੋ ਜਾਵੇਗਾ। ਤੁਸੀਂ ਕੰਮ ਕਰਦੇ ਥੱਕੋਗੇ ਵੀ ਨਹੀਂ। ਦੋਵਾਂ ਹੀ ਸਥਿਤੀਆਂ ਵਿਚ ਸਰੀਰ ਤੁਹਾਡਾ ਹੀ ਹੈ, ਤੁਸੀਂ ਵੀ ਉਹੀ ਹੋ, ਬਸ ਤੁਹਾਡੇ ਮਨ ਦੀ ਅਵਸਥਾ ਬਦਲੀ ਹੈ। ਇਹ ਮਨ ਬੜਾ ਹੀ ਚੰਚਲ ਹੈ, ਇਹ ਕਦੇ ਵੀ ਇੱਕੋ ਜਿਹਾ ਨਹੀਂ ਰਹਿੰਦਾ, ਨਿਰੰਤਰ ਬਦਲਦਾ ਰਹਿੰਦਾ ਹੈ। ਤੁਹਾਡੇ ਮਨ ਦੀ ਅਵਸਥਾ ਹੀ ਹਰੇਕ ਖੇਤਰ ਵਿੱਚ ਤੁਹਾਨੂੰ ਬਣਾਉਂਦੀ ਤੇ ਵਿਗਾੜਦੀ ਹੈ। ਇਹ ਹਰੇਕ ਦੀ ਸੰਕਲਪ ਸ਼ਕਤੀ 'ਤੇ ਨਿਰਭਰ ਕਰਦਾ ਹੈ ਕਿ ਉਹ ਮਨ ਦੀ ਵਰਤੋਂ ਕਿਸ ਤਰਾਂ ਕਰਦਾ ਹੈ।

ਜਦੋਂ ਤੱਕ ਤੁਹਾਨੂੰ ਆਪਣੇ ਮਨ ਨੂੰ ਸਮਝਾਉਣਾ ਨਹੀਂ ਆਉਂਦਾ, ਉਦੋਂ ਤਕ ਤੁਸੀਂ ਦੁਖੀ ਹੀ ਰਹੋਗੇ। ਜਦੋਂ ਹੀ ਢਹਿੰਦੀ ਕਲਾ ਹਾਵੀ ਹੋਵੇ, ਵਿਰੋਧ ਕਰਨਾ ਸ਼ੁਰੂ ਕਰੋ। ਬਾਬਾ ਬੁੱਲੇ ਸ਼ਾਹ ਦਾ ਕਹਿਣਾ ਹੈ, 'ਬੁੱਲਿਆ ਮਨ ਦਾ ਕੀ ਸਮਝਾਉਣਾ, ਇੱਧਰੋਂ ਪੱਟਣਾ ਉੱਧਰ ਲਾਉਣਾ।' ਕੁਝ ਅਵਸਥਾਵਾਂ ਨੂੰ ਛੱਡ ਕੇ ਮਨ ਨੂੰ ਸਮਝਾਇਆ ਜਾ ਸਕਦਾ ਹੈ। ਸਭ ਤੋਂ ਗੁੰਝਲਦਾਰ ਅਤੇ ਦੁਖਦਾਇਕ ਅਵਸਥਾ ਉਹ ਹੁੰਦੀ ਹੈ ਜਦੋਂ ਕਿਸੇ ਆਪਣੇ ਅਜ਼ੀਜ਼ ਦੀ ਮੌਤ ਹੋ ਜਾਵੇ। ਕਿਉਂਕਿ ਮੌਤ ਇਕ ਅਜਿਹਾ ਦੁੱਖ ਹੁੰਦਾ ਹੈ ਜਦੋਂ ਮਨ ਕੁਝ ਵੀ ਸਮਝਣ ਨੂੰ ਤਿਆਰ ਨਹੀਂ ਹੁੰਦਾ। ਉਦੋਂ ਜ਼ਿੰਦਗੀ ਬੇਬਸ, ਬੇਰਸ ਅਤੇ ਮਹੱਤਵਹੀਣ ਹੋ ਜਾਂਦੀ ਹੈ।

ਪਰ ਕੁਦਰਤ ਬੀਤੇ ਵਕਤ ਨਾਲ ਹਰੇਕ ਦੁੱਖ ਨੂੰ ਝੱਲਣ ਦਾ ਜਿਗਰਾ ਬਖ਼ਸ਼ ਦਿੰਦੀ ਹੈ ਅਤੇ ਜ਼ਿੰਦਗੀ ਰਵਾਂ ਰਵੀਂ ਰਵਾਨਗੀ ਫੜ ਲੈਂਦੀ ਹੈ। ਜਦੋਂ ਵੀ ਕਦੇ ਜ਼ਿਆਦਾ ਦੁਖੀ ਹੋਵੋ ਤਾਂ ਬਸ ਇਹ ਸੋਚ ਲੈਣਾ ਕਿ ਆਪਾਂ ਸਾਰੇ ਮਰਨ ਲਈ ਹੀ ਤਾਂ ਜੀ ਰਹੇ ਹਾਂ ਫਿਰ ਰੋਜ਼ ਮਰ ਮਰ ਕੇ ਜੀਣਾ ਤਾਂ ਕੀ ਜੀਣਾ।

ਸਾਨੂੰ ਸਭ ਤੋਂ ਜ਼ਿਆਦਾ ਪ੍ਰੇਸ਼ਾਨ ਬੇਲੋੜੀਆਂ ਸੋਚਾਂ ਕਰਦੀਆਂ ਹਨ। ਅਸੀਂ ਅਕਸਰ ਉਨਾਂ ਚੀਜ਼ਾਂ ਦੀਆਂ ਕਲਪਨਾ ਕਰਕੇ ਹੀ ਦੁਖੀ ਹੋਈ ਜਾਂਦੇ ਹਾਂ ਜੋ ਕਦੇ ਵਾਪਰਦੀਆਂ ਹੀ ਨਹੀਂ। ਭਵਿੱਖ ਦੀ ਚਿੰਤਾ, ਕੋਈ ਅਣਕਿਆਸਾ ਡਰ ਸਾਡੀ ਵਰਤਮਾਨ ਮਾਣਨ ਦੀ ਸਮਰੱਥਾ ਖੋਹ ਲੈਂਦਾ ਹੈ। ਇਹੀ ਨਕਾਰਾਤਮਕਤਾ ਸਾਡੀ ਜ਼ਿੰਦਗੀ ਨੂੰ ਨਰਕ ਬਣਾ ਦਿੰਦੀ ਹੈ। ਅਸੀਂ ਆਪਣੀ ਜ਼ਿੰਦਗੀ ਨੂੰ ਮਾਨਣਾ ਸ਼ੁਰੂ ਹੀ ਨਹੀਂ ਕਰਦੇ। ਜੋ ਕੁਝ ਵੀ ਪੱਲੇ ਹੈ, ਉਸ ਵਿੱਚ ਖ਼ੁਸ਼ ਰਹਿਣਾ ਅਸੀਂ ਕਦੇ ਸਿੱਖਦੇ ਹੀ ਨਹੀਂ। ਬਸ ਹੋਰ ਹੋਰ ਦੀ ਤਾਂਘ ਕਦੀ ਮੁੱਕਦੀ ਹੀ ਨਹੀਂ ਅਤੇ ਜ਼ਿੰਦਗੀ ਮੁੱਕ ਜਾਂਦੀ ਹੈ। ਫਿਰ ਕਹਿੰਦੇ ਹਾਂ, ਮੈਂ ਤਾਂ ਅਜੇ ਆਪਣੀ ਜ਼ਿੰਦਗੀ ਮਾਣੀ ਹੀ ਨਹੀਂ। ਜਿਸ ਨੇ ਘੱਟ ਵਸੀਲਿਆਂ ਵਿੱਚ ਵੀ ਖ਼ੁਸ਼ ਰਹਿਣਾ ਸਿੱਖ ਲਿਆ, ਉਸ ਵਰਗਾ ਹੋਰ ਕੋਈ ਨਹੀਂ। ਜ਼ਿੰਦਗੀ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ ਪਰ ਅਸੀਂ ਸਿੱਖਣਾ ਹੀ ਨਹੀਂ ਚਾਹੁੰਦੇ।

ਬਾਕੀ ਸਫ਼ਾ 31 'ਤੇ

## ਸੇਬ ਦੇ ਸਿਰਕੇ ਦੀ ਵਰਤੋਂ ਨਾਲ ਪਾਓ ਸਿਕਰੀ ਤੋਂ ਛੁਟਕਾਰਾ



ਸੇਬ ਦਾ ਸਿਰਕਾ ਵਾਲਾਂ ਦੀ ਸਿਹਤ ਲਈ ਬਹੁਤ ਫ਼ਾਇਦੇਮੰਦ ਹੈ। ਵਾਲਾਂ ਦੀ ਚਮਕ ਲਿਆਉਣ ਤੋਂ ਲੈ ਕੇ ਮਾਸਚਰਾਈਜ਼ ਕਰਨ ਤਕ ਦੇ ਗੁਣ ਇਸ ਵਿਚ ਹਨ ਤੇ ਇਸ ਨਾਲ ਸਿਕਰੀ ਦਾ ਇਲਾਜ ਵੀ ਕੀਤਾ ਜਾ ਸਕਦਾ ਹੈ। ਵੈਸੇ ਤਾਂ ਇਸ ਨੂੰ ਵਾਲਾਂ 'ਤੇ ਸਿੱਧੇ ਵੀ ਵਰਤ ਸਕਦੇ ਹਾਂ ਪਰ ਇਸ 'ਚ ਕੁਝ ਮਿਕਸ ਕਰਕੇ ਵਰਤਿਆ ਜਾਵੇ ਤਾਂ ਇਸ ਦੇ ਫ਼ਾਇਦੇ ਹੋਰ ਵੀ ਵੱਧ ਜਾਂਦੇ ਹਨ। ਤਾਂ ਆਓ ਜਾਣਦੇ ਹਾਂ ਹੇਅਰ ਮਾਸਕ ਬਣਾਉਣ ਦਾ ਤਰੀਕਾ :

1. ਸੇਬ ਦੇ ਸਿਰਕਾ ਤੇ ਬੇਕਿੰਗ ਸੋਡਾ ਹੇਅਰ ਮਾਸਕ

ਬੇਕਿੰਗ ਸੋਡਾ ਇਕ ਵਧੀਆ ਕਲੀਜਿੰਗ ਏਜੇਂਟ ਹੈ ਜੋ ਡੈੱਡ ਸਕਿਨ ਤੋਂ ਛੁਟਕਾਰਾ ਦਵਾਉਂਦਾ ਹੈ। ਸੇਬ ਦੇ ਸਿਰਕੇ ਨਾਲ ਮਿਲਾ ਕੇ ਲਗਾਉਣ ਨਾਲ ਇਹ ਸਿਕਰੀ ਨੂੰ ਖ਼ਤਮ ਕਰਨ 'ਚ ਮਦਦ ਕਰਦਾ ਹੈ।

ਸਮੱਗਰੀ

2 ਟੇਬਲ ਸਪੂਨ ਸੇਬ ਦਾ ਸਿਰਕਾ, 2 ਟੇਬਲਸਪੂਨ ਬੇਕਿੰਗ ਸੋਡਾ

ਵਿਧੀ

ਦੋਵਾਂ ਚੀਜ਼ਾਂ ਨੂੰ ਮਿਲਾ ਕੇ ਇਸ ਦੀ ਪੇਸਟ ਬਣਾ ਲਓ।ਇਸ ਪੇਸਟ ਨੂੰ ਵਾਲਾਂ 'ਚ ਲਗਾ ਕੇ ਹਲਕੀ-ਹਲਕੀ ਮਸਾਜ਼ ਕਰੋ।5 ਮਿੰਟ ਬਾਅਦ ਸਿੰਪਲ ਪਾਣੀ ਨਾਲ ਧੋ ਲਓ।

2. ਸੇਬ ਦਾ ਸਿਰਕਾ ਤੇ ਐਲੋਵੀਰਾ ਹੇਅਰ ਮਾਸਕ

ਐਲੋਵੀਰਾ ਹੈਲਥ ਤੋਂ ਲੈ ਕੇ ਸਕਿਨ ਤੇ ਵਾਲਾਂ ਲਈ ਵੀ ਲਾਭਕਾਰੀ ਹੈ। ਇਹ ਡੈੱਡ ਸਕਿਨ ਸੈਲਸ ਤੋਂ ਵੀ ਛੁਟਕਾਰਾ ਦਿੰਦੀ ਹੈ ਜਿਸ ਨਾਲ ਸਿਕਰੀ ਦੀ ਸਮੱਸਿਆ ਵੀ ਦੂਰ ਹੁੰਦੀ ਹੈ।

ਸਮੱਗਰੀ

5 ਟੇਬਲ ਸਪੂਨ ਐਲੋਵੀਰਾ ਜੈੱਲ, 3 ਟੇਬਲਸਪੂਨ ਸੇਬ ਦਾ ਛਿੱਲਕਾ, 1 ਕੱਪ ਪਾਣੀ

ਵਿਧੀ

ਸਾਰੀਆਂ ਚੀਜ਼ਾਂ ਨੂੰ ਚੰਗੀ ਤਰਾਂ ਮਿਕਸ ਕਰ ਲਓ।ਵਾਲਾਂ 'ਚ ਲਗਾ ਕੇ 15-20 ਮਿੰਟ ਰੱਖੋ।ਇਸ ਤੋਂ ਬਾਅਦ ਨਾਰਮਲ ਪਾਣੀ ਨਾਲ ਧੋ ਲਓ।

ਇਸ ਮਾਸਕ ਦੀ ਵਰਤੋਂ ਹਫ਼ਤੇ 'ਚ ਇਕ ਵਾਰ ਲਗਾਤਾਰ ਇਕ ਮਹੀਨੇ ਤੱਕ ਕਰੋ।

## ਸੰਤੁਲਿਤ ਖਾਣੇ ਨਾਲ ਘੱਟ ਹੋ ਜਾਂਦਾ ਹੈ ਦਿਮਾ.ਗ ਵਿਚ ਖ਼ੂਨ ਜੰਮਣ ਦਾ ਖ਼ਤਰਾ, ਰਿਸਰਚ ਦਾ ਦਾਅਵਾ

ਅਮਰੀਕਾ ਸਥਿਤ ਆਰਹੂਸ ਯੂਨੀਵਰਸਿਟੀ ਦੇ ਖੋਜੀਆਂ ਨੇ ਇਕ ਨਵੇਂ ਅਧਿਐਨ 'ਚ ਪਾਇਆ ਹੈ ਕਿ ਸੰਤੁਲਿਤ ਖਾਣੇ ਨਾਲ ਦਿਮਾ.ਗ 'ਚ ਖ਼ੂਨ ਜੰਮਣ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਜਨਤਕ ਸਿਹਤ ਵਿਭਾਗ ਵੱਲੋਂ ਕਰਾਇਆ ਗਿਆ ਇਹ ਅਧਿਐਨ 'ਸਟ੍ਰਾਕ ਜਰਨਲ' 'ਚ ਛਪਿਆ ਹੋਇਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸ਼ਾਕਾਹਾਰ ਦਾ ਜ਼ਿਆਦਾ ਤੇ ਮਾਂਸਾਹਾਰ ਦਾ ਘੱਟ ਇਸਤੇਮਾਲ ਸਿਹਤ ਲਈ ਚੰਗਾ ਹੁੰਦਾ ਹੈ। ਅਧਿਐਨ ਦੀ ਮੁਖੀ ਕ੍ਰਿਸਟੀਨਾ ਡਾਹਮ ਕਹਿੰਦੇ ਹਨ, 'ਜੇਕਰ ਬਾਲਿਗ ਮਰਦ ਜਾਂ ਔਰਤ ਸੰਤੁਲਿਤ ਖਾਣੇ ਤੇ ਰੇਸ਼ੇਦਾਰ ਖਾਣਾ ਲੈਂਦੇ ਹਨ ਤਾਂ ਉਨਾਂ ਦੇ ਦਿਮਾ.ਗ 'ਚ ਖ਼ੂਨ ਜੰਮਣ ਦਾ ਖ਼ਤਰਾ ਘੱਟ ਹੋ ਜਾਂਦਾ ਹੈ।' ਇਹ ਅਧਿਐਨ ਇਸ ਲਿਹਾਜ਼ ਨਾਲ ਵੀ ਮਹੱਤਵਪੂਰਨ ਹੈ, ਕਿਉਂਕਿ ਪਹਿਲਾਂ ਬਰਤਾਨੀਆ 'ਚ ਹੋਈ ਇਕ ਖੋਜ 'ਚ ਕਿਹਾ ਗਿਆ ਸੀ ਕਿ ਮਾਸਾਹਾਰੀਆਂ ਦੇ ਮੁਕਾਬਲੇ ਸ਼ਾਕਾਹਾਰੀਆਂ ਨੂੰ ਦਿਮਾਗ 'ਚ ਖ਼ੂਨ ਨਿਕਲਣ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਨਵੇਂ ਅਧਿਐਨ ਲਈ ਖੋਜਕਰਤਾਵਾਂ ਨੇ ਡੈਨਿਸ਼ ਡਾਇਟ, ਕੈਂਸਰ ਐਂਡ ਹੈਲਥ ਪਾਪੂਲੇਸ਼ਨ ਸਟਡੀ ਦੇ ਅੰਕੜਿਆਂ ਦੀ ਵਰਤੋਂ ਕੀਤੀ। ਪਿਛਲੀ ਸਦੀ ਦੇ ਨੌਂਵੇਂ ਦਹਾਕੇ 'ਚ ਹੋਏ ਇਸ ਅਧਿਐਨ 'ਚ 57,053 ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ, ਜਿਨਾਂ ਦੀ ਉਮਰ 50-64 ਸਾਲ ਸੀ। ਹਾਲੀਆ ਅਧਿਐਨ 'ਚ ਸੰਤੁਲਿਤ ਮਾਤਰਾ 'ਚ ਸਾਗ-ਭਾਜੀ ਤੇ ਫਲ ਖਾਣ ਤੇ ਘੱਟ ਮਾਤਰਾ 'ਚ ਮਾਸਾਹਾਰੀ ਤੇ ਉੱਚ ਫੈਟ ਵਾਲੇ ਖਾਣੇ ਦੀ ਸਲਾਹ ਦਿੱਤੀ ਗਈ ਹੈ।

# ਬਿਮਾਰ ਹੋਣ 'ਤੇ ਜੂਸ ਜਾਂ ਦੁੱਧ ਨਾਲ ਦਵਾਈ ਖਾਣਾ ਨੁਕਸਾਨਦਾਇਕ

ਅਸੀਂ ਕੁਝ ਬਿਮਾਰੀਆਂ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਾਂ ਅਤੇ ਉਹ ਬਿਨਾਂ ਦਵਾਈ ਦੇ ਖ਼ੁਦ-ਬ-ਖ਼ੁਦ ਠੀਕ ਵੀ ਹੋ ਜਾਂਦੀ ਹੈ। ਪਰ ਕਈ ਵਾਰ ਤਕਲੀਫ਼ ਵੱਧਣ ਲੱਗਦੀ ਹੈ ਤਾਂ ਸਾਨੂੰ ਦਵਾਈ ਖਾਣ ਦੀ ਜ਼ਰੂਰਤ ਹੁੰਦੀ ਹੈ। ਅਕਸਰ ਅਸੀਂ ਬਿਮਾਰ ਹੁੰਦੇ ਹਾਂ ਤਾਂ ਕੁਝ ਖਾਣ ਦਾ ਮਨ ਨਹੀਂ ਕਰਦਾ ਅਤੇ ਅਸੀਂ ਸਿਰਫ਼ ਢਿੱਡ ਭਰਨ ਦੇ ਨਾਮ 'ਤੇ ਦੁੱਖ ਦੇ ਨਾਲ ਜਾਂ ਫਿਰ ਜੂਸ ਦੇ ਨਾਲ ਦਵਾਈ ਖਾ ਲੈਂਦੇ ਹਾਂ।

ਪਰ ਤੁਸੀਂ ਜਾਣਦੇ ਹੋ ਕਿ ਦਵਾਈ ਖਾਣਾ ਜਿੰਨਾ ਮਾਇਨੇ ਰੱਖਦਾ ਹੈ, ਓਨਾ ਹੀ ਕਿਹੜੇ ਫੂਡ ਨਾਲ ਖਾ ਰਹੇ ਹੋ ਉਹ ਵੀ ਮਾਇਨੇ ਰੱਖਦਾ ਹੈ। ਕੁਝ ਦਵਾਈਆਂ ਅਜਿਹੀਆਂ ਹਨ ਜਿਨਾਂ ਨਾਲ ਦੁੱਧ ਜਾਂ ਜੂਸ ਪੀਣ ਨਾਲ ਸਿਹਤ ਨੂੰ ਨੁਕਸਾਨ ਹੋ ਸਕਦਾ ਹੈ। ਇਨਾਂ ਦਵਾਈਆਂ ਵਿਚ ਮੌਜੂਦ ਕੈਮੀਕਲ ਜੂਸ ਜਾਂ ਦੁੱਧ ਵਿਚ ਮੌਜੂਦ ਕੈਮੀਕਲਜ਼ ਨਾਲ ਰਿਐਕਸ਼ਨ ਕਰਨ ਲੱਗਦੇ ਹਨ, ਜਿਸ ਕਾਰਨ ਸਾਨੂੰ ਨੁਕਸਾਨ ਝੱਲਣਾ ਪੈ ਸਕਦਾ ਹੈ ਤਾਂ ਆਓ ਜਾਣਦੇ ਹਾਂ ਕਿ ਕਿਹੜੀਆਂ ਦਵਾਈਆਂ ਦੇ ਨਾਲ ਸਾਨੂੰ ਕੀ ਨਹੀਂ ਲੈਣਾ ਚਾਹੀਦਾ।



ਜਦੋਂ ਤੁਸੀਂ ਦਵਾਈ ਨਾਲ ਸੰਤਰੇ ਜਾਂ ਹੋਰ ਖੱਟੇ ਫਲਾਂ ਦੇ ਜੂਸ ਦਾ ਸੇਵਨ ਕਰਦੇ ਹੋ ਤਾਂ ਖੱਟੇ ਫਲ ਵਿੱਚ ਮੌਜੂਦ ਰਸਾਇਣ ਅੰਤੜੀ ਵਿੱਚ ਪ੍ਰਤੀਕਿਰਿਆ ਕਰਦੇ ਹਨ ਅਤੇ ਦਵਾਈ ਦੇ ਪ੍ਰਭਾਵ ਨੂੰ ਘਟਾਉਂਦੇ ਹਨ। ਜੂਸ ਦੇ ਨਾਲ ਦਵਾਈ ਦਾ ਸੇਵਨ ਕਰਨ ਨਾਲ ਅੰਤੜੀ ਦੀਆਂ ਕੋਸ਼ਿਕਾਵਾਂ ਆਪਣਾ ਰੂਪ ਬਦਲ ਲੈਂਦੀਆਂ ਹਨ, ਜਿਸ ਕਾਰਨ ਦਵਾਈ ਵਿੱਚ ਮੌਜੂਦ ਕੈਮੀਕਲ ਬੇਅਸਰ ਹੋਣਾ ਸ਼ੁਰੂ ਹੋ ਜਾਂਦਾ ਹੈ। ਜੇਕਰ ਤੁਸੀਂ ਕੋਲੈਸਟ੍ਰੋਲ ਘੱਟ ਕਰਨ ਵਾਲੀ ਦਵਾਈ ਜਾਂ ਐਲਰਜੀ ਦੀ ਦਵਾਈ ਜੂਸ ਦੇ ਨਾਲ ਪੀਂਦੇ ਹੋ ਤਾਂ ਤੁਹਾਡੀ ਸਮੱਸਿਆ ਵੱਧ ਸਕਦੀ ਹੈ।

ਡੇਅਰੀ ਉਤਪਾਦ ਸਰੀਰ ਵਿੱਚ ਵੱਖਰੇ ਤਰੀਕੇ ਨਾਲ ਪ੍ਰਕਿਰਿਆ ਕਰਦੇ ਹਨ। ਜੇਕਰ ਤੁਸੀਂ ਐਂਟੀਬਾਇਓਟਿਕ ਲੈ ਰਹੇ ਹੋ ਅਤੇ ਇਸਦੇ ਨਾਲ ਦੁੱਧ ਪੀ ਰਹੇ ਹੋ, ਤਾਂ ਦੁੱਧ ਵਿੱਚ ਕੈਲਸ਼ੀਅਮ, ਮੈਗਨੀਸ਼ੀਅਮ ਦਵਾਈ ਦੀ ਪ੍ਰਭਾਵਸ਼ੀਲਤਾ ਨੂੰ ਸੀਮਿਤ ਕਰ ਸਕਦਾ ਹੈ।

ਜੇਕਰ ਤੁਸੀਂ ਨੀਂਦ ਦੀ ਦਵਾਈ ਦੇ ਨਾਲ ਡਾਰਕ ਚਾਕਲੇਟ ਖਾਂਦੇ ਹੋ, ਤਾਂ ਇਹ ਨੀਂਦ ਦੀ ਦਵਾਈ ਨੂੰ ਪੂਰੀ ਤਰਾਂ ਬੇਅਸਰ ਕਰ ਸਕਦਾ ਹੈ। ਜੇਕਰ ਤੁਸੀਂ ਡਿਪ੍ਰੈਸ਼ਨ ਦੀ ਦਵਾਈ ਦੇ ਨਾਲ ਡਾਰਕ ਚਾਕਲੇਟ ਖਾ ਰਹੇ ਹੋ ਤਾਂ ਤੁਹਾਡਾ ਬਲੱਡ ਪ੍ਰੈਸ਼ਰ ਬਹੁਤ ਵੱਧ ਸਕਦਾ ਹੈ। ਜੇਕਰ ਤੁਸੀਂ ਬਲੱਡ ਪ੍ਰੈਸ਼ਰ ਜਾਂ ਦਿਲ ਦੀ ਦਵਾਈ ਦੇ ਨਾਲ ਸ਼ਰਾਬ ਲੈਂਦੇ ਹੋ ਤਾਂ ਦਵਾਈ ਦਾ ਪ੍ਰਭਾਵ ਘੱਟ ਜਾਵੇਗਾ।

# ਭਗਵੇਂ ਫਾਸ਼ੀਵਾਦ ਵਿਰੁੱਧ ਲਾਮਬੰਦ ਹੋਣ ਦੀ ਲੋੜ

### ਡਾਕਟਰ ਅਰੁਣ ਮਿਤਰਾ

ਸਮਾਜ ਵਿਚ ਸਦਭਾਵਨਾ ਵਿਕਾਸ ਲਈ ਅਤੀ ਜ਼ਰੂਰੀ ਹੈ। ਇਸ ਜਾਣਕਾਰੀ ਦੇ ਬਾਵਜੂਦ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਧਰਮ ਅਤੇ ਨਸਲ ਦੇ ਆਧਾਰ ’ਤੇ ਹਿੰਸਾ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇਹ ਹਿੰਸਾ ਉਦੋਂ ਹੁੰਦੀ ਹੈ ਜਦੋਂ ਲੋਕ ਆਪੋ-ਆਪਣੇ ਸਮੂਹ ਲਈ ਇਕਮੁੱਠਤਾ ਮਹਿਸੂਸ ਕਰਦੇ ਹਨ ਅਤੇ ਦੂਜੇ ਸਮੂਹਾਂ ਨੂੰ ਦੁਸ਼ਮਣ ਵਜੋਂ ਦੇਖਦੇ ਹਨ। ਅਜਿਹੀਆਂ ਕਾਰਵਾਈਆਂ ਨੂੰ ਅਮਲੀਜਾਮਾ ਪੁਆਉਣ ਲਈ ਇਨਾਂ ਵਾਰਦਾਤਾਂ ਨੂੰ ਯੋਜਨਾਬੱਧ ਢੰਗ ਦੇ ਨਾਲ ਸਿਰਜਿਆ ਤੇ ਅਮਲ ਵਿਚ ਲਿਆਇਆ ਜਾਂਦਾ ਹੈ। ਕੁਝ ਲੋਕਾਂ ਵਿਚ ਇਕ ਵਿਕਿਰਤ ਮਾਨਸਿਕਤਾ ਤਿਆਰ ਕੀਤੀ ਜਾਂਦੀ ਹੈ ਜਿਸ ਕਾਰਨ ਜੋ ਲੋਕ ਹਿੰਸਾ ਵਿਚ ਸ਼ਾਮਿਲ ਹੁੰਦੇ ਹਨ, ਉਨਾਂ ਨੂੰ ਦੂਜਿਆਂ ਨੂੰ ਜ਼ਖ਼ਮੀ ਕਰਨ, ਇੱਥੋਂ ਤੱਕ ਕਿ ਔਰਤਾਂ ਅਤੇ ਬੱਚਿਆਂ ਸਮੇਤ ਹੋਰਨਾਂ ਦੇ ਕਤਲ ਕਰਨ ’ਤੇ ਵੀ ਪਛਤਾਵਾ ਨਹੀਂ ਹੁੰਦਾ। ਹਿੰਸਾ ਦੀਆਂ ਘਟਨਾਵਾਂ ਕਈ ਸਰੀਰਕ ਤੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਕਾਰਨ ਬਣਦੀਆਂ ਹਨ ਅਤੇ ਭਾਵਨਾਤਮਿਕ ਤੇ ਸਮਾਜਿਕ ਸਬੰਧਾਂ ਸਮੇਤ ਜੀਵਨ ਦੇ ਸਾਰੇ ਪਹਿਲੂਆਂ ਨੂੰ ਪ੍ਰਭਾਵਿਤ ਕਰਦੀਆਂ ਹਨ। ਜੀਵਨ ਵਿਚ ਅਨੇਕਾਂ ਅਨਿਸਚਿਤਤਾਵਾਂ ਨੂੰ ਦੂਜੇ ਫ਼ਿਰਕਿਆਂ ’ਤੇ ਦੋਸ਼ ਲਗਾ ਕੇ ਦਰਸਾਇਆ ਜਾਂਦਾ ਹੈ। ਇਸ ਢੰਗ ਨਾਲ ਅਨੇਕਾਂ ਵਿਅਕਤੀਆਂ ਨੂੰ ਹਿੰਸਕ ਕਰਵਾਈਆਂ ਵਿਚ ਸ਼ਾਮਿਲ ਕਰਨ ਲਈ ਉਕਸਾਇਆ ਜਾਂਦਾ ਹੈ।

ਮਨੁੱਖ ਜਾਤੀ ਨੇ ਹਜ਼ਾਰਾਂ ਸਾਲਾਂ ਦੇ ਸਮੂਹਿਕ ਅਤੇ ਆਪਸੀ ਸਹਿਯੋਗ ਦੇ ਯਤਨਾਂ ਰਾਹੀਂ ਵਿਕਾਸ ਕੀਤਾ ਹੈ। ਤਰੱਕੀ ਵਿਚ ਰੁਕਾਵਟ ਪਾਉਣ ਵਾਲੀਆਂ ਅਜਿਹੀਆਂ ਤਾਕਤਾਂ ਵਿਰੁੱਧ ਲੋਕਾਂ ਵਲੋਂ ਮਹਾਨ ਕੁਰਬਾਨੀਆਂ ਦੇ ਕੇ ਅਣਥੱਕ ਸੰਘਰਸ਼ ਕੀਤੇ ਗਏ। ਬਸਤੀਵਾਦੀ ਸ਼ਾਸਨ ਤੋਂ ਅਜ਼ਾਦੀ ਲਈ ਭਾਰਤ ਦੇ ਸੰਘਰਸ਼ ਨੇ ਅਜਿਹੇ ਵਿਚਾਰਾਂ ਤੋਂ ਪ੍ਰੇਰਨਾ ਪ੍ਰਾਪਤ ਕੀਤੀ ਅਤੇ ਇਸ ਕਾਰਜ ਲਈ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਵਿਰੁੱਧ ਲੜਾਈ ਵਿਚ ਸਾਰੇ ਵਰਗਾਂ ਅਤੇ ਸਮੂਹਾਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਗਈ। ਹਾਲਾਂਕਿ ਅਜਿਹੇ ਸਮੂਹ ਉਦੋਂ ਵੀ ਮੌਜੂਦ ਸਨ ਜੋ ਕਿ ਸਮਾਜ ਵਿਚ ਫ਼ਿਰਕੂ ਵੰਡਾਂ ਰਾਹੀਂ ਪਾੜੋ ਅਤੇ ਰਾਜ ਕਰੋ ਦੀ ਅੰਗਰੇਜ਼ੀ ਸਾਮਰਾਜੀਆਂ ਦੀ ਖੇਡ ਦਾ ਹਿੱਸਾ ਬਣਦੇ ਰਹੇ ਸਨ। ਅਜ਼ਾਦੀ ਤੋਂ ਬਾਅਦ ਭਾਰਤ ਨੇ ਇਕ ਸੰਵਿਧਾਨ ਅਪਣਾਇਆ, ਜਿਸ ਨੇ ਅਜ਼ਾਦੀ ਘੁਲਾਟੀਆਂ ਦੇ ਲੋਕਾਚਾਰ ਨੂੰ ਅੱਗੇ ਵਧਾਇਆ ਅਤੇ ਧਰਮ-ਨਿਰਪੱਖਤਾ ਦੇ ਸਿਧਾਂਤ ਨੂੰ ਅਪਣਾਇਆ, ਜਿਸ ਮੁਤਾਬਿਕ ਸਾਰੇ ਧਰਮਾਂ ਦਾ ਸਤਿਕਾਰ ਅਤੇ ਧਰਮ, ਨਸਲ, ਜਾਤੀ ਜਾਂ ਲਿੰਗ ਭੇਦਭਾਵ ਦੇ ਬਿਨਾਂ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏ। ਸੰਵਿਧਾਨ ਸਾਡੀ ਪ੍ਰਾਚੀਨ ਸੰਸਕ੍ਰਿਤੀ ‘ਵਸੁਦੈਵ ਕੁਟੁੰਬਕਮ’ ਤੋਂ ਵੀ ਪ੍ਰੇਰਿਤ ਹੈ। ਇਸ ਤਰਾਂ ਨਵ ਅਜ਼ਾਦ ਭਾਰਤ ਦਾ ਵਿਚਾਰ ਭਾਰਤ ਦੀਆਂ ਭੂਗੋਲਿਕ ਸੀਮਾਵਾਂ ਵਿਚ ਰਹਿਣ ਵਾਲੇ ਲੋਕਾਂ ਦੀ ਭਲਾਈ ਤੱਕ ਸੀਮਤ ਨਹੀਂ ਰਿਹਾ, ਸਗੋਂ ਵਿਸ਼ਵ ਭਰ ਦੇ ਸਾਰੇ ਲੋਕਾਂ ਦੀ ਭਲਾਈ ਲਈ ਰਾਹ ਦਿਖਾਊ



ਬਣਿਆ। ਇਸ ਨੇ ਹਿੰਸਾ ਨੂੰ ਕਿਸੇ ਵੀ ਰੂਪ ਵਿਚ ਪ੍ਰਵਾਨ ਨਹੀਂ ਕੀਤਾ। ਇਨਾਂ ਵਿਚਾਰਾਂ ਤੋਂ ਪ੍ਰਭਾਵਿਤ ਸੰਵਿਧਾਨ ਦੇ ਨਿਰਮਾਤਾਵਾਂ ਦੁਆਰਾ ਸਦਭਾਵਨਾ, ਪਿਆਰ ਅਤੇ ਏਕਤਾ ਨੂੰ ਪ੍ਰਮੁੱਖ ਰੱਖਿਆ ਗਿਆ।

ਫ਼ਿਰਕੂ ਲੀਹਾਂ ‘ਤੇ ਵੰਡੀਆਂ ’ਤੇ ਆਧਾਰਿਤ ਹਿੰਸਾ ਨੂੰ ਬਰਤਾਨਵੀ ਬਸਤੀਵਾਦੀ ਰਾਜ ਦੌਰਾਨ ਦੂਜਿਆਂ ਪ੍ਰਤੀ ਨਫ਼ਰਤ ਦੀ ਮਾਨਸਿਕਤਾ ਪੈਦਾ ਕਰਕੇ ਆਜ਼ਾਦੀ ਦੀ ਲਹਿਰ ਨੂੰ ਕਮਜ਼ੋਰ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਸੀ। ਸੰਨ 1947 ਦੀ ਵੰਡ ਦੌਰਾਨ ਹੋਈ ਹਿੰਸਾ ਵਿਚ 20 ਲੱਖ ਦੇ ਕਰੀਬ ਹਿੰਦੂ, ਮੁਸਲਮਾਨ ਅਤੇ ਸਿੱਖ ਮਾਰੇ ਗਏ, ਜਿਸ ਨੇ ਸਪੱਸ਼ਟ ਸੰਦੇਸ਼ ਦਿੱਤਾ ਕਿ ਇਸ ਤਰਾਂ ਦੀਆਂ ਹਿੰਸਕ ਘਟਨਾਵਾਂ ਵਾਪਰਨ ’ਤੇ ਕੋਈ ਵੀ ਨਹੀਂ ਬਚ ਸਕਦਾ। ਇਸ ਦਾ ਸਭ ਤੋਂ ਵੱਧ ਨੁਕਸਾਨ ਮਾਸੂਮਾਂ, ਖ਼ਾਸ ਕਰਕੇ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਹੁੰਦਾ ਹੈ। ਜਿੱਥੇ ਹਿੰਸਾ ਦੇ ਕਾਰਨ ਹੋਈਆਂ ਸਰੀਰਕ ਸੱਟਾਂ ਦਿਖਾਈ ਦਿੰਦੀਆਂ ਹਨ, ਉੱਥੇ ਮਾਨਸਿਕ ਸਿਹਤ ’ਤੇ ਪਏ ਪ੍ਰਭਾਵ ਹੋਰ ਵੀ ਭਿਆਨਕ ਹੁੰਦੇ ਹਨ। ਰਿਸ਼ਤੇਦਾਰਾਂ ਅਤੇ ਨੇੜਲਿਆਂ ਨੂੰ ਗੁਆਉਣ ਨਾਲ ਲੰਮੇ ਸਮੇਂ ਦੇ ਮਾਨਸਿਕ ਪ੍ਰਭਾਵ ਪੈਂਦੇ ਹਨ। ਇਸ ਦੇ ਕਾਰਨ ਬੱਚਿਆਂ ’ਤੇ ਪੋਸਟ ਟਰੌਮੈਟਿਕ ਸਟ੍ਰੈਸ ਡਿਸਆਰਡਰ ਹੋਣ ਦੀ ਸੰਭਾਵਨਾ ਰਹਿੰਦੀ ਹੈ। ਬੱਚੇ ਬੇਬਸੀ ਅਤੇ ਨਫ਼ਰਤ ਦੀ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਹਨ, ਮਾਨਸਿਕ ਦਬਾਅ ਵਿਚੋਂ ਲੰਘਦੇ ਹਨ, ਪੜਾਈ ਵਿਚ ਸੁਹਜ ਗੁਆ ਬੈਠਦੇ ਹਨ ਅਤੇ ਹਮਲਾਵਰ ਤੇ ਹਿੰਸਕ ਵਿਵਹਾਰ ਵੀ ਵਿਕਸਿਤ ਕਰ ਲੈਂਦੇ ਹਨ। ਮਾਤਾ-ਪਿਤਾ ਦੇ ਵਿਛੋੜੇ ਨਾਲ ਬੱਚੇ ਪਿਆਰ ਅਤੇ ਸਨੇਹ ਤੋਂ ਸੱਖਣੇ ਹੋ ਜਾਂਦੇ ਹਨ ਜੋ ਕਿ ਕਿਸੇ ਦੇ ਵਿਅਕਤੀਤਵ ਤੇ ਆਮ ਵਿਵਹਾਰ ਦੇ ਵਿਕਾਸ ਲਈ ਸਭ ਤੋਂ ਮਹੱਤਵਪੂਰਨ ਹੈ। ਅਜਿਹੀ ਸਥਿਤੀ ਗੰਭੀਰ ਵਿੱਤੀ ਸਮੱਸਿਆਵਾਂ ਦਾ ਕਾਰਨ ਵੀ ਬਣਦੀ ਹੈ, ਜਿਸ ਸਦਕਾ ਪੋਸ਼ਣ ਅਤੇ ਸਿਹਤ ’ਤੇ ਮਾੜਾ ਪ੍ਰਭਾਵ ਪੈਂਦਾ ਹੈ। ਕਈ ਵਾਰ ਪੀੜਤਾਂ ਨੂੰ ਸ਼ਰਨਾਰਥੀ ਕੈਂਪਾਂ ਵਿਚ ਰਹਿਣਾ ਪੈਂਦਾ ਹੈ, ਜਿੱਥੇ ਕੋਈ ਨਿੱਜਤਾ ਨਹੀਂ ਹੁੰਦੀ, ਬੱਚਿਆਂ ਲਈ ਕੋਈ ਸਕੂਲ ਨਹੀਂ ਹੁੰਦਾ, ਪੀਣ ਦੇ ਸਾਫ਼ ਪਾਣੀ ਜਾਂ ਸਫ਼ਾਈ ਦਾ ਪ੍ਰਬੰਧ ਨਹੀਂ ਹੁੰਦਾ। ਇਹ ਸਭ ਅਨੇਕਾਂ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਜਾਂਦੇ ਹਨ। ਇਸ ਲਈ ਹਿੰਸਾ ਦੀ ਰੋਕਥਾਮ ਇਕ ਜਨਤਕ ਸਿਹਤ ਦਾ ਮੁੱਦਾ ਹੈ ਅਤੇ ਲੋਕਾਂ ਨੂੰ ਫਿਰਕੂ ਹਿੰਸਾ ਦੇ ਖ਼ਤਰੇ ਬਾਰੇ ਜਾਗਰੂਕ ਕਰਨ ਲਈ ਬਹੁਤ ਸਖ਼ਤ ਮਿਹਨਤ ਦੀ ਲੋੜ ਹੈ। ਮਨਾਂ ਵਿਚ ਜ਼ਹਿਰ ਘੋਲਣ ਲਈ, ਸਿਹਤ ਅਤੇ ਸਿੱਖਿਆ ਵਰਗੇ ਅਸਲ ਮੁੱਦਿਆਂ ਤੋਂ ਧਿਆਨ ਭਟਕਾ ਕੇ ਸੱਤਾਧਾਰੀਆਂ ਦੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਪੱਖਪਾਤੀ ਅਤੇ ਝੂਠੇ ਪ੍ਰਚਾਰ ਦੀ ਵਰਤੋਂ ਕੀਤੀ ਜਾਂਦੀ ਹੈ।

ਅਜਿਹੀਆਂ ਘਟਨਾਵਾਂ ਨੂੰ ਰੋਕਣ ਅਤੇ ਨਿਯੰਤਰਣ ਕਰਨ ਲਈ ਸਰਕਾਰਾਂ ਦੀ ਵੱਡੀ ਜ਼ਿੰਮੇਵਾਰੀ ਹੈ। ਪਰ ਜਦੋਂ ਰਾਜ ਪੱਖਪਾਤੀ ਹੋਏ ਤੇ ਹਿੰਸਾ ਦੇ ਦੋਸ਼ੀਆਂ ਨੂੰ ਖੁੱਲ ਕੇ ਜਾਂ ਲੁਕਵੇਂ ਰੂਪ ਵਿਚ ਸਮਰਥਨ ਦੇਵੇ ਤਾਂ ਸਥਿਤੀ ਨੂੰ ਕਾਬੂ ਕਰਨਾ ਕਠਿਨ ਹੁੰਦਾ ਹੈ।

ਹਾਲ ਹੀ ਵਿਚ ਕੁਝ ਜਥੇਬੰਦੀਆਂ ਵਲੋਂ ਘੱਟ-ਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਤੇ ਈਸਾਈਆਂ ਵਿਰੁੱਧ ਫ਼ਿਰਕੂ ਨਫ਼ਰਤ ਫੈਲਾਉਣ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇਸ ਨਾਲ ਸਦਭਾਵਨਾ ਅਤੇ ਦੇਸ਼ ਦੀ ਅਖੰਡਤਾ ‘ਤੇ ਗੰਭੀਰ ਸੱਟ ਵੱਜੇਗੀ। ਇਹ ਅਫ਼ਸੋਸਨਾਕ ਸਥਿਤੀ ਹੈ ਕਿ ਦੋਸ਼ੀਆਂ ’ਤੇ ਕਾਨੂੰਨ ਦੇ ਨਿਯਮਾਂ ਅਨੁਸਾਰ ਮੁਕੱਦਮੇ ਦਰਜ ਨਹੀਂ ਕੀਤੇ ਜਾਂਦੇ, ਸਗੋਂ ਕਈ ਕੇਸਾਂ ਵਿਚ ਉਨਾਂ ਨੂੰ ਅਜਿਹੇ ਜ਼ਹਿਰੀਲੇ ਪ੍ਰਚਾਰ ਵਿਚ ਸ਼ਾਮਿਲ ਹੋਣ ਲਈ ਸਨਮਾਨਿਤ ਕੀਤਾ ਜਾਂਦਾ ਹੈ। ਕੇਂਦਰ ਸਰਕਾਰ ਦੇ ਰਾਜ ਮੰਤਰੀ ਅਨੁਰਾਗ ਠਾਕੁਰ, ਜਿਸ ਨੇ ਖੁੱਲੇਆਮ ‘ਗੋਲੀ ਮਾਰੋ ਸਾਲੋਂ ਕੋ’ ਦਾ ਸੱਦਾ ਦਿੱਤਾ ਸੀ, ਨੂੰ ਸਜ਼ਾ ਦੇਣ ਦੀ ਬਜਾਏ ਪੂਰੇ ਕੈਬਨਿਟ ਮੰਤਰੀ ਦਾ ਅਹੁਦਾ ਦੇ ਕੇ ਤਰੱਕੀ ਦਿੱਤੀ ਗਈ ਹੈ। ਹਰਿਦਵਾਰ, ਰਾਏਪੁਰ, ਅੰਬਾਲਾ, ਗੁਰੂਗ੍ਰਾਮ ਅਤੇ ਹੋਰ ਥਾਵਾਂ ’ਤੇ ਵਾਪਰੀਆਂ ਘਟਨਾਵਾਂ ਜਿੱਥੇ ਗਿਰਜਾਘਰਾਂ ਵਿਚ ਕਤਲੇਆਮ ਅਤੇ ਭੰਨ-ਤੋੜ ਕਰਨ ਦੇ ਖੁੱਲੇ ਸੱਦੇ ਦਿੱਤੇ ਗਏ ਹਨ ਅਤੇ ਈਸਾਈ ਸਕੂਲਾਂ ’ਤੇ ਹਮਲੇ ਕੀਤੇ ਜਾ ਰਹੇ ਹਨ, ਇਹ ਇਸ ਗੱਲ ਦਾ ਸੰਕੇਤ ਹਨ ਕਿ ਜੇਕਰ ਸਮਾਜ ਨਾ ਜਾਗਿਆ ਤਾਂ ਆਉਣ ਵਾਲੇ ਦਿਨ ਹੋਰ ਵੀ ਮਾੜੇ ਹੋਣਗੇ। ਇਸ ਅੰਦਰੂਨੀ ਗੜਬੜ ਦੇ ਕਾਰਨ ਕੌਮਾਂਤਰੀ ਪ੍ਰਭਾਵ ਵੀ ਪੈਂਦੇ ਹਨ। ਅਸੀਂ 1984 ਦੇ ਸਿੱਖ ਵਿਰੋਧੀ ਕਤਲੇਆਮ ਤੋਂ ਬਾਅਦ ਇਹ ਸਭ ਕੁਝ ਦੇਖਿਆ। ਬੁਲੀ ਬਾਈ ਐਪ ਦੇ ਰਾਹੀਂ ਮੁਸਲਮਾਨ ਔਰਤਾਂ ਦੇ ਵਿਰੁੱਧ ਜੋ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਉਹ ਅਤੀ ਨਿੰਦਣਯੋਗ ਹੈ ਪਰ ਪ੍ਰਧਾਨ ਮੰਤਰੀ ਦਾ ਇਸ ’ਤੇ ਚੁੱਪੀ ਸਾਧ ਲੈਣਾ ਹੋਰ ਵੀ ਮਾੜੀ ਗੱਲ ਹੈ। ਬਹੁਗਿਣਤੀ ਭਾਈਚਾਰੇ ਨੂੰ ਇਹ ਅਹਿਸਾਸ ਕਰਨਾ ਪਵੇਗਾ ਕਿ ਇਹ ਮਾਨਸਿਕਤਾ ਕਿਸੇ ਵਿਸ਼ੇਸ਼ ਫ਼ਿਰਕੇ ਦੇ ਵਿਰੁੱਧ ਹੀ ਸੀਮਤ ਨਹੀਂ ਰਹਿੰਦੀ, ਇਹ ਭਿਆਨਕ ਮੋੜ ਲੈ ਲੈਂਦੀ ਹੈ। ਜ਼ਹਿਰ ਨਾਲ ਭਰੀਆਂ ਇਹ ਭੀੜਾਂ ਕਿਸੇ ਵੀ ਮੁੱਦੇ ’ਤੇ ਸਵਾਲ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਹਿੰਸਾ ਕਰਨ ਲਈ ਤਿਆਰ ਹੁੰਦੀਆਂ ਹਨ।

ਸ਼ਾਂਤੀ-ਪਸੰਦ ਲੋਕ ਘਰ ਨਹੀਂ ਬੈਠ ਸਕਦੇ ਅਤੇ ਸਿਰਫ਼ ਪ੍ਰੇਸ਼ਾਨ ਮਹਿਸੂਸ ਕਰਕੇ ਬੇਬਸੀ ਦਾ ਸ਼ਿਕਾਰ ਨਹੀਂ ਹੋ ਸਕਦੇ। ਉਨਾਂ ਨੂੰ ਅਜਿਹੀਆਂ ਸ਼ਕਤੀਆਂ ਦਾ ਮੁਕਾਬਲਾ ਕਰਨ ਲਈ ਸਮਾਜ ਦੇ ਅਸਲ ਮੁੱਦਿਆਂ ਬਾਰੇ ਬੋਲਣਾ ਅਤੇ ਗੱਲ ਕਰਨੀ ਪਵੇਗੀ, ਭਾਵੇਂ ਇਸ ਦੇ ਕਾਰਨ ਉਨਾਂ ਦੀਆਂ ਜਾਨਾਂ ਵੀ ਖ਼ਤਰੇ ਵਿਚ ਕਿਉਂ ਨਾ ਪੈਣ, ਨਹੀਂ ਤਾਂ ਇਹ ਲੋਕ ਜੋ ਅੱਜ ਥੋੜੇ ਜਿਹੇ ਦਿਖਾਈ ਦਿੰਦੇ ਹਨ, ਤੇਜ਼ੀ ਨਾਲ ਵਧਣਗੇ ਅਤੇ ਆਪਣੇ ਆਪ ਨੂੰ ਸੱਤਾ ਤੋਂ ਵੀ ਉੱਪਰ ਸਮਝਣ ਲੱਗ ਪੈਣਗੇ। ਉਨਾਂ ਦੇ ਬਿਰਤਾਂਤ ਦਾ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨਾ ਹੋਵੇਗਾ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਸੰਨ 1930ਵਿਆਂ ਵਿਚ ਜਰਮਨੀ ਦੇ ਨਾਜ਼ੀਆਂ ਨੇ ਇਸੇ ਢੰਗ ਦੇ ਨਾਲ ਸ਼ੁਰੂਆਤ ਕੀਤੀ ਸੀ, ਤੇ ਬਾਅਦ ਵਿਚ ਜੋ ਕੁਝ ਵਾਪਰਿਆ ਉਹ ਸਭ ਦੇ ਸਾਹਮਣੇ ਹੈ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਕਿਸਾਨਾਂ ਨੂੰ ਖ਼ੁਸ਼ਹਾਲੀ ਕਿਵੇਂ ਨਸੀਬ ਹੋਵੇ ?

**ਮਹਿੰਦਰ ਸਿੰਘ ਦੁਸਾਂਝ**

ਭਾਰਤ ਵਿਚ ਇਕ ਸਾਲ ਤੋਂ ਵੱਧ ਸਮਾਂ ਅਤੇ ਨਿਰੰਤਰ ਚੱਲੇ ਅਜੋਕੇ ਕਿਸਾਨ ਅੰਦੋਲਨ ਨੇ ਸ਼ਾਨਦਾਰ ਸਫਲਤਾ ਤੱਕ ਪਹੁੰਚ ਕੇ ਵਿਸ਼ਵ ਅੰਦਰ ਇਕ ਵਿਲੱਖਣ ਅਤੇ ਗੌਰਵਮਈ ਇਤਿਹਾਸ ਨੂੰ ਜਨਮ ਦਿੱਤਾ ਹੈ। ਦੋ ਹਿੰਦਸਿਆਂ ਵਿਚ ਲੱਖਾਂ ਦੀ ਗਿਣਤੀ ਵਿਚ ਮੀਂਹ, ਹਨੇਰੀਆਂ ਅਤੇ ਗਰਮੀਆਂ-ਸਰਦੀਆਂ ਦੀ ਸਖ਼ਤ ਮਾਰ ਝੱਲ ਕੇ ਕਿਸਾਨਾਂ ਨੇ ਕਿਸੇ ਵੀ ਹਾਲਤ ਵਿਚ ਤੇ ਕਿਸੇ ਵੀ ਮੋੜ 'ਤੇ ਅੰਦੋਲਨ ਵਿਚੋਂ ਅਹਿੰਸਾ ਨੂੰ ਗਾਇਬ ਨਹੀਂ ਹੋਣ ਦਿੱਤਾ। ਕਿਸਾਨਾਂ ਨੇ ਆਪਣੇ ਸਿਰੜ ਤੇ ਠਰੰਮੇ ਨਾਲ ਅੰਦੋਲਨ ਵਿਚ ਵਿਲੱਖਣ ਗੁਣ ਵਿਕਸਿਤ ਕਰਨ ਦੇ ਕੰਮ ਵਿਚ ਵੀ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ।

ਪਰ ਅੰਦੋਲਨ ਦੀ ਇਸ ਸਫਲਤਾ ਤੋਂ ਬਾਅਦ ਵੀ ਕਿਸਾਨਾਂ ਨੂੰ ਗੰਭੀਰਤਾ ਨਾਲ ਅਗਲੇ ਕਦਮ ਚੁੱਕਣੇ ਹੋਣਗੇ, ਕਿਉਂਕਿ ਰਾਸ਼ਟਰੀ ਪੱਧਰ 'ਤੇ ਮੌਜੂਦਾ ਤੇ ਕਿਸੇ ਵੀ ਪਾਰਟੀ ਦੀ ਬਣਨ ਵਾਲੀ ਅਗਲੀ ਸਰਕਾਰ ਆਪਣੀ ਕਿਸੇ ਮਜਬੂਰੀ ਤੋਂ ਨੌਸਰਬਾਜ਼ੀ ਕਰ ਕੇ ਕਿਸਾਨਾਂ ਨੂੰ ਮੀਂਗਣਾਂ ਪਾ ਕੇ ਦੁੱਧ ਦੇਣ ਦੀ ਹੀ ਕੋਸ਼ਿਸ਼ ਕਰੇਗੀ, ਅਜਿਹੇ ਹਾਲਾਤ ਵਿਚ ਕਿਸਾਨਾਂ ਨੂੰ ਜਿੱਥੇ ਅਜੋਕੀ ਰਵਾਇਤੀ ਖੇਤੀ ਦੇ ਅਜੋਕੇ ਢੰਗ-ਤਰੀਕੇ ਤੇ ਆਪਣੀ ਰਵਾਇਤੀ ਮਾਨਸਿਕਤਾ ਬਦਲਣੀ ਹੋਵੇਗੀ, ਉੱਥੇ ਖੇਤੀ ਲਈ ਕਿਸੇ ਹੱਦ ਤੱਕ ਸਰਕਾਰਾਂ 'ਤੇ ਨਿਰਭਰਤਾ ਵੀ ਘਟਾਉਣੀ ਪਵੇਗੀ।

ਕੇਂਦਰ ਸਰਕਾਰ ਅਨੁਸਾਰ ਪੰਜਾਬ ਤੇ ਹਰਿਆਣੇ ਵਿਚ ਅਨਾਜ ਦੀ ਖ਼ਰੀਦ ਲਈ ਅਸੀਂ ਜਿੰਨਾ ਪੈਸਾ ਖ਼ਰਚਦੇ ਹਾਂ ਉਹਦੇ ਨਾਲੋਂ ਵੱਧ ਪੈਸਾ ਅਨਾਜ ਦੀ ਢੋਆ-ਢੁਆਈ ਤੇ ਅਨਾਜ ਦੇ ਵਪਾਰ ਵਿਚ ਹੁੰਦੇ ਭ੍ਰਿਸ਼ਟਾਚਾਰ ਅਤੇ ਸਟੋਰਾਂ ਦੇ ਅੰਦਰ ਤੇ ਬਾਹਰ ਪਏ ਅਨਾਜ ਦੇ ਖ਼ਰਾਬੇ ਦੀ ਭੇਟ ਚੜ੍ਹ ਜਾਂਦਾ ਹੈ ਤੇ ਅਗਲੇ ਤਿੰਨ ਸਾਲ ਦੀ ਲੋੜ ਜੋਗਾ ਅਨਾਜ ਸਟੋਰਾਂ ਵਿਚ ਪਿਆ ਹੈ, ਭਾਰਤ ਸਰਕਾਰ ਦੇ ਅਜਿਹੇ ਪ੍ਰਗਟਾਵੇ ਵਿਚ ਸ਼ਾਇਦ ਸਚਾਈ ਵੀ ਹੋਵੇ।

ਜੇਕਰ ਕੇਂਦਰ ਸਰਕਾਰ ਨਾਲ ਗੱਲਬਾਤ ਲਈ ਮੇਜ਼ ਦੁਆਲੇ ਬਹਿਣ ਦਾ ਮੌਕਾ ਮਿਲਦਾ ਹੈ ਤਾਂ ਕੇਵਲ ਅਨਾਜ ਖ਼ਰੀਦਣ ਲਈ ਸਰਕਾਰ ਦੀਆਂ ਸਮੱਸਿਆਵਾਂ ਕਰਕੇ ਨਹੀਂ ਸਗੋਂ ਪੰਜਾਬ ਤੇ ਹਰਿਆਣੇ ਦੇ ਕੁਦਰਤੀ ਸਰੋਤਾਂ ਨੂੰ ਤੇ ਆਪਣੇ ਆਪ ਨੂੰ ਮਾਰੂ ਪ੍ਰਦੂਸ਼ਣ, ਖੇਚਲ ਤੇ ਖਰਚੇ ਅਤੇ ਰੋਗਾਂ ਦੀ ਤੇਜ਼ ਹਨੇਰੀ ਤੋਂ ਬਚਾਉਣ ਲਈ ਕਿਸਾਨਾਂ ਨੂੰ ਖ਼ੁਦ ਹੀ ਕੇਵਲ ਝੋਨੇ ਦੀ ਕਾਸ਼ਤ ਨੂੰ ਬੰਦ ਕਰਨ ਦਾ ਕ੍ਰਾਂਤੀਕਾਰੀ ਤੇ ਕਲਿਆਣਕਾਰੀ ਫ਼ੈਸਲਾ ਸੁਣਾਉਣ ਦੀ ਦਲੇਰੀ ਵਿਖਾਉਣੀ ਚਾਹੀਦੀ ਹੈ।

ਪਰ ਇਸ ਤੋਂ ਪਹਿਲਾਂ ਇਕ ਸਾਲ ਵਿਚ ਖ਼ਰਬਾਂ ਰੁਪਏ ਦੇ ਤੇਲ ਬੀਜ ਤੇ ਖ਼ਰਬਾਂ ਰੁਪਏ ਦੀਆਂ ਦਾਲਾਂ ਵਿਦੇਸ਼ਾਂ ਵਿਚੋਂ ਖ਼ਰੀਦਣੀਆਂ ਬੰਦ ਕਰਨ ਲਈ ਭਾਰਤ ਸਰਕਾਰ ਨੂੰ ਵਚਨਬੱਧ ਕੀਤਾ ਜਾਵੇ ਤੇ ਇਨਾਂ ਜਿਣਸਾਂ ਲਈ ਪ੍ਰਤੀ ਏਕੜ ਝੋਨੇ ਨਾਲੋਂ ਵੱਧ ਆਮਦਨ ਦੇਣ ਵਾਲੀ ਐੱਮ.ਐੱਸ.ਪੀ. ਨਿਰਧਾਰਤ ਕਰਵਾ ਕੇ ਇਨਾਂ ਫ਼ਸਲਾਂ ਦੀ ਸਾਰੀ ਪੈਦਾਵਾਰ ਸਰਕਾਰੀ ਜਾਂ ਗ਼ੈਰ-ਸਰਕਾਰੀ ਪੱਧਰ 'ਤੇ ਖ਼ਰੀਦਣ ਲਈ ਸਰਕਾਰ ਤੋਂ ਲਿਖਤੀ ਗਾਰੰਟੀ ਲਈ ਜਾਵੇ। ਇਨਾਂ ਫ਼ਸਲਾਂ ਦੀ ਕਾਸ਼ਤ ਲਈ ਖ਼ੇਚਲ ਤੇ ਲਾਗਤਾਂ ਘੱਟ ਹੋਣ ਕਰਕੇ ਜਿੱਥੇ ਕਿਸਾਨਾਂ ਨੂੰ ਲਾਭ ਮਿਲੇਗਾ, ਉਥੇ ਦੋਵਾਂ ਰਾਜਾਂ ਅੰਦਰ ਮਿੱਟੀ, ਪਾਣੀ ਤੇ ਹਵਾ ਨੂੰ ਵੀ ਸੁਰੱਖਿਆ ਨਸੀਬ ਹੋਵੇਗੀ।

ਪੰਜਾਬ ਤੇ ਹਰਿਆਣਾ ਦੇ ਪੇਂਡੂ ਖੇਤਰਾਂ ਵਿਚੋਂ ਲੰਘਦਿਆਂ ਮੁੱਖ ਸੜਕਾਂ 'ਤੇ ਗੰਨੇ ਅਤੇ ਮੱਕੀ ਤੋਂ ਈਥਾਨੋਲ ਤਿਆਰ ਕਰਨ ਲਈ ਉਦਯੋਗ ਚਾਲੂ ਕਰਨ ਲਈ ਵੀ ਸਰਕਾਰ ਤੋਂ ਲਿਖਤੀ ਇਕਰਾਰ ਲਿਆ ਜਾਵੇ। ਮੱਕੀ ਤੇ ਗੰਨੇ ਦੀ ਹੁਣ ਨਾਲੋਂ ਵੀਹ ਤੋਂ ਪੱਚੀ ਫ਼ੀਸਦੀ ਵੱਧ ਕੀਮਤ ਤਾਰ ਕੇ ਵੀ ਉਦਯੋਗ ਮੁਨਾਫ਼ੇ ਵਿਚ ਜਾ ਸਕਦੇ ਹਨ ਤੇ ਸਰਕਾਰ ਵਲੋਂ ਪੈਟਰੋਲ ਤੇ ਡੀਜ਼ਲ 'ਤੇ ਖ਼ਰਚ ਹੋ ਰਹੀ ਵਿਦੇਸ਼ੀ ਕਰੰਸੀ ਬਚ ਸਕਦੀ ਹੈ, ਨਾਲ ਹੀ ਪੈਟਰੋਲ-ਡੀਜ਼ਲ ਦੇ ਖਪਤਕਾਰਾਂ ਨੂੰ ਵੀ ਰਾਹਤ ਮਿਲ ਸਕਦੀ ਹੈ ਅਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਬੱਚਿਆਂ ਨੂੰ ਘਰਾਂ ਦੇ ਨੇੜੇ ਰੁਜ਼ਗਾਰ ਦੇ ਮੌਕੇ ਮਿਲ ਸਕਦੇ ਹਨ।

ਕਿਸਾਨ ਜਥੇਬੰਦੀਆਂ ਨੇ ਜਿਵੇਂ ਆਪਣੇ ਅੰਦੋਲਨ ਰਾਹੀਂ ਦਿੱਲੀ ਦੀਆਂ ਸਰਹੱਦਾਂ 'ਤੇ ਆਪਣਾ ਦਮਖਮ ਵਿਖਾਇਆ ਹੈ, ਅਜਿਹਾ ਇਕ ਹੰਭਲਾ ਹੁਣ ਪਿੰਡਾਂ ਵਿਚ ਵੀ ਇਕੱਠੇ ਹੋ ਕੇ ਮਾਰਨ ਦੀ ਹਿੰਮਤ ਕਰਨ ਤਾਂ ਸਰਕਾਰਾਂ ਮਗਰ ਖੇਤੀ ਜਿਣਸਾਂ ਵੇਚਣ ਲਈ ਘੁੰਮਣ ਦੀ ਲੋੜ ਵੀ ਸ਼ਾਇਦ ਨਾ ਰਹੇ।

ਪੰਜਾਬ ਤੇ ਹਰਿਆਣਾ ਦਾ ਸਮੁੱਚਾ ਸਮਾਜ ਹੁਣ ਦਿਲੋਂ ਕਿਸਾਨਾਂ ਦੇ ਨਾਲ ਜੁੜਿਆ ਹੋਇਆ ਹੈ, ਵੰਨ-ਸੁਵੰਨੀਆਂ ਖੇਤੀ ਜਿਣਸਾਂ ਦੀ ਕਾਸ਼ਤ ਲਈ ਦੋਵੇਂ ਰਾਜ ਸਰਕਾਰਾਂ ਦੇ ਅਦਾਰਿਆਂ ਵਲੋਂ ਮੁਫ਼ਤ ਸਿਖਲਾਈ ਦੇਣ ਦੇ ਕੰਮ ਵਿਚ ਕੋਈ ਦਿੱਕਤ ਨਹੀਂ, ਕਿਸਾਨਾਂ ਨੂੰ ਵੰਨ-ਸੁਵੰਨੀਆਂ ਖੇਤੀ ਜਿਣਸਾਂ ਤਿਆਰ ਕਰਵਾ ਕੇ ਇਨਾਂ ਜਿਣਸਾਂ ਦੇ ਹਰ ਪਿੰਡ ਵਿਚ ਦੋ-ਦੋ ਸੈਂਟਰ ਸਥਾਪਤ ਕਰ ਕੇ ਪੇਂਡੂ ਖਪਤਕਾਰਾਂ ਨੂੰ ਆਪਣੇ ਸਾਹਮਣੇ ਤਿਆਰ ਹੋਈਆਂ ਪ੍ਰਦੂਸ਼ਣ ਮੁਕਤ ਤੇ ਸੱਜਰੀਆਂ ਜਿਣਸਾਂ ਖ਼ਰੀਦਣ ਲਈ ਇਨਾਂ ਸੈਂਟਰਾਂ ਨਾਲ ਜੋੜਨ ਦੀ ਮੁਹਿੰਮ ਚਲਾਈ ਜਾਵੇ ਅਤੇ ਕੋਸ਼ਿਸ਼ ਕੀਤੀ ਜਾਵੇ ਕਿ ਫ਼ਸਲ ਬੀਜਣ ਤੋਂ ਭਾਵੇਂ ਪਹਿਲਾਂ ਆਪਣੀ ਲੋੜ ਦੱਸ ਕੇ ਹਰ ਖਪਤਕਾਰ ਇਨਾਂ ਸੈਂਟਰਾਂ ਨਾਲ ਜੁੜੇ ਤੇ ਵਪਾਰੀਆਂ ਵਾਲੇ ਮੁਨਾਫ਼ੇ ਨੂੰ ਸੈਂਟਰ ਦੇ ਖ਼ਰਚੇ ਕੱਢ ਕੇ ਅੱਧੋ-ਅੱਧ ਵੰਡ ਲਿਆ ਜਾਵੇ। ਇਸ ਕੰਮ ਲਈ ਕਿਸਾਨ ਸੰਗਠਨਾਂ ਨੂੰ ਵੱਡੀ ਪੱਧਰ 'ਤੇ ਲੋਕਾਂ ਵਿਚ ਵਿਚਰਨਾ ਪਵੇਗਾ ਤੇ ਹਰ ਪਰਿਵਾਰ ਨੂੰ ਅਜਿਹੀ ਮੁਹਿੰਮ ਨਾਲ ਜੋੜਨਾ ਪਵੇਗਾ।

ਖੇਤੀ ਜਿਣਸਾਂ ਦੀ ਅਜਿਹੀ ਮਾਰਕੀਟਿੰਗ ਲਈ ਅਸੀਂ ਕੁਝ ਸਮਾਂ ਪਹਿਲਾਂ ਹਿਮਾਚਲ ਦੇ ਪ੍ਰਗਤੀਸ਼ੀਲ ਕਿਸਾਨਾਂ ਨਾਲ ਗੱਲ ਕੀਤੀ ਤਾਂ ਉਨਾਂ ਨੇ ਆਪਣੇ ਖੇਤਾਂ ਤੇ ਬਾਗਾਂ ਤੋਂ ਸਿੱਧੇ ਪਹਾੜੀ ਫਲ ਤੇ ਪੰਜਾਬ ਲਈ ਬੇਮੌਸਮੀਆਂ ਸਬਜ਼ੀਆਂ ਇਨਾਂ ਸਟੋਰਾਂ ਵਿਚ ਲਿਆਉਣ ਦੀ ਅਤੇ ਹਿਮਾਚਲ ਵਿਚ ਵੀ ਅਜਿਹੇ ਕਿਸਾਨ ਸੈਂਟਰ ਕਾਇਮ ਕਰਨ ਦੀ ਇੱਛਾ ਜਤਾਈ, ਕਿਉਂਕਿ ਜਿਨਾਂ ਗੱਡੀਆਂ ਵਿਚ ਹਿਮਾਚਲ ਦੇ ਫਲ ਸਬਜ਼ੀਆਂ ਪੰਜਾਬ ਵਿਚ ਆਉਣਗੀਆਂ, ਉਨਾਂ ਗੱਡੀਆਂ ਵਿਚ ਹੀ ਪੰਜਾਬ ਦੀਆਂ ਖੇਤੀ ਜਿਣਸਾਂ ਹਿਮਾਚਲ ਵਿਚ ਭੇਜੀਆਂ ਜਾ ਸਕਦੀਆਂ ਹਨ। ਇਉਂ ਭੂਮੀਹੀਣ ਤੇ ਨਿਮਨ ਵਰਗ ਦੇ ਕਿਸਾਨਾਂ ਨੂੰ ਉਨਾਂ ਦੇ ਘਰਾਂ ਦੇ ਨੇੜੇ ਰੁਜ਼ਗਾਰ ਦੇ ਮੌਕੇ ਵੀ ਮਿਲਣਗੇ ਪਰ ਅਜਿਹੇ ਕ੍ਰਾਂਤੀਕਾਰੀ ਪ੍ਰਾਜੈਕਟ ਨੂੰ ਕੇਵਲ ਕਿਸਾਨ ਸੰਗਠਨਾਂ ਰਾਹੀਂ ਹੀ ਸਫਲਤਾ ਪ੍ਰਾਪਤ ਹੋ ਸਕਦੀ ਹੈ। ਕਿਸਾਨਾਂ ਨੂੰ ਵੀ ਨਿੱਜੀ ਪੱਧਰ 'ਤੇ ਆਪਣੀ ਮਾਨਸਿਕਤਾ ਤੇ ਖੇਤੀ ਦੇ ਰਵਾਇਤੀ ਰੁਝਾਨ ਨੂੰ ਬਦਲਣ ਲਈ ਯਤਨ ਕਰਨੇ ਚਾਹੀਦੇ ਹਨ। ਜਿਹੜੇ ਕਿਸਾਨ ਕੇਵਲ ਕਣਕ ਝੋਨੇ ਦੀ ਖੇਤੀ ਕਰਦੇ ਹਨ, ਉਨਾਂ ਨੂੰ ਇਨਾਂ ਦੋਵੇਂ ਫ਼ਸਲਾਂ ਦੀ ਬਿਜਾਈ, ਲਵਾਈ ਤੇ ਕਟਾਈ ਲਈ ਕੇਵਲ ਇਕ ਮਹੀਨਾ ਕੰਮ ਕਰਨਾ ਪੈਂਦਾ ਹੈ, ਬਾਕੀ ਵਿਹਲੇ ਗਿਆਰਾਂ ਮਹੀਨਿਆਂ ਵਿਚ ਉਹ ਕੇਵਲ ਆਪਣੀਆਂ ਅਤੇ ਆਲੇ-ਦੁਆਲੇ ਦੀਆਂ ਲੋੜਾਂ ਲਈ ਪੰਜ-ਸੱਤ ਬੂਟੇ ਫਲਾਂ ਦੇ ਲਾਉਣ ਤੇ ਪੰਜ-ਸੱਤ ਮਰਲੇ ਸਬਜ਼ੀਆਂ ਬੀਜਣ ਲਈ ਨਹੀਂ ਸੋਚਦੇ ਹਾਲਾਂਕਿ ਇਸ ਸਮੇਂ ਵਿਚ ਉਹ ਛੋਟੇ ਪੱਧਰ 'ਤੇ ਮੱਛੀ ਪਾਲਣ, ਸ਼ਹਿਦ ਲਈ ਮੱਖੀਆਂ ਪਾਲਣ ਤੇ ਖੁੰਬਾਂ ਦੀ ਕਾਸ਼ਤ ਵੀ ਕਰ ਸਕਦੇ ਹਨ, ਇਨਾਂ ਤਿੰਨਾਂ ਚੀਜ਼ਾਂ ਦੇ ਉਤਪਾਦਨ ਲਈ ਮੰਡੀ ਦੀ ਬਹੁਤ ਵੱਡੀ ਸਮੱਸਿਆ ਵੀ ਨਹੀਂ ਹੈ। ਇਸ ਵੇਲੇ ਬਹੁਤੇ ਕਿਸਾਨ ਖੇਤਾਂ ਦੇ ਮਾਲਕ ਹੁੰਦਿਆਂ ਵੀ ਸੱਤਰ-ਅੱਸੀ ਰੁਪਏ ਕਿੱਲੋ ਗੁੜ, ਦੋ ਸੌ ਰੁਪਏ ਲੀਟਰ ਦੇਸੀ ਤੇਲ, ਦਾਲਾਂ ਤੇ ਸ਼ਹਿਰਾਂ ਵਿਚੋਂ ਘੁੰਮ ਕੇ ਆਈਆਂ ਬੇਹੀਆਂ ਤੇ ਰਸਾਇਣਾਂ ਵਾਲੀਆਂ ਸਬਜ਼ੀਆਂ ਮਹਿੰਗੇ ਭਾਅ ਖ਼ਰੀਦ ਕੇ ਵਰਤ ਰਹੇ ਹਨ, ਹਾਲਾਂਕਿ ਆਪਣੀਆਂ ਸੀਮਤ ਲੋੜਾਂ ਲਈ ਖੇਤੀ ਜਿਣਸਾਂ ਪੈਦਾ ਕਰਨ ਲਈ ਨਾ ਕਿਸੇ ਵੱਡੀ ਮੰਡੀ ਦੀ ਤੇ ਨਾ ਹੀ ਕਿਸੇ ਸਰਕਾਰੀ ਯੋਜਨਾ ਦੀ ਲੋੜ ਹੈ।

ਪਸ਼ੂਆਂ ਦੇ ਮਾਹਰਾਂ ਅਨੁਸਾਰ ਹਰ ਦੁੱਧ ਦਿੰਦੇ ਸਿਹਤਮੰਦ ਲਵੇਰੇ ਦੀ ਰੋਜ਼ਾਨਾ ਲਗਭਗ ਚਾਲੀ ਕਿਲੋ ਹਰੇ ਚਾਰੇ ਦੀ ਲੋੜ ਹੁੰਦੀ ਹੈ, ਪਰ ਇਕ ਸਰਵੇਖਣ ਤੋਂ ਮਿਲੀ ਰਿਪੋਰਟ ਅਨੁਸਾਰ ਇਕ ਲਵੇਰੇ ਨੂੰ ਰੋਜ਼ਾਨਾ ਅਠਾਰਾਂ ਕਿੱਲੋ ਹਰਾ ਚਾਰਾ ਹੀ ਨਸੀਬ ਹੋ ਰਿਹਾ ਹੈ।

ਮੈਨੂੰ ਦਸ ਮੈਂਬਰਾਂ ਵਾਲੇ ਇਕ ਪਰਿਵਾਰ ਨੇ ਹਿਸਾਬ ਲਾ ਕੇ ਦੱਸਿਆ ਕਿ ਸਾਡੇ ਘਰ ਵਿਚ ਸਾਲ ਅੰਦਰ ਇਕ ਸੌ ਵੀਹ ਲੀਟਰ ਸਰੋਂ ਦੇ ਤੇਲ ਦੀ ਖਪਤ ਹੁੰਦੀ ਹੈ ਤੇ ਇਸ ਲਈ ਸਾਢੇ ਤਿੰਨ ਸੌ ਕਿੱਲੋ ਸਰੋਂ ਦੀ ਲੋੜ ਪੈਂਦੀ ਹੈ, ਸਾਢੇ ਤਿੰਨ ਸੌ ਕਿੱਲੋ ਸਰੋਂ ਪੈਦਾ ਕਰਨ ਲਈ ਘੱਟੋ-ਘੱਟ ਚਾਰ ਕਨਾਲ ਰਕਬੇ ਦੀ ਲੋੜ ਹੁੰਦੀ ਹੈ।

ਬਾਕੀ ਸਫ਼ਾ 31 'ਤੇ

# ਪ੍ਰਵਾਸ ਪੰਜਾਬ ਲਈ ਬਣਿਆ ਨੁਕਸਾਨਦੇਹ

## ✪ ਜਵਾਨੀ ਹੀ ਨਹੀਂ 28 ਹਜ਼ਾਰ ਕਰੋੜ ਵੀ ਜਾ ਰਿਹਾ ਵਿਦੇਸ਼ਾਂ ਵਿਚ ✪ ਸੂਬੇ ਦੇ 75 ਪ੍ਰਤੀਸ਼ਤ ਮਾਪੇ ਆਪਣੇ ਬੱਚੇ ਵਿਦੇਸ਼ ਵਿਚ ਕਰਨਾ ਚਾਹੁੰਦੇ ਨੇ ਸੈਟਲ ✪ ਹਰ ਸਾਲ ਫੀਸਾਂ ਦੇ ਰੂਪ ਵਿਚ 28000 ਕਰੋੜ ਰੁਪਏ ਤੋਂ ਵੱਧ ਵਿਦੇਸ਼ੀ ਸੰਸਥਾਵਾਂ ਨੂੰ ਅਦਾ ਕਰ ਰਹੇ ਨੇ ਪੰਜਾਬੀ

**ਫ਼ਤਹਿਗੜ੍ਹ ਸਾਹਿਬ/ਏ.ਟੀ.ਨਿਊਜ਼ :-** ਪੰਜਾਬ ਦੇ ਨੌਜਵਾਨ ਮੁੰਡੇ-ਕੁੜੀਆਂ ਵਿਚ ਵਿਦੇਸ਼ ਜਾਣ ਦੀ ਹੋਡ. ਲੱਗੀ ਹੋਈ ਹੈ। ਇਸ ਪ੍ਰਵਾਸ ਵਿਚ ਪੰਜਾਬ ਦੀ ਜਵਾਨੀ ਹੀ ਨਹੀਂ ਉੱਜੜ ਰਹੀ ਸਗੋਂ ਸਰਮਾਇਆ ਵੀ ਹੜ ਰਿਹਾ ਹੈ। ਇਕ ਸਰਵੇਖਣ ਮੁਤਾਬਕ ਹਰ ਸਾਲ ਉੱਚ ਸਿੱਖਿਆ ਪ੍ਰਾਪਤ ਕਰਨ ਦੇ ਨਾਂ 'ਤੇ 48 ਹਜ਼ਾਰ ਦੇ ਕਰੀਬ ਬੱਚੇ ਵਿਦੇਸ਼ ਜਾਣ ਵਿਚ ਕਾਮਯਾਬ ਹੁੰਦੇ ਹਨ ਜਿਹੜੇ ਫੀਸਾਂ ਦੇ ਰੂਪ ਵਿਚ 28000 ਕਰੋੜ ਰੁਪਏ ਤੋਂ ਉੱਪਰ ਵਿਦੇਸ਼ੀ ਸਿੱਖਿਆ ਸੰਸਥਾਵਾਂ ਨੂੰ ਅਦਾ ਕਰ ਰਹੇ ਹਨ ਜੋ ਕਿ ਪੰਜਾਬ ਸਰਕਾਰ ਦੇ ਕੁੱਲ ਬਜਟ (2019-20) ਦਾ 19 ਫੀਸਦੀ ਬਣਦਾ ਹੈ। ਅਜੋਕੇ ਸਮੇਂ 'ਚ ਬਿਹਤਰ ਜੀਵਨ ਸ਼ੈਲੀ ਵਿਦਿਆਰਥੀ ਲਈ ਖਿੱਚ ਦਾ ਮੁੱਖ ਕਾਰਨ ਹੈ। ਵਿਦੇਸ਼ ਵਿਚ ਸੈਟਲ ਹੋਣ ਦੀ ਇਸ ਖਿੱਚ ਕਾਰਨ ਆਈਲੈਬਟਸ ਸੈਂਟਰ ਵੱਡੇ ਸ਼ਹਿਰਾਂ ਤੋਂ ਸ਼ੁਰੂ ਹੋ ਕੇ ਪਿੰਡਾਂ ਤਕ ਪਹੁੰਚ ਗਏ ਹਨ ਤੇ ਇਨਾਂ ਸੈਂਟਰਾਂ ਦੇ ਇਸ਼ਤਿਹਾਰ ਪ੍ਰਾਈਮ ਲੋਕੇਸ਼ਨਾਂ 'ਤੇ ਲੱਗੇ ਵੱਡੇ ਹੋਰਡਿੰਗਾਂ ਤੋਂ ਪਿੰਡਾਂ ਦੇ ਟਿਊਬਵੈਬਲਾਂ ਦੀਆਂ ਕੰਧਾਂ ਤਕ ਨਜ਼ਰ ਆਉਂਦੇ ਹਨ। ਓਵਰਸੀਜ਼ ਮਾਈਗ੍ਰੇਸ਼ਨ ਆਫ ਸਟੂਡੈਂਟਸ ਫਰੌਮ ਪੰਜਾਬ ਰਿਸਰਚ ਰਿਪੋਰਟ ਵਿਚ ਦੋਆਬਾ ਤੇ ਮਾਲਵਾ ਦੇ 100 ਟਰੈਵਲ ਏਜੈਂਟਸ, 150 ਆਈਲੈਬਟਸ ਸੈਂਟਰ ਤੇ ਕੁਝ ਬੈਂਕ ਅਧਿਕਾਰੀਆਂ ਰਾਹੀਂ ਕੀਤੀ ਪੜਤਾਲ ਤੋਂ ਪਤਾ ਚੱਲਿਆ ਕਿ ਸੂਬੇ ਦੇ 75 ਪ੍ਰਤੀਸ਼ਤ ਮਾਪੇ ਆਪਣੇ ਬੱਚੇ ਵਿਦੇਸ਼ ਵਿਚ ਸੈਟਲ ਕਰਨਾ ਚਾਹੁੰਦੇ ਹਨ ਅਤੇ 80 ਪ੍ਰਤੀਸਤ ਬੱਚੇ ਵੀ ਇਹੋ ਚਾਹੁੰਦੇ ਹਨ। ਸੂਬੇ ਦੇ 3.5 ਲੱਖ ਵਿਦਿਆਰਥੀ ਹਰ ਸਾਲ ਆਈਲੈਬਟਸ ਦੀ ਪ੍ਰੀਖਿਆ ਦਿੰਦੇ ਹਨ ਜਿਸ 'ਤੇ ਲਗਭਗ 500 ਕਰੋੜ ਰੁਪਏ ਖਰਚ ਹੋ ਰਹੇ ਹਨ। ਵਿਦੇਸ਼ ਜਾਣ ਦੀ ਕੋਸ਼ਿਸ਼ 'ਚ ਲੱਗੇ ਇਨਾਂ ਨੌਜਵਾਨਾਂ 'ਚੋਂ ਕਰੀਬ 48 ਹਜ਼ਾਰ ਹੀ ਵਿਦੇਸ਼ ਜਾਣ ਵਿਚ ਕਾਮਯਾਬ ਹੁੰਦੇ ਹਨ ਜਿਹਡੇ: ਹਰ ਸਾਲ ਫੀਸਾਂ ਦੇ ਰੂਪ ਵਿਚ 28000 ਕਰੋੜ ਰੁਪਏ ਤੋਂ ਵੱਧ ਵਿਦੇਸ਼ੀ ਸੰਸਥਾਵਾਂ ਨੂੰ ਅਦਾ ਕਰ ਰਹੇ ਹਨ। ਹਰ ਬੱਚਾ ਦੋ ਜਾਂ ਤਿੰਨ ਸਾਲ ਦੇ ਕੋਰਸ 'ਚ ਦਾਖਲਾ ਲੈਂਦਾ ਹੈ ਅਤੇ ਪ੍ਰਤੀ ਸਾਲ ਫੀਸ ਸਮੇਤ 15 ਤੋਂ 22 ਲੱਖ ਰੁਪਏ ਖਰਚ ਆਉਂਦਾ ਹੈ। ਸੂਬੇ ਲਈ ਪ੍ਰਵਾਸ ਇਕ ਬਹੁਤ



ਵੱਡੀ ਸਮੱਸਿਆ ਬਣਨ ਜਾ ਰਿਹਾ ਹੈ ਕਿਉਂਕਿ ਇਸ ਨਾਲ ਸਿਰਫ ਪੰਜਾਬ ਸਰਕਾਰ ਦੇ ਕੁੱਲ ਬਜਟ ਦਾ 19 ਫੀਸਦੀ (ਸਾਲ 2019-20 ਲਈ 1,58,493 ਕਰੋੜ) ਹੀ ਬਾਹਰ ਨਹੀਂ ਜਾ ਰਿਹਾ ਸਗੋਂ ਸੂਬੇ ਦੀ ਜਵਾਨੀ ਅਤੇ ਕਮਾਊ ਪੁੱਤ ਵੀ ਆਪਣੀ ਜਨਮ ਭੂਮੀ ਨੂੰ ਅਲਵਿਦਾ ਕਹਿ ਰਹੇ ਹਨ।

ਬਾਬਾ ਸਰਬਜੋਤ ਸਿੰਘ ਬੇਦੀ ਆਖਦੇ ਹਨ ਕਿ ਇਹ ਸੱਚਾਈ ਹੈ ਕਿ ਨੌਜਵਾਨ ਪੰਜਾਬ ਦਾ ਮੁੱਖ ਸਰਮਾਇਆ ਹਨ ਪ੍ਰੰਤੂ ਇਸ ਪ੍ਰਵਾਸ ਤੋਂ ਜਾਪਦਾ ਹੈ ਕਿ ਪੰਜਾਬ ਜਲਦ ਹੀ ਬੁੱਢਿਆਂ ਦਾ ਸੂਬਾ ਬਣ ਜਾਵੇਗਾ ਅਤੇ ਸੀਨੀਅਰ ਸਿਟੀਜ਼ਨਾਂ ਦੇ ਇਸ ਰਾਜ ਵਿਚ ਖਪਤ ਤੇ ਲਾਗਤ ਦੇ ਵਸੀਲੇ ਇਸ ਕਦਰ ਸਿਮਟ ਜਾਣਗੇ ਕਿ ਨਿੱਕੇ-ਨਿੱਕੇ ਕਾਰੋਬਾਰਾਂ ਤੋਂ ਲੈ ਕੇ ਵੱਡੇ ਕਾਰੋਬਾਰ ਵੀ ਬਾਜ਼ਾਰ ਵਿਚ ਮੰਗ ਨਾ ਰਹਿਣ ਕਾਰਨ ਮੰਦੇ ਦੀ ਲਪੇਟ ਵਿਚ ਆ ਜਾਣਗੇ ਜੋ ਪੰਜਾਬ ਲਈ ਬਹੁਤ ਵੱਡੀ ਆਰਥਿਕ ਮਾਰ ਹੋਵੇਗੀ ਅਤੇ ਇਸ ਨਾਲ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਪ੍ਰੰਪਰਾਵਾਂ ਤੇ ਪ੍ਰਸਥਿਤੀਆਂ ਵਿਚ ਵੀ ਨਿਘਾਰ ਆਵੇਗਾ। ਇਸ ਦੇ ਜਿੰਮੇਵਾਰ ਪੰਜਾਬ ਦੀ ਬੇਲਗਾਮ ਰਾਜਨੀਤੀ ਹੈ ਜੋ ਪੰਜਾਬ ਦੇ ਭਵਿੱਖ ਲਈ ਘਾਤਕ ਹੈ ਤੇ ਇਹ ਕਾਰੋਬਾਰ ਬਣ ਚੁਕੀ ਹੈ।

ਬਲਵੀਰ ਸਿੰਘ ਰਾਜੇਵਾਲ, ਕਿਸਾਨ ਆਗੂ ਆਖਦੇ ਹਨ ਕਿ ਇਹ ਪ੍ਰਵਾਸ ਨਹੀਂ ਨਸਲਕੁਸ਼ੀ ਹੈ ਕਿਉਂਕਿ ਰਾਜਸੀ ਲੋਕਾਂ ਨੇ ਸਥਿਤੀ ਇਹ ਬਣਾ ਦਿੱਤੀ ਕਿ ਕਾਬਲ ਬੱਚਿਆਂ ਨੂੰ ਪੰਜਾਬ ਵਿਚ ਆਪਣਾ ਭਵਿੱਖ ਧੁੰਦਲਾ ਦਿਸਣ ਲੱਗ ਪਿਆ ਹੈ ਜਿਸ ਕਾਰਨ ਉਹ ਬਾਹਰ ਜਾ ਰਹੇ ਹਨ । ਪ੍ਰਵਾਸ ਕਰ ਰਹੇ ਬੱਚਿਆਂ ਦੀ ਅਗਲੀ ਪੀੜੀ ਨੂੰ ਪਹਿਲਾਂ ਪੰਜਾਬੀ ਦੇ ਅੱਖਰ ਭੁੱਲ ਜਾਣਗੇ ਤੇ ਫਿਰ ਪੰਜਾਬੀ ਵਿਰਸਾ, ਜਿਸ ਕਾਰਨ ਦੂਜੀ ਪੀੜੀ ਵਿਚ ਕੋਈ ਕੈਨੇਡੀਅਨ ਬਣ ਜਾਵੇਗਾ ਤੇ ਕੋਈ ਅਮਰੀਕਨ ਜਾਂ ਆਸਟ੍ਰੇਲੀਅਨ। ਰਹਿੰਦੀ ਕਸਰ ਰਾਜਸੀ ਪਾਰਟੀਆਂ ਕੱਢ ਰਹੀਆਂ ਹਨ ਜਿਹੜੀਆਂ ਵਿਦੇਸ ਜਾਣ ਵਾਸਤੇ ਵਿਦਿਆਰਥੀਆਂ ਨੂੰ ਕਰਜ਼ਾ ਦੇਣ ਦੀਆਂ ਪ੍ਰਪੋਜ਼ਲਾਂ ਦੇ ਰਹੀਆਂ ਹਨ।

ਕੈਨੇਡਾ ਦੇ ਸਿਖ ਨੇਤਾ ਬਲਕਰਨ ਸਿੰਘ ਗਿਲ ਆਖਦੇ ਹਨ ਕਿ ਭਾਵੇਂ ਪ੍ਰਵਾਸ ਉਲਟ ਪ੍ਰਸਥਿਤੀਆਂ ਤੇ ਸਿਆਸੀ ਚੇਤਨਾ ਦੀ ਘਾਟ ,ਸਿਸਟਮ ਨੂੰ ਗਰਕ ਕਰਨ ਵਿਚੋਂ ਉਪਜਿਆ ਕੁਦਰਤੀ ਵਰਤਾਰਾ ਹੈ ਪ੍ਰੰਤੂ ਪ੍ਰਾਪਤ ਵਸੀਲਿਆਂ ਦਾ ਤੁਲਨਾਤਮਿਕ ਅਧਿਐਨ ਕਰਨ ਤੋਂ ਬਿਨਾਂ ਹੀ ਭੇਡਚਾਲ ਤਹਿਤ ਵਿਦੇਸ਼ਾਂ ਵੱਲ ਭੱਜਣਾ ਸਮਝਦਾਰੀ ਨਹੀਂ। ਉਸ ਨੇ ਕਿਹਾ ਕਿ ਡਾਲਰ ਜਾਂ ਪੌਂਡ ਦਰੱਖਤਾਂ ਨੂੰ ਨਹੀਂ ਲੱਗਦੇ, ਇੱਥੇ ਵੀ ਕਾਮਯਾਬ ਹੋਣ ਲਈ ਹੱਡ ਤੋੜਵੀਂ ਮਿਹਨਤ ਕਰਨੀ ਪੈਂਦੀ ਹੈ। ਹਰੇਕ ਕੋਈ ਉਥੇ ਸਫਲ ਨਹੀਂ ਹੋ ਸਕਦਾ। ਮਕਾਨ ਬਣਾਉਣਾ ਉਥੇ ਹੋਰ ਵੀ ਔਖਾ ਹੈ।ਚੰਗੀ ਪੜਾਈ ਤੇ ਚੰਗੀ ਨੌਕਰੀ ਬਿਨਾਂ ਕੋਈ ਜ਼ਿੰਦਗੀ ਨਹੀਂ।

# ਜ਼ਫ਼ਰਨਾਮਾ

## ਸ਼ਮਸ਼ੀਰਾਂ ਦੇ ਜੌਹਰ ਵਿਚ ਫ਼ਤਹਿ ਦਾ ਐਲਾਨਨਾਮਾ

**ਡਾ. ਸਵਰਨਜੀਤ ਸਿੰਘ**

ਜਦੋਂ ਹਿੰਦੁਸਤਾਨ ਦੀ ਧਰਤੀ ਨੂੰ ਬਾਬਰ ਦੀਆ ਬੇਮੁਹਾਰੀਆਂ ਫ਼ੌਜਾਂ ਦੇ ਘੋੜਿਆਂ ਦੇ
ਪੌੜਾਂ ਨੇ ਬੜੀ ਬੇਰਹਿਮੀ ਨਾਲ ਮਨੁੱਖਤਾ ਦੀ ਇੱਜ਼ਤ, ਆਬਰੂ ਤੇ ਅਣਖ਼ ਨੂੰ ਲੀਰੋ-ਲੀਰ ਕਰਨ ਦੀ ਹਿਮਾਕਤ ਕੀਤੀ ਤਾਂ ਵਕਤ ਦੀ ਇਸ ਜ਼ਾਲਮ ਹਨੇਰੀ ਝੁਲਾਉਣ ਦੀ ਹਿੰਮਤ ਕਰਨ ਵਾਲੇ ਬਾਬਰ ਨੂੰ ਗੁਰੂ ਨਾਨਕ ਸਾਹਿਬ ਨੇ ਜਾਬਰ ਕਹਿ ਕੇ ਸੰਬੋਧਨ ਕਰਦਿਆਂ ਬਾਬਰ ਨੂੰ ਆਪਣੀ ਸ਼ਮਸ਼ੀਰ ਦੇ ਰੁਖ ਨੂੰ ਮਨੁੱਖਤਾ ਦੀ ਭਲਾਈ ਵੱਲ ਮੋੜਨ ਦੀ ਵੰਗਾਰ ਪਾਈ। ਸ਼ਮਸ਼ੀਰਾਂ ਦੇ ਇਹਨਾਂ ਹੀ ਜੌਹਰਾਂ ਵਿਚ ਜਦੋਂ ਔਰੰਗਜ਼ੇਬ ਨੇ ਜੰਗ ਦੇ ਨਿਯਮਾਂ ਵਿਚ ਨੈਤਿਕ ਪਤਨ ਦਾ ਇਤਿਹਾਸ ਸਿਰਜਿਆ ਤਾਂ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ ਵਾਅਦੇ ਮੁਤਾਬਕ ਮਾਲਵੇ ਦੇ ਇਲਾਕੇ ਵਿਚ ਗੱਲਬਾਤ ਦੇ ਦੌਰ ਨੂੰ ਅੰਜਾਮ ਦੇਣ ਦਾ ਵਾਅਦਾ ਪੂਰਾ ਕਰਨ ਲਈ ਵੰਗਾਰਿਆ।

ਗੁਰੂ ਸਾਹਿਬ ਨੇ ਆਪਣੇ ਸਿੰਘਾਂ ਤੇ ਪਰਿਵਾਰ ਦੀ ਸ਼ਹਾਦਤ ਦਿੰਦਿਆਂ ਵੀ ਜੰਗ ਦੇ ਨੈਤਿਕ ਨਿਯਮਾਂ ਨੂੰ ਕਾਇਮ ਰੱਖਦਿਆਂ ਔਰੰਗਜ਼ੇਬ ਦੀ ਕੁਰਾਨ ਦੀ ਚੁੱਕੀ ਹੋਈ ਕਸਮ ਤੇ ਭਰੋਸੇ ਨੂੰ ਕਾਇਮ ਰੱਖਦਿਆਂ ਔਰੰਗਜ਼ੇਬ ਨੂੰ ਇਸਲਾਮ ਦੇ ਪਵਿੱਤਰ ਭਰੋਸੇ ਤੋਂ ਕੋਹਾ ਦੂਰ ਭਟਕਦਾ ਹੋਇਆ ਸਾਬਤ ਕਰ ਦਿੱਤਾ ਜਿਸ ਦੀ ਕਹਿਣੀ ਤੇ ਕਰਨੀ ਵਿਚ ਇਕ ਬਹੁਤ ਵੱਡਾ ਵਿਛੋੜਾ ਹੈ। ਜ਼ਫ਼ਰਨਾਮਾ ਔਰੰਗਜ਼ੇਬ ਨੂੰ ਇਸਲਾਮ ਦੇ ਰਾਹ ਤੋਂ ਭਟਕਿਆ ਹੋਇਆ ਸਾਬਤ ਕਰਦਾ ਉਸ ਨੂੰ ਇਸਲਾਮ ਦੇ ਨਾਂ ਤੇ ਸ਼ਮਸ਼ੀਰਾਂ ਦੇ ਜੌਹਰ ਸਿਰਜਣ ਦੀ ਹਿਮਾਕਤ ਕਰਨ ਤੋਂ ਰੋਕਣ ਦੀ ਆਖਰੀ ਵੰਗਾਰ ਹੈ ਅਤੇ ਜ਼ਫ਼ਰਨਾਮਾ ਔਰੰਗਜ਼ੇਬ ਤੋਂ ਉਸ ਦੀ ਸ਼ਮਸ਼ੀਰ ਨੂੰ ਖਿੱਚਣ ਦਾ ਐਲਾਨ ਹੈ ਕਿਉਂਕਿ ਜਿਸ ਤਰਾਂ ਦੇ ਇਸਲਾਮ ਦਾ ਨਕਸ਼ਾ ਉਹ ਧਰਤੀ ਦੀ ਹਿੱਕ ਤੇ ਉਸਾਰਨ ਦੀ ਹਿਮਾਕਤ ਕਰ ਰਿਹਾ ਹੈ ਉਹ ਮਨੁੱਖਤਾ ਦੇ ਭਲੇ ਵਿਚ ਨਹੀਂ ਅਤੇ ਨਾ ਹੀ ਉਹ ਰਾਹ ਬਾਬਾ ਫ਼ਰੀਦ ਸਾਹਿਬ ਦੇ ਸਲੋਕਾਂ ਦੀ ਪਾਕ ਨੁਹਾਰ ਦੀ ਸਿਰਜਣਾ ਕਰਦੇ ਹਨ। ਸਮੁੱਚੀ ਮਨੁੱਖਤਾ ਦੀ ਰਾਖੀ ਦਾ ਦਾਅਵਾ ਜੰਗ ਦੇ ਨੈਤਿਕ ਨਿਯਮਾਂ ਦੀ ਪਾਲਣਾ ਕਰਨ, ਇਸਲਾਮ ਦੀ ਕਸਮ ਤੇ ਭਰੋਸੇ ਨੂੰ ਕਾਇਮ ਰੱਖਣ ਤੇ ਜਨ ਸਮੂਹ ਦੇ ਪਵਿੱਤਰ ਰਿਸ਼ਤਿਆਂ ਦੇ ਘਰ ਨੂੰ ਸਜਾਉਣ ਵਾਲੇ ਗੁਰੂ ਗੋਬਿੰਦ ਸਿੰਘ ਅਤੇ ਖ਼ਾਲਸਾ ਜੀ ਨੂੰ ਹੀ ਇਹ ਬਖ਼ਸ਼ਿਸ ਨਸੀਬ ਹੋਈ ਹੈ। ਔਰੰਗਜ਼ੇਬ ਦੀ ਸ਼ਮਸ਼ੀਰ ਦਾ ਸਿਦਕ ਇਸਲਾਮ ਦੇ ਪਵਿੱਤਰ ਜਜ਼ਬਿਆਂ ਤੋਂ ਸੱਖਣਾ ਹੋਣ ਕਰਕੇ ਧਰਤੀ 'ਤੇ ਰੱਬ ਦਾ ਰਾਜ ਪ੍ਰਗਟ ਨਹੀਂ ਕਰ ਸਕਦਾ ਅਤੇ ਰਾਜ ਭਾਗ ਨੂੰ ਮਨੁੱਖਤਾ ਦੇ ਹੱਕ ਵਿਚ ਪ੍ਰਗਟ ਕਰਨ ਵਾਲਾ ਇਨਕਲਾਬ ਸਾਹਿਬ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਸ਼ਮਸ਼ੀਰ ਵਿਚੋਂ ਹੀ ਆ ਸਕਦਾ ਹੈ ਕਿਉਂਕਿ ਇਸ ਸ਼ਮਸ਼ੀਰ ਦੀ ਸਾਹਾਂ ਦੀ ਤੰਦ ਗੁਰੂ ਗ੍ਰੰਥ ਸਾਹਿਬ ਨਾਲ ਜੁੜੀ ਹੋਈ ਹੈ। ਜ਼ਫ਼ਰਨਾਮਾ ਔਰੰਗਜ਼ੇਬ ਕੋਲੋ ਇਸਲਾਮ ਦੀ ਅਗਵਾਈ ਅਤੇ ਜਹਾਦ ਲਈ ਨੱਚਦੀ ਸ਼ਮਸ਼ੀਰ ਨੂੰ ਧੂਹ ਲੈਣ ਦਾ ਸਿੱਧਾ ਐਲਾਨਨਾਮਾ ਹੈ।ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਲਈ ਕੁਰਾਨ ਦੀ ਜਿਲਦ 'ਤੇ ਕੀਤੇ ਇਕਰਾਰਨਾਮੇ ਦੀਆਂ ਸ਼ਰਤਾ ਦਾ ਜ਼ਿਕਰ ਗੁਰੂ ਸਾਹਿਬ ਜ਼ਫ਼ਰਨਾਮੇ ਵਿਚ ਦੁਹਰਾਉਂਦੇ ਹਨ, ਤਾਂ ਜੋ ਔਰੰਗਜ਼ੇਬ ਦੀ ਸੁੱਤੀ ਜ਼ਮੀਰ ਜਾਗ ਪਏ :

ਤੁਰਾ ਗਰ ਬਬਾਯਦ ਓ ਕੌਲਿ ਕੁਰਆਂ।
ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ।

ਜੇ ਤੂੰ ਕੁਰਾਨ ਦੀ ਉਹ ਜਿਲਦ ਵੇਖਣੀ ਚਾਹੁੰਦਾ ਹੈ ਜਿਸ ਤੇ ਇਕਰਾਰਨਾਮਾ ਲਿਖਿਆ ਹੋਇਆ ਸੀ ਤਾਂ ਮੈਂ ਉਹ ਤੈਨੂੰ ਭੇਜ ਦਿੰਦਾ ਹਾਂ।

'ਕਿਹ ਤਸ਼ਰੀਫ਼ ਦਰ ਕਸਬਹ ਕਾਂਗੜ ਕੁਨੱਦ।
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵੱਦ।

'ਤੁਸੀਂ ਆਨੰਦਪੁਰ ਸਾਹਿਬ ਛੱਡ ਕੇ ਕਾਂਗੜ ਆ ਜਾਓ । ਇਸ ਪਿਛੋਂ ਆਪਣੀ ਮੁਲਾਕਾਤ ਹੋਵੇਗੀ। '

ਨ ਜ਼ੱਰਾ ਦਰੀਂ ਰਾਹ ਖ਼ਤਰਾ ਤੁਰਾਸਤ।
ਹਮਾ ਕੌਮਿ ਬੈਰਾੜ ਹੁਕਮਿ ਮਰਾਸਤ।

'ਕਾਂਗੜ ਦੇ ਰਾਹ ਵਿਚ ਤੁਹਾਨੂੰ ਕੋਈ ਖ਼ਤਰਾ ਨਹੀਂ, ਕਿਉਂਕਿ ਸਾਰੀ ਬਰਾੜ ਕੌਮ ਮੇਰੇ ਹੁਕਮ ਵਿਚ ਹੈ।'

ਬਯਾ ਤਾ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ।
ਬਰੂਏ ਸ਼ੁਮਾ ਮਿਹਰਬਾਨੀ ਕੁਨੇਮ।

ਤੁਸੀਂ ਏਧਰ ਆਓ ਤਾਂ ਆਮੋ ਸਾਮਣੇ ਬੈਠ ਕੇ ਗੱਲਾਂ ਕਰੀਏ। ਤੁਹਾਡੇ ਨਾਲ ਮਿਹਰਬਾਨੀ ਭਰਿਆ ਸਲੂਕ ਕੀਤਾ ਜਾਵੇਗਾ।'

ਯਕੇ ਅਸਪ ਸ਼ਾਇਸਤਹ ਏ ਯਕ ਹਜ਼ਾਰ।
ਬਯਾ ਤਾ ਬਗੀਰੀ ਜ਼ਿ ਮਨ ਈਂ ਦਯਾਰ।

'ਤੁਸੀਂ ਏਧਰ ਆਓ ਤੇ ਇਸ ਇਲਾਕੇ ਵਿਚ ਤੁਹਾਨੂੰ 'ਯਕ ਅਸਪ' ਇਕ ਹਜ਼ਾਰੀ ਦਾ ਮਨਸਬ ਵੀ ਪ੍ਰਦਾਨ ਕਰੀਏ। ਮੇਰੇ ਕੋਲੋਂ ਇਹ ਇਲਾਕਾ ਲੈਣ ਲਈ ਤੁਸੀਂ ਆਓ।'

ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਦੀ ਕੀਮਤ ਇਕਰਾਰਨਾਮੇ ਦੀ ਆਖ਼ਰੀ ਮਦ ਹੈ ਜਿਸ ਵਿਚ ਸਿੱਧੇ ਤੌਰ ਤੇ ਔਰੰਗਜ਼ੇਬ ਗੁਰੂ ਸਾਹਿਬ ਨੂੰ ਘੋੜ ਸਵਾਰ ਰੱਖਣ ਤੇ ਇਲਾਕਾ ਦੇਣ ਲਈ ਵਚਨਵੱਧ ਹੈ ਜੋ ਖ਼ਾਲਸਾ ਜੀ ਦੀ ਪ੍ਰਭੁਸੱਤਾ ਸਪੰਨ ਰਾਜ ਭਾਗ ਦੀ ਗੱਲ ਹੈ। ਇਹ ਇਸਲਾਮਕ ਰਾਜ ਭਾਗ ਦੇ ਅੰਦਰ ਇਕ ਖ਼ੁਦਮੁਖਤਿਆਰ ਰਾਜ ਦੀ ਗੱਲ ਹੈ ਜਿਹੜੀ ਔਰੰਗਜ਼ੇਬ ਦੇਣ ਲਈ ਮਨਜ਼ੂਰ ਕਰਦਾ ਹੈ। ਗੁਰੂ ਸਾਹਿਬ ਔਰੰਗਜ਼ੇਬ ਨੂੰ ਵਾਅਦਾ ਪ੍ਰਸਤ ਹੋਣ ਦੀ ਗੱਲ ਦੁਹਰਾਉਂਦੇ ਹਨ ਪਰ ਉਹ ਵਾਅਦਾ ਸ਼ਿਕਨ ਨਿਕਲਦਾ ਹੈ। ਗੁਰੂ ਸਾਹਿਬ ਔਰੰਗਜ਼ੇਬ ਨੂੰ ਸ਼ਾਹੀ ਫ਼ੁਰਮਾਨ ਮਿਲਣ ਦੀ ਸੂਰਤ ਵਿਚ ਜਾ ਕੇ ਮਿਲਣ ਦਾ ਵਾਅਦਾ ਵੀ ਕਰਦੇ ਹਨ ਤਾਂ ਜੋ ਜੰਗ ਨੂੰ ਰੋਕਿਆ ਜਾ ਸਕੇ।ਇਸ ਬੇਮੁਹਾਰੀ ਜੰਗ ਵਿਚ ਗੁਰੂ ਸਾਹਿਬ ਨੂੰ ਜਾਣ ਬੁਝ ਕੇ ਫ਼ਸਾਇਆ ਗਿਆ ਸੀ ਜਿਸ ਵਿਚ ਬੁੱਤ-ਪ੍ਰਸਤ ਪਹਾੜੀ ਰਾਜੇ ਗੁਰੂ ਸਾਹਿਬ ਦੇ ਵਿਰੁੱਧ ਭੁਗਤੇ ਸਨ ਅਤੇ ਇਸ ਜੰਗ ਵਿਚ ਸ਼ਹੀਦ ਹੋਏ ਸਿੱਖਾਂ ਦਾ ਦੋਸ਼ੀ ਔਰੰਗਜ਼ੇਬ ਸੀ ਕਿਉਂਕਿ ਕੁਰਾਨ ਦੀ ਕਸਮ ਚੁੱਕਣ ਤੋਂ ਬਾਅਦ ਨਾ ਕਿਸੇ ਨੂੰ ਕੈਦ ਕੀਤਾ ਜਾ ਸਕਦਾ ਅਤੇ ਨਾ ਹੀ ਮਾਰਿਆ ਜਾ ਸਕਦਾ ਹੈ :

ਹਰਾਂ ਕਸ ਕਿਹ ਕੌਲਿ ਕੁਰਆਂ ਆਯਦਸ਼
ਨ ਜ਼ੋ ਬਸਤਨੋ, ਕੁਸਤਨੋ ਬਾਯਦਸ਼।

'ਜਿਹੜਾ ਮਨੁੱਖ ਕੁਰਾਨੀ ਕੌਲ ਤੇ ਭਰੋਸਾ ਕਰੇ, ਉਹਨੂੰ ਕੈਦ ਕਰਨਾ ਜਾਂ ਜਾਨੋਂ ਮਾਰਨਾ ਨਹੀਂ ਚਾਹੀਦਾ।' ਗੁਰੂ ਸਾਹਿਬ ਨੇ ਜ਼ਫ਼ਰਨਾਮਾ ਦੀਨੇ, ਕਾਂਗੜ, ਭਾਈ ਦੇਸਾ ਸਿੰਘ ਦੇ ਘਰ ਬੈਠ ਕੇ ਲਿਖਿਆ ਜੋ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਦੀ ਰਚਨਾ ਹੈ। ਇਸ ਜੰਗ ਵਿਚ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦਿਆਂ ਦੇ ਚਮਕੌਰ ਦੇ ਧਰਮ-ਯੁੱਧ ਵਿਚ ਸ਼ਹੀਦ ਹੋ ਗਏ ਅਤੇ ਦੋ ਛੋਟੇ ਸਾਹਿਜ਼ਾਦਿਆਂ ਨੂੰ ਸਰਹਿੰਦ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਜੋ ਕਿ ਸ਼ਰਾ ਦੇ ਨਿਯਮਾਂ ਦੇ ਖ਼ਿਲਾਫ਼ ਹੋਣ ਕਰਕੇ ਨਵਾਬ ਮਲਾਰਕੋਟਲੇ ਸ਼ੇਰ ਮੁਹੰਮਦ ਖ਼ਾਨ ਦੇ ਵਿਰੋਧ ਦੇ ਬਾਵਜੂਦ ਧੱਕੇਸ਼ਾਹੀ ਦੇ ਜ਼ਰੀਏ ਗੁਰੂ ਪਰਿਵਾਰ ਨੂੰ ਖ਼ਤਮ ਕੀਤਾ ਗਿਆ। ਪਰ ਔਰੰਗਜ਼ੇਬ ਭਵਿੱਖ ਦੇ ਉਸ ਵਰਤਾਰੇ ਤੋਂ ਅਣਜਾਣ ਹੈ ਕਿ ਗੁਰੂ ਦਾ ਪੁੱਤ ਖ਼ਾਲਸਾ ਉਸ ਦੀ ਸਲਤਨਤ ਨੂੰ ਨੇਸਤੋਨਾਬੂਦ ਕਰੇਗਾ। ਭਵਿੱਖ ਦੇ ਆਗਾਜ਼ ਦਾ ਦ੍ਰਿਸ਼ ਜ਼ਫ਼ਰਨਾਮਾ 'ਚ ਅੰਕਿਤ ਹੈ :

ਚਿਹਾ ਸ਼ੁੱਦ ਕਿ ਚੂੰ ਬੱਚਗਾਂ ਕੁਸ਼ਤਨ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ।

'ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ ਹਨ, ਅਜੇ ਕੁੰਡਲੀਆ ਸੱਪ (ਖ਼ਾਲਸਾ) ਬਾਕੀ ਹੈ (ਤੇਰੇ ਨਾਲ ਸਿੱਝਣ ਲਈ)'।

ਅਸਲ ਵਿਚ ਔਰੰਗਜ਼ੇਬ ਦੀ ਸਲਨਤਨ ਇਸਲਾਮ ਦੇ ਪਵਿੱਤਰ ਜਜ਼ਬਿਆਂ ਦੇ ਹਾਣ ਦੀ ਨਹੀਂ ਅਤੇ ਨਾ ਹੀ ਔਰੰਗਜ਼ੇਬ ਦਾ ਵਜੂਦ ਇਸਲਾਮ ਦੇ ਪਾਕ ਹੁਸਨ ਨਾਲ ਸਰਸਾਰ ਹੈ। ਉਸ ਦੀ ਸ਼ਮਸ਼ੀਰ ਦਾ ਹੁਸਨ ਕੁਰਾਨ ਦੀਆਂ ਪਵਿੱਤਰ ਆਇਤਾਂ ਤੋਂ ਸੱਖਣਾ ਅਤੇ ਸ਼ਰਾਂ ਦੇ ਨਿਯਮਾਂ ਦਾ ਪਾਲਣਹਾਰ ਨਹੀ ਹੈ।

ਨ ਈਮਾਂ ਪ੍ਰਸੱਤੀ, ਨ ਔਜ਼ਾਇ ਦੀਂ।
ਨ ਸਾਹਿਬ ਸ਼ਨਾਸੀ, ਮੁਹੰਮਦ ਯਕੀਂ।

'ਨਾ ਤੇਰੇ ਪੱਲੇ ਈਮਾਨ ਹੈ, ਤੇ ਨਾ ਹੀ ਧਰਮ ਦਾ ਰਾਹ। ਨਾ ਤੂੰ ਰੱਬ ਨੂੰ ਪਹਿਚਾਣਦਾ ਹੈ ਤੇ ਨਾ ਹੀ ਤੈਨੂੰ ਹਜ਼ਰਤ ਮੁਹੰਮਦ ਤੇ ਭਰੋਸਾ ਹੈ।'

ਔਰੰਗਜ਼ੇਬ ਜਿਸ ਸ਼ਮਸ਼ੀਰ ਨੂੰ ਇਸਲਾਮ ਦੇ ਹੁਸਨ ਨਾਲ ਭਰਪੂਰ ਵੇਖ ਰਿਹਾ ਉਹ
ਤਾਕਤ ਦੇ ਨਸ਼ੇ ਵਿਚ ਭੁੱਲ ਗਿਆ ਕਿ ਉਸ ਦੀ ਸ਼ਮਸ਼ੀਰ ਦਾ ਆਗਾਜ਼ ਉਸ ਇਲਾਹੀ ਹੁਸਨ ਦਾ ਮਾਲਕ ਹੀ ਨਹੀਂ ਰਿਹਾ। ਗੁਰੂ ਸਾਹਿਬ ਔਰੰਗਜ਼ੇਬ ਦੀ ਸ਼ਮਸ਼ੀਰ ਦੇ ਇਸ ਵਹਿਣ ਦੇ ਵਿਰੋਧ ਵਿਚ ਖੜੇ ਹਨ ਅਤੇ ਜ਼ਫ਼ਰਨਾਮਾ ਦਾ ਰੋਮ ਰੋਮ ਉਸ ਨੂੰ ਆਪਣੇ ਅੰਦਰ ਝਾਤ ਪਾਉਣ ਦਾ ਸੁਨੇਹਾ ਦੇ ਰਿਹਾ ਹੈ। ਇਹ ਆਤਮ ਝਾਤ ਪਵਾਉਣ ਦੀ ਗਾਥਾ ਉਸ ਦੀ ਆਤਮਾ ਨੂੰ ਜਗਾਉਣ ਦੀ ਗੁਰੂ ਦੀ ਅਲੌਕਿਕ ਜੁਗਤ ਹੈ। ਜ਼ਫ਼ਰਨਾਮਾ ਔਰੰਗਜ਼ੇਬ 'ਤੇ ਗੁਰੂ ਦੀ ਇਕ ਅਜਿਹੀ ਬਖ਼ਸ਼ਿਸ਼ ਹੈ ਜਿਸ ਨੇ ਉਸ ਨੂੰ ਇਸ ਧਰਤੀ ਦੇ ਹੁਸਨ ਤੋਂ ਵਿਦਾ ਹੋਣ ਤੋਂ ਪਹਿਲਾਂ ਉਸ ਦੀ ਅਸਲੀਅਤ ਦਾ ਨਿਸ਼ਚਾ ਕਰਵਾ ਦਿੱਤਾ ਕਿ ਕੁਲ ਦੁਨੀਆਂ ਵਿਚ ਇਨਕਲਾਬ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਜਜ਼ਬਿਆਂ ਨਾਲ ਸਰਸਾਰ ਖ਼ਾਲਸਾ ਜੀ ਨੂੰ ਬਖ਼ਸ਼ੀ ਸ਼ਮਸ਼ੀਰ ਵਿਚੋਂ ਹੀ ਆ ਸਕਦਾ ਹੈ ਜੋ ਦੁਨੀਆਂ ਦੀਆਂ ਇਕਾਈਆਂ ਨੂੰ ਬਰਾਬਰੀ ਦੇ ਹੱਲ ਵਿਚ ਸਿਰਜਦੀ ਹੈ। ਹਰਿੰਦਰ ਸਿੰਘ ਮਹਿਬੂਬ "ਸਹਿਜੇ ਰਚਿਓ ਖ਼ਾਲਸਾ"3 ਵਿਚ ਸ਼ਮਸ਼ੀਰ ਦੇ ਇਸ ਅਲੌਕਿਕ ਵਰਤਾਰੇ ਨੂੰ ਗੁਰੂ ਸਾਹਿਬ ਤੇ ਬਹਾਦਰ ਸ਼ਾਹ ਦੀ ਮਿਲਣੀ ਦੇ ਪ੍ਰਸੰਗ ਵਿਚ ਇਸ ਤਰਾਂ ਬਿਆਨ ਕਰਦਾ ਹੈ ਕਿ " ਇਹਨਾਂ ਸਮਿਆਂ ਵਿਚ ਹੀ (ਸ਼ਾਇਦ ਗੁਪਤ ਤੌਰ ਉੱਤੇ ਬਹਾਦਰ ਸ਼ਾਹ ਨੇ ਅਲੀ ਦਾ ਪੈਗ਼ੰਬਰੀ ਖੰਡਾ ਬਤੌਰ ਰੱਬਾਨੀਅਤ ਦੀ ਇਕ ਨਿਸ਼ਾਨੀ ਦੇ, ਪੰਥ ਦੇ ਵਾਲੀ ਦੀ ਖ਼ਿਦਮਤ ਵਿਚ ਪੇਸ਼ ਕੀਤਾ। ਬਦਰ ਦੀ ਜੰਗ ਤੋਂ ਪਹਿਲੀ ਰਾਤ ਮੁਹੰਮਦ ਸਾਹਿਬ ਨੇ ਅੱਲਾਹ ਤਾਲਾ ਅੱਗੇ ਇਹ ਇਬਾਦਤ ਕਰਦਿਆਂ ਗੁਜ਼ਾਰੀ ਸੀ, ਕਿ ਮੋਮਨਾਂ ਦਾ ਮਦੀਨੇ ਦੀ ਧਰਤੀ ਉੱਤੇ ਨਮੂਦਾਰ ਹੋਇਆ ਮੁਖ਼ਤਸਰ ਜੇਹਾ ਕਾਫ਼ਲਾ ਜੰਗ ਵਿਚ ਕੁੱਫ਼ਾਰ ਦੇ ਕਹਿਰ ਦਾ ਸ਼ਿਕਾਰ ਨਾਂਹ ਹੋਵੇ। ਦੂਜੇ ਦਿਨ ਜੰਗ ਹੋਈ। ਬਦਰ ਦੀ ਵਾਦੀ ਵਿਚ ਇਕ ਦਾਰ ਦੇਣਾ ਵਾਲਾ ਤੂਫ਼ਾਨ ਸਾਰਾ ਦਿਨ ਵਗਦਾ ਰਿਹਾ। ਮੁਹੰਮਦ ਸਾਹਿਬ ਦਾ ਵੱਡਾ ਦੁਸ਼ਮਨ ਅੱਬੂ ਜਾਹਲ ਜੰਗ ਵਿਚ ਜਿਬਾਹ ਹੋਇਆ, ਅਤੇ ਕੁੱਫ਼ਾਰ ਨੂੰ ਜ਼ਬਰਦਸਤ ਸ਼ਿਕਸਤ ਹੋਈ। ਅਲੀ ਨੂੰ ਇਸ ਜੰਗ ਵਿਚੋਂ ਇਜ ਖੰਡਾ ਮਿਲਿਆ, ਜਿਸਨੂੰ ਮੁਹੰਮਦ ਸਾਹਿਬ ਨੇ ਆਪਣੀ ਪਹਿਲੀ ਰਾਤ ਵਿਖੇ ਕੀਤੀ ਦੁਆ ਜਿੰਨਾ ਮੁਤਬੱਰਕ ਫ਼ੁਰਮਾਇਆ, ਅਤੇ ਇਸ ਨੂੰ 'ਜ਼ੁਲਫ਼ਕਾਰ' ਦਾ ਖ਼ਿਤਾਬ ਦਿੱਤਾ। ਫੇਰ 'ਜ਼ੁਲਫ਼ਕਾਰ' ਦੀ ਪਾਕੀਜ਼ਗੀ ਨੂੰ ਯਾਦ ਰੱਖਣ ਲਈ ਅਨੇਕਾਂ ਤੇਗਾਂ ਨੂੰ ਇਸ ਦੀ ਪਾਕ ਸੂਰਤ ਢਾਲਿਆ ਗਿਆ। 'ਜ਼ੁਲਫ਼ਕਾਰ' ਜਾਂ ਉਸਦੀ ਪੈਗ਼ੰਬਰੀ ਪਾਕੀਜ਼ਗੀ ਵਿਚ ਢਲੀ ਹੋਈ ਕੋਈ ਹੋਰ ਤੇਗ਼ ਮੁਗ਼ਲ ਬਾਦਸ਼ਾਹ ਸ਼ਹਿਨਸ਼ਾਹ ਬਹਾਦਰ ਸ਼ਾਹ ਦੇ ਕਬਜ਼ੇ ਵਿਚ ਸੀ। ਸਿੱਖ-ਯਾਦ ਦੱਸਦੀ ਹੈ ਕਿ ਇਹ ਮੁਬਾਰਕ ਤੇਗ਼, ਬਹਾਦਰ ਸ਼ਾਹ ਨੇ ਪੰਥ ਦੇ ਵਾਲੀ ਨੂੰ ਨਜ਼ਰ ਕਰਦਿਆਂ ਆਖਿਆ ਸੀ: 'ਹਜ਼ੂਰ! ਇਸ ਤੇਗ਼ ਨੂੰ ਅਸੀਂ ਜੰਗਿ ਬਦਰ, ਜੰਗਿ ਓਹਦ ਅਤੇ ਜੰਗਿ ਖੰਦਕ ਦੇ ਦਿਨਾਂ ਦੀ ਪਾਕ ਨਿਸ਼ਾਨੀ ਮੰਨਦੇ ਹਾਂ। ਮੇਰੀ ਅਰਜ਼ ਹੈ, ਆਪ ਇਸ ਨੂੰ ਮਨਜ਼ੂਰ ਕਰੋ, ਕਿਉਂਕਿ ਪੈਗ਼ੰਬਰਾਂ ਦੀ ਚੀਜ਼ ਪੈਗ਼ੰਬਰ ਨੂੰ ਹੀ ਜ਼ੇਬ ਦਿੰਦੀ ਹੈ।'

ਗੁਰੂ ਸਾਹਿਬ ਨੇ ਰੁਖ਼ਸਤ ਹੋਣ ਤੋਂ ਪਹਿਲਾਂ ਜ਼ੁਲਮ ਦਾ ਨਾਸ਼ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਨੂੰ ਖ਼ਾਲਸਾ ਰਾਜ ਦੇ ਮਹਿਲ ਨੂੰ ਉਸਾਰਨ ਲਈ ਪੰਜਾਬ ਵੱਲ ਰੁਖ਼ਸਤ ਕਰ ਦਿੱਤਾ ਅਤੇ ਖ਼ਾਲਸਾ ਜੀ ਦੇ ਇਸ ਆਗਾਜ਼ ਨੇ ਪੰਜਾਬ ਅੰਦਰ ਖ਼ਾਲਸਾ ਰਾਜ ਦੀ ਸਿਰਜਣਾ ਨੂੰ ਸੱਚ ਤੇ ਇਨਸਾਫ਼ ਦੀਆਂ ਨੀਹਾਂ ਤੇ ਉਸਾਰਿਆ।

ਭਾਈ ਕਾਨ ਸਿੰਘ ਨਾਭਾ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼-4 ਵਿਚ ਜਫਰ, ਜਫਰਨਾਮਾ ਅਤੇ ਜਫਰਨਾਮਾ ਸਾਹਿਬ ਦੇ ਤਿੰਨ ਇੰਦਰਾਜ ਮਿਲਦੇ ਹਨ। ਜਫਰ ਨੂੰ ਅਰਬੀ ਭਾਸ਼ਾ ਦਾ ਤਸਲੀਮ ਕਰਦੇ ਇਸ ਦੇ ਅਰਥ ਸੰਗਯਾ ਵਜੋਂ ਫ਼ਤੇ. ਜਿੱਤ ਅਤੇ ਵਿਜਯ ਕਰਦੇ ਹਨ ਅਤੇ ਨਾਲ ਹੀ ਕਾਰਜ ਦੀ ਸਫ਼ਲਤਾ ਅਤੇ ਕਾਮਯਾਬੀ ਕਰਦੇ ਹਨ। ਜਫਰ ਨਾਮਾ ਇੰਦਰਾਜ ਅਧੀਨ ਉਹ ਇਸ ਨੂੰ ਫ਼ਾਰਸੀ ਦੇ ਸ਼ਬਦ ਵਜੋਂ ਨਾਮਾ' ਲਿਖਦੇ ਜ਼ਫ਼ਰਨਾਮਹ ਲਿਪੀਅੰਤਰਣ ਕਰਦੇ ਵਿਜਯ-ਪਤ੍ਰ, ਫ਼ਤੇ ਦਾ ਖ਼ਤ ਅਰਥ ਕਰਦੇ ਹਨ। ਇਸ ਦੀ ਇਤਿਹਾਸਕਤਾ ਬਾਰੇ ਵਰਨਣ ਕਰਦੇ ਹਨ ਕਿ ਸੰਮਤ 1763 (ਸੰਨ 1706) ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਾਂਗੜ ਗ੍ਰਾਮ ਤੋਂ ਫ਼ਾਰਸੀ ਅਬਯਾਤ (ਬੈਂਤਾਂ) ਦੀ ਚਿੱਠੀ, ਜੋ ਔਰੰਗਜ਼ੇਬ ਨੂੰ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਦੇ ਹੱਥ ਦੱਖਣ ਭੇਜੀ ਹੈ, ਉਸ ਦਾ ਨਾਮ ਜ਼ਫ਼ਰਨਾਮਾ (ਵਿਜਯਪਤ੍ਰ) ਹੈ। ਇਸ ਵਿਚ ਬਾਦਸ਼ਾਹ ਦੇ ਅਨਯਾਯ ਅਤੇ ਅਯੋਗ ਕਰਮਾਂ ਦਾ ਵਰਨਣ ਤਥਾ ਹਿਤਭਰੀ ਸਿਖਯਾ ਹੈ। ਜਫਰਨਾਮਾ ਸਾਹਿਬ ਇੰਦਰਾਜ ਅਧੀਨ ਉਹ ਲਿਖਦੇ ਹਨ ਕਿ ਰਾਜ ਨਾਭੇ ਦੀ ਨਜਾਮਤ ਫ਼ੂਲ ਵਿੱਚ ਪਿੰਡ ਦਿਆਲਪੁਰੇ ਦੀ ਕਾਂਗੜ ਪੱਤੀ ਵਿੱਚ ਇਕ ਗੁਰਦੁਆਰਾ, ਜਿਸ ਦੀ ਆਲੀਸ਼ਾਨ ਇਮਾਰਤ ਭਾਈ ਮਨੀ ਸਿੰਘ ਜੀ ਨੇ ਗੁਰਸਿੱਖਾਂ ਨੂੰ ਪ੍ਰੇਰ ਕੇ ਬਣਵਾਈ ਹੈ। ਇੱਥੇ ਵਿਰਾਜਕੇ ਕਲਗੀਧਰ ਨੇ ਜਫਰਨਾਮਾ ਲਿਖਿਆ। ਜਦੋਂ ਕਲਗੀਧਰ ਇੱਥੇ ਵਿਰਾਜੇ ਸਨ, ਉਸ ਵੇਲੇ ਦਿਆਲਪੁਰਾ ਆਬਾਦ ਨਹੀਂ ਸੀ, ਇਹ ਜਮੀਨ ਕਾਂਗੜ ਪਿੰਡ ਦੀ ਸੀ।

ਜ਼ਫ਼ਰਨਾਮਾ ਦੀਆਂ ਮਦਾਂ ਅਨੁਸਾਰ ਕਾਂਗੜ ਦਾ ਇਲਾਕਾ ਚੁਣਿਆ ਗਿਆ ਸੀ ਅਤੇ
ਇਸ ਚੋਣ ਪਿੱਛੇ ਦੋ ਕਾਰਨ ਨਜ਼ਰ ਆਉਂਦੇ ਹਨ। ਪਹਿਲੇ ਕਾਰਨ ਦੀ ਪੁਸ਼ਟੀ ਕਰਦੇ ਪਿਆਰਾ ਸਿੰਘ ਪਦਮ ਲਿਖਦੇ ਹਨ, 'ਕਾਂਗੜ ਕਸਬਾ ਧਾਲੀਵਾਲ ਜੱਟ ਮਹਰ ਮਿੱਠੇ ਦਾ ਨਗਰ ਸੀ, ਜਿਸ ਦੀ ਪੋਤੀ (ਰਾਇਬੇਗ ਦੀ ਪੁੱਤਰੀ ਸ਼ੰਮੀ) ਅਕਬਰ ਨੂੰ ਪਰਣਾਈ ਗਈ ਸੀ।- ਪਿੱਛੋਂ ਇਸ ਦਾ ਪੋਤਰਾ ਰਾਇ ਜੋਧ ਬੜਾ ਸੂਰਮਾ ਹੋਇਆ, ਜੋ ਕਿ ਗੁਰੂ ਹਰਿ ਗੋਬਿੰਦ ਸਾਹਿਬ ਦਾ ਸ਼ਰਧਾਲੂ ਸੇਵਕ ਬਣਿਆ। -ਰਾਇ ਜੋਧ ਦੇ ਪੋਤਰੇ ਰਾਇ ਸ਼ਮੀਰ, ਲਖਮੀਰ ਤੇ ਤਖ਼ਤ ਮੱਲ ਸਨ, ਰਾਇ ਸ਼ਮੀਰ ਇਸ ਸਮੇਂ ਕਾਂਗੜ ਦਾ ਚੌਧਰੀ ਸੀ। ਮੁਗ਼ਲਾਂ ਨਾਲ ਸਾਕਾਦਾਰੀ ਹੋਣ ਕਰਕੇ ਇਹ ਸਤਿਗੁਰਾਂ ਲਈ ਵੀ ਆਦਰ-ਸਨਮਾਨ ਰੱਖਦੇ ਸਨ।ਇਸੇ ਕਰਕੇ ਗੁਰੂ ਸਾਹਿਬ ਦੇ ਟਿਕਾਣੇ ਲਈ ਕਾਂਗੜ ਦੀ ਚੋਣ ਕੀਤੀ ਗਈ ਸੀ, ਕਾਂਗੜ ਕਸਬੇ ਦੇ ਇਕ ਹਿੱਸੇ ਦਾ ਨਾਂ ਦੀਨਾ ਹੈ, ਜਿਥੇ ਕਿ ਗੁਰੂ ਸਾਹਿਬ ਭਾਈ ਦੇਸਾ ਸਿੰਘ ਤਰਖਾਣ ਦੇ ਚੁਬਾਰੇ ਵਿਚ ਦੋ ਤਿੰਨ ਹਫ਼ਤੇ ਠਹਿਰੇ ਸਨ।'5 ਦੂਜਾ ਕਾਰਨ ਭਾਈ ਰਣਧੀਰ ਸਿੰਘ ਮਆਸਰਿ ਆਲਮਗੀਰੀ ਦੇ ਪੰਨਾ 497 ਦੇ ਹਵਾਲੇ ਨਾਲ ਜ਼ਫ਼ਰਨਾਮਾ ਦੇ 59 ਸ਼ੇਅਰ ਦੀ ਵਿਆਖਿਆ ਦੇ ਪ੍ਰਸੰਗ ਵਿਚ ਕਰਦੇ ਹਨ ਕਿ 'ਇਹ ਭਰੋਸਾ, ਬਾਦਸ਼ਾਹ ਨੇ ਬੈਰਾੜਾਂ ਦੀ ਵਧੇਰੇ ਵਸੋਂ ਵਾਲਾ ਇਲਾਕਾ-'ਲੱਖੀ ਜੰਗਲ' ਸਰਕਾਰ-ਆਪਣੇ ਵੱਡੇ ਪੋਤ੍ਰੇ-ਮੁਹੰਮਦ ਮੁਇੱਜ਼ੁੱਦੀਨ, ਨਾਇਬ ਸੂਬੇਦਾਰ ਮੁਲਤਾਨ, ਨੂੰ ਸੌਂਪ ਕੇ, ਦਿਵਾਇਆ ਸੀ।'6 ਭਾਈ ਕਾਨ ਸਿੰਘ ਨਾਭਾ ਲਿਖਦੇ ਹਨ, 'ਜ਼ਫ਼ਰਨਾਮਹ ਦਾ ਪਾਠ ਅਣਜਾਣ ਲਿਖਾਰੀਆਂ ਨੇ ਬਹੁਤ ਅਸ਼ੁੱਧ ਕਰ ਦਿੱਤਾ ਹੈ।'7 ਇਸ ਅਸ਼ੁੱਧਤਾ ਦਾ ਜਿਕਰ ਪਿਆਰਾ ਸਿੰਘ ਪਦਮ8 ਵੀ
ਕਰਦੇ ਹਨ ਜਿਸ ਦਾ ਅਹਿਸਾਸ ਉਹਨਾਂ ਨੂੰ ਭਾਈ ਰਣਧੀਰ ਸਿੰਘ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਹੋਇਆ।

ਨਿਰੰਜਨ ਸਿੰਘ ਨੂਰ ਜ਼ਫ਼ਰਨਾਮਾ ਦੇ ਅਨੁਵਾਦ ਵਿੱਚ ਮਿਲੀਆਂ ਤਰੁੱਟੀਆਂ ਤੇ ਛਾਪੇਖ਼ਾਨੇ ਦੀਆਂ ਗ਼ਲਤੀਆਂ ਬਾਰੇ ਲਿਖਦੇ ਹਨ ਕਿ 'ਜ਼ਫ਼ਰਨਾਮੇ ਦਾ ਪੰਜਾਬੀ ਅਨੁਵਾਦ ਕਰਦਿਆਂ ਕੁਝ ਔਕੜਾਂ ਪੇਸ਼ ਆਈਆਂ ਹਨ। ਮੈਨੂੰ ਚਾਰ ਵਿਅਕਤੀਆਂ ਵੱਲੋਂ ਤਰਜਮਾਏ ਜ਼ਫ਼ਰਨਾਮੇ ਪੜਨ ਦਾ ਮੌਕਾ ਮਿਲਿਆ ਹੈ। (ਪਿੰਡੀ ਦਾਸ ਸਰਵਰੀ 1966, ਨਾਨਕ ਚੰਦ ਨਾਜ 1952, ਅਵਤਾਰ ਸਿੰਘ ਆਜ਼ਾਦ, ਪਿਆਰਾ ਸਿੰਘ ਪਦਮ) ਚੌਹਾਂ ਕਿਤਾਬਾਂ ਵਿਚ ਹੀ ਲਿਪੀ ਦਾ ਅੰਤਰ ਕਰਦਿਆਂ (ਫ਼ਾਰਸੀ ਤੋਂ ਪੰਜਾਬੀ/ਗੁਰਮਖੀ) ਕਾਫ਼ੀ ਮਾਤ੍ਰਾ ਵਿਚ ਸ਼ਬਦ ਐਸੇ ਹਨ ਜਿਹੜੇ ਜਾਂ ਤਾਂ ਛਾਪੇ ਦੀਆ ਗ਼ਲਤੀਆਂ ਕਾਰਨ ਹੋਰ ਦੇ ਹੋਰ ਹੋ ਗਏ ਹਨ। ਸ਼ਬਦਾਰਥ ਕਰਦਿਆਂ ਵੀ ਕੁਝ ਉਕਾਈਆਂ ਰੜਕਦੀਆਂ ਸਨ।'9 ਜ਼ਫ਼ਰਨਾਮਾ ਫ਼ਾਰਸੀ ਸ਼ੇਅਰਾਂ ਵਿਚ ਲਿਖਿਆ ਗਿਆ ਹੈ। ਦੋ ਸਤਰਾਂ ਦੇ ਇਕ ਸ਼ੇਅਰ ਵਾਲੀ ਇਸ ਰਚਨਾ ਦੇ ਕੁਲ ੧੧੧ ਸ਼ੇਅਰ ਹਨ ਜਿਸ ਨਾਲ ਭਾਈ ਰਣਧੀਰ ਸਿੰਘ, ਪਿਆਰਾ ਸਿੰਘ ਪਦਮ ਅਤੇ ਨਿਰੰਜਨ ਸਿੰਘ ਨੂਰ ਸਹਿਮਤ ਹਨ ਅਤੇ ਇਹਨਾਂ ਵਿਦਵਾਨਾਂ ਨੇ ਜ਼ਫ਼ਰਨਾਮਾ ਦੇ ਇਕਰਾਰਨਾਮੇ ਵਾਲੇ ਸ਼ੇਅਰਾਂ ਦੀ ਸਾਰਥਕਤਾ ਲਈ ਵੀ ਸਹਿਮਤੀ ਪ੍ਰਗਟਾਈ ਹੈ ਪਰ ਅਰਥਾਂ ਦੀ ਵਿਸ਼ਾਲਤਾ ਨੂੰ ਧਿਆਨ ਵਿਚ ਰੱਖਦੇ ਹੋਏ ਉਹਨਾਂ ਦੀਆਂ ਲਿਖਤਾਂ ਤੋਂ ਬਾਅਦ ਨਿਰੰਜਨ ਸਿੰਘ ਨੂਰ ਦੇ ਅਨੁਵਾਦ ਵਾਲੀ ਰਚਨਾਂ ਨੂੰ ਵਰਤਿਆ ਹੈ ਜਿਸ ਵਿਚ ਜ਼ਫ਼ਰਨਾਮਾ ਦੀ ਫ਼ਾਰਸੀ ਭਾਸ਼ਾ ਦਾ ਪੰਜਾਬੀ ਲਿਪੀਅੰਤਰ, ਕਾਵਿਕ ਅਨੁਵਾਦ, ਸ਼ਬਦਾਰਥ, ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਕੀਤਾ ਗਿਆ ਹੈ ਜੋ ਪਾਠਕਾਂ ਦੇ ਦਾਇਰੇ ਨੂੰ ਵਿਸ਼ਾਲਤਾ ਵੀ ਪ੍ਰਦਾਨ ਕਰਦਾ ਹੈ ਜਿਸ ਵਿਚ ਜੰਗ ਦੇ ਨੈਤਿਕ ਨਿਯਮਾਂ ਦੀ ਉਲੰਘਣਾ ਦੇ ਨਾਲ-ਨਾਲ ਗੁਰੂ ਸਾਹਿਬ ਦੇ ਪਰਿਵਾਰ ਦੀਆਂ ਸ਼ਹਾਦਤਾਂ ਤੇ ਜੰਗ ਦੇ ਮੈਦਾਨ ਵਿਚ ਵਿਰੋਧੀਆਂ ਦੀਆਂ ਗਤੀਵਿਧੀਆਂ ਦਾ ਇਸ਼ਾਰਿਆਂ ਵਿਚ ਜ਼ਿਕਰ ਕੀਤਾ ਗਿਆ ਹੈ। ਚਮਕੌਰ ਦੇ ਯੁੱਧ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਇਸ ਗੜੀ ਦੀਆਂ ਦੀਵਾਰਾਂ ਨੂੰ ਮੁਗ਼ਲ ਸੈਨਾ ਦੇ ਜਰਨੈਲ ਟੱਪ ਨਾ ਸਕੇ ਅਤੇ ਜਿਹੜਾ ਵੀ ਸਾਹਮਣੇ ਆਇਆਂ ਗੁਰੂ ਸਾਹਿਬ ਦੇ ਤੀਰ ਨਾਲ ਫੁੰਡਿਆ ਗਿਆ। ਨਵਾਬ ਮਲੇਰਕੋਟਲੇ ਦਾ
ਭਰਾ ਨਾਹਰ ਖ਼ਾਂ ਗੁਰੂ ਜੀ ਦੇ ਤੀਰ ਦਾ ਸ਼ਿਕਾਰ ਹੋ ਗਿਆ ਪਰ ਫ਼ੌਜੀ ਜਰਨੈਲ ਖਵਾਜਾ (ਖ਼ਿਜ਼ਰ ਖ਼ਾਨ) ਸਾਹਮਣੇ ਹੀ ਨਹੀਂ ਆਇਆ ਜਿਸ ਨੂੰ ਭਾਈ ਰਣਧੀਰ10 ਸਿੰਘ ਤਵਾਰੀਖ਼ ਖ਼ਾਲਸਾ ਪੱਥਰ ਛਾਪ- ਪੰਨੇ 324, 373) ਦੇ ਹਵਾਲੇ ਨਾਲ-ਖ਼ਿਜ਼ਰ ਖ਼ਾਨ ਮਲੇਰ ਕੋਟਲੇ ਵਾਲਾ, ਜੋ ਮਲੇਰੀ-ਜਮੀਅਤ ਦਾ ਸਰਦਾਰ ਸੀ- ਲਿਖਦੇ ਹਨ।

ਹਰਾਂ ਕਸ ਜ਼ਿ ਦੀਵਾਰ ਆਮਦ ਬਰੂੰ।
ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ।

ਜਿਹੜਾ ਵੀ ਦੀਵਾਰ (ਚਮਕੌਰ ਦੀ ਗੜੀ ਦੀ) ਓਟ ਤੋਂ ਜ਼ਰਾ ਬਾਹਰ ਆਇਆ, ਇਕੋ ਤੀਰ ਖਾ ਕੇ ਖ਼ੂਨ ਵਿਚ ਡੁੱਬ ਗਿਆ।

**ਚੂੰ ਦੀਦਮ ਕਿ ਨਾਹਰ ਬਿਆਮਦ ਬਜੰਗ।**
**ਚਸ਼ੀਦਹ ਯਕੇ ਤੀਰ ਤਨਿ ਬੇਦਰੰਗ।**

**ਬਾਕੀ ਸਫ਼ਾ 31 'ਤੇ**

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਗੁਰਬਾਣੀ ਪੜਨ ਨਾਲ ਕੀ ਹੁੰਦਾ ਹੈ ?

**ਮੇਜਰ ਸਿੰਘ**

ਏਹ ਸਵਾਲ ਅਕਸਰ ਕਈਆਂ ਦੇ ਮਨ ਵਿਚ ਉਠਦਾ ਹੈ ਕੇ ਗੁਰਬਾਣੀ ਪੜਣ ਨਾਲ ਕੀ ਹੋਵੇਗਾ ਜਾਂ ਰੋਜ਼ ਨਿਤਨੇਮ ਦਾ ਕੀ ਲਾਭ ਹੈ ? ਵੈਸੇ ਤਾਂ ਏਹ ਸਵਾਲ ਗੂੰਗੇ ਕੋਲੋਂ ਮਠਿਆਈ ਦਾ ਸਵਾਦ ਪੁਛਣ ਵਾਲੀ ਗੱਲ ਹੈ, ਪਰ ਫਿਰ ਕੁਝ ਭਾਈ ਵੀਰ ਸਿੰਘ ਜੀ ਦੀ ਲਿਖਤ ਵਿਚੋਂ ਪੜੇ ਤੇ ਕੁਝ ਖੁਦ ਦੇ ਅਹਿਸਾਸ ਕੀਤੇ ਨੁਕਤੇ ਆਪ ਨਾਲ ਸਾਂਝੇ ਕਰਦਾ ਹਾਂ,

1) ਹਰ ਰੋਜ਼ ਅਸੀਂ ਇਹੋ ਜਿਹੇ ਕਈ ਕੰਮ ਕਰਦੇ ਹਾਂ ਜੋ ਕਰਨ ਤੋਂ ਬਾਅਦ ਸੋਚੀਦਾ ਕਿ ਜੇ ਪਹਿਲਾਂ ਪਤਾ ਹੁੰਦਾ ਤਾਂ ਮੈਂ ਇਹ ਕੰਮ ਕਰਦਾ ਹੀ ਨਾ, ਇਹ ਪਛਤਾਵਾ ਇਸ ਗੱਲ ਦਾ ਸਬੂਤ ਹੈ ਕਿ ਕਰਮ ਕਰਦਿਆਂ ਸਹੀ ਗਲਤ ਬਾਰੇ ਵਿਚਾਰਿਆ ਨਹੀਂ। ਗੁਰਬਾਣੀ ਮਨ ਨੂੰ ਵਿਚਾਰ ਦਿੰਦੀ ਹੈ ਜਿਸ ਨਾਲ ਮਨ ਕੰਡੇ ਤੇ ਤੋਲ ਤੋਲ ਕੇ ਪਰਖ ਕੇ ਚੰਗੇ ਮਾੜੇ ਦੀ ਪਛਾਣ ਕਰਦਾ ਹੈ, ਨਤੀਜੇ ਵਜੋਂ ਮਨ ਗਲਤੀਆਂ ਵਲੋਂ ਸੁਚੇਤ ਰਹਿਣ ਲਗਦਾ ਹੈ:-

**ਬਾਰੰ ਬਾਰ ਮਾਇਆ ਤੇ ਅਟਕੈ**
**ਲੈ ਨਰਜਾ ਮਨੁ ਤੋਲੈ ਦੇਵ ॥੧॥**

**ਸੋਚ ਆਪੋ ਆਪਣੀ**

2) ਮਨ ਹਰ ਵੇਲੇ ਬੇਥਵੇ ਖਿੰਡਾਉ ਵਿਚ ਰਹਿੰਦਾ ਹੈ, ਸਮੁੰਦਰ ਦੀਆਂ ਲਹਿਰਾਂ ਵਾਂਗ ਅਣਗਿਣਤ ਖਿਆਲ ਅੰਦਰ ਉਠਦੇ ਰਹਿੰਦੇ ਹਨ, ਗੁਰਬਾਣੀ ਦੀ ਸ਼ਕਤੀ ਹੌਲੀ ਹੌਲੀ ਮਨ ਨੂੰ ਇਕ ਬਿੰਦੂ ਤੇ ਕੇਂਦਰਿਤ ਕਰਦੀ ਇਕ ਪਾਸੇ ਲਾਉਂਦੀ ਹੈ, ਜਿਸ ਨਾਲ ਅੰਦਰਲਾ ਮਨ ਬਲਵਾਨ ਹੁੰਦਾ ਹੈ ਤੇ ਸਮੁੰਦਰ ਦੀ ਗਹਿਰਾਈ ਵਾਂਗ ਸ਼ਾਂਤ ਤੇ ਟਿਕਾ ਵਿਚ ਰਹਿਣ ਲੱਗਦਾ ਹੈ।

3) ਬਾਣੀ ਗੁਰੂ ਸਾਹਿਬ ਤੇ ਭਗਤਾਂ ਦੇ ਹਿਰਦੇ ਤੋਂ ਆਈ ਹੈ ਤੇ ਉਥੇ ਧੁਰ ਤੋਂ ਆਈ ਹੈ, ਖਸਮ ਦੇ ਬੋਲਨੇ ਸੋ ਬਾਣੀ ਪੜਨ ਨਾਲ ਮਨ ਦਾ ਰੁਖ ਪਦਾਰਥਾਂ ਤੇ ਦੁਨੀਆਵੀ ਖਿਆਲ ਤੋਂ ਉਪਰ ਉਠਕੇ ਗੁਰੂ ਸਾਹਿਬ ਦੇ ਚਰਨਾਂ ਵੱਲ ਤੇ ਧੁਰ ਵੱਲ ਨੂੰ ਮੋੜਦਾ ਹੈ, ਮਨ ਚਿੰਤਾਵਾਂ ਤੋਂ ਮੁਕਤ ਹੋ 'ਬੇਪ੍ਰਵਾਹੀ' ਵਲ ਤੁਰਦਾ ਹੈ :

**ਧੁਰ ਕੀ ਬਾਣੀ ਆਈ ॥**
**ਤਿਨਿ ਸਗਲੀ ਚਿੰਤ ਮਿਟਾਈ ॥**

4) ਮਨੁਖੀ ਮਨ ਵਡਿਆਈ ਤੋਂ ਪ੍ਰਭਾਵਿਤ ਹੁੰਦਾ ਹੈ ਜਿਸ ਦੀ ਸ਼ੋਭਾ ਸੁਣਾ ਹੈ ਉਸ ਵੱਲ ਨੂੰ ਅਕਰਸ਼ਿਤ ਹੁੰਦਾ ਹੈ, ਗੁਰਬਾਣੀ ਨਾਮ ਦੀ ਮਹਿਮਾ ਦਸਦੀ ਹੈ ਮਨ ਨੂੰ ਨਾਮ ਵੱਲ ਪ੍ਰੇਰਦੀ ਹੈ :

**ਪ੍ਰਭ ਕਾ ਸਿਮਰਨੁ ਸਭ ਤੇ ਉਚਾ ॥**
**ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥**

5) ਗੁਰਬਾਣੀ ਨਾਮ ਨਾਲ ਪਿਆਰ ਬਖਸ਼ਦੀ ਹੈ, ਨਾਮ ਪਿਆਰ ਸਦਕਾ ਮਨ ਰੂਪੀ ਕਪੜੇ ਨੂੰ ਲੱਗੀ ਪਾਪਾਂ ਦੀ ਵਿਕਾਰਾਂ ਦੀ ਮੈਲ ਦੂਰ ਹੁੰਦੀ ਹੈ :

**ਭਰੀਐ ਮਤਿ ਪਾਪਾ ਕੈ ਸੰਗਿ ॥**
**ਓਹੁ ਧੋਪੈ ਨਾਵੈ ਕੈ ਰੰਗਿ ॥**

ਪਾਪਾਂ ਦੀ ਮੈਲ ਮਿਟਣ ਕਰਕੇ ਨਿਰਮਲ ਮਨ ਵਿਚ ਉਸ ਅਕਾਲ ਪੁਰਖ ਦਾ ਪ੍ਰੇਮ ਅੰਕੁਰਿਤ ਹੋਣ ਲਗਦਾ ਹੈ ਜਿਸ ਨੇ ਸਾਨੂੰ ਪੈਦਾ ਕੀਤਾ ਹੈ ਜਿਸ ਦਾ ਨਾਮ ਲੈ ਰਹੇ ਹਾਂ :

ਗੁਰਬਾਣੀ ਤੇ ਹਰਿ ਮੰਨਿ ਵਸਾਏ ॥

6) ਸਧਾਰਨ ਤਾ ਮਨ ਪੱਥਰ ਵਾਂਗ ਕਠੋਰ ਹੈ । ਤਾਂਹੀ ਹੈ ਦੂਸਰੇ ਨੂੰ ਦੁਖ ਦਿੰਦਾ, ਸੱਟ ਮਾਰਦਾ ਹੈ, ਗੁਰਬਾਣੀ ਨਾਲ ਮਨ ਕੋਮਲ ਹੁੰਦਾ ਹੈ, ਮਨ ਦ੍ਰਵਦਾ ਹੈ :

**ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ**
**ਮਨੁ ਭੀਨਾ ਨਿਜ ਘਰਿ ਆਵੈਗੋ ॥**

ਦ੍ਰਵਿਆ ਤੇ ਕੋਮਲ ਹਿਰਦਾ ਲਈ ਕਿਸੇ ਨੂੰ ਦੁਖ ਦੇਣਾ ਤੇ ਦੂਰ ਦੀ ਗੱਲ ਦੁਖੀ ਨੂੰ ਦੇਖ ਕੇ ਵੀ ਮਨ ਵਿਚ ਦਇਆ ਆਉਂਦੀ ਹੈ। ਇਸ ਦਇਆ ਤੋਂ ਫਿਰ ਸੇਵਾ ਦਾ ਜਨਮ ਹੁੰਦਾ ਹੈ। ਭਾਈ ਘਨੱਈਆ ਜੀ ਇਸ ਦੀ ਵੱਡੀ ਉਦਾਹਰਨ ਹਨ, ਫਿਰ 18ਵੀਂ ਸਦੀ ਵਿਚ ਵਾਰ ਵਾਰ ਸਿੱਖ ਜਰਨੈਲਾਂ ਵਲੋਂ ਜਾਲਮਾਂ ਹੱਥੋਂ ਹਿੰਦੂਆਂ ਦੀਆਂ ਧੀਆਂ ਭੈਣਾਂ ਨੂੰ ਛੁਡਉਣਾ ਗੁਰਬਾਣੀ ਨਾਲ ਜੁੜੇ ਮਨ ਦਾ ਹੀ ਕਮਾਲ ਹੈ।

7) ਜਿਵੇਂ ਬਾਹਰ ਹਨੇਰਾ ਹੈ, ਇਸੇ ਤਰਾਂ ਮਨ ਵਿਚ ਵੀ ਅਗਿਆਨਤਾ ਦਾ ਹਨੇਰਾ ਹੈ, ਬਾਹਰ ਦਾ ਹਨੇਰਾ ਸੂਰਜ ਜਾਂ ਦੀਵੇ, ਬੱਲਬ ਆਦਿਕ ਨਾਲ ਦੂਰ ਹੋ ਜਾਂਦਾ ਹੈ, ਪਰ ਮਨ ਦਾ ਹਨੇਰਾ ਮਿਟਾਉਣਾ ਸੂਰਜ ਜਾਂ ਦੀਵੇ ਦੇ ਵੱਸ ਦੀ ਗੱਲ ਨਹੀਂ। ਇਸ ਹਨੇਰੇ ਨੂੰ ਗੁਰਬਾਣੀ ਦੂਰ ਕਰਦੀ ਹੈ, ਕਿਉਂਕਿ ਗੁਰਬਾਣੀ ਖੁਦ ਮਹਾਂ ਪ੍ਰਕਾਸ਼ ਹੈ :

ਗੁਰਬਾਣੀ ਇਸੁ ਜਗ ਮਹਿ ਚਾਨਣੁ
ਕਰਮਿ ਵਸੈ ਮਨਿ ਆਏ ॥੧॥

ਗੁਰੂ ਸਾਹਿਬ ਕ੍ਰਿਪਾ ਕਰਨ ਗੁਰਬਾਣੀ ਨਾਲ ਜੁੜਨ ਦਾ ਬਲ ਉਦਮ ਬਖਸ਼ਣ, ਤਾਂਕੇ ਮਨ ਵਿਚਾਰਵਾਨ, ਸ਼ਾਂਤ, ਦਇਆਲੂ ਨਿਰਮਲ ਤੇ ਗੁਰੂ ਪ੍ਰਕਾਸ਼ ਨਾਲ ਰੌਸ਼ਨ ਹੋਵੇ,

ਨਾਮ ਦਾ ਰੰਗ ਲੱਗੇ ਗੁਰੂ ਚਰਨਾਂ ਦੀ ਨੇੜੇ ਬਣੇ।

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ।**
**ਗਾਵਹੁ ਸਚੀ ਬਾਣੀ॥**

# 'ਪੋਥੀ ਪੁਰਾਣ ਕਮਾਈਐ'

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ-22**

**ਸੰਪਾਦਤ: ਸਰਬਜੀਤ ਕੌਰ ਸਰਬ**

ਹੇ ਮਨੁੱਖ! ਜਿਤਨੇ ਧਾਰਮਿਕ ਗ੍ਰੰਥ ਨੇ, ਗੱਲ ਮੰਨ ਲੈ। ਇਹ ਮੁਸਲਮਾਨ ਕੁਰਾਨ ਦੀ ਗੱਲ ਮੰਨ ਲੈ । ਘਰ ਵਿਚ ਕੁਰਾਨ ਹੈ ਪਰ ਮੁਸਲਮਾਨ ਕੁਰਾਨ ਤੋਂ ਬਿਨਾ ਜੀਅ ਰਿਹਾ ਹੈ। ਘਰ ਘਰ ਵਿੱਚ ਗੀਤਾ ਦੀਆਂ ਪੋਥੀਆਂ ਹੋ ਸਕਦੀਆਂ ਨੇ, ਗੀਤਾ ਦਾ ਪਾਠ ਹੋ ਸਕਦਾ ਹੈ ਪਰ ਹਿੰਦੂ ਗੀਤਾਂ ਤੋਂ ਬਿਨਾਂ ਜੀਅ ਰਿਹਾ ਹੈ । ਇਸੇ ਤਰਾਂ ਗੁਰਬਾਣੀ ਦੇ ਇਤਨੇ ਮਹਾਨ ਚਾਨਣ ਦੇ ਹੁੰਦਿਆਂ ਹੋਇਆਂ ਸਿੱਖ ਗੁਰਬਾਣੀ ਤੋਂ ਬਿਨਾਂ ਜੀਅ ਰਿਹਾ ਹੈ। ਵਿਵਹਾਰ ਦੱਸਦਾ ਹੈ, ਆਚਾਰ ਦੱਸਦਾ ਹੈ, ਇਸ ਦੇ ਵਿਵਹਾਰ ਉੱਤੇ ਗੁਰਬਾਣੀ ਦੀ ਮੋਹਰ ਨਹੀਂ ਹੈ। ਇਸ ਦੇ ਆਚਾਰ ਉੱਤੇ ਗੁਰਬਾਣੀ ਤਸਦੀਕ ਨਹੀਂ ਕਰਦੀ । ਇਸੇ ਤਰਾਂ ਈਸਾਈ ਜਗਤ ਬਾਈਬਲ ਤੋਂ ਬਿਨਾਂ ਜੀਅ ਰਿਹਾ ਹੈ, ਬੋਧ ਜਗਤ ਧਮਪਦ ਤੋਂ ਬਿਨਾਂ ਜੀਅ ਰਿਹਾ ਹੈ, ਜੈਨ ਮਾਰਗ ਉੱਤੇ ਚੱਲਣ ਵਾਲੇ ਮਹਾਂਵੀਰ ਦੇ ਸਮਵਾਯਾਗ ਤੋਂ ਬਗੈਰ ਜੀ ਰਹੇ ਹਨ। ਕਹਿਣ ਤੋਂ ਭਾਵ ਇਤਨੇ ਜ਼ਿਆਦਾ ਧਰਮ ਗ੍ਰੰਥ ਹੋਣ ਦੇ ਬਾਵਜੂਦ ਵੀ ਲੋਕ ਉਨਾਂ ਤੋਂ ਉਲਟ ਜੀਵਨ ਬਤੀਤ ਕਰ ਰਹੇ ਹਨ। ਅਜਿਹਾ ਜੀਵਨ ਬਤੀਤ ਕਰਦੇ ਹੋਏ ਉਹ ਸਦਾ ਦੁੱਖ ਵਿਚ ਆਪਣੇ ਆਪ ਨੂੰ ਧੱਕ ਰਹੇ ਹਨ। ਅਖੀਰ ਫਿਰ ਇਹ ਹੀ ਗੱਲ ਸਾਹਮਣੇ ਆਉਂਦੀ ਹੈ ਕਿ ਏਨੇ ਚਿਰਾਗ਼ ਇਹ ਰੋਸ਼ਨੀ ਤੋਂ ਬਿਨਾਂ ਕਿਉਂ ਜੀ ਰਹੇ ਨੇ ? ਕਿਉਂਕਿ ਵੱਟੀ ਨਹੀਂ ਹੈ ਤੇਲ ਨਹੀਂ ਹੈ ।

**ਪੋਥੀ ਪੁਰਾਣ ਕਮਾਈਐ ॥ ਭਉ ਵਟੀ ਇਤੁ ਤਨਿ ਪਾਈਐ ॥**
**ਸਚੁ ਬੂਝਣੁ ਆਣਿ ਜਲਾਈਐ ॥੨॥**

**ਇਹੁ ਤੇਲੁ ਦੀਵਾ ਇਉ ਜਲੈ ॥**
**ਕਰਿ ਚਾਨਣੁ ਸਾਹਿਬ ਤਉ ਮਿਲੈ ॥**

ਧਰਮ ਗ੍ਰੰਥ ਜੋ ਕਹਿੰਦੇ ਨੇ, ਇਨਾਂ ਨੂੰ ਮੰਨੋ। ਇਕ ਇਕ ਅੱਖਰ ਨੂੰ ਖਿੜੇ ਮੱਥੇ ਮੰਨ ਲਵੋ । ਮਨੁੱਖ ਤਾਂ ਹੀ ਮੰਨੇਗਾ ਜੇ ਉਹ ਇਤਨਾ ਸਮਝੇ ਕਿ ਮੈਥੋਂ ਇਹ ਅੱਗੇ ਹੈ। ਜੇਕਰ



ਕ੍ਰਿਸ਼ਨ ਜੀ ਮੇਰੇ ਤੋਂ ਪਿੱਛੇ ਖੜੇ ਨੇ ਤੇ ਮੈਨੂੰ ਉਨਾਂ ਦੀ ਕੋਈ ਗੱਲ ਸੁਣਨ ਦੀ ਲੋੜ ਨਹੀਂ ਹੈ, ਉਨਾਂ ਤੋਂ ਤਾਂ ਮੈਂ ਹੀ ਅੱਗੇ ਖੜਾ ਹਾਂ । ਜੇ ਗੁਰੂ ਨਾਨਕ ਪਾਤਸ਼ਾਹ ਮੇਰੇ ਤੋਂ ਪਿੱਛੇ ਖੜੇ ਨੇ ਅੱਗੇ ਨਹੀਂ ਹਨ ਤਾਂ ਮੈਂ ਕਿਉਂ ਉਨਾਂ ਦੀ ਗੱਲ ਮੰਨਾਂ। ਮਨੁੱਖ ਦੀ ਅਜਿਹੀ ਵਿਚਾਰਧਾਰਾ ਹੀ ਉਸ ਨੂੰ ਦੁੱਖਾਂ ਦੇ ਸਮੁੰਦਰ ਵਿੱਚ ਧਕੇਲ ਦਿੰਦੀ ਹੈ । ਅਸੀਂ ਇਸ ਸੰਸਾਰਿਕ ਜੀਵਨ ਵਿੱਚ ਦੇਖਦੇ ਹਾਂ ਕਿ ਮਨੁੱਖ ਨੇ ਰਾਜਨੀਤਕਾਂ ਨੂੰ ਵੀ ਅੱਗੇ ਰੱਖਿਆ ਹੋਇਆ ਹੈ, ਉਨਾਂ ਦੀ ਹਰ ਗੱਲ ਮੰਨ ਲੈਂਦੇ ਨੇ । ਮਨੁੱਖ ਨੇ ਪਰਿਵਾਰ ਨੂੰ ਵੀ ਅੱਗੇ ਰੱਖਿਆ ਹੋਇਆ ਹੈ। ਪਤਨੀ ਦੀ ਵੀ ਗੱਲ ਮੰਨ ਲੈਂਦਾ ਹੈ, ਪਤਨੀ ਪਤੀ ਦੀ ਗੱਲ ਮੰਨ ਲੈਂਦੀ ਹੈ, ਭਰਾ ਭਰਾ ਦੀ ਗੱਲ ਮੰਨ ਲੈਂਦਾ ਹੈ। ਇੰਜ ਕਹਿ ਲਵੋ ਕਿ ਮਨੁੱਖ ਨੇ ਪਰਿਵਾਰ ਨੂੰ ਅੱਗੇ ਰੱਖਿਆ ਹੋਇਆ ਹੈ ਰਾਜਨੀਤਿਕ ਲੋਕਾਂ ਨੂੰ ਵੀ ਅੱਗੇ ਰੱਖਿਆ ਹੋਇਆ ਹੈ ਮਨੁੱਖ ਦੀ ਜੀਵਨ ਭਰ ਦੀ ਚੇਸ਼ਟਾ ਤਾਂ ਇਹੀ ਹੈ ਕਿ ਅਵਤਾਰਾਂ ਨੂੰ ਆਪਣੇ ਪਿੱਛੇ ਖੜਾ ਕਰੋ । ਜਿਸ ਪਾਸੇ ਅਸੀਂ ਚੱਲ ਰਹੇ ਹਾਂ ਉਸ ਪਾਸੇ ਇਹ ਚਲਣ ਜਦਕਿ ਅਵਤਾਰ ਕਹਿੰਦੇ ਨੇ ਜਿਸ ਪਾਸੇ ਅਸੀਂ ਕਹਿੰਦੇ ਹਾਂ ਮਨੁੱਖ ਉਸ ਪਾਸੇ ਚੱਲੇ ।

**ਗੁਰਸਿਖ ਮੀਤ ਚਲਹੁ ਗੁਰ ਚਾਲੀ ॥**
**ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥**

ਜੇਕਰ ਅਵਤਾਰ ਮਨੁੱਖ ਦੇ ਪਿੱਛੇ ਚੱਲਣ ਲੱਗ ਪਏ ਤਾਂ ਉਹ ਅਵਤਾਰ, ਅਵਤਾਰ ਨਹੀਂ ਹੈ। ਅਗਰ ਮਨੁੱਖ, ਮਨੁੱਖ ਦੇ ਪਿੱਛੇ ਚੱਲਣ ਲੱਗ ਪਏ ਤੇ ਮਨੁੱਖ, ਮਨੁੱਖ ਨਹੀਂ ਦੇਵਤਾ ਹੈ ਫਿਰ ਤਾਂ ਫਰਿਸ਼ਤਾ ਹੈ ਇਹ ਤਾਂ ਮਹਾਨ ਹੋ ਗਿਆ ।ਮਨੁੱਖ ਨੂੰ ਹੀ ਲੋਕ ਦੇਵਤੇ ਦੀ ਉਪਾਧੀ ਦੇ ਦਿੰਦੇ ਹਨ ।ਲੇਕਿਨ ਦੇਖਣ ਵਿੱਚ ਆਇਆ ਹੈ ਕਿ ਪਤਨੀ ਪਤੀ ਦੇ ਪਿੱਛੇ ਚੱਲ ਸਕਦੀ ਹੈ ਪਤੀ ਪਤਨੀ ਦੇ ਪਿੱਛੇ ਚਲ ਸਕਦਾ ਹੈ ਭਰਾ ਭਰਾ ਦੇ ਪਿੱਛੇ ਚਲ ਸਕਦਾ ਹੈ ਪਰ ਮਨੁੱਖ ਅਵਤਾਰ ਦੇ ਪਿੱਛੇ ਨਹੀਂ ਚੱਲ ਆ ਸਕਦਾ ਹੈ । ਜਦ ਕਿ ਅਵਤਾਰਾਂ ਦੀ ਕੋਸ਼ਿਸ਼ ਹੈ ਕਿ ਸਾਡੀ ਆਵਾਜ਼ ਦੀ ਸੇਧ ਵਿੱਚ ਚੱਲੋ ਆਓ ਪਹੁੰਚ ਜਾਓਗੇ ਘਰ ਤਕ ਤੋਂ ਸਾਹਿਬ ਕਹਿੰਦੇ ਨੇ ਧਰਮ ਗ੍ਰੰਥਾਂ ਨੂੰ ਮੰਨ ਲੈਣਾ ਤੇ ਮੰਨ ਕੇ ਉਨਾਂ ਨੂੰ ਹਿਰਦੇ ਵਿਚ ਧਾਰਨ ਕਰਕੇ ਉਨਾਂ ਦਾ ਪਾਠ ਰੋਜ਼ ਮਰਾ ਕਰਨਾ ਇਹ ਦੀਵੇ ਵਿੱਚ ਤੇਲ ਪਾਉਣਾ ਹੈ । ਜਦੋਂ ਹਰ ਰੋਜ਼ ਇਹ ਤੇਲ ਦੀਵੇ ਵਿੱਚ ਪਵੇਗਾ ਤਾਂ ਵੱਟੀ ਹਮੇਸ਼ਾ ਚੱਲਦੀ ਰਹੇਗੀ । ਸੱਚ ਦਾ ਪ੍ਰਕਾਸ਼ ਮਨੁੱਖ ਦੇ ਹਿਰਦੇ ਵਿਚ ਬਣਿਆ ਰਹੇਗਾ। ਜ਼ਿੰਦਗੀ ਦਾ ਪਹੀਆ ਸਦਾ ਚੱਲਦਾ ਰਹਿੰਦਾ ਹੈ ਕਈ ਵਾਰ ਇਹ ਤੇਜ਼ ਹੋ ਜਾਂਦਾ ਹੈ ਅਤੇ ਕਈ ਵਾਰ ਧੀਮੀ ਰਫ਼ਤਾਰ ਨਾਲ ਅੱਗੇ ਵੱਧਦਾ ਹੈ । ਪਰ ਅਖ਼ੀਰ ਸੱਚ ਇੱਕ ਹੀ ਹੈ ਕਿ ਸਭ ਨੇ ਉਸ ਸੱਚ ਦੇ ਕੋਲ ਹੀ ਇਕ ਨਾ ਇਕ ਦਿਨ ਪਹੁੰਚ ਜਾਣਾ ਹੈ । ਮਨੁੱਖ ਆਪਣੀ ਕਿਰਤ ਕਮਾਈ ਕਰਦਾ ਹੈ, ਪਰਿਵਾਰ ਨੂੰ ਚੰਗੀਆਂ ਸਹੂਲਤਾਂ ਦੇਣ ਦੇ ਲਈ ਉਹ ਦਿਨ ਰਾਤ ਕਿਰਤ ਕਰਦਾ ਹੈ। ਆਪਣੀ ਇਸ ਕਿਰਤ ਕਮਾਈ ਦੇ ਵਿਚ ਉਹ ਐਨਾ ਜ਼ਿਆਦਾ ਰੁੱਝ ਜਾਂਦਾ ਹੈ ਕੀ ਉਸ ਸੱਚ ਤੋਂ ਬੇਮੁਖ ਹੋ ਜਾਂਦਾ ਹੈ । ਸੱਚ ਤੋਂ ਬੇਮੁੱਖ ਹੋਇਆ ਇਨਸਾਨ ਦੀਵੇ ਵਿੱਚ ਤੇਲ ਤੋਂ ਬਗੈਰ ਪੇਈ ਵੱਟੀ ਦੇ ਸਮਾਨ ਹੁੰਦਾ ਹੈ ਜੋ ਜ਼ਿੰਦਗੀ ਤਾਂ ਬਤੀਤ ਕਰ ਰਹੀ ਹੈ ਪਰ ਉਹ ਮੁਰਝਾਈ ਹੋਈ ਜ਼ਿੰਦਗੀ ਹੈ ਜਿਸ ਵਿੱਚ ਕੋਈ ਵੀ ਰੋਸ਼ਨੀ ਨਹੀਂ ਹੈ ਕੇਵਲ ਤੇ ਕੇਵਲ ਅੰਧੇਰੇ ਵਿੱਚ ਰਹਿ ਕੇ ਹੀ ਕੰਮ ਕੀਤਾ ਜਾ ਰਿਹਾ ਹੈ ।ਜਦੋਂ ਮਨੁੱਖ ਉਸ ਅਕਾਲ ਪੁਰਖ ਦੇ ਲੜ ਲੱਗ ਜਾਂਦਾ ਹੈ ਤਦ ਹੀ ਉਸ ਦੀ ਜ਼ਿੰਦਗੀ ਵਿਚ ਰੋਸ਼ਨੀ ਪੈਦਾ ਹੁੰਦੀ ਹੈ ਜੋ ਉਸ ਨੂੰ ਉਸ ਸੱਚ ਨਾਲ ਮਿਲਾਉਂਦੀ ਹੈ । ਸੱਚ ਨਾਲ ਮਿਲਾਪ ਹੀ ਇਨਸਾਨ ਦੀ ਜ਼ਿੰਦਗੀ ਦਾ ਅਸਲ ਮਕਸਦ ਹੈ। ਬਾਕੀ ਇਹ ਦੁਨਿਆਵੀ ਮਿਲਾਪ ਇਕ ਅੰਧੇਰੇ ਦੀ ਤਰਾਂ ਹੈ ਜੋ ਸਮਾਂ ਆਉਣ ਤੇ ਠੋਕਰਾਂ ਹੀ ਦਿੰਦਾ ਹੈ। ਨਾਮ ਦੀ ਵੱਟੀ ਅਤੇ ਬਾਣੀ ਦਾ ਪ੍ਰਕਾਸ਼ ਇਨਸਾਨ ਦੀ ਜ਼ਿੰਦਗੀ ਨੂੰ ਖੁਸ਼ਨੁਮਾ ਬਣਾ ਦਿੰਦਾ ਹੈ ।

# ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ

**ਸੁਰਜੀਤ ਸਿੰਘ ਵੀਰਕ**

**ਰਿੰਪੀ ਨਾਲ ਮੁਲਾਕਾਤ**

ਕੌਣ ਸੀ ਉਹ ? ਕਿਹੋ ਜਿਹੀ ਕੁੜੀ ਸੀ ਉਹ ?

ਘਰ ਵਿਚ ਇੱਕੋ ਇਕ ਕੁੜੀ ਨਾਨਕਿਆਂ ਦਾਦਕਿਆਂ ਦੀ ਲਾਡਲੀ। ਰਾਜਕੁਮਾਰੀ ਵਾਂਗ ਪਾਲੀ ਹੋਈ। ਸਕੂਲ ਤੋਂ ਆ ਕੇ ਸ਼ਾਮ ਨੂੰ ਗ਼ਰੀਬਾਂ ਦੇ ਨਿਆਣੇ ਕਠੇ ਕਰਕੇ ਪੜਾਉਣੇ । ਛੁੱਟੀ ਵਾਲੇ ਦਿਨ ਘਰੋਂ ਜਾ ਕੇ ਲੈ ਕੇ ਆਉਣੇ ਤੇ ਕੋਲ਼ੋਂ ਪੈਨ ਕਾਪੀਆਂ ਦੇ ਕੇ ਨਿੱਕੇ ਨਿੱਕੇ ਨਿਆਣੇ ਪੜਾਉਣ ਵਾਲੀ ਨੂੰ ਇਕ ਦਿਨ ਇਕ ਧੋਬੀ ਆਪਦੇ ਪੁੱਤ ਨੂੰ ਕੁੱਟਦਾ ਦਿਖਿਆ। ਝੱਲ ਨਹੀਂ ਹੋਇਆ ਕਹਿੰਦੀ ਇਹਨੂੰ ਕਿਉਂ ਮਾਰਦਾਂ ?

ਬੀਬੀ ਜੀ ਯੇ ਕਾਮ ਪੇ ਜਾ ਕਰ ਸੋ ਜਾਤਾ ਹੈ । ਹਮ ਗਰੀਬ ਲੋਕ ਅਗਰ ਕਾਮ ਨਹੀਂ ਕਰੇਂਗੇ ਤੋ ਰੋਟੀ ਕੈਸੇ ਖਾਏਂਗੇ ?

ਇਹ ਇਸ ਕੁੜੀ ਦੇ ਘਰ ਕੰਮ ਕਰਨ ਵਾਲਾ ਧੋਬੀ ਸੀ। ਇਸ ਕੁੜੀ ਨੇ ਧੋਬੀ ਨੂੰ ਕਿਹਾ ਕਿ ਅੱਜ ਤੋਂ ਬਾਅਦ ਤੇਰਾ ਬੱਚਾ ਮੇਰੇ ਘਰ ਕੰਮ ਕਰੇਗਾ ਤੇ ਤੂੰ ਅੱਜ ਤੋਂ ਬਾਅਦ ਖ਼ੁਦ ਸਾਡੇ ਘਰ ਕੰਮ ਤੇ ਨਹੀਂ ਆਉਣਾ। ਫੇਰ ਇਹ ਕੁੜੀ ਘਰ ਦੇ ਕੱਪੜੇ ਆਪ ਧੋਂਦੀ ਰਹੀ ਤੇ ਉਸ ਬੱਚੇ ਨੂੰ ਘਰੇ ਰੱਖ ਕੇ ਆਪ ਪੜਾਉਂਦੀ ਰਹੀ। ਜਿੰਨਾ ਚਿਰ ਆਪ ਦਿੱਲੀ ਯੂਨੀਵਰਸਿਟੀ ਵਿੱਚ ਪੜਨ ਲਈ ਆਪਣੇ ਰਿਸ਼ਤੇਦਾਰ ਦੇ ਘਰੇ ਨਹੀਂ ਆ ਗਈ ।

ਫੇਰ ਦਿੱਲੀ ਵਿਚ ਇਹ ਕੁੜੀ ਆਪਣੇ ਰਿਸ਼ਤੇਦਾਰ ਦੇ ਹੱਥੋਂ ਰੇਪ ਹੋਈ ਤੇ ਮਰਨ ਕਿਨਾਰੇ ਹਸਪਤਾਲ ਆ ਡਿਗੀ । ਜਦੋਂ ਪਿਉ ਨੂੰ ਪਤਾ ਲਗਾ ਤਾਂ ਉਹਨੂੰ ਦਿਲ ਦਾ ਦੌਰਾ ਪੈ ਗਿਆ ਤੇ ਪਿਉ ਵੀ ਧੀ ਦੇ ਨਾਲ ਹਸਪਤਾਲ ਆ ਪਿਆ। ਕਿਸਮਤ ਚੰਗੀ ਸੀ ਦੋਨੋ ਬਚ ਗਏ।

ਸਾਲ ਕੁ ਬਾਅਦ ਇਸ ਕੁੜੀ ਦਾ ਵਿਆਹ ਅਮਰੀਕਾ ਤੋਂ ਗਏ ਸਿੰਘ ਨਾਲ ਕਰ ਦਿੱਤਾ ਗਿਆ। ਪਹਿਲੀ ਰਾਤ ਕੁੜੀ ਨੇ ਆਪਣੀ ਸਾਰੀ ਕਹਾਣੀ ਦਸ ਦਿੱਤੀ ਕਿ ਕਿਵੇਂ ਉਹਨੂੰ ਰੇਪ ਕੀਤਾ ਗਿਆ ਤੇ ਮਾਰ ਕੇ ਸੁੱਟ ਦਿੱਤਾ ਗਿਆ ਸੀ ।ਇੰਨਾ ਦੱਸਣ ਦੀ ਹੀ ਦੇਰ ਸੀ ਕਿ ਮੁੜ ਉਹਨੂੰ ਸਿੰਘ ਨੇ ਨਹੀਂ ਬੁਲਾਇਆ। ਮੁੜ ਉਸ ਕੁੜੀ ਨੂੰ ਸਹੁਰੇ ਘਰ ਇੰਨਾ ਤੰਗ ਕੀਤਾ ਗਿਆ ਜੋ ਕਲਮ ਨਹੀਂ ਲਿਖ ਸਕਦੀ। ਆਖੀਰ ਕੁੜੀ ਨੂੰ ਘਰੋਂ ਕੱਢ ਦਿੱਤਾ ਗਿਆ। ਉਹਨੇ ਮਿੰਨਤਾਂ ਕਰਕੇ ਸਹੁਰਿਆਂ ਨੂੰ ਇੰਨਾ ਜ਼ਰੂਰ ਮਨਾ ਲਿਆ ਕਿ ਜਦੋਂ ਉਹਦਾ ਪਿਉ ਉਹਨੂੰ ਮਿਲਣ ਆਵੇ ਤਾਂ ਉਹਨੂੰ ਘਰੇ ਆ ਲੈਣ ਦੇਣ ਤਾਂ ਕਿ ਉਹਨੂੰ ਪਤਾ ਨਾ ਲੱਗੇ ਕੁ ਉਹ ਘਰੋਂ ਕੱਢੀ ਹੋਈ ਹੈ। ਉਹ ਨੌਕਰੀ ਕਰ ਕੇ ਆਪਣੇ ਦਿਨ ਕਢਦੀ ਰਹੀ। ਉਹਨੂੰ ਡਰ ਸੀ ਉਹਦਾ ਪਿਉ ਦੁਬਾਰਾ ਇਹ ਸਦਮਾ ਸ਼ਾਇਦ ਸਹਿ ਨਾ ਸਕੇ, ਦਿਲ ਦਾ ਮਰੀਜ ਸੀ ।

ਆਖਿਰ ਇਹ ਗੱਲ ਕਿੰਨਾ ਕੁ ਚਿਰ ਗੁੱਝੀ ਰਹਿ ਸਕਦੀ ਸੀ ? ਪਿਉ ਨੂੰ ਪਤਾ ਲੱਗਣ ਤੇ ਉਹਨੂੰ ਫੇਰ ਦਿਲ ਦਾ ਦੌਰਾ ਪੈ ਗਿਆ।

ਇਹ ਕੁੜੀ ਨੂੰ ਜ਼ਿੰਦਗੀ ਨੇ ਥਾਂ ਥਾਂ ਅੱਗ ਦੀ ਪ੍ਰੀਖਿਆ ਵਿਚੋਂ ਕਢਿਆ ਤੇ ਆਖਿਰ ਉਹਨੂੰ ਕੁਆਰੀ ਦਸ ਕੇ ਕੈਨੇਡਾ ਪੜਨ ਵਾਸਤੇ ਭੇਜ ਦਿੱਤਾ ਗਿਆ। ਹੁਣ ਪਿੱਛੋਂ ਸਹੁਰਿਆਂ ਨੇ ਮੁਕੱਦਮਾ ਕਰ ਦਿੱਤਾ ਕਿ ਉਹ ਵਿਆਹੀ ਹੋਈ ਹੈ ਤੇ ਝੂਠ ਬੋਲ ਕੇ ਕੈਨੇਡਾ ਆਈ ਹੈ ਤੇ ਪੈਸੇ ਦਾ ਸੌਦਾ ਕਰ ਰਹੇ ਹਨ, ਤੇ ਤਲਾਕ ਨਹੀਂ ਦੇ ਰਹੇ।

ਇਹ ਕੁੜੀ ਮੈਨੂੰ ਲੰਚ ਕਰਦੇ ਨੂੰ ਮਿਲੀ ਸੀ, ਕਹਿੰਦੀ ਆਪ ਦਾ ਨੰਬਰ ਦੇ ਕੇ ਜਾਇਉ, ਪਤਾ ਨਹੀਂ ਉਹਨੂੰ ਕੀ ਲੱਗਿਆ। ਮੈਨੂੰ ਉਹ ਮਿਲਦੀ ਰਹੀ ਤੇ ਕਹਿੰਦੀ ਸੀ ਕਿ ਤੈਨੂੰ ਇੰਨਾ ਪਿਆਰ ਦੇਵਾਂਗੀ ਕਿ ਤੈਨੂੰ ਦੁਨੀਆਂ ਭੁਲਾ ਦਊਂ। ਉਹ ਮੈਨੂੰ ਇਕ ਦਿਨ ਕਹਿਣ ਲੱਗੀ ਕਿ ਮੈਂ ਤੈਨੂੰ ਕੁਝ ਦੱਸਣਾ ਚਾਹੁੰਦੀ ਹਾਂ। ਮੈਂ ਸਹਿਜ ਸੁਭਾਅ ਕਹਿ ਦਿੱਤਾ ਕਿ ਮੈਨੂੰ ਪਤਾ ਹੈ। ਕਹਿੰਦੀ ਕੀ ਪਤਾ ? ਮੈਂ ਕਿਹਾ ਤੈਨੂੰ ਕਿਸੇ ਨੇ ਰੇਪ ਕੀਤਾ ਹੋਇਆ । ਫੇਰ ਉਹ ਬਹੁਤ ਰੋਈ ਤੇ ਆਪਣੀ ਜ਼ਿੰਦਗੀ ਦੀ ਕਹਾਣੀ ਮੈਨੂੰ ਦੱਸੀ ਗਈ ਜੋ ਮੈਂ ਉੱਪਰ ਲਿਖੀ ਹੈ ।

ਉਹ ਨੇ ਮੈਨੂੰ ਅੰਤਾਂ ਦਾ ਪਿਆਰ ਕੀਤਾ । ਉਹਦੀ ਸ਼ਰਤ ਸੀ ਕਿ ਮੈਂ ਉਹਦੇ ਸਰੀਰ ਨੂੰ ਹੱਥ ਨਾ ਲਾਵਾਂ। ਮੈਂ ਕਿਹਾ ਮੇਰੀ ਵੀ ਸ਼ਰਤ ਹੈ ਕਿ ਮੈਂ ਤੈਨੂੰ ਕਾਰ ਵਿਚ ਕਦੀ **Ride** ਨਹੀਂ ਦੇ ਸਕਦਾ। ਮੈਨੂੰ ਹਰ ਕਿਸੇ ਨੂੰ ਇਹ ਦੱਸਣਾ ਔਖਾ ਹੋਣਾ ਸੀ ਕਿ ਇਹ ਕਿਹੜੀ ਕੁੜੀ ਨੂੰ ਕਾਰ ਵਿਚ ਲਈ ਫਿਰਦਾ । ਮੈਨੂੰ ਮੇਰੇ ਸ਼ਹਿਰ ਵਿਚ ਹਜ਼ਾਰਾਂ ਜਾਣਦੇ ਹਨ ।

ਇਕ ਦਿਨ ਰਾਤ ਨੂੰ ਦਸ ਕੁ ਵਜੇ ਉਹਦਾ ਫ਼ੋਨ ਆਇਆ ਕਿ ਉਹਨੂੰ **Ride** ਦੀ ਜ਼ਰੂਰਤ ਸੀ । ਮੈਂ ਉਹਨੂੰ ਟੈਕਸੀ ਲੈਣ ਦੀ ਸੁਲਾਹ ਦਿੱਤੀ ਕਿ ਪੈਸੇ ਮੈਂ ਉਹਨੂੰ ਕੱਲ ਨੂੰ ਦੇ ਦੇਵਾਂਗਾ ।ਸ਼ਾਇਦ ਉਹਨੂੰ ਮੇਰੇ ਤੇ ਜਿਆਦਾ ਮਾਣ ਸੀ ਜੋ ਮੈਂ ਉਹਦਾ ਦਿਲ ਤੋੜ ਦਿੱਤਾ। ਫਿਰ ਉਹ ਰਾਤ ਦੇ ਹਨੇਰੇ ਵਿਚ ਐਸੀ ਗੁਆਚੀ ਕਿ ਮੁੜ ਪਤਾ ਨਹੀਂ ਕਿਹੜੇ ਰਾਹ ਪੈ ਗਈ।

# ਗੰਗਾ ਰਾਮ, ਗੰਗੂ ਤੇ ਗੰਗਦਾਸ



ਤਰਲੋਚਨ ਸਿੰਘ 'ਦੁਪਾਲਪੁਰ'

ਗੁਰਮਤਿ ਪ੍ਰਚਾਰ ਹਿਤ ਚੰਡੀਗੜ੍ਹੋਂ ਛਪਦੀ 'ਭਾਈ ਦਿੱਤ ਸਿੰਘ ਪੱਤ੍ਰਿਕਾ' ਦੇ ਦਸੰਬਰ 2021 ਵਾਲ਼ੇ ਅੰਕ ਵਿਚ ਸਫਾ 38 ਉੱਤੇ ਸ੍ਰੀ ਅਮਰਜੀਤ ਜੋਸ਼ੀ (ਨਾਹਨ) ਜੀ ਦਾ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਸਬੰਧਤ ਘ੍ਰਿਣਤ ਪਾਤਰ ਗੰਗੂ ਬਾਰੇ ਇਕ ਲੇਖ ਛਪਿਆ ਹੈ। ਜਿਸ ਵਿਚ ਉਨਾਂ ਸ਼ੰਕਾ ਜਾਹਰ ਕੀਤਾ ਹੈ ਕਿ ਸਾਹਿਬਜ਼ਾਦਿਆਂ ਦੇ ਖ਼ੂਨੀ ਇਤਿਹਾਸ ਵਿਚ ਗੰਗੂ ਦਾ ਨਾਮ ਕਿਸੇ ਨੇ ਇਸ ਕਰਕੇ ਜੋੜਿਆ ਜਾਪਦਾ ਹੈ ਕਿ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਪਾੜਾ ਪਵੇ।ਇਸ ਲੇਖ ਵਿਚ ਸ੍ਰੀ ਜੋਸ਼ੀ ਨੇ ਇਹ ਨਿਰਨਾ ਵੀ ਕੱਢ ਦਿੱਤਾ ਕਿ 'ਪਾੜਾ ਪਾਉਣ ਵਾਲ਼ੇ ਪਾਤਰ ਨੂੰ ਸਫਲਤਾ ਵੀ ਮਿਲ਼ੀ ਹੈ।'

ਇਸ ਲੇਖ ਬਾਰੇ ਮੈਂ ਕੁੱਝ ਸਤਰਾਂ ਲਿਖ ਰਿਹਾ ਹਾਂ। ਪਹਿਲੀ ਬੇਨਤੀ ਮੇਰੀ ਇਹ ਹੈ ਕਿ ਮੈਂ ਕੋਈ ਇਤਿਹਾਸਕਾਰ ਨਹੀਂ ਹਾਂ, ਕੇਵਲ ਸਿੱਖ ਇਤਿਹਾਸ ਦਾ ਪਾਠਕ ਹੋਣ ਨਾਤੇ ਕੁੱਝ ਵਿਚਾਰ ਅੰਕਿਤ ਕਰ ਰਿਹਾ ਹਾਂ। ਪਾਠਕਾਂ ਨੂੰ ਸ਼ਾਇਦ ਪਤਾ ਹੀ ਹੋਵੇਗਾ ਕਿ ਗੰਗੂ ਦੇ ਨਾਲ ਨਾਲ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਵੇਲੇ ਦੇ ਚੰਦੂ ਨੂੰ ਵੀ ਇਤਿਹਾਸ 'ਚੋਂ ਖਾਰਜ ਕਰਨ ਦੇ ਯਤਨ ਅਕਸਰ ਹੁੰਦੇ ਰਹਿੰਦੇ ਹਨ। ਇਹ ਦੇ ਬਾਰੇ ਸਿੱਕੇ-ਬੰਦ ਨਿਰਨਾ ਤਾਂ ਤਾਰੀਖ ਦੇ ਖੋਜੀ ਵਿਦਵਾਨ ਕਰਦੇ ਆਏ ਹਨ ਤੇ ਇਹ ਖੋਜ ਕਾਰਜ ਅਗਾਂਹ ਵੀ ਹੁੰਦੇ ਰਹਿਣਗੇ। ਪ੍ਰੰਤੂ ਮੌਜੂਦਾ ਪ੍ਰਚੱਲਤ (ਇਕ ਤਰਾਂ ਨਾਲ ਪ੍ਰਮਾਣਿਕ ਵੀ) ਇਤਿਹਾਸਿਕ ਸ੍ਰੋਤਾਂ ਦੇ ਤੱਥਾਂ ਨੂੰ ਸ਼ੱਕੀ ਜਿਹੇ ਬਣਾਉਣਾ ਜਾਂ ਤੋੜਿਆ ਮਰੋੜਿਆ ਜਾਣਾ ਸਹੀ ਨਹੀਂ ਹੋਵੇਗਾ। ਸਿੱਖ ਇਤਹਾਸ ਵਿਚ ਰਲ਼ਾ ਪਾਉਣ ਬਾਰੇ ਇੱਥੇ ਮੈਂ ਗਿਆਨੀ ਸੋਹਣ ਸਿੰਘ 'ਸੀਤਲ' ਜੀ ਦੀ ਲਿਖੀ ਕਿਤਾਬ 'ਸਿੱਖ ਇਤਿਹਾਸ ਦੇ ਸੋਮੇ' (ਭਾਗ ਪਹਿਲਾ) ਦੇ ਸਫਾ ਨੰਬਰ 13-14 ਉੱਤੇ ਛਪੀ ਸਮੱਗਰੀ ਦਾ ਹਵਾਲਾ ਦੇ ਰਿਹਾ ਹਾਂ-

'19 ਜੂਨ 1716 ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜੰਗੀ ਸਿੰਘ ਤਾਂ ਵਧੇਰੇ ਕਰਕੇ ਜੰਗਲ਼ਾਂ ਵਿਚ ਜਾ ਟਿਕੇ, ਉਨਾਂ ਖੁਲਮ ਖੁੱਲਾ ਗੁਰਦੁਆਰਿਆਂ ਵਿਚ ਆਸ ਕਦੇ ਤੇ ਨਾਹੀ ਉਨਾਂ ਵਲੋਂ ਕੋਈ ਚੜ੍ਹਾਵਾ ਆਉਂਦਾ, ਗੁਰਦੁਆਰਿਆਂ ਦੇ ਪੁਜਾਰੀਆਂ ਸਾਹਮਣੇ ਵੱਡੀ ਸਮੱਸਿਆ ਖੜੀ ਹੋ ਗਈ। ਉਨਾਂ ਦਾ ਗੁਜ਼ਾਰਾ ਕਿਵੇਂ ਚੱਲੇ, ਉਨਾਂ ਪੂਜਾ ਪਾਠ ਤੇ ਸਿੱਖੀ ਮਰਿਆਦਾ ਦੇ ਨਿਯਮ ਕੁੱਝ ਢਿੱਲੇ ਕਰਨੇ ਸ਼ੁਰੂ ਕਰ ਦਿੱਤੇ।'

ਸਮਾਜਿਕ ਤੌਰ 'ਤੇ ਹਿੰਦੂਆਂ ਤੇ ਸਿੱਖਾਂ ਦਾ ਨਹੁੰਮਾਸ ਵਾਲਾ ਰਿਸ਼ਤਾ ਹੈ। ਸਿੱਖ ਬਣੇ ਵੀ ਵਧੇਰੇ ਹਿੰਦੂਆਂ ਵਿਚੋਂ ਹੀ ਹਨ।ਸੋ ਪੁਜਾਰੀਆਂ ਨੇ ਸਿੱਖੀ ਦੇ ਅਸੂਲਾਂ ਵਿਚ ਕੁੱਝ ਹਿੰਦੂ ਮਰਯਾਦਾ ਵੀ ਮਿਲਾਉਣੀ ਸ਼ੁਰੂ ਕਰ ਦਿੱਤੀ। ਇਸ ਪ੍ਰੇਰਨਾ ਨਾਲ ਹਿੰਦੂ ਵੀ ਵਧੇਰੇ ਆਉਣ ਲੱਗ ਪਏ। ਇਹ ਵੇਖਕੇ ਚਲਾਕ ਪੰਡਤਾਂ ਨੇ ਸਿੱਖਾਂ ਵਿਚ ਵੀ ਆਪਣਾ ਅਸਰ ਵਧਾਉਣਾ ਸ਼ੁਰੂ ਕਰ ਦਿੱਤਾ।ਗੁਰੂ ਸਾਹਿਬਾਨ ਦੇ ਨਾਲ ਨਾਲ ਦੇਵੀ ਦੇਵਤਿਆਂ ਦੀ ਅਰਾਧਨਾ ਵੀ ਹੋਣ ਲੱਗ ਪਈ। ਦੇਵੀ ਦੇਵਤਿਆਂ ਦੇ ਨਾਲ ਦੇਵਤਿਆਂ ਦੇ ਜਨਮਦਾਤਾ ਪੰਡਤਾਂ ਦਾ ਸਤਿਕਾਰ ਆਪਣੇ ਆਪ ਹੀ ਕਾਇਮ ਹੋ ਗਿਆ। ਇੰਨਾ ਹੀ ਪੰਡਤਾਂ ਨੂੰ ਚਾਹੀਦਾ ਸੀ। ਛੂਤ-ਛਾਤ ਤੇ ਪੰਡਤ ਪੂਜਾ ਸ਼ੁਰੂ ਹੋ ਗਈ।' ਇਸ ਹਵਾਲੇ ਦੇ ਹੁੰਦਿਆਂ ਕੀ ਕੋਈ ਮੰਨ ਸਕਦਾ ਹੈ ਕਿ ਓਸ ਵੇਲੇ ਦੇ ਵਿਦਵਾਨ ਪੰਡਤਾਂ ਨੂੰ ਸਿੱਖ ਇਤਿਹਾਸ ਵਿਚ ਗੰਗੂ ਦਿਸਿਆ ਹੀ ਨਾ ਹੋਵੇਗਾ? ਜਦੋਂ ਉਨਾਂ ਨੇ ਇਕ ਅਕਾਲ ਦੀ ਉਪਾਸਨਾ ਵਾਲ਼ੇ ਸਿੱਖ ਫਲਸਫੇ ਵਿਚ ਆਪਣੇ ਦੇਵੀ ਦੇਵਤਿਆਂ ਦੀ ਪੂਜਾ ਅਰਚਨਾ 'ਫਿੱਟ' ਕਰ ਦਿੱਤੀ ਤਾਂ ਉਨਾਂ ਲਈ ਗੰਗੂ ਨੂੰ ਨਿਰਦੋਸ਼ ਸਿੱਧ ਕਰਨਾ ਕੋਈ ਔਖਾ ਨਹੀਂ ਸੀ। ਰਹੀ ਗੱਲ ਸਿੱਖਾਂ ਤੇ ਹਿੰਦੂਆਂ ਵਿਚ ਸਮਾਜੀ ਪਾੜਾ ਪਾਉਣ ਜਾਂ ਵਧਾਉਣ ਦੀ, ਵਾਹਿਗੁਰੂ ਦੀ ਕ੍ਰਿਪਾ ਸਦਕਾ ਅਜਿਹਾ ਪਾੜਾ ਦੋਹਾਂ ਧਰਮ-ਉਪਾਸਕਾਂ ਵਿਚ ਕਦੇ ਵੀ ਨਹੀਂ ਪਿਆ ਤੇ ਨਾ ਹੀ ਰੱਬ ਪਾਵੇ ਕਦੇ। ਹਾਂ, ਸਿਆਸੀ ਲੋਕ ਆਪਣੇ ਸੌੜੇ ਹਿਤਾਂ ਕਾਰਨ ਪਾੜੇ ਪਾਉਣ ਦੀਆਂ ਕੋਸ਼ਿਸ਼ਾਂ ਗਾਹੇ ਬਗਾਹੇ ਕਰਦੇ ਆਏ ਹਨ। ਮਿਸਾਲ ਵਜੋਂ ਇਕ ਸਮੇਂ ਪੰਜਾਬ ਵਿਚ ਵਸਦੇ ਹਿੰਦੂ ਵੀਰਾਂ ਨੂੰ ਵਰਗ ਲਾਇਆ ਗਿਆ ਸੀ ਕਿ ਉਹ ਆਪਣੀ ਮਾਤ ਭਾਸ਼ਾ ਪੰਜਾਬੀ ਦੀ ਜਗਾਹ ਹਿੰਦੀ ਲਿਖਾਉਣ।ਜੇ ਸਿੱਖਾਂ ਹਿੰਦੂਆਂ ਵਿਚ ਕੋਈ ਅਜਿਹਾ ਪਾੜਾ ਜਾਂ ਸਾੜਾ ਹੁੰਦਾ ਤਾਂ ਲਾਲਾ ਖ਼ੁਸ਼ ਵਕਤ ਰਾਏ, ਸ੍ਰੀ ਗੋਕਲ ਚੰਦ ਨਾਰੰਗ, ਡਾਕਟਰ ਇੰਦੂ ਭੂਸ਼ਨ ਬੈਨਰਜੀ, ਡਾਕਟਰ ਹਰੀ ਰਾਮ ਗੁਪਤਾ, ਸਰਜਾਦੂ ਨਾਥ ਸਰਕਾਰ ਅਤੇ ਲਾਲਾ ਦੌਲਤ ਰਾਏ ਵਰਗੇ ਗੈਰ-ਸਿੱਖ ਲੇਖਕ ਬੜੇ ਮੋਹ ਸਤਿਕਾਰ ਨਾਲ ਸਿੱਖਾਂ ਦਾ ਇਤਿਹਾਸਕ ਦੇ ਨਾ ਲਿਖਦੇ।

ਮੰਨ ਲਉ ਜੇ ਗੰਗੂ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਪ੍ਰਸੰਗ ਵਿਚੋਂ ਕੱਢ ਵੀ ਦੇਈਏ ਤਾਂ ਸੂਬਾ ਸਰਹਿੰਦ ਦੀ ਭਰੀ ਕਚਹਿਰੀ ਵਿਚ ਗੁਰੂ ਕੇ ਲਾਲਾਂ ਨੂੰ 'ਸੱਪ ਦੇ ਬੱਚੇ ਸਪੋਲ਼ੀਏ' ਕਹਿਣ ਵਾਲ਼ੇ ਸੁੱਚਾ ਨੰਦ (ਝੂਠਾ ਨੰਦ) ਦੀ ਕਰਤੂਤ ਉੱਤੇ ਪਰਦੇ ਕਿਵੇਂ ਪਾਏ ਜਾਣਗੇ? ਬਾਈਧਾਰ ਦੇ ਪਹਾੜੀ ਰਾਜਿਆਂ ਨੂੰ ਕਿਸ ਖਾਨੇ ਵਿਚ ਰੱਖਾਂਗੇ? ਜਿਸ ਰਾਜੇ ਕੇਸਰੀ ਚੰਦ ਦਾ ਸਿਰ ਵੱਢ ਕੇ ਨੇਜੇ ਉੱਤੇ ਟੰਗ ਕੇ ਸਿੰਘ ਅਨੰਦਪੁਰ ਸਾਹਿਬ ਲੈ ਕੇ ਆਏ ਸਨ, ਉਹ ਨੂੰ ਕਿਸ ਧਰਮ ਦਾ ਪੈਰੋਕਾਰ ਦੱਸਾਂਗੇ? ਅਸਲ ਵਿਚ ਹੋਏ ਬੀਤੇ ਇਤਿਹਾਸ ਵਿਚ ਜੋ ਵੀ ਹੋਇਆ ਉਸਨੂੰ ਇਤਿਹਾਸ ਦਾ ਹਿੱਸਾ ਹੀ ਰਹਿਣ ਦੇਣਾ ਚਾਹੀਦਾ। ਔਰੰਗਜ਼ੇਬ ਦੇ ਧਰਮੀਂ ਭਰਾਵਾਂ ਵਿਚ ਹੀ ਸਾਈਂ ਮੀਆਂ ਮੀਰ, ਪੀਰ ਬੁੱਧੂ ਸ਼ਾਹ ਤੇ ਗਨੀ ਖਾਂ ਹਨੀ ਖਾਂਹ ਵੀ ਹੋਏ ਹਨ ਅਤੇ ਇਸੇ ਤਰਾਂ ਗੰਗੂ ਜਾਂ ਸੁੱਚਾ ਨੰਦ ਦੇ ਧਰਮ ਦੇ ਪੈਰੋਕਾਰਾਂ ਵਿਚ ਮੋਤੀ ਮਹਿਰਾ, ਦੀਵਾਨ ਟੋਡਰ ਮੱਲ ਅਤੇ ਦੀਵਾਨ ਕੌੜਾ ਮੱਲ ਵਰਗੇ ਵੀ ਹੋਏ ਹਨ ਜਿਸ ਨੂੰ ਅਠਾਰਵੀਂ ਸਦੀ ਦੇ ਸਿੱਖ ਵੱਡੇ ਮੋਹ ਨਾਲ 'ਮਿੱਠਾ ਮੱਲ' ਕਹਿੰਦੇ ਸਨ। ਇਹ ਵੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 1430 ਅੰਗਾਂ ਵਾਲ਼ਾ ਅਜੋਕਾ ਸਿੱਕੇ-ਬੰਦ ਸਰੂਪ ਸਭ ਤੋਂ ਪਹਿਲੀ ਵਾਰ ਸ੍ਰੀ ਅੰਮ੍ਰਿਤਸਰ ਦੇ ਹਿੰਦੂ ਲਾਲਾ ਧਨੀ ਰਾਮ ਚਾਤ੍ਰਿਕ ਦੇ ਪ੍ਰੈੱਸ ਵਿਚ ਹੀ ਛਪਿਆ ਸੀ ਜਿਸਦੀ ਸਾਰੀ ਵਿਉਂਤਬੰਦੀ ਬ੍ਰਾਹਮਣ ਪਿਛੋਕੜ ਵਾਲ਼ੇ ਵਿਦਵਾਨ ਸਿੱਖ ਭਾਈ ਮਹਿੰਦਰ ਸਿੰਘ 'ਰਤਨ' ਜੀ ਦੀ ਸੀ। ਅਜਿਹੇ ਵੇਰਵੇ ਹੋਰ ਵੀ ਅਨੇਕਾਂ ਹਨ ਪਰ ਵਿਸਥਾਰ ਦੇ ਡਰੋਂ ਨਹੀਂ ਲਿਖੇ ਜਾ ਰਹੇ।

ਅਖੀਰ ਵਿਚ ਮੈਂ ਆਪਣੀ ਜਾਣਕਾਰੀ ਅਨੁਸਾਰ ਗੰਗਾ ਨਾਮ ਵਾਲ਼ੇ ਕੁੱਝ ਅਜਿਹੇ ਇਤਿਹਾਸਿਕ ਜਿਊੜਿਆਂ ਦਾ ਵੇਰਵਾ ਦੇ ਰਿਹਾ ਹਾਂ ਜਿਨਾਂ ਦੀ ਕੀਰਤੀ, ਗੰਗੂ ਦੀ ਕਮੀਨੀ ਕਰਤੂਤ ਨੇ ਢੱਕ ਲਈ, ਜਦ ਕਿ ਇਹ ਵੀ ਸਿੱਖ ਤਵਾਰੀਖ ਦੇ ਅਮੁੱਲੇ ਹੀਰੇ ਹਨ :-

1. ਸਿੱਖ ਇਤਿਹਾਸ ਵਿੱਚ ਪਹਿਲਾ ਗੰਗਾ ਰਾਮ ਬਠਿੰਡੇ ਦਾ ਇਕ ਬ੍ਰਾਹਮਣ ਹੋਇਆ ਹੈ ਜੋ ਪੰਜਵੇਂ ਪਾਤਸ਼ਾਹ ਜੀ ਦਾ ਸਿੱਖ ਸੀ। ਇਸਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ ਸਮੇਂ ਲੰਗਰ ਵਾਸਤੇ ਅੰਨ ਅਰਪਣ ਕੀਤਾ ਸੀ। ਕਹਿੰਦੇ ਨੇ ਇਹ ਗੰਗਾ ਰਾਮ ਵਪਾਰੀ ਊਠਾਂ 'ਤੇ ਬਾਜਰੀ ਲੱਦ ਕੇ ਅਫਗਾਨਿਸਤਾਨ ਵੱਲ ਜਾ ਰਿਹਾ ਸੀ ਜਦ ਅੰਮ੍ਰਿਤਸਰ ਵਿਚੋਂ ਲੰਘਦਿਆਂ ਇਸ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਸਿਰਜਣਾ ਦਾ ਪਤਾ ਲੱਗਾ ਤਾਂ ਉਸਨੇ ਆਪਣੇ ਸਾਰੇ ਊਠਾਂ 'ਤੇ ਲੱਦੀ ਹੋਈ ਬਾਜਰੀ ਸੰਗਤ ਲਈ ਅਰਪਣ ਕਰ ਦਿੱਤੀ ਸੀ।

2. ਦੂਜਾ ਗੰਗਾ ਰਾਮ ਦਸਵੇਂ ਪਾਤਸ਼ਾਹ ਜੀ ਦੀ ਭੂਆ, ਬੀਬੀ ਵੀਰੋ ਦਾ ਪੁੱਤਰ ਸੀ ਜੋ ਭੰਗਾਣੀ ਦੀ ਲੜਾਈ ਵਿਚ ਵੱਡੀ ਬੀਰਤਾ ਨਾਲ ਲੜਿਆ।

3.ਤੀਸਰਾ ਗੰਗੂ ਹੋਇਆ ਹੈ ਦੂਸਰੇ ਪਾਤਸ਼ਾਹ ਗੁਰੂ ਅੰਗਦ ਦੇ ਵਜੀਦਾ ਆਤਮ ਗਿਆਨੀ ਸਿੱਖ।

4.ਚੌਥਾ ਗੰਗੂ ਨਾਈ, ਜਿਸ ਨੇ ਪੰਜਵੇਂ ਸਤਿਗੁਰੂ ਜੀ ਦੀ ਦਿਨ ਰਾਤ ਸੇਵਾ ਕਰਕੇ ਵੱਡਾ ਮਾਣ ਪਇਆ।

5. ਪੰਜਵਾਂ ਗੰਗੂ ਸ਼ਾਹ ਅਜੋਕੇ ਹੁਸ਼ਿਆਰਪੁਰ ਜਿਲੇ ਦੇ ਗੜ੍ਹਸ਼ੰਕਰ ਕਸਬੇ ਦਾ ਵਸਨੀਕ ਹੋਇਆ ਹੈ, ਜਿਸ ਨੂੰ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਨੇ ਪ੍ਰਚਾਰ ਹਿਤ ਮੰਜੀ ਬਖਸ਼ੀ ਸੀ।

6. ਛੇਵਾਂ ਗੰਗਾ ਰਾਮ ਲਾਹੌਰ ਸ਼ਹਿਰ ਦਾ ਇਕ ਅਮੀਰ ਹਿੰਦੂ ਹੋਇਆ ਹੈ ਜਿਸ ਨੇ 16 ਨਵੰਬਰ 1922 ਨੂੰ ਗੁਰੂ ਕੇ ਬਾਗ ਵਿਚ ਸਿੰਘਾਂ ਉੱਤੇ ਅੰਗਰੇਜ਼ ਪੁਲਿਸ ਵਲੋਂ ਕੀਤਾ ਜਾ ਰਿਹਾ ਜ਼ੁਲਮ ਤਸ਼ੱਦਦ ਦੇਖ ਕੇ ਗੁਰਦੁਆਰੇ ਦੇ ਮਹੰਤ ਕੋਲ਼ੋਂ ਬਾਗ ਲੀਜ਼ 'ਤੇ ਲੈ ਲਿਆ ਸੀ।ਇਹ ਬਾਗ ਉਸਨੇ ਸਿੰਘਾਂ ਨੂੰ ਅਰਪਣ ਕਰ ਦਿੱਤਾ ਸੀ। ਇੰਟ ਗੁਰੂ ਕੇ ਬਾਗ ਵਾਲ਼ੇ ਮੋਰਚੇ ਦਾ ਅੰਤ ਹੋਇਆ ਸੀ।

**ਸ੍ਰੋਤ-ਮਹਾਨ ਕੋਸ਼ਕ੍ਰਿਤ ਭਾਈ ਕਾਨ ਸਿੰਘ ਨਾਭਾ**

**tsdupalpuri@yahoo.com**
**੦੦੧-੪੦੮-੬੧੫-੧੨੬੮**

DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਅਜ਼ਾਦੀ ਸੰਗਰਾਮ ਦਾ ਪਲੇਠਾ ਇਤਿਹਾਸਕ ਸੰਘਰਸ਼ : ਕੂਕਾ ਅੰਦੋਲਨ

**ਪੁਸ਼ਪਿੰਦਰ ਕੌਰ ਚਾਨਾ**

1849 ਈਸਵੀ ਵਿਚ ਭਾਰਤ ਪੂਰੀ ਤਰਾਂ ਗ਼ੁਲਾਮ ਹੋ ਗਿਆ ਸੀ। ਭਾਰਤ ਦੇ ਰਾਜੇ-ਮਹਾਰਾਜੇ ਅੰਗਰੇਜ਼ਾਂ ਦੇ ਹੱਥਾਂ ਦੀ ਕਠਪੁਤਲੀ ਬਣ ਗਏ ਸਨ। ਭਾਰਤ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਜਾਣ ਦੀ ਸਥਿਤੀ ਨੂੰ ਬਾਬਾ ਰਾਮ ਸਿੰਘ ਜੀ ਨੇ ਫ਼ੌਜ ਵਿਚ ਨੌਕਰੀ ਕਰਦਿਆਂ ਨੇੜਿਓਂ ਦੇਖ ਲਿਆ ਸੀ। ਉਨਾਂ ਗ਼ੁਲਾਮੀ ਦੀ ਗੂੜੀ ਨੀਂਦ ਵਿਚ ਸੁੱਤੇ ਭਾਰਤੀਆਂ ਨੂੰ ਜਗਾਉਣ ਲਈ 12 ਅਪ੍ਰੈਲ 1857 ਈਸਵੀ ਨੂੰ ਭੈਣੀ ਸਾਹਿਬ ਦੀ ਧਰਤੀ ’ਤੇ ਪੰਜ ਪਿਆਰਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸੰਤ ਖ਼ਾਲਸੇ ਦੀ ਸਾਜਨਾ ਕਰਕੇ ਆਜ਼ਾਦੀ ਦਾ ਪ੍ਰਤੀਕ ਚਿੱਟਾ ਝੰਡਾ ਲਹਿਰਾ ਦਿੱਤਾ।

ਮਲੇਰਕੋਟਲੇ ਵਿਖੇ ਇਕ ਵੱਡੀ ਪੱਧਰ ਦਾ ਬੁੱਚੜਖਾਨਾ ਸੀ, ਜਿਥੋਂ ਦੇਸ਼ਾਂ-ਵਿਦੇਸ਼ਾਂ ਨੂੰ ਗਊ ਮਾਸ ਦੀ ਸਪਲਾਈ ਹੁੰਦੀ ਸੀ। 12 ਜਨਵਰੀ 1872 ਨੂੰ ਮਾਘੀ ਮੇਲੇ ਸਮੇਂ ਸ: ਹੀਰਾ ਸਿੰਘ ਅਤੇ ਸ: ਲਹਿਣਾ ਸਿੰਘ ਨੇ ਅੰਗਰੇਜ਼ਾਂ ਖਿਲਾਫ ਅਤੇ ਜੀਵ ਹੱਤਿਆ ਖਿਲਾਫ਼ ਇਕ ਹਥਿਆਰਬੰਦ ਵਿਦਰੋਹ ਕਰਨ ਦਾ ਨਿਸ਼ਚਾ ਕੀਤਾ। ਇਸੇ ਸਮੇਂ ਸਰਦਾਰ ਹੀਰਾ ਸਿੰਘ ਨੇ ਜ਼ਮੀਨ ’ਤੇ ਤਲਵਾਰ ਨਾਲ ਲਕੀਰ ਖਿੱਚ ਦਿੱਤੀ ਅਤੇ ਲਲਕਾਰ ਕੇ ਆਖਿਆ, ‘ਜਿਸ ਨੇ ਦੇਸ਼ ਅਜ਼ਾਦੀ ਲਈ ਦੇਸ਼ ਤੋਂ ਕੁਰਬਾਨ ਹੋਣਾ ਹੈ, ਉਹ ਲਕੀਰ ਟੱਪ ਕੇ ਇਧਰ ਆ ਜਾਵੇ, ਬਾਕੀ ਲੋਕ ਘਰਾਂ ਨੂੰ ਚਲੇ ਜਾਣ।’

140 ਸਿੰਘ ਅਤੇ 2 ਬੀਬੀਆਂ ਲਕੀਰ ਟੱਪ ਗਏ। ਜਥੇ ਕੋਲ ਲੜਨ ਲਈ ਹਥਿਆਰ ਨਹੀਂ ਸਨ। ਤਲਵਾਰ ’ਤੇ ਉਸ ਵਕਤ ਪਾਬੰਦੀ ਲੱਗੀ ਹੋਈ ਸੀ। ਕਿਸੇ ਵਕਤ ਰੱਬੋਂ ਪਿੰਡ ਦੇ ਸ: ਬਦਨ ਸਿੰਘ ਨੇ ਬਾਬਾ ਰਾਮ ਸਿੰਘ ਨੂੰ ਆਖਿਆ ਸੀ ਕਿਸੇ ਵਕਤ ਕਿਸੇ ਕਿਸਮ ਦੀ ਪੰਥ ਨੂੰ ਲੋੜ ਹੋਵੇਗੀ ਤਾਂ ਮੇਰਾ ਸਭ ਕੁਝ ਤੁਹਾਡਾ ਹੈ, ਉਸ ਵਕਤ ਹੀਰਾ ਸਿੰਘ ਕੋਲ ਸੀ। ਉਸ ਕਹੀ ਗੱਲ ਮੁਤਾਬਕ ਬਲੀਦਾਨ ਦੇਣ ਤੁਰਿਆ ਜਥਾ ਸ: ਬਦਨ ਸਿੰਘ ਦੇ ਕਿਲੇ ਵਿਚ ਪਹੁੰਚ ਗਿਆ ਅਤੇ ਹਥਿਆਰ ਅਤੇ ਘੋੜਿਆਂ ਦੀ ਮੰਗ ਕੀਤੀ। ਸਰਦਾਰ ਨੇ ਨਾਂਹ ਕਰ ਦਿੱਤੀ। ਇਥੇ ਸਿੰਘਾਂ ਅਤੇ ਬਦਨ ਸਿੰਘ ਦੇ ਆਦਮੀਆਂ ਵਿਚ ਇਕ ਤਕੜੀ ਝੜਪ ਹੋ ਗਈ, ਜਿਸ ਵਿਚ ਬਦਨ ਸਿੰਘ ਦੇ ਦੋ ਆਦਮੀ ਅਤੇ ਦੋ ਸਿੰਘ ਮਾਰੇ ਗਏ। ਨਾਮਧਾਰੀ ਜਥੇ ਦੇ ਸਿੰਘ ਇਥੋਂ ਕੁਝ ਤਲਵਾਰਾਂ, ਬੰਦੂਕਾਂ, ਗੋਲੀ-ਬਾਰੂਦ ਅਤੇ ਘੋੜੇ ਲੈ ਗਏ ਅਤੇ 15 ਜਨਵਰੀ ਦੀ ਰਾਤ ਨੂੰ ਮਲੇਰਕੋਟਲੇ ਦੇ ਬੁੱਚੜਖਾਨੇ ’ਤੇ ਧਾਵਾ ਬੋਲ ਦਿੱਤਾ।



ਲੜਾਈ ਵਿਚ 7 ਸਿੰਘ ਸ਼ਹੀਦ ਹੋ ਗਏ ਅਤੇ 8 ਬੁੱਚੜ ਮਾਰੇ ਗਏ। ਸਿੰਘਾਂ ਨੇ ਇਥੇ ਉਸ ਮੁਸਲਿਮ ਨੂੰ ਵੀ ਪਾਰ ਬੁਲਾ ਦਿੱਤਾ ਜਿਸ ਨੇ ਗੁਰਮੁੱਖ ਸਿੰਘ ਫਰਵਾਹੀ ਅੱਗੇ ਸ਼ੇਰਪੁਰ ਠਾਣੇ ਵਿਚ ਬਲਦ ਨੂੰ ਕਤਲ ਕਰਵਾਇਆ ਸੀ।

16 ਜਨਵਰੀ ਨੂੰ ਇਸ ਜਥੇ ਨੂੰ ਹੀਰਾ ਸਿੰਘ ਨੇ ਆਖਿਆ ਕਿ ਆਪਾਂ ਜੋ ਕਰਨ ਆਏ ਸੀ, ਕਰ ਲਿਆ ਹੈ, ਜਿਸ ਨੇ ਘਰਾਂ ਨੂੰ ਜਾਣਾ ਹੈ, ਜਾ ਸਕਦਾ ਹੈ, ਜਿਸ ਨੇ ਬਲੀਦਾਨ ਦੇਣਾ ਹੈ ਉਹੀ ਆਦਮੀ ਰੁਕੇ। ਜਥਾ ਪਿੰਡ ਭੂਦਨ ਦੇ ਥੇਹ ’ਤੇ ਰੁਕ ਗਿਆ। ਕੁਝ ਸਾਥੀ ਘਰਾਂ ਨੂੰ ਵੀ ਚਲੇ ਗਏ। 68 ਸਿੰਘ ਅਤੇ 2 ਬੀਬੀਆਂ ਦੇ ਜਥੇ ਨੂੰ ਅੰਗਰੇਜ਼ਾਂ ਨੇ ਗ੍ਰਿਫ਼ਤਾਰ ਕਰ ਲਿਆ। ਜਥੇ ਨੇ ਆਤਮ ਸਮਰਪਣ ਕਰ ਦਿੱਤਾ। 17 ਜਨਵਰੀ ਨੂੰ ਮਲੇਰਕੋਟਲੇ ਦੇ ਰੱਕੜ ਵਿਚ ਜਥੇ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਹੋ ਗਿਆ। ਅੰਗਰੇਜ਼ ਅਫ਼ਸਰ ਡਿਪਟੀ ਕਮਿਸ਼ਨਰ ਲੁਧਿਆਣਾ ਮਿ: ਐੱਲ. ਕਾਵਨ ਨੇ ਸ: ਹੀਰਾ ਸਿੰਘ ਨੂੰ ਪੁੱਛਿਆ ਕਿ ਤੁਸੀਂ ਕੀ ਚਾਹੁੰਦੇ ਹੋ ? ਹਿੰਦ ਵਿਚ ਗਦਰ ਕਿਉਂ ਮਚਾਇਆ ਹੈ ਤਾਂ ਹੀਰਾ ਸਿੰਘ ਨੇ ਉੱਤਰ ਦਿੱਤਾ ‘ਅਸੀਂ ਅੰਗਰੇਜ਼ੀ ਰਾਜ ਨਹੀਂ ਚਾਹੁੰਦੇ, ਅਸੀਂ ਆਪਣੇ ਭਾਈਆਂ ਦਾ ਰਾਜ ਚਾਹੁੰਦੇ ਹਾਂ। ਅਸੀਂ ਮੁਲਖ ਨੂੰ ਅਜ਼ਾਦ ਵੇਖਣਾ ਚਾਹੁੰਦੇ ਹਾਂ।’

ਅੰਗਰੇਜ਼ ਸਿੰਘਾਂ ਨੂੰ ਤੋਪਾਂ ਨਾਲ ਬੰਨ ਕੇ ਉਡਾਉਣ ਦਾ ਨਿਸ਼ਚਾ ਕਰ ਚੁੱਕਾ ਸੀ ਪਰ ਸਿੰਘਾਂ ਆਖਿਆ ‘ਅਸੀਂ ਦੇਸ਼ ਲਈ ਕੁਰਬਾਨ ਹੋਣ ਆਏ ਹਾਂ, ਸਾਨੂੰ ਬੰਨਣ ਦੀ ਕੋਈ ਲੋੜ ਨਹੀਂ, ਅਸੀਂ ਛਾਤੀਆਂ ਤਾਣ ਕੇ ਸ਼ਹੀਦ ਹੋਵਾਂਗੇ।’ 7 ਤੋਪਾਂ 7 ਵਾਰ ਚੱਲੀਆਂ ਅਤੇ 49 ਸਿੰਘ ਤੂੰਬਾ-ਤੂੰਬਾ ਹੋ ਉੱਡ ਗਏ।

ਇਕ 12 ਸਾਲਾ ਬੱਚੇ ਬਿਸ਼ਨ ਸਿੰਘ ਨੂੰ ਦੇਖ ਕੇ ਮਿ: ਕਾਵਨ ਦੀ ਮੇਮ ਦਾ ਮਨ ਡੋਲ ਗਿਆ। ਉਸ ਨੇ ਕਾਵਨ ਨੂੰ ਆਖਿਆ ਕਿ ਇਸ ਨਿੱਕੇ ਬੱਚੇ ਨੂੰ ਕੀ ਪਤਾ ਹੈ ਇਸ ਨੂੰ ਛੱਡ ਦੇਣ। ਕਾਵਨ ਨੇ ਆਖਿਆ ਕਿ ਜੇ ਇਹ ਬੱਚਾ ਇਹ ਕਹਿ ਦੇਵੇ ਕਿ ਮੈਂ ਬਾਬਾ ਰਾਮ ਸਿੰਘ ਦਾ ਸਾਥ ਛੱਡਿਆ ਤਾਂ ਮੈਂ ਮੁਆਫ ਕਰ ਦੇਵਾਂਗਾ। ਬਿਸ਼ਨ ਸਿੰਘ ਨੂੰ ਇਹ ਗੱਲ ਕਾਵਨ ਦੇ ਕੰਨ ਵਿਚ ਆਖਣ ਲਈ ਮਨਾ ਲਿਆ ਤਾਂ ਕਾਵਨ ਨੇ ਜਦੋਂ ਆਪਣਾ ਕੰਨ ਬੱਚੇ ਦੇ ਮੂੰਹ ਨੇੜੇ ਗੱਲ ਸੁਣਨ ਲਈ ਕੀਤਾ ਤਾਂ ਬਿਸ਼ਨ ਸਿੰਘ ਨੇ ਕਾਵਨ ਦੀ ਦਾੜ੍ਹੀ ਨੂੰ ਏਨਾ ਜ਼ੋਰ ਨਾਲ ਫੜ ਕੇ ਖਿੱਚਿਆ ਕਿ ਕਾਵਨ ਨੂੰ ਆਪਣੀ ਜਾਨ ਖਤਰੇ ਵਿਚ ਜਾਪੀ। ਕਾਵਨ ਡਿੱਗ ਪਿਆ ਅਤੇ ਹਫੜਾ-ਦਫੜੀ ਮਚ ਗਈ। ਕੋਲ ਖੜੇ ਸਿਪਾਹੀਆਂ ਨੇ ਕਾਵਨ ਨੂੰ ਛੁਡਾ ਕੇ ਬਿਸ਼ਨ ਸਿੰਘ ਦੇ ਤਲਵਾਰਾਂ ਨਾਲ ਟੁਕੜੇ-ਟੁਕੜੇ ਕਰ ਦਿੱਤੇ।

ਅਗਲੇ ਦਿਨ 18 ਜਨਵਰੀ ਨੂੰ ਕਮਿਸ਼ਨਰ ਫਾਰਸਥ ਕਰਨਲ ਗਫ਼ ਮਾਲੇਰਕੋਟਲਾ ਪਹੁੰਚਿਆ। ਉਸ ਨੇ ਮੁਕੱਦਮਾ ਤਿਆਰ ਕਰਕੇ 16 ਹੋਰ ਸਿੰਘਾਂ ਨੂੰ ਤੋਪਾਂ ਨਾਲ ਉਡਾ ਦਿੱਤਾ। ਇਸ ਜਥੇ ਵਿਚ ਇਕ ਮਧਰੇ ਕੱਦ ਦਾ ਵਰਿਆਮ ਸਿੰਘ ਸੀ ਜੋ ਕਿ ਮਹਾਰਾਜਾ ਪਟਿਆਲੇ ਦੇ ਪੁਰਖੇ ਪਿੰਡ ਮਹਿਰਾਜ ਦਾ ਸੀ। ਉਸ ਨੂੰ ਮਹਾਰਾਜਾ ਪਟਿਆਲਾ ਨੇ ਛੱਡ ਦੇਣ ਦੀ ਸਿਫਾਰਸ਼ ਕੀਤੀ ਕਿ ਇਸ ਨੂੰ ਮਧਰੇ ਕੱਦ ਦੇ ਬਹਾਨੇ ਮੁਆਫ ਕੀਤਾ ਜਾਵੇ ਪਰ ਯੋਧਾ ਵਰਿਆਮ ਸਿੰਘ ਪੈਰਾਂ ਹੇਠ ਇੱਟਾਂ ਰੋੜਿਆਂ ਦਾ ਢੇਰ ਬਣਾ ਕੇ ਉਸ ਉਪਰ ਖੜ ਗਿਆ ਪਰ ਅੰਗਰੇਜ਼ਾਂ ਦੀ ਅਧੀਨਗੀ ਨਹੀਂ ਮੰਨੀ। ਮਾਤਾ ਖੇਮ ਕੌਰ ਅਤੇ ਮਾਤਾ ਇੰਦ ਕੌਰ ਨੂੰ ਜੇਲ ਵਿਚ ਬੰਦ ਕਰ ਦਿੱਤਾ ਗਿਆ। ਮਲੇਰਕੋਟਲਾ ਵਿਖੇ ਇਨਾਂ ਸ਼ਹੀਦਾਂ ਦੀ ਯਾਦ ਵਿਚ ਇੱਕ ਆਲੀਸ਼ਾਨ ਸ਼ਹੀਦੀ ਸਮਾਰਕ ਬਣਿਆ ਹੋਇਆ ਹੈ ਜਿਸ ਵਿਚ 66 ਫੁੱਟ ਉੱਚਾ 66 ਮੋਰੀਆਂ ਵਾਲਾ ਸਟੀਲ ਦਾ ਖੰਡਾ ਸ਼ਹੀਦਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ ।

---

# ਅੱਖੋਂ ਓਹਲੇ ਸੱਚ ਦਾ ਇਤਿਹਾਸ

**ਜੋਰਾਵਰ ਸਿੰਘ ਤਰਸਿੱਕਾ**

**੭੨੭੭੫੫੩੦੦੦**

ਮੈਂ ਉਸ ਮਹਾਂਬਲੀ ਯੋਧੇ ਸਤਿਗੂਰੂ ਹਰਿਰਾਇ ਸਾਹਿਬ ਜੀ ਦੀ ਇਕ ਘਟਨਾ ਸਾਂਝੀ ਕਰਨ ਲੱਗਾ ਜੋ ਬਹੁਤ ਘੱਟ ਸੰਗਤ ਨੂੰ ਪਤਾ ਹੋਵੇਗੀ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਮਹਿਰਾਜ ਰਾਓ ਦੇ ਵੰਸ਼ ਨੂੰ ਵਸਾਇਆ ਸੀ। ਛੇਵੇਂ ਗੁਰੂ ਜੀ ਨੂੰ ਅਰਜ਼ ਕੀਤੀ ਕਿ ਉਨਾਂ ਨੂੰ ਪਿੰਡ ਬੰਨਣ ਲਈ ਜ਼ਮੀਨ ਦਿਵਾਈ ਜਾਵੇ। ਗੁਰੂ ਜੀ ਨੇ ਇਲਾਕੇ ਦੇ ਚੌਧਰੀ ਲਾਲਾ ਕੌੜਾ ਅਤੇ ਬਘੇਲੇ ਨੂੰ ਕਿਹਾ ਕਿ ਇਨਾਂ ਨੂੰ ਜ਼ਮੀਨ ਦੇ ਦਿੱਤੀ ਜਾਵੇ ਪਰ ਲਾਲਾ ਕੌੜੇ ਨੇ ਗੁਰੂ ਜੀ ਦੀ ਗੱਲ ਨਾ ਮੰਨੀ। ਫੇਰ ਗੁਰੂ ਜੀ ਨੇ ਬਚਨ ਕੀਤਾ ‘ਕਾਲਿਆ, ਤੱਤੀਏਂ ਤੌੜੀਏ ਉੱਠ ਕੇ ਚਲੇ ਜਾਓ। ਜਿਧਰੋਂ ਆਏ ਹੋ ਓਧਰ ਹੀ ਚਲੇ ਜਾਣਾ, ਜਿੱਥੇ ਦਿਨ ਛਿਪ ਗਿਆ ਉੱਥੇ ਹੀ ਬੈਠ ਜਾਣਾ।’ ਉਦੋਂ ਚੇਤ ਦਾ ਮਹੀਨਾ 1684 ਬਿਕਰਮੀ ਸੰਮਤ ਸੀ। ਬਾਬਾ ਮੋਹਣ ਅਤੇ ਉਸ ਦੇ ਚਾਰ ਪੁੱਤਰ ਕੁੱਲ ਚੰਦ, ਦਿਆ ਚੰਦ (ਕਾਲਾ), ਰੂਪ ਚੰਦ ਤੇ ਕਰਮ ਚੰਦ ਪਰਿਵਾਰ ਸਮੇਤ ਰਾਮਸਰਾ ਛੱਪੜ ਕੋਲ ਮੋੜੀ ਗੱਡ ਕੇ ਬਹਿ ਗਏ। ਦੂਜੇ ਦਿਨ ਜਦੋਂ ਲਾਲੇ ਕੌੜੇ ਨੂੰ ਇਸ ਦਾ ਪਤਾ ਲੱਗਾ ਤਾਂ ਉਨਾਂ ਮੋੜੀ ਪੁੱਟ ਕੇ ਖੂਹ ਵਿੱਚ ਸੁੱਟ ਦਿੱਤੀ। ਬਾਬੇ ਕਾਲੇ ਨੇ ਇਹ ਗੱਲ ਛੇਵੇਂ ਗੁਰੂ ਨੂੰ ਦੱਸੀ ਤਾਂ ਗੁਰੂ ਜੀ ਫ਼ਿਕਰ ਨਾ ਕਰਨ ਲਈ ਕਿਹਾ। ਇਸ ਮਗਰੋਂ ਦੋਹਾਂ ਧਿਰਾਂ ਵਿੱਚ ਲੜਾਈ ਵੀ ਹੋਈ ਸੀ ਤੇ ਛੇਵੇਂ ਗੁਰੂ ਦੀ ਮਿਹਰ ਸਦਕਾ ਪਿੰਡ ਮਹਿਰਾਜ ਬੱਝ ਗਿਆ। ਕੌੜੇ ਦਿਆਂ ਤੇ ਮਹਿਰਾਜ ਦਿਆਂ ਵਿੱਚ ਨ਼ਫ਼ਰਤ ਕਾਇਮ ਰਹੀ ਏਧਰ ਗੁਰਤਾਗੱਦੀ ਤੇ ਸੱਤਵੇਂ ਗੁਰੂ ਹਰਿਰਾਇ ਸਾਹਿਬ ਜੀ ਬਿਰਾਜਮਾਨ ਹੋ ਗਏ ਸਨ। ਕੌੜੇ ਕਿਆ ਦੀ ਵੰਸ਼ ਵਿੱਚ ਇਕ ਮਹਾਂਬਲੀ ਯੋਧਾ ਪੈਦਾ ਹੋਇਆ ਜਿਸ ਦਾ ਨਾਮ ਜੈਦਪੁਰਾਣਾ ਸੀ। ਉਸ ਦਾ ਸਾਹਮਣਾ ਇਸ ਧਰਤੀ ਤੇ ਕੋਈ ਯੋਧਾ ਨਹੀਂ ਕਰ ਸਕਦਾ ਸੀ। ਸਾਰੇ ਯੋਧੇ ਉਸ ਤੋਂ ਭੈ ਖਾਂਦੇ ਸਨ । ਉਧਰ ਮਹਿਰਾਜ ਦਾ ਚੌਧਰੀ ਦਿਆਚੰਦ ਜੋ ਕਾਲਾ ਕਰਕੇ ਇਤਿਹਾਸ ਵਿੱਚ ਮਸ਼ਹੂਰ ਹੋਇਆ, ਗੁਰੂ ਹਰਿਰਾਇ ਸਾਹਿਬ ਜੀ ਦੇ ਕੋਲ ਆਇਆ । ਗੁਰੂ ਜੀ ਉਸ ਸਮੇਂ ਮਹਿਰਾਜ ਵਿਖੇ ਆਏ ਹੋਏ ਸਨ। ਕਾਲੇ ਨੇ ਜਦੋਂ ਜੈਦਪੁਰਾਣੇ ਦੀ ਬਹਾਦਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਦੱਸੀ ਤੇ ਨਾਲ ਹੀ ਗੁਰੂ ਜੀ ਨੂੰ ਜੈਦਪੁਰਾਣੇ ਦੇ ਏਨਾ ਬਲੀ ਹੋਣ ਦਾ ਕਾਰਨ ਪੁੱਛਿਆ, ਗੁਰੂ ਹਰਿਰਾਇ ਸਾਹਿਬ ਜੀ ਕਹਿਣ ਲੱਗੇ ਚੌਧਰੀ ਕਾਲਾ ਜੀ ਸੁਣੋ ਉਸ ਦੇ ਯੋਧੇ ਹੋਣ ਦੀ ਕਹਾਣੀ । ਇਕ ਦਿਨ ਜੈਦਪਾਰਾਣੇ ਦੀ ਮਾਤਾ ਸਵੇਰ ਵੇਲੇ ਕੋਠੇ ’ਤੇ ਬੈਠੀ ਸੀ, ਉਸ ਕੋਠੇ ਦੇ ਲਾਗੋ ਦੀ ਇਕ ਨਦੀ ਵਗਦੀ ਸੀ । ਉਸ ਨਦੀ ਵਿੱਚ ਬੱਬਰ ਸ਼ੇਰ ਪਾਣੀ ਪੀਣ ਵਾਸਤੇ ਆਇਆ, ਜਦੋਂ ਜੈਦਪੁਰਾਣੇ ਦੀ ਮਾਂ ਨੇ ਨਦੀ ਵੱਲ ਵੇਖਿਆ ਤਾਂ ਉਸ ਨੇ ਪਾਣੀ ਵਿੱਚ ਚੜਦੇ ਸੂਰਜ ਦੀ ਚਮਕ ਵੇਖੀ। ਉਸੇ ਹੀ ਵੇਲੇ ਬੱਬਰ ਸ਼ੇਰ ਨੂੰ ਭਬਕ ਮਾਰੀ, ਰੱਬ ਦੀ ਮਰਜੀ ਉਸੇ ਸਮੇਂ ਜੈਦਪੁਰਾਣੇ ਨੇ ਆਪਣੀ ਮਾਂ ਦੀ ਕੁੱਖ ਵਿੱਚ ਪ੍ਰਵੇਸ਼ ਕੀਤਾ। ਚੜਦੇ ਸੂਰਜ ਦੀ ਚਮਕ ਤੇ ਸ਼ੇਰ ਦੀ ਭਬਕ ਸੁਣਨ ਨਾਲ ਮਾਂ ਦੇ ਗਰਭ ਵਿੱਚ ਆਉਣ ਨਾਲ ਇਹ ਜੈਦਪੁਰਾਣਾ ਏਨਾ ਜਿਆਦਾ ਸ਼ਕਤੀਸ਼ਾਲੀ ਬਣਿਆ ਹੈ। ਚੌਧਰੀ ਕਾਲਾ ਇਹ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਗੁਰੂ ਹਰਿਰਾਇ ਸਾਹਿਬ ਜੀ ਜੈਦਪੁਰਾਣੇ ਨੂੰ ਮਾਰਨ ਦੀ ਬੇਨਤੀ ਕਰਨ ਲੱਗਾ। ਇਹ ਵੇਖ ਕੇ ਗੁਰੂ ਹਰਿਰਾਇ ਸਾਹਿਬ ਜੀ ਨੇ ਕਾਲੇ ਨੂੰ ਧੀਰਜ ਦੇਂਦਿਆਂ ਆਖਿਆ ਚੌਧਰੀ ਜੀ ਤੁਸੀਂ ਉਸ ਤੇ ਚੜਾਈ ਕਰੋ ਗੁਰੂ ਨਾਨਕ ਸਾਹਿਬ ਜੀ ਤਹਾਨੂੰ ਜਰੂਰ ਜਿੱਤ ਬਖਸ਼ਣਗੇ । ਜਦੋਂ ਚੌਧਰੀ ਕਾਲੇ ਨੇ ਜੈਦਪੁਰਾਣੇ ਤੇ ਚੜਾਈ ਕੀਤੀ ਉਸ ਸਮੇਂ ਘਮਾਸਾਨ ਦੀ ਜੰਗ ਹੋਈ, ਜੈਦਪੁਰਾਣੇ ਨੇ ਬਰਸ਼ੀ ਨਾਲ ਕਾਲੇ ਤੇ ਵਾਰ ਕੀਤਾ ਜਿਸ ਨਾਲ ਕਾਲੇ ਦੇ ਦੋ ਦੰਦ ਟੁੱਟ ਗਏ । ਪਰ ਚੌਧਰੀ ਕਾਲੇ ਦੇ ਅਗਲੇ ਹੀ ਵਾਰ ਨਾਲ ਜੈਦਪੁਰਾਣਾ ਮਾਰਿਆ ਗਿਆ। ਜੰਗ ਜਿੱਤ ਕੇ ਜਦੋ ਚੌਧਰੀ ਕਾਲਾ ਗੁਰੂ ਹਰਿਰਾਇ ਸਾਹਿਬ ਪਾਸ ਆਇਆ ਤੇ ਬਹੁਤ ਖੁਸ਼ ਹੋਇਆ । ਚੌਧਰੀ ਕਾਲਾ ਗੁਰੂ ਹਰਿਰਾਇ ਸਾਹਿਬ ਜੀ ਨੂੰ ਆਖਣ ਲੱਗਾ ਗੁਰੂ ਮਹਾਰਾਜ ਜੀ ਜਿਸ ਜੈਦਪੁਰਾਣੇ ਨੂੰ ਜਿੱਤਣਾ ਸਾਰਿਆ ਲਈ ਨਾਂ ਬਰਾਬਰ ਸੀ ਪਰ ਮੈਂ ਉਸ ਨੂੰ ਬਹੁਤ ਛੇਤੀ ਮਾਰ ਦਿੱਤਾ। ਜੈਦਪੁਰਾਣਾ ਤੇ ਮੇਰੇ ਸਿਰਫ ਦੋ ਦੰਦ ਹੀ ਤੋੜ ਸਕਿਆ, ਇਹ ਸੁਣ ਕੇ ਗੁਰੂ ਹਰਿਰਾਇ ਸਾਹਿਬ ਜੀ ਕਹਿਣ ਲਗੇ ਚੌਧਰੀ ਜੀ ਤੁਸੀਂ ਨਹੀਂ ਜਾਣਦੇ ਹੋ ਕਿ ਜੈਦਪੁਰਾਣਾ ਕਿੰਨਾ ਬਲੀ ਸੀ । ਜਦੋਂ ਜੈਦਪੁਰਾਣਾ ਤੇਰੇ ਨਾਲ ਲੜ ਰਿਹਾ ਸੀ ਅਸਾਂ ਨੇ ਚਾਰ ਬੀਰ ਉਸ ਵੱਲ ਭੇਜੇ ਸਨ। ਦੋ ਬੀਰ ਉਸ ਦੀ ਬਾਹਵਾਂ ਤੇ ਦੋ ਬੀਰ ਉਸ ਦੀਆਂ ਲੱਤਾਂ ਫੜ ਕੇ ਖੜੇ ਸਨ । ਅਸੀਂ ਚੌਧਰੀ ਜੀ ਖ਼ੁਦ ਗੁਪਤ ਰੂਪ ਵਿੱਚ ਤੁਹਾਡੇ ਅੱਗੇ ਲੋਹੇ ਦੀ ਅਹਿਰਨ ਫੜ ਕੇ ਖੜੇ ਸੀ, ਚਾਰ ਬੀਰਾਂ ਦੇ ਫੜਿਆਂ ਤੋਂ ਹੀ ਜੈਦਪੁਰਾਣੇ ਨੇ ਏਨਾ ਭਾਰੀ ਵਾਰ ਕੀਤਾ ਕਿ ਲੋਹੇ ਦੀ ਅਹਿਰਨ ਪਾੜ ਕੇ ਉਸ ਦੀ ਬਰਸ਼ੀ ਸਾਡੇ ਹੱਥ ਵਿੱਚ ਜਾ ਲੱਗੀ ਤੇ ਸਾਡਾ ਹੱਥ ਤੇਰੇ ਮੂੰਹ ਤੇ ਵੱਜਾ ਜਿਸ ਨਾਲ ਤੇਰੇ ਇਹ ਦੋ ਦੰਦ ਟੁੱਟ ਗਏ। ਉਸ ਬਰਸ਼ੀ ਦੇ ਵਾਰ ਨਾਲ ਸਾਡਾ ਵੀ ਹੱਥ ਜ਼ਖਮੀ ਹੋ ਗਿਆ ਗੁਰੂ ਜੀ ਨੇ ਕਾਲੇ ਨੂੰ ਦਿਖਾਇਆ। ਚੌਧਰੀ ਕਾਲਾ ਇਹ ਸਭ ਸੁਣ ਕੇ ਹੈਰਾਨ ਹੋ ਗਿਆ ਤੇ ਗੁਰੂ ਹਰਿਰਾਇ ਸਾਹਿਬ ਜੀ ਦੇ ਚਰਨਾਂ ਤੇ ਢਹਿ ਪਿਆ । ਗੁਰੂ ਜੀ ਮੈਨੂੰ ਮੁਆਫ ਕਰ ਦਿਉ, ਮੈਂ ਸਮਝ ਨਹੀਂ ਸਕਿਆ, ਜੇ ਤੁਸੀਂ ਮੇਰੀ ਮੱਦਦ ਨਾਂ ਕਰਦੇ, ਅੱਜ ਮੈਂ ਆਪ ਜੀ ਦੇ ਚਰਨਾਂ ਵਿਚ ਨਾ ਹੁੰਦਾ । ਸੰਗਤ ਜੀ ਇਸ ਤੋਂ ਸਿਖਿਆ ਮਿਲਦੀ ਹੈ, ਇਹ ਨਾ ਸਮਝੋ ਕਿ ਗੁਰੂ ਜੀ ਸਾਨੂੰ ਸਰੀਰ ਕਰਕੇ ਨਹੀਂ ਦਿਖਾਈ ਦੇਂਦੇ। ਤੁਸੀਂ ਗੁਰੂ ਜੀ ਅੱਗੇ ਅਰਦਾਸ ਕਰ ਕੇ ਦੇਖਿਉ ਗੁਰੂ ਜੀ ਗੁਪਤ ਰੂਪ ਵਿੱਚ ਹਮੇਸ਼ਾ ਦੁੱਖ ਸੁੱਖ ਵੇਲੇ ਤੁਹਾਡੇ ਨਾਲ ਖੜੇ ਹੋਣਗੇ।

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# ਉੱਤਰ ਪਾਸੇ ਢਾਬ ਸੁਣੀਂਦੀ, ਵੱਸਦੇ ਸੀ ਤਿੰਨ ਬਾਬੇ



**ਅਵਤਾਰ ਸਿੰਘ ਬਿਲਿੰਗ**

ਪੰਜਾਬ ਦੀ ਕੁਦਰਤੀ ਢਲਾਣ ਉੱਤਰ ਪੂਰਬ ਤੋਂ ਦੱਖਣ ਪੱਛਮ ਵੱਲ ਹੈ। ਸਾਡੇ ਉੱਤਰ ਪੂਰਬ ਵਿਚ ਨੇੜਲੇ ਪਿੰਡ ਸਰਵਰਪੁਰ ਤੇ ਬਘੌਰ ਵੱਲੋਂ ਸਤਲੁਜ ਦੀ ਇਕ ਬਰਸਾਤੀ ਧਾਰਾ ਇਧਰ ਨੂੰ ਵਗਦੀ। ਟਿੱਬਿਆਂ ਵੱਲੋਂ ਆਉਂਦਾ ਪਾਣੀ ਜਿਸ ਨੂੰ ਰੌਅ ਆਖਦੇ, ਪਿੰਡ ਵਿਚ ਆ ਵੜਦਾ, ਅੱਗੇ ਨਿਕਲ ਜਾਂਦਾ। ਸ਼ਾਇਦ ਇਸ ਕਾਰਨ ਹੀ ਪਿੰਡ ਦੇ ਵਡੇਰਿਆਂ ਨੇ ਉੱਤਰ ਵੱਲ ਪਿੰਡ ਦੇ ਨਾਲੋ ਨਾਲ 40 ਏਕੜ ਵਿਸ਼ਾਲ ਟੋਭਾ ਛੱਡਿਆ ਹੋਵੇ। ਸੱਤਰਵਿਆਂ ਤੱਕ ਪਿੰਡ ਦੇ ਲੋਕ ਹਰ ਗਰਮੀ ਵਿਚ ਜਦੋਂ ਟੋਭਾ ਲਗਭਗ ਸੁੱਕਾ ਹੁੰਦਾ, ਪੇਤਲੇ ਪਾਣੀ ਵਿਚੋਂ ਗਾਰਾ ਕੱਢਦੇ। ਉੱਥੇ ਹੀ ਘਾਣੀ ਮਿੱਧਦੇ। ਬਾਰੀਕ ਤੂੜੀ ਮਿਲਾ ਕੇ ਖ਼ੂਬ ਮਿਧਾਈ ਕਰਦੇ। ਸਿਰਾਂ ਉੱਤੇ ਘਰ ਢੋਂਹਦੇ। ਆਪਣੇ ਕੱਚੇ ਬਨੇਰੇ ਤੇ ਮਕਾਨ ਲਿੱਪਦੇ। ਇਹ ਹਰ ਸਾਲ ਦੀ ਲੋੜ ਅਤੇ ਔਖਾ ਕਾਰਜ ਸੀ ਜੋ ਹਰ ਨੂੰਹ ਧੀ ਨੂੰ ਕਰਨਾ ਪੈਂਦਾ। ਏਨਾ ਬੰਦੋਬਸਤ ਕਰਨ ਦੇ ਬਾਵਜੂਦ ਮੀਂਹ ਪੈਂਦੇ ਵਿਚ ਕੋਠੇ ਉੱਤੇ ਚੜ ਕੇ ਗਲ਼ੀਆਂ ਮੁੰਦਣੀਆਂ ਪੈਂਦੀਆਂ। ਲੋਕ ਗੀਤ ਬਣਿਆ ਸੀ :

ਜਿੱਥੇ ਲਿੱਪਣੇ ਨਾ ਪੈਣ ਬਨੇਰੇ
ਪੱਕਾ ਘਰ ਟੋਲ਼ੀਂ ਬਾਬਲਾ

ਟੋਭੇ ਦਾ ਫ਼ਾਇਦਾ ਸੀ। ਇੱਥੇ ਤਰੇੜਾਂ ਫਟਦੀਆਂ ਤਾਂ ਲੋਕ ਡਲ਼ੇ ਜਾਂ ਢੀਮਾਂ ਪੁੱਟ ਕੇ ਰੇਤਲੇ ਖੇਤਾਂ ਵਿਚ ਪਾਉਂਦੇ, ਜ਼ਮੀਨ ਦੀ ਤਾਸੀਰ ਬਦਲਦੇ, ਮਾਰੂ ਤੋਂ ਉਪਜਾਊ ਬਣਾ ਦਿੰਦੇ। ਪੁਰਾਣੇ ਸਮੇਂ ਵਿਚ ਉਨਾਂ ਡਲ਼ਿਆਂ ਨੂੰ ਘੜ ਕੇ ਪੱਧਰ ਕਰਦੇ ਅਤੇ ਗਾਰੇ ਵਿਚ ਚਿਣਦੇ, ਮਕਾਨ ਦੀਆਂ ਦੀਵਾਰਾਂ ਉਸਾਰ ਲੈਂਦੇ। ਸੋ ਪਿੰਡ ਦੇ ਸਾਰੇ ਮਕਾਨ ਇਸ ਵਿਸ਼ਾਲ ਟੋਭੇ ਵਿਚੋਂ ਬਣੇ ਸਨ। ਉਨਾਂ ਦਾ ਗਾਰਾ ਮੀਂਹ ਨਾਲ ਉਤਰ ਕੇ ਮੁੜ ਟੋਭੇ ਵਿਚ ਆ ਜਾਂਦਾ। ਇਸ ਲਈ ਹਰ ਸਾਲ ਟੋਭਾ ਪੁੱਟਣਾ ਜ਼ਰੂਰੀ ਹੁੰਦਾ। ਮੇਲਿਆਂ ਉੱਤੇ 'ਮਿੱਟੀ ਕੱਢਣ' ਦਾ ਅਸਲ ਕਾਰਨ ਵੀ ਇਹ ਸੀ। ਪਾਣੀ ਦੇ ਸਰੋਤ ਨੂੰ ਡੂੰਘਾ ਕਰਨਾ ਅਤੇ ਮਿੱਟੀ ਪੁੱਟ ਕੇ ਉਸ ਦੇ ਕਿਨਾਰੇ ਖੜੇ ਦਰਖਤਾਂ ਦੁਆਲੇ ਲਗਾਉਣੀ।

ਪਾਣੀ ਦੀ ਅਣਹੋਂਦ ਮੌਕੇ ਏਹੀ ਨਹਾਉਣ ਧੋਣ, ਡੰਗਰ ਪਸ਼ੂ ਨੂੰ ਪਾਣੀ ਪਿਲਾਉਣ ਦਾ ਸਾਧਨ ਹੁੰਦਾ। ਲੋਕ ਟੋਭਿਆਂ ਦਾ ਪਾਣੀ ਪੀਂਦੇ। ਜਲ ਨੂੰ ਗੰਦਾ ਕਰਨਾ ਪਾਪ ਸਮਝਦੇ। ਜਿੱਥੇ ਕਿਸੇ ਛੋਟੀ ਛੱਪੜੀ ਵਿਚ ਗੰਦ ਪੈਣ ਨਾਲ ਕੂਰੇ ਜਾਂ ਪਾਣੀ ਦੇ ਸਫ਼ੈਦ ਸੁੰਡ ਪੈਦਾ ਹੋ ਜਾਂਦੇ, ਪਿੰਡ ਤੋਂ ਦੂਰ ਰੋਹੀ ਬੀਆਬਾਨ ਵਿਚ ਡੰਗਰ ਚਰਾਉਂਦੇ ਪਾਲ਼ੀ, ਉਸ ਛੱਪੜੀ ਵਿਚ ਦੁਪੱਟਾ ਵਿਛਾਉਂਦੇ, ਮੂਧੇ ਹੋ ਕੇ ਉਸ ਕੱਪੜੇ ਉੱਤੇ ਮੂੰਹ ਰੱਖ ਕੇ ਪਾਣੀ ਨੂੰ ਪਵਿੱਤਰ ਸਮਝਦੇ, ਪਿਆਸ ਬੁਝਾਉਂਦੇ।

ਇਸ ਵੱਡੇ ਟੋਭੇ ਦੇ ਅੰਦਰ ਮਿੱਟੀ ਨਾਲ ਘੇਰਾਬੰਦੀ ਕਰ ਕੇ ਵਡਾਰੂਆਂ ਨੇ ਇਕ ਤਲਾਬ ਵੱਖਰਾ ਬਣਾਇਆ ਸੀ। ਉਸ ਦੇ ਦੁਆਲੇ ਬਰੋਟੇ ਪਿੱਪਲ ਅੰਬ ਜਾਮਣਾਂ ਨੇ ਹਨੇਰਾ ਕੀਤਾ ਹੋਇਆ ਸੀ। ਬਾਵੇ ਕੇਹਰੂ ਦੀਆਂ ਲਾਈਆਂ ਜਾਮਣਾਂ ਸਨ। ਇਨਾਂ ਵਿਚੋਂ ਇਕ ਦੋ ਝੁਕ ਕੇ ਪਾਣੀ ਨਾਲ ਲੱਗਦੀਆਂ ਜਿੱਥੋਂ ਬਰਸਾਤ ਵਿਚ ਮੱਝਾਂ ਨਹਾਉਂਦੇ ਜਵਾਕ ਜਾਮਣਾਂ ਖਾਂਦੇ, ਡੰਡ ਪਲਾਂਘੜਾ ਖੇਡਦੇ। ਕੂਕਿਆਂ ਦੇ ਅੰਬ ਵੀ ਬੜੇ ਭਾਰੀ ਸਨ।

ਜਾਮਣਾਂ ਤੇ ਅੰਬਾਂ ਦੇ ਵਿਚਕਾਰ ਚੜਦੀ ਤਰਫ਼ ਦੇਖਦੀਆਂ ਪੱਕੀਆਂ ਪੌੜੀਆਂ ਬਾਬਾ ਮਾਘੀ ਨੇ ਪੁੰਨ ਅਰਥ ਬਣਵਾਈਆਂ ਸਨ। ਪੌੜੀਆਂ ਦੇ ਸਿਖਰ ਦੋਹਾਂ ਨੁੱਕਰਾਂ ਵਿਚ ਸ਼ਿਵ ਲਿੰਗ ਸਥਾਪਤ ਕੀਤੇ ਹੋਏ ਸਨ। ਗੋਲ ਚੁੱਘੀਆਂ ਵਿਚ ਉੱਪਰ ਵੱਲ ਸਿੱਧੇ ਖੜੇ ਠਾਕਰ, ਇਹ ਮਹਾਜਨਾਂ ਦਾ ਪੂਜਾ ਸਥਾਨ ਸੀ। ਇੱਥੇ ਪੌੜੀਆਂ ਉੱਤੇ ਲੋਕ ਕੱਪੜੇ ਧੋਂਦੇ ਤੇ ਨਹਾਉਂਦੇ। ਪੁਰਾਣੇ ਜ਼ਮਾਨੇ ਵਿਚ ਕਿਸੇ ਘਰ ਜਦੋਂ ਕੋਈ ਮੌਤ ਹੋ ਜਾਂਦੀ ਤਾਂ ਦਸਵੇਂ ਦਿਨ ਉਸ ਦੀ ਬਰਾਦਰੀ ਦੀਆਂ ਔਰਤਾਂ ਇੱਥੇ ਨਹਾਉਂਦੀਆਂ, 'ਦਸਾਹੀ' ਦੀ ਰਸਮ ਨਿਭਾਉਂਦੀਆਂ। ਬੰਦੇ ਗੁਰੂਘਰ ਦੀਆਂ ਟੂਟੀਆਂ ਉੱਪਰ ਨਹਾਉਂਦੇ।

ਇਹ ਟੋਭਾ ਜਦੋਂ ਬਰਸਾਤ ਵਿਚ ਚੜ ਜਾਂਦਾ ਤਾਂ ਭਿਆਨਕ ਰੂਪ ਧਾਰ ਲੈਂਦਾ। ਪਿੰਡ ਦੇ ਉੱਤਰ ਵੱਲ ਜਿਵੇਂ ਕੋਈ ਬਹੁਤ ਚੌੜੇ ਪਾਟ ਵਾਲਾ ਦਰਿਆ ਵਗ ਰਿਹਾ ਹੋਵੇ। ਮੱਝਾਂ ਮਗਰ ਆਏ ਜਵਾਕ ਇੱਥੇ ਡੁੱਬ ਜਾਂਦੇ। ਟੋਭੇ ਦੇ ਰੂਪ ਵਿਚ ਖ਼ੁਆਜਾ ਦੇਵਤਾ ਹਰ ਸਾਲ ਇਕ ਬਲੀ ਲੈਂਦਾ। ਡੁੱਬਣ ਵਾਲੇ ਹਾਦਸੇ ਏਨੇ ਵਾਪਰਦੇ ਕਿ ਲੋਕਾਂ ਵਿਚ ਆਮ ਵਿਸ਼ਵਾਸ ਬਣ ਗਿਆ ਸੀ।

ਉਦੋਂ ਤੱਕ ਇਸ ਦਾ ਪਾਣੀ ਏਨਾ ਨਿਰਮਲ ਹੁੰਦਾ ਕਿ ਕੰਢੇ ਖੜੇ ਬੰਦੇ ਦਾ ਸ਼ੀਸ਼ੇ ਵਾਂਗ ਮੂੰਹ ਦਿਸਦਾ। ਪਿੰਡ ਵਿਚ ਮੱਛੀ ਮੋਟਰਾਂ ਲੱਗਣ ਨਾਲ ਪਾਣੀ ਦੀ ਆਮਦ ਏਨੀ ਵਧ ਗਈ ਹੈ ਕਿ ਹੁਣ ਇਹ ਦਰਸ਼ਨੀ ਟੋਭਾ ਕਦੇ ਨਹੀਂ ਸੁੱਕਦਾ। ਗੰਧਲਿਆ ਪਾਣੀ ਬਦਬੂ ਮਾਰਦਾ ਹੈ। ਪਿੰਡ ਦੇ ਸ਼ਾਇਰ ਰਾਜਿੰਦਰ ਸਿੰਘ 'ਸੇਹ' ਦੀ ਟਿੱਪਣੀ ਗੌਲਣਯੋਗ ਹੈ :

ਜਲ ਨਿਰਮੈਲ਼ ਹੁੰਦਾ ਸੀ ਜੋ ਢਾਬ ਦਾ
ਹੁਣ ਰੂਪ ਧਾਰਿਆ ਜ਼ਹਿਰੀਲੇ ਆਬ ਦਾ।

ਇਸ ਢਾਬ ਕੰਢੇ ਤਿੰਨ ਵਿਰਕਤ ਬਾਬੇ ਵਿਚਰਦੇ ਰਹੇ ਹਨ। ਬਾਵਾ ਕੇਹਰੂ, ਬਾਬਾ ਬੱਗੂ ਤੇ ਬੋਅਲੀ ਗੁੱਜਰ। ਬਾਵਾ ਕੇਹਰੂ ਭਗਵੇਂ ਬਸਤਰ ਪਹਿਨਦਾ। ਨੇੜੇ ਹੀ ਲਗਾਈ ਆਪਣੀ ਫੁਲਵਾੜੀ ਵਿਚ ਬੈਠ ਕੇ ਭਗਵਤ ਪੁਰਾਣ, ਮਹਾਂਭਾਰਤ ਪੜਦਾ। ਗਰਮੀਆਂ ਵਿਚ ਔੜ ਲੱਗਦੀ ਤਾਂ ਉਹ ਢੀਂਗਲੀ ਨਾਲ ਟੋਭੇ ਵਿਚੋਂ ਡੱਲ ਮਾਰ ਕੇ ਬਾੜੀ ਸਿੰਜਦਾ। ਉਸ ਬਾੜੀ ਵਿਚੋਂ ਚਮੇਲੀ ਦੀ ਵਾਸ਼ਨਾ ਆਉਂਦੀ। ਬਰਸਾਤ ਵਿਚ ਜਦੋਂ ਅੰਬ ਪੱਕਦੇ ਰਸਦੇ ਤਾਂ ਅੰਬਾਂ ਦੀ ਖ਼ੁਸ਼ਬੋ ਮਨਾਂ ਨੂੰ ਮੋਹ ਲੈਂਦੀ। ਇਸ ਤੋਂ ਪਹਿਲਾਂ ਹਾੜ ਦੇ ਮਹੀਨੇ ਬਦਾਮੀ ਰੰਗ ਦੇ ਮੋਟੇ ਕਾਬਲੀ ਨਸੂਹੜੇ ਵੀ ਮਹਿਕਾਂ ਛੱਡਦੇ, ਬਹੁਤ ਮਿੱਠੇ ਹੁੰਦੇ ਜਿਨਾਂ ਨੂੰ ਤੋੜਨ ਦੀ ਸਭ ਨੂੰ ਖੁੱਲ ਹੁੰਦੀ। ਪਰ ਵਾੜ ਕੀਤੀ ਵਾੜੀ ਵਿਚੋਂ ਫਲ਼ ਤੋੜਨਾ ਜਾਂ ਅੰਦਰ ਵੜਨਾ ਉਵੇਂ ਹੀ ਮਨਾਂ ਸੀ ਜਿਵੇਂ ਅੰਗਰੇਜ਼ੀ ਦੀ ਮਸ਼ਹੂਰ ਕਹਾਣੀ 'ਸੈਲਫਿਸ਼ ਜੈਂਟ' ਵਿਚ ਦਾਖ਼ਲ ਹੋਣ ਉੱਤੇ ਦੈਂਤ ਵੱਲੋਂ ਪੱਕੀ ਪਾਬੰਦੀ ਸੀ।

ਦੂਜਾ ਸੀ ਬਾਬਾ ਬੱਗੂ। ਇਹ ਉਹ ਧਰਮਾਤਮਾ ਕਿਸਮ ਦਾ ਵਿਅਕਤੀ ਸੀ ਜਿਹੜਾ ਜੱਟਾਂ ਜ਼ਿਮੀਂਦਾਰਾਂ ਨੂੰ ਬਲਦਾਂ ਉੱਤੇ ਤਰਸ ਕਰਨ ਦੀ ਨਸੀਹਤ ਦਿੰਦਾ। ਘੱਟ ਭਾਰ ਲੱਦਣ, ਪੰਡਾਂ ਆਪ ਢੋਹਣ ਲਈ ਆਖਦਾ, ਹਰ ਮਹੀਨੇ ਇਕ ਦਿਨ ਦੀ ਬਲਦਾਂ ਨੂੰ ਛੁੱਟੀ ਕਰਵਾਉਂਦਾ ਜਿਸ ਨੂੰ ਇਕਾਦਸ਼ੀ ਛੱਡਣਾ ਆਖਦੇ। ਉਹ ਚੰਦਰਮਾ ਦੀ ਗਿਆਰਵੀਂ ਚਾਨਣੀ ਤਿੱਥ ਹੁੰਦੀ। ਜਿਹੜਾ ਇਕਾਦਸ਼ੀ ਨਾ ਛੱਡਦਾ, ਬਾਬਾ ਕਈ ਵਾਰ ਉਸ ਦੇ ਗੱਡੇ ਦੀ ਪਿੰਜਣੀ ਕੱਢ ਕੇ ਕਿਧਰੇ ਲੁਕਾਅ ਦਿੰਦਾ। ਗੱਡੇ ਦਾ ਜੂਲ਼ਾ ਖੋਲ ਕੇ ਲੈ ਜਾਂਦਾ। ਰਾਤ ਨੂੰ ਪਿੰਡ ਦੀ ਜਲਸਾ ਮੰਡਲੀ ਨਾਲ ਸ਼ੌਕੀਆ ਬੋਲੀਆਂ ਪਾਉਂਦਾ, ਠੁੰਮਰੇ ਵਜਾਉਂਦਾ। ਉਸ ਨੂੰ ਯਾਦ ਕਰਦਾ ਕੋਈ ਵਡੇਰਾ ਹੁਣ ਵੀ ਕਦੇ ਕਦਾਈਂ ਇਹ ਬੋਲੀ ਪਾ ਦਿੰਦਾ :

ਬਾਬਾ ਬੱਗੂ ਪੱਛੜ ਗਿਆ/ਜਲਸਾ ਹੋਵੇ ਠੁੰਮਰਿਆਂ ਤੋਂ ਬਾਹਰਾ।

ਤੀਜਾ ਸੀ ਮੁਸਲਮਾਨ ਗੁੱਜਰ ਬਾਬਾ ਬੋ ਅਲੀ। ਉਹ ਆਪੇ ਰੰਗੀ ਉਨਾਭੀ ਪੱਗ ਬੰਨਦਾ। ਪਿੰਡ ਦਾ ਵੱਗ ਚਰਾਉਂਦਾ। ਗਊਆਂ, ਮੱਝਾਂ ਦਾ ਪਾਲ਼ੀ ਜੋ ਚੌਣਾ ਚਾਰਦਾ। ਸਾਰੇ ਪਿੰਡ ਦੀਆਂ ਲਵੇਰੀਆਂ, ਝਾੜਾਂ ਵਾਲੇ ਬਰੋਟੇ ਹੇਠ ਇਕੱਠੀਆਂ ਹੁੰਦੀਆਂ। ਉਸ ਦੇ ਨੇੜੇ ਹੀ ਬਾਵੇ ਦੀ ਬਾੜੀ ਸੀ ਅਤੇ ਬਾਬਾ ਬੋਅਲੀ, ਬਾਵਾ ਕੇਹਰੂ ਅਤੇ ਬਾਬਾ ਬੱਗੂ ਦੀ ਤ੍ਰਿਕੜੀ ਵੱਲੋਂ ਆਪੇ ਲਾਹੀ ਖੂਹੀ ਵੀ। ਉਸ ਦੇ ਆਸੇ ਪਾਸੇ ਦੋ ਚੂਨੇ-ਗੱਚ ਕੁੰਡਾਂ। ਇਕੱਲੀ ਇਕੱਲੀ ਲਵੇਰੀ ਦੀ ਪਛਾਣ ਰੱਖਦਾ ਪਿੰਡ ਦਾ ਪਾਲ਼ੀ ਬੋਅਲੀ ਕੂਲ਼ੇ ਦੁਪਹਿਰੇ ਵੱਗ ਛੇੜਦਾ। ਜਿਹੜਾ ਆਪਣੇ ਆਪ ਬਾਗ਼ ਵੱਲ ਸਿੱਧਾ ਹੋ ਜਾਂਦਾ। ਸ਼ਾਮ ਦੇ ਚਾਰ ਵਜੇ ਤੋਂ ਬਾਅਦ ਝਿੜੀ ਵਿਚੋਂ ਘਾਹ ਚਰ ਕੇ ਮੁੜੀਆਂ ਸਾਰੀਆਂ ਮੱਝਾਂ ਗਊਆਂ ਵੱਛੀਆਂ ਕੱਟੀਆਂ ਵਾਪਸ ਆਪੋ ਆਪਣੀ ਖੁਰਲੀ ਉੱਤੇ ਪਹੁੰਚ ਜਾਂਦੀਆਂ। ਬਾਬਾ ਬੋਅਲੀ ਨੂੰ ਹਰੇਕ ਪਸ਼ੂ ਚਾਰਨ ਬਦਲੇ ਮਿੱਥੇ ਹੋਏ ਦਾਣੇ ਹਰ ਛਿਮਾਹੀ ਮਾਲਕ ਨੇ ਦੇਣੇ ਹੁੰਦੇ। ਛਿਮਾਹੀ ਨਾ ਦੇਣ ਦੇ ਇੱਛੁਕ ਘਰਾਂ ਦੇ ਕਿੰਨੇ ਹੋਰ ਮੁੰਡੇ ਕੁੜੀਆਂ ਆਪਣੇ ਪਸ਼ੂਆਂ ਨਾਲ ਆਪ ਜਾਂਦੇ। ਸੰਭਾਲ ਕਰਦੇ। ਬਾਬਾ ਬੋਅਲੀ ਨੇ ਪਾਕਿਸਤਾਨ ਬਣਨ ਵੇਲੇ ਵੀ ਲਹਿੰਦੇ ਪੰਜਾਬ ਜਾਣ ਤੋਂ ਇਨਕਾਰ ਕਰ ਦਿੱਤਾ। ਨਾ ਹੀ ਉਸ ਨੇ ਡਰਦਿਆਂ ਆਪਣਾ ਦੀਨ ਧਰਮ ਬਦਲਿਆ। ਉਹ ਗਊਆਂ ਤੇ ਲਵੇਰੀਆਂ ਚਰਾਉਣ ਵਾਲਾ ਨਗਰ ਦਾ ਸੇਵਾਦਾਰ ਸੀ। ਉਸ ਨੂੰ ਕਿਸੇ ਨੇ ਡਰਾਇਆ ਧਮਕਾਇਆ ਵੀ ਨਹੀਂ। ਇਹ ਬਾਬਾ ਬਾਅਦ ਵਿਚ ਸ਼ਾਦੀ ਰਾਜਪੂਤ ਦੇ ਘਰ ਰਹਿੰਦਾ ਜਾਂ ਮਹੌਣ ਪਿੰਡ ਵਿਚ ਜਾ ਟਿਕਦਾ। ਜਦੋਂ 1975 ਵਿਚ ਉਹ ਇਕ ਸ਼ੁੱਕਰਵਾਰ ਨੂੰ ਅੱਲਾ ਨੂੰ ਪਿਆਰਾ ਹੋ ਗਿਆ ਤਾਂ ਉਸ ਦਾ ਜਨਾਜ਼ਾ ਵੀ ਸ਼ਾਦੀ ਰਾਜਪੂਤ, ਜਗੀਰਾ ਪਰਜਾਪਤ ਅਤੇ ਪਿੰਡ ਵਾਸੀਆਂ ਨੇ ਆਪ ਕਬਰ ਪੁੱਟ ਕੇ ਉਸ ਨੂੰ ਦਫ਼ਨਾਇਆ। ਖੰਨਾ ਤੋਂ ਕਾਜ਼ੀ ਬੁਲਾਇਆ ਗਿਆ।

ਬਾਕੀ ਸਫ਼ਾ 30 'ਤੇ

# ਕਵਿਤਾ ਰਾਹ ਵਿਖਾਉਂਦੀ

**ਬਲਵਿੰਦਰ ਸਿੰਘ ਭੁੱਲਰ**

ਵਾਰਤਕ

ਮੇਰੀ ਕਵਿਤਾ ਦੇ ਬੋਲ ਦੁਖਿਆਰਿਆਂ ਦੇ ਬੋਲ ਹਨ। ਮੇਰੀ ਕਵਿਤਾ ਦੇ ਬੋਲ ਹੱਕ ਮੰਗਦੇ ਲੋਕਾਂ ਦੀ ਆਵਾਜ਼ ਹੈ। ਮੇਰੀ ਕਵਿਤਾ ਪ੍ਰੇਮ ਪਿਆਰ ਹੈ, ਦੁੱਖਾਂ ਦਾ ਇਲਾਜ ਹੈ, ਜਾਗਰੂਕਤਾ ਲਈ ਪਲੀਤੀ ਹੈ, ਹੱਕਾਂ ਦੀ ਪ੍ਰਾਪਤੀ ਲਈ ਹਥਿਆਰ ਹੈ। ਕਵਿਤਾ ਮੋਹ ਪਿਆਰ ਨੂੰ ਵਧਾਉਂਦੀ ਹੈ ਅਤੇ ਆਪਸੀ ਸਬੰਧ ਪਰਪੱਕ ਕਰਦੀ ਹੈ। ਕਵਿਤਾ ਹੱਕਾਂ ਦੀ ਗੱਲ ਕਰਦਿਆਂ ਅਗਲਾ ਰਾਹ ਵਿਖਾਉਂਦੀ ਹੈ। ਕਵਿਤਾ ਦੁੱਖਾਂ ਨੂੰ ਫਰੋਲਦੀ ਹੋਈ ਉਸਦੇ ਇਲਾਜ ਲਈ ਤਿਆਰ ਕਰਦੀ ਹੈ। ਕਵਿਤਾ ਸੰਸਾਰ ਭਰ 'ਚ ਸ਼ਾਂਤੀ ਦੀ ਅਰਦਾਸ ਕਰਦੀ ਹੈ।

ਕਵਿਤਾ ਇਨਸਾਨ ਦੇ ਜਨਮ ਤੋਂ ਹੀ ਸਾਥ ਦੇਣਾ ਸੁਰੂ ਕਰ ਦਿੰਦੀ ਹੈ। ਬੱਚਾ ਜਦੋਂ ਜਨਮ ਲੈਂਦਾ ਹੈ ਤਾਂ ਮਾਂ ਉਸਦਾ ਮੱਥਾ ਚੁੰਮ ਕੇ ਲੋਰੀ ਦਿੰਦੀ ਹੈ। ਇਹ ਲੋਰੀ ਕਵਿਤਾ ਦਾ ਹੀ ਰੂਪ ਹੈ, ਜਿਸਨੂੰ ਬੱਚਾ ਸਭ ਤੋਂ ਪਹਿਲਾਂ ਸੁਣਦਾ ਹੈ। ਜਿਉਂ ਜਿਉਂ ਬੱਚਾ ਵੱਡਾ ਹੁੰਦਾ ਜਾਂਦਾ ਹੈ, ਤਿਉਂ ਤਿਉਂ ਉਸਦੀ ਕਵਿਤਾ ਦਾ ਬੋਲਣਾ ਸੁਣਨਾ ਵੀ ਬਦਲਦਾ ਜਾਂਦਾ ਹੈ। ਲੋਰੀ ਤੋਂ ਅਗਾਂਹ ਤੁਰਦਿਆਂ ਜਦੋਂ ਉਹ ਬਚਪਨਾ ਹੰਢਾਉਂਦਾ ਹੈ ਤਾਂ ਪਸ਼ੂਆਂ ਪੰਛੀਆਂ ਤਾਰਿਆਂ ਧਰਤੀਆਂ ਦੀ ਕਵਿਤਾ ਉਸਦੇ ਗਿਆਨ ਵਿੱਚ ਵਾਧਾ ਕਰਦੀ ਹੈ। ਜਦੋਂ ਉਹ ਜਵਾਨੀ ਵਿੱਚ ਪੈਰ ਧਰਦਾ ਹੈ ਤਾਂ ਪ੍ਰੇਮ ਪਿਆਰ ਦੀ ਕਵਿਤਾ ਉਸਦੇ ਮਨ ਤੇ ਦਿਲ ਨੂੰ ਹਲੂਣਾ ਦਿੰਦੀ ਹੈ। ਜਦ ਜਵਾਨੀ ਤੋਂ ਅਗਾਂਹ ਤੁਰਦਾ ਹੈ ਤਾਂ ਲੋਕ ਹਿਤਾਂ, ਦੁੱਖਾਂ ਸੁੱਖਾਂ ਦੀ ਕਵਿਤਾ ਉਸਨੂੰ ਝੰਜੋੜਦੀ ਹੈ ਅਤੇ ਜਦ ਉਹ ਬਿਰਧ ਅਵਸਥਾ ਵਿੱਚ ਪਹੁੰਚ ਜਾਂਦਾ ਹੈ ਤਾਂ ਧਾਰਮਿਕ ਗ੍ਰੰਥਾਂ ਤੋਂ ਸੁਣਾਈ ਜਾਣ ਵਾਲੀ ਪਾਠ ਰੂਪੀ ਕਵਿਤਾ ਉਸਨੂੰ ਸ਼ਾਂਤੀ ਪਹੁੰਚਾਉਂਦੀ ਹੈ। ਕਵਿਤਾ ਇਨਸਾਨ ਦੇ ਨਾਲ ਨਾਲ ਹੀ ਤੁਰਦੀ ਰਹਿੰਦੀ ਹੈ।

ਕਵਿਤਾ ਇਨਸਾਨ ਨੂੰ ਗਲਤ ਕੰਮਾਂ ਤੋਂ ਰੋਕ ਕੇ ਸਹੀ ਰਾਹ ਵਿਖਾਉਂਦੀ ਹੈ। ਇਸੇ ਕਰਕੇ ਫਲਸਤੀਨੀ ਕਵੀ ਮਹਿਮੂਦ ਦਰਵੇਸ ਨੇ ਵਿਚਾਰ ਪ੍ਰਗਟਾਇਆ ਸੀ, 'ਕਵਿਤਾ ਤੇ ਖੂਬਸੂਰਤੀ ਸਦਾ ਅਮਨ ਦੇ ਪੱਖ ਵਿੱਚ ਭੁਗਤਦੀਆਂ ਹਨ।' ਇਹ ਦੋਵੇਂ ਏਨੀਆਂ ਸੂਖਮ ਤੇ ਪ੍ਰਭਾਵਸ਼ਾਲੀ ਹੁੰਦੀਆਂ ਹਨ ਕਿ ਇਨਸਾਨੀ ਮਨ ਨੂੰ ਵੀ ਸੂਖਮਤਾ ਵੱਲ ਮੋੜ ਦਿੰਦੀਆਂ ਹਨ। ਕਵਿਤਾ ਕਿਸੇ ਖਾਸ ਮੌਕੇ ਦੇ ਹਾਲਾਤਾਂ ਨੂੰ ਇਨਸਾਨ ਦੇ ਰੂਬਰੂ ਸਨਮੁੱਖ ਕਰ ਦਿੰਦੀ ਹੈ, ਇਸੇ ਲਈ ਕਿਹਾ ਜਾਂਦਾ ਹੈ ਕਿ ਚਿੱਤਰ ਅਬੋਲ ਕਵਿਤਾ ਹੁੰਦੀ ਹੈ ਅਤੇ ਕਵਿਤਾ ਬੋਲਦਾ ਚਿੱਤਰ ਹੁੰਦਾ ਹੈ।

ਰਹਿਬਰਾਂ ਦੇ ਮਾਨਵ ਪੱਖੀ ਕਲਾਮ, ਦਾਰਸ਼ਨਿਕਾਂ ਦੇ ਬੌਧਿਕ ਵਿਚਾਰ, ਵਿਗਿਆਨੀਆਂ ਦੇ ਪਰਖੇ ਸੱਚ, ਪ੍ਰੇਮੀਆਂ ਦੇ ਪਿਆਰ ਲਈ ਝੱਲੇ ਦੁੱਖੜੇ, ਦੇਸ਼ ਪ੍ਰੇਮੀਆਂ ਦੀਆਂ ਦਿੱਤੀਆਂ ਕੁਰਬਾਨੀਆਂ, ਲੋਕ ਸੰਘਰਸ਼ਾਂ ਵਿੱਚ ਵਾਰੀਆਂ ਜਾਨਾਂ ਆਦਿ, ਕਵਿਤਾ ਇਨਸਾਨ ਦੇ ਹਿਰਦੇ ਵਿੱਚ ਪਹੁੰਚਾਉਂਦੀ ਹੈ। ਕਵਿਤਾ ਕੁੱਝ ਸਪੱਸ਼ਟ ਕਰਦੀ ਹੈ, ਤੱਥ ਉਜਾਗਰ ਕਰਦੀ ਹੈ, ਜਿੰਦਗੀ ਦਾ ਯਥਾਰਥ ਚਿਤਰਦੀ ਹੈ ਤੇ ਗਿਆਨ ਵੰਡਦੀ ਹੈ। ਇਸੇ ਕਰਕੇ ਕਵਿਤਾ ਅਮਰ ਹੈ, ਇਸਦੀ ਕੋਈ ਬੱਝਵੀਂ ਉਮਰ ਨਹੀਂ ਹੈ। ਜਦੋਂ ਤੋਂ ਇਨਸਾਨ ਇਸ ਧਰਤੀ ਤੇ ਪੈਦਾ ਹੋਇਆ ਉਦੋਂ ਹੀ ਕਵਿਤਾ ਨਾਲ ਜੰਮੀ ਹੈ ਅਤੇ ਜਦੋਂ ਤੱਕ ਉਹ ਧਰਤੀ ਤੇ ਜਿਉਂਦਾ ਰਹੇਗਾ ਕਵਿਤਾ ਨਾਲ ਜਿਉਂਦੀ ਰਹੇਗੀ।

ਮੇਰੀ ਕਵਿਤਾ ਦੇ ਬੋਲ ਗਰੀਬੀ ਕਾਰਨ ਰੁਲੇ ਹੁਸਨ ਦੀ ਗੱਲ ਕਰਦੇ ਹਨ, 'ਅਸਲੀ ਹੁਸਨ ਤਾਂ ਰੁਲਿਆ ਫਿਰਦੈ, ਤੋਟ ਗਰੀਬੀ 'ਚ ਘਿਰਿਆ ਫਿਰਦੈ। ਕੱਚੇ ਕਿਸੇ ਚਿੱਤਰਕਾਰ ਦੇ, ਰੰਗਾਂ ਵਾਂਗੂੰ ਘੁਲਿਆ ਫਿਰਦੈ।' ਕਵਿਤਾ ਜਬਰ ਜੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਦੀ ਹੈ, 'ਬਾਬੇ ਨਾਨਕ ਤੋਂ ਸਿੱਖ, ਦੁਨੀਆਂ ਦੇ ਸੰਗ ਰਹਿਣਾ ਪਊਗਾ। ਹੱਕ ਸੱਚ ਤੇ ਪਹਿਰਾ ਦਿੰਦਿਆਂ, ਬਾਬਰ ਨੂੰ ਜਾਬਰ ਕਹਿਣਾ ਪਊਗਾ।' ਸਦੀਆਂ ਤੋਂ ਦੱਬੀ ਹੋਈ ਔਰਤ ਨੂੰ ਜਾਗਰੂਕ ਕਰਦਿਆਂ ਕਹਿੰਦੀ ਹੈ, 'ਜੇ ਜਿਉਂਦੀ ਰਹਿਣੈਂ। ਤੂੰ ਲੜਣਾ ਸਿੱਖ, ਭਿੜਣਾ ਸਿੱਖ, ਟਾਕਰਾ ਕਰਨਾ ਸਿੱਖ। ਦੋਜ਼ਖ 'ਚੋਂ ਨਿਕਲ ਕੇ ਬਾਹਰ, ਸੱਚ ਦਾ ਤੂੰ ਫੜ ਲੈ ਪੱਲਾ। ਆਪਣੀ ਕਿਸਮਤ ਆਪ ਬਣਾ ਲੈ, ਫੇਰ ਹੀ ਮੁਸਤਫ਼ਾ ਬਣਸੀ ਅੱਲਾ।' ਦੇਸ਼ ਦੀ ਵੰਡ ਸਮੇਂ ਦੀ ਪੀੜ ਦੇ ਦੁੱਖ ਨੂੰ ਪ੍ਰਗਟ ਕਰਦੀ ਹੋਈ ਕਹਿੰਦੀ ਹੈ, 'ਦਰਦਾਂ ਦਾ ਜੇ ਪਿਆਰ ਬਣਾਈਏ, ਵੰਡੀਆਂ ਪਾਉਂਦੀ ਵੱਟ ਭੁਲਾਈਏ। ਪਹਿਲਾਂ ਵਾਂਗੂੰ ਰਹਿ ਕੇ ਕੱਠੇ, ਜਨਮ ਮਰਨ ਦੀਆਂ ਸਾਂਝਾ ਪਾਈਏ।' ਵਾਤਾਵਰਣ ਵਿਗੜ ਜਾਣ ਦੇ ਦੁੱਖ ਦੀ ਬਾਤ ਪਾਉਂਦੀ ਕਹਿੰਦੀ ਹੈ, 'ਬੁਕਿਆਂ ਤਾਂ ਹੁਣ ਕੁੱਝ ਨਹੀਂ ਬਣਨਾ, ਚੋਗ ਹੋਰ ਖਿਲਾਰਨੀ ਪਊ। ਰੁੱਸੀ ਕੁਦਰਤ ਮਨਾਉਣ ਵਾਸਤੇ, ਧਰਤੀ ਮੁੜ ਸਿੰਗਾਰਨੀ ਪਊ।' ਸੋ ਇਹ ਸਤਰਾਂ ਸਪੱਸ਼ਟ ਕਰਦੀਆਂ ਹਨ ਕਿ ਕਵਿਤਾ ਬੋਲਦੀ ਹੈ ਤੇ ਰਾਹ ਵਿਖਾਉਂਦੀ ਹੈ।

# ਬਿਨਾਂ ਥੱਲੇ ਦੇ ਕੁੱਝ ਖ਼ੂਹ

ਨਵੇਂ ਸ਼ਹਿਰ ਸ਼ਿਫਟ ਹੋਣ ਮਗਰੋਂ ਸਭ ਤੋਂ ਵੱਧ ਫਿਕਰ ਨਿੱਕੀ ਧੀ ਦਾ ਹੀ ਸੀ। ਬੜੀ ਅਜੀਬ ਆਦਤ ਹੋਇਆ ਕਰਦੀ ਸੀ ਉਸ ਦੀ। ਕਿਸੇ ਓਪਰੇ ਨੂੰ ਵੇਖਦਿਆਂ ਸਾਰ ਹੀ ਉੱਚੀ-ਉੱਚੀ ਰੋਣ ਲੱਗ ਪੈਂਦੀ, ਹਰ ਵੇਲੇ ਇਹੋ ਚਿੰਤਾ, ਜਦੋਂ ਦੋਵੇਂ ਚਲੇ ਜਾਇਆ ਕਰਾਂਗੇ ਤਾਂ ਇਸਨੂੰ ਕਿਸ ਕੋਲ ਛੱਡਾਂਗੇ।

ਅਖੀਰ ਨੈਣੀ ਵਾਸਤੇ ਇਸ਼ਤਿਹਾਰ ਦੇ ਦਿੱਤਾ, ਕਿੰਨੀਆਂ ਦੱਸਾਂ ਪਈਆਂ, ਬੜੇ ਥਾਵਾਂ ਤੋਂ ਕਾਲਾਂ ਵੀ ਆਈਆਂ, ਪਰ ਤਸੱਲੀ ਕਿਧਰੇ ਵੀ ਨਾ ਹੋਈ। ਹਰੇਕ ਥਾਂ ਕੋਈ ਨਾ ਕੋਈ ਅਜੀਬ ਜਿਹੀ ਸ਼ਰਤ ਹੁੰਦੀ, ਏਨੇ ਵਜੇ ਛੱਡਣਾ ਪੈਣਾ, ਏਨੇ ਵਜੇ ਲੈਣ ਆਉਣਾ, ਕਿਸੇ ਦੇ ਘਰ ਦਾ ਮਾਹੌਲ ਬੜਾ ਅਜੀਬ ਜਿਹਾ, ਕਿਧਰੇ ਕੁਝ ਸ਼ਰਾਰਤੀ ਬੱਚੇ ਤੇ ਕਿਧਰੇ ਗੰਦੇ ਜਿਹੇ ਪਾਲਤੂ ਜਾਨਵਰ।

ਅਖੀਰ ਇੱਕ ਬਜ਼ੁਰਗ ਜੋੜੇ ਦੀ ਦੱਸ ਪਈ। ਨੇੜੇ ਹੀ ਰਹਿੰਦੇ ਸਨ, ਸਾਡੇ ਵਾਂਙ ਇਥੇ ਆਏ ਵੀ ਨਵੇਂ-ਨਵੇਂ ਹੀ ਸਨ, ਅੰਕਲ ਹੁਣੇ ਹੁਣੇ ਹੀ ਕਿਸੇ ਵੱਡੀ ਪੋਸਟ ਤੋਂ ਰਿਟਾਇਰ ਹੋਏ ਸਨ। ਓਥੇ ਅੱਪੜੇ ਤਾਂ ਆਪਣੀ ਕਹਾਣੀ ਛੇੜ ਲਈ, ਤਿੰਨ ਪੁੱਤਰ ਸਨ, ਦੋ ਪਰਿਵਾਰਾਂ ਸਣੇ ਬਾਹਰ ਚਲੇ ਗਏ ਤੇ ਨਿੱਕਾ ਐਕਸੀਡੈਂਟ ਵਿਚ ਪੂਰਾ ਹੋ ਗਿਆ ਸੀ, ਸਾਰੀ ਉਮਰ ਧੀ ਦੀ ਬੱਸ ਖਵਾਹਿਸ਼ ਹੀ ਰਹੀ।

ਹੈਰਾਨਗੀ ਇਸ ਗੱਲ ਦੀ ਸੀ ਕੇ ਇਸ ਵੇਰ ਨਿੱਕੀ ਦੋਹਾਂ ਕੋਲ ਬੜੇ ਹੀ ਆਰਾਮ ਨਾਲ ਚਲੀ ਗਈ, ਨਾ ਰੋਈ ਤੇ ਨਾ ਹੀ ਕੋਈ ਜ਼ਿਦ ਹੀ ਕੀਤੀ।

ਮੈਨੂੰ ਇੰਝ ਲੱਗਿਆ ਕੋਈ ਮੂੰਹ ਮੰਗੀ ਮੁਰਾਦ ਪੂਰੀ ਹੋ ਗਈ ਹੋਵੇ, ਬੱਸ ਇੱਕੋ ਗੱਲ ਦਾ ਹੀ ਧੁੜਕੂ ਸੀ, ਹੁਣ ਪੈਸੇ ਪਤਾ ਨੀ ਕਿੰਨੇ ਮੰਗ ਲੈਣਗੇ।

ਅਖੀਰ ਪੁੱਛ ਹੀ ਲਿਆ,ਅੰਕਲ ਮਹੀਨੇ ਦੇ ਕਿੰਨੇ ਪੈਸੇ ਹੋਣਗੇ ?

ਇਸ ਵੇਰ ਅੰਕਲ ਤਾਂ ਚੁੱਪ ਰਹੇ ਪਰ ਆਂਟੀ ਬੋਲ ਪਈ, ਧੀਏ ਪੈਸਾ ਤੇ ਅਸੀਂ ਕੋਈ ਨਹੀਂ ਲਿਆ ਕਰਨਾ ਬਸ ਸਾਡੀ ਇੱਕੋ ਸ਼ਰਤ ਏ। ਡਰਦੀ ਨੇ ਛੇਤੀ ਨਾਲ ਫੇਰ ਪੁੱਛ ਲਿਆ ਕਿਹੜੀ ਸ਼ਰਤ ਜੀ ?

ਆਖਣ ਲੱਗੇ ਇਸ ਕਲੋਨੀ ਵਿਚ ਜੇ ਕੋਈ ਪੁੱਛੇ ਕੇ ਇਸਨੂੰ ਕਿਥੇ ਛੱਡਦੇ ਓ ਤਾਂ ਇਹ ਬਿਲਕੁਲ ਵੀ ਨਹੀਂ ਆਖਣਾ ਕਿ ਨੈਣੀ ਕੋਲ ਛੱਡਦੇ ਹਾਂ, ਬੱਸ ਏਹੀ ਆਖਣਾ ਕੇ ਆਪਣੇ 'ਨਾਨੀ ਨਾਨੇ' ਕੋਲ ਰਹਿੰਦੀ ਏ।

ਗਿੱਲੀਆਂ ਅੱਖਾਂ ਨਾਲ ਘਰੇ ਤੁਰੀ ਆਉਂਦੀ ਨੂੰ ਪਿੱਛੇ ਜਿਹੇ ਮੁੱਕ ਗਈ ਮਾਂ ਚੇਤੇ ਆ ਗਈ, ਜਦੋਂ ਵੀ ਕਿਸੇ ਦੁਖਿਆਰੇ ਨੂੰ ਵੇਖਦੀ ਤਾਂ ਬੋਲਣ ਲੱਗ ਜਾਂਦੀ, ਅਖ਼ੇ ਧੀਏ ਦੁਨਿਆਵੀ ਟੋਏ ਟਿੱਬੇ ਤੇ ਮਨੁੱਖ ਸਦੀਆਂ ਤੋਂ ਪੂਰਦਾ ਹੀ ਆਇਆ ਪਰ ਹਮਾਤੜਾਂ ਦੇ ਮਨਾਂ ਅੰਦਰ ਪੈਦਾ ਹੋ ਗਏ ਬਿਨਾ ਥੱਲੇ ਦੇ ਕੁਝ ਖੂਹ ਐਸੇ ਵੀ ਹੁੰਦੇ ਨੇ ਕੇ ਭਾਵੇਂ ਜਿੰਨੇ ਮਰਜੀ ਭਰੀ ਜਾਓ ਕਦੀ ਨਹੀਂ ਭਰਦੇ।

**ਹਰਪ੍ਰੀਤ ਸਿੰਘ**

# ਪੰਥ ਤੇ ਗ੍ਰੰਥ ਦੀ ਰਾਖੀ ਕਰਦੇ ਮੇਰੀ ਕੌਮ ਦੇ ਬਾਬੇ

**ਹਰਪ੍ਰੀਤ ਸਿੰਘ ਜਵੰਦਾ**

ਗੋਰਾ ਪੁੱਛਣ ਲੱਗਾ, ਹੁਣ ਕਾਰਾਂ ਤੋਂ ਸਟਿੱਕਰ ਲਾਹ ਦੇਵੋਗੇ, ਮੋਰਚਾ ਤਾਂ ਫਤਹਿ ਹੋ ਗਿਆ। ਆਖਿਆ ਨਹੀਂ ਅਜੇ ਹੋਰ ਖੁਸ਼ੀਂ ਮਨਾਉਣੀ ਏ, ਅਰਸੇ ਬਾਅਦ ਜੂ ਮਿਲੀ ਏ।

ਫੇਰ ਡਾਂਗ ਵਰਾਉਂਦਾ ਡਿਪਟੀ ਵੇਖ ਲਿਆ, ਨਵੀਂ ਪੀੜੀ ਕਿੰਤੂ ਪ੍ਰੰਤੂ ਕਰਦੀ, ਤਿੰਨ ਦਹਾਕੇ ਪਹਿਲੋਂ ਘੋਟਣੇ, ਚਰਖੜੀਆਂ, ਚੱਡੇ ਪਾੜ, ਪੁੱਠਾ ਟੰਗਣਾ, ਉਨੀਂਦਰੇ, ਬਾਲਟੀ ਡੋਬੂ ਤਸੀਹੇ, ਚੂਹਾ ਕੁੜੀਕੀ, ਕਰੰਟ, ਨਹੁੰ-ਪੁੱਟਣੇ, ਖਾਕੀ ਭਲਾ ਇਹ ਸਭ ਕੁਝ ਕਿੱਦਾਂ ਕਰ ਸਕਦੀ ਹੈ, ਬੱਸ ਵਧਾ ਚੜਾ ਕੇ ਦੱਸਿਆ ਜਾਂਦਾ ਹੈ।

ਆਖਿਆ ਸੈੱਲ ਫੋਨ ਦੇ ਇਸ ਜਮਾਨੇ ਵਿਚ ਵੀ ਵੇਖ ਕਿੱਦਾਂ ਬੇਖੌਫ ਕੁੱਟ ਰਿਹਾ ਏ, ਸਾਡੇ ਵੇਲੇ ਸ਼ਰੀਕ ਦਾ ਡੰਗਰ ਵੀ ਖੇਤ ਪੈ ਜਾਂਦਾ ਤਾਂ ਵੀ ਇੰਝ ਨਹੀਂ ਸਨ ਕੁੱਟਦੇ। ਜਨੂੰਨ, ਖਿਝ, ਪਾਗਲਪਨ, ਹੈਵਾਨੀਅਤ, ਜਾਨਵਰ ਬਿਰਤੀ, ਜੋ ਮਰਜੀ ਆਖ ਲਵੋ, ਬੀਕੋ, ਮਾਲ ਮੰਡੀ, ਬੀ ਆਰ ਮਾਡਰਨ ਸਕੂਲ, ਅਲਗੋਂ ਕੋਠੀ, ਦੁੱਗਰੀ ਕੈਂਪ, ਪਤਾ ਨੀ ਬੰਦ ਹਨੇਰੇ ਕਮਰਿਆਂ ਵਿਚ ਐਸੀ ਕਿਹੜੀ ਕੁੱਟ ਚਾੜਦੇ ਸਨ ਕਿ ਉਹ ਵੀ ਹਥਿਆਰ ਚੁੱਕ ਭਗੌੜੇ ਹੋ ਜਾਇਆ ਕਰਦੇ ਜਿਨਾਂ ਕਦੇ ਕੀੜੀ ਤੱਕ ਵੀ ਨਹੀਂ ਸੀ ਮਾਰੀ ਹੁੰਦੀ।

ਸਿੰਘੂ ਬਾਰਡਰ ਪਾਵੇ ਨਾਲ ਬੱਝਾ ਇੱਕ ਕਤੂਰਾ, ਹੈਰਾਨ ਪ੍ਰੇਸ਼ਾਨ, ਬੋਲ ਨੀ ਸਕਦਾ ਪਰ ਅੰਦਰੋਂ ਅੰਦਰੀ ਡਰੀ ਜਾਂਦਾ, ਕਿਧਰੇ ਇੱਥੇ ਹੀ ਨਾ ਛੱਡ ਜਾਵਣ।

ਫੇਰ ਅਵਾਰਾ ਢੱਗੇ ਨੂੰ ਰੋਟੀਆਂ ਖਵਾਉਂਦਾ ਸਿੰਘ, ਤਨੋਂ ਮਨੋਂ ਹੋ ਕੇ ਲਾਡ ਪਿਆਰ ਕਰਦੇ ਕਿੰਨੇ ਸਾਰੇ ਕੁੱਤੇ ਬਿੱਲੀਆਂ, ਇੱਕ ਆਖਦਾ ਇਹ ਵੀ ਸਾਡੇ ਨਾਲ ਹੀ ਜਾਣਗੇ।

ਗੱਲ ਗੱਲ ਤੇ ਰੋ ਪੈਂਦੀ ਇੱਕ ਬੀਬੀ, ਅਖ਼ੇ ਮੈਨੂੰ ਆਖਦੇ ਨੇ ਜੋ ਜੀ ਕਰਦਾ ਘਰੇ ਲੈ ਜਾ, ਕੂਲਰ ਗੱਦੇ ਭਾਂਡੇ ਚਾਦਰਾਂ ਅਤੇ ਹੋਰ ਵੀ ਕਿੰਨਾ ਕੁਝ ਅਸਾਂ ਨਾਲ ਕੁਝ ਨੀ ਖੜਨਾ, ਏਨੀ ਇੱਜ਼ਤ ਪਿਆਰ ਮਾਣ ਸਤਿਕਾਰ ਅਤੇ ਆਪਣਾਪਣ, ਪਹਿਲਾਂ ਨਾ ਤੇ ਕਦੀ ਮਿਲਿਆ ਸੀ ਤੇ ਨਾ ਹੀ ਸ਼ਾਇਦ ਦੋਬਾਰਾ ਕਦੇ ਮਿਲੇ।

ਇੱਕ ਆਖਦਾ ਬਾਬਾ ਬੰਦਾ ਸਿੰਘ ਬਹਾਦਰ ਵੀ ਇੰਝ ਹੀ ਕਰਿਆ ਕਰਦਾ ਸੀ, ਇਕੱਠੇ ਹੋਏ ਮਾਲ ਦੀ ਮੌਕੇ ਤੇ ਹੀ ਲੋੜਵੰਦਾਂ ਵਿਚ ਵੰਡ ਵੰਡਾਈ। ਗੋਡੀ ਕਰਕੇ ਵੱਡੀਆਂ ਕੀਤੀਆਂ ਮੂਲੀਆਂ ਗਾਜਰਾਂ, ਬਹੁਕਰ ਫੇਰਦੇ ਬਾਬੇ ਤਾਕੀਦ ਕਰਦੇ, ਪਾਣੀ ਕਦੋਂ ਲਾਉਣਾ ਤੇ ਪੁੱਟਣੀਆਂ ਕਦੋਂ ਨੇ।



ਕਾਫਲੇ ਵਾਪਿਸ ਤੁਰੇ ਜਾਂਦੇ ਨੇ ਪਰ ਇੱਕ ਬਾਬੇ ਹੁਰੀਂ ਉਚੀ ਥਾਂ ਖਲੋਤੇ ਬੱਸ ਦਿੱਲੀ ਵੱਲ ਨੂੰ ਹੀ ਵੇਖੀ ਜਾਂਦੇ। ਇੱਕ ਪੁੱਛਦਾ ਵਾਪਿਸ ਨੀ ਜਾਣਾ? ਅੱਗੋਂ ਆਖਦੇ ਪੁੱਤਰੋ ਇਹ ਦਿੱਲੀ ਅਵੇਸਲਾ ਕਰਕੇ ਪਿੱਛਿਓਂ ਵਾਰ ਕਰਦੀ ਆਈ ਏ..ਜਿੰਨੀ ਦੇਰ ਤੁਸੀਂ ਸਾਰੇ ਅੱਪੜ ਨਹੀਂ ਜਾਂਦੇ ਮੈਂ ਇਥੋਂ ਨਹੀਂ ਹਿੱਲਦਾ।

ਭੱਠਲ ਭਾਈ ਕੇ ਦਾ ਕਰਤਾਰ ਸਿੰਘ ਭੱਠਲ, ਛੇ ਤਰੀਕ ਤੜਕੇ, ਟੈਂਕਾਂ ਨੇ ਸ੍ਰੀ ਅਕਾਲ ਤਖ਼ਤ ਦੇ ਭੁਲੇਖੇ ਡਿਓਢੀ ਤੇ ਹੀ ਬੰਬ ਮਾਰਨੇ ਸ਼ੁਰੂ ਕਰ ਦਿੱਤੇ। ਅੰਦਰ ਦੋਵੇਂ ਪਿਓ ਪੁੱਤ, ਇੰਝ ਲੱਗੇ ਹੁਣੇ ਹੀ ਸਾਰੀ ਹੇਠਾਂ ਆ ਜਾਣੀ, ਸਾਰਾ ਕੁਝ ਸਿਰਾਂ ਤੇ ਚੁੱਕ ਅਕਾਲ ਤਖ਼ਤ ਦੇ ਮਗਰ ਬਣੇ ਇੱਕ ਚੁਬਾਰੇ ਤੇ ਆਣ ਬੈਠੇ। ਬਾਪੂ ਸਾਬਕਾ ਫੌਜੀ ਆਖਣ ਲੱਗਾ ਪੁੱਤਰੋ ਤੁਸੀਂ ਨਿਕਲ ਜਾਵੋ, ਪਿੰਡ ਡੰਗਰ ਵੱਛਾ ਭੁੱਖਾ ਹੋਣਾ, ਮੈਂ ਬੈਠਦਾ ਇਥੇ ਮੋਰਚੇ 'ਤੇ। ਘੰਟੇ ਕੁ ਮਗਰੋਂ ਫੜੇ ਗਏ, ਫੇਰ ਬਹਾਨੇ ਜਿਹੇ ਨਾਲ ਏਧਰ ਨੂੰ ਵੇਖਿਆ। ਓਥੇ ਨਾ ਤੇ ਉਹ ਚੁਬਾਰਾ ਸੀ ਤੇ ਨਾ ਬਾਪੂ ਜੀ, ਆਖਰੀ ਮੌਕੇ ਉਸ ਵੱਲੋਂ ਆਪਣੇ ਗੁੱਟ ਤੋਂ ਲਾਹ ਕੇ ਦਿੱਤੀ ਘੜੀ ਵੀ ਫੌਜੀਆਂ ਨੇ ਖੋਹ ਲਈ, ਖਹਿੜੇ ਪੈ ਗਿਆ, ਭਾਵੇਂ ਮਾਰ ਦਿਓ ਪਰ ਮੇਰੇ ਬਾਪੂ ਦੀ ਨਿਸ਼ਾਨੀ ਮੋੜ ਦਿਓ।

ਪ੍ਰਤੱਖ ਨੂੰ ਹੋਰ ਕਿੰਨੇ ਪ੍ਰਮਾਣ ਚਾਹੀਦੇ, ਬਾਪੂ ਤਾਂ ਮੁੱਢ ਤੋਂ ਹੀ ਇੰਝ ਰਾਖੀਆਂ ਕਰਦੇ ਆਏ ਹਨ।

ਹਰਿਆਣਵੀ ਵੀਰ ਜੱਫੀਆਂ ਪਾਈ ਜਾਂਦਾ, ਸੁਣਿਆਂ ਸੀ ਕਿ ਦਸਤਾਰਾਂ ਵਾਲੇ ਏਦਾਂ ਦੇ ਹੁੰਦੇ ਹ ਪਰ ਵੇਖਿਆ ਪਹਿਲੀ ਵੇਰ, ਏਡੇ ਹਠੀ ਅਤੇ ਧੁੰਨ ਦੀ ਪੱਕੇ, ਗੁਰੂ ਦੇ ਆਸੇ ਵਿਚ ਅਟੁੱਟ ਵਿਸ਼ਵਾਸ਼।

ਰੋਹਤਕ ਤੋਂ ਆਇਆ ਇੱਕ ਜਾਟ, ਅਖ਼ੇ ਤੀਰ ਵਾਲੇ ਬਾਬੇ ਦੀ ਅਸਲੀਅਤ ਤਾਂ ਸਾਨੂੰ ਹੁਣ ਪਤਾ ਲੱਗੀ, ਇਸੇ ਨਾ-ਇਨਸਾਫੀ ਦੇ ਖ਼ਿਲਾਫ਼ ਹੀ ਤਾਂ ਲੜਿਆ ਸੀ ਉਹ।

ਗੋਲਡਨ ਹੱਟ ਵਾਲਾ ਵੀਰ ਰਾਣਾ, ਢਾਬੇ ਦਾ ਰਾਹ ਬੰਦ ਕਰ ਦਿੱਤਾ ਤਾਂ ਕੈਮਰੇ ਅੱਗੇ ਰੋ ਪਿਆ ਸੀ। ਮੈਂ ਵੀ ਦੂਰ ਬੈਠਾ ਰੋ ਪਿਆ, ਓਸੇ ਵੇਲੇ ਫੋਨ ਕੀਤਾ ਉਸਨੂੰ ਜਰੂਰ ਮਿਲ ਕੇ ਧਰਵਾਸ ਦਿਓ। ਆਖੋ ਜਹਾਜ਼ੋਂ ਉੱਤਰਿਆ ਹਰ ਪੰਜਾਬੀ ਤੇਰੇ ਢਾਬੇ ਤੇ ਰੋਟੀ ਵੀ ਖਾਊ ਤੇ ਇਥੇ ਨਤਮਸਤਕ ਵੀ ਹੋਊ, ਅੱਜ ਕੈਮਰੇ ਸਾਹਮਣੇ ਬਾਗੋ ਬਾਗ ਹੋ ਰਿਹਾ ਸੀ, ਵਾਹਿਗੁਰੂ ਨੇ ਇੱਜਤ ਰੱਖ ਲਈ, ਰਾਣੇ ਵੀਰ ਨੂੰ ਸਾਡੇ ਵਾਂਙ ਲੈਅ ਜਿਹੀ ਵਿੱਚ ਆ ਕੇ ਜੈਕਾਰਾ ਛੱਡਣਾ ਵੀ ਆ ਗਿਆ, ਓਹੀ ਜੈਕਾਰਾ ਜਿਸਤੋਂ ਕਈ ਆਪਣਿਆਂ ਨੂੰ ਹੀ ਸੂਲ ਪੈਂਦਾ, ਅਖ਼ੇ ਜੈਕਾਰਾ ਨੀ ਛੱਡ ਹੋਣਾ, ਨਾਹਰੇ ਜਿੰਨੇ ਮਰਜੀ ਲੁਆ ਲਵੋ।

ਕਿਸੇ ਪੁੱਛਿਆ ਰਾਣਾ ਜੀ ਕਿੰਨਾ ਖਰਚਾ ਹੋ ਗਿਆ ਹੁਣ ਤੱਕ, ਅੱਗਿਓਂ ਹੱਸ ਕੇ ਟਾਲ ਦਿੰਦਾ, ਫੇਰ ਜ਼ੋਰ ਪੈਣ ਤੇ ਸਹਿ ਸੁਭਾ ਆਖ ਦਿੰਦਾ, ਕੋਈ ਅਠਾਰਾਂ ਵੀਹ ਕਰੋੜ, ਨਾਲ ਹੀ ਆਖਦਾ, ਮੈਂ ਕਿਹੜਾ ਨਾਲ ਲੈ ਕੇ ਜਾਣਾ ਏ। ਕਾਸ਼ ਅਡਾਨੀਆਂ, ਅੰਬਾਨੀਆਂ ਨੂੰ ਏਨੀ ਗੱਲ ਸਮਝ ਆ ਜਾਵੇ, ਕਿੰਨੇ ਜਿਗਰੇ ਆ, ਅਜੋਕੇ ਸ਼ੇਰ ਮੁਹੰਮਦ, ਨੂਰੇ ਮਾਹੀ, ਟੋਡਰ ਮੱਲ, ਪੀਰ ਬੁੱਧੂ ਸ਼ਾਹ, ਬੇਸ਼ੱਕ ਕਿੰਨੇ ਸਾਰੇ ਦੀਵਾਨ ਸੁੱਚਾ ਨੰਦ, ਗੰਗੂ ਅਤੇ ਚੰਦੂ ਵੀ ਕੋਲ ਹੀ ਫਿਰਦੇ ਨੇ, ਸੂਹਾਂ ਟੋਹਾ ਲੈਂਦੇ।

ਖੈਰ, ਗੱਲ ਲੰਮੀ ਹੋ ਜਾਣੀ ਏ, ਸ਼ਾਲਾ ਸਦੀਵੀਂ ਜਿਉਂਦੇ ਵੱਸਦੇ ਰਹਿਣ, ਪੰਥ ਗ੍ਰੰਥ ਅਤੇ ਨੌਜੁਆਨੀ ਦੀ ਰਾਖੀ ਕਰਦੇ ਮੇਰੀ ਕੌਮ ਦੇ ਬਾਬੇ।

# ਚੋਰ ਨਾਲੋਂ ਪੰਡ ਕਾਹਲੀ



**ਅਸ਼ੋਕ ਸੋਨੀ,**
੯੮੭੨੭੦੫੦੭੮

ਵਿਧਾਨ ਸਭਾ ਚੋਣਾਂ ਤੋਂ ਚਾਰ ਕੁ ਮਹੀਨੇ ਪਹਿਲਾਂ ਪਿੰਡ ਦੇ ਵਟਸਐਪ ਗਰੁੱਪ ਵਿਚ, ਅਖੌਤੀ ਰਾਸ਼ਟਰਵਾਦੀ ਪਾਰਟੀ ਦੇ ਪੱਕੇ ਭਗਤ ਲੰਬੜਾਂ ਦੇ ਗੁਰਦਿੱਤ ਨੇ, ਆਪਣੀ ਵੈਲਡਿੰਗ ਆਲੀ ਦੁਕਾਨ ਤੇ ਲਾਈਟ ਗਈ ਹੋਣ ਤੇ ਵਿਹਲੇ ਬੈਠੇ ਹੋਣ ਕਾਰਨ ਕਿਸੇ ਹੋਰ ਗਰੁੱਪ ਵਿਚੋਂ ਆਈ, ਦਿੱਲੀ ਆਲੀ ਅਖੌਤੀ ਇਮਾਨਦਾਰ ਪਾਰਟੀ ਦੇ ਮੁਖੀ ਦੀ ਇਮਾਨਦਾਰੀ ਨੂੰ ਨੰਗੇ ਕਰਦਿਆਂ ਦੀ ਕੋਈ ਵੀਡਿਓ ਪਾ ਦਿੱਤੀ। ਪੱਠੇ ਵੱਢਦੇ-ਵੱਢਦੇ ਹੀ ਆਹ ਵੀਡਿਓ ਵੇਖ ਕੇ ਇਮਾਨਦਾਰ ਪਾਰਟੀ ਦੇ ਪੱਕੇ ਸਪੋਟਰ ਬੋਹੜੇ ਕੇ ਜਸਵਿੰਦਰ ਨੂੰ ਬੜੀ ਤਲਖੀ ਆਈ, ਪੱਠੇ ਵੱਢਣੇ ਵਿਚਾਲੇ ਹੀ ਛੱਡਕੇ, ਜਸਵਿੰਦਰ ਨੇ ਵੀ ਜਵਾਬ ਵਿਚ ਗੁਰਦਿੱਤ ਆਲੀ ਪਾਰਟੀ ਦੇ ਦੇਸ਼ਮੁੱਖੀ ਦੇ ਝੂਠ ਦੀਆਂ ਪੰਡਾਂ ਦੀ ਵੀਹ ਕੁ ਵੀਡੀਓ ਕੱਠੀਆਂ ਹੀ ਗਰੁੱਪ ਵਿਚ ਠੋਕੀਆਂ ਤਾਂ ਗੁਰਦਿੱਤ ਵੀ ਬੇਇਜ਼ਤੀ ਮਹਿਸੂਸ ਕਰ ਗਿਆ। ਹੁਣ ਜਸਵਿੰਦਰ ਨੇ ਭਗਤਾਂ ਆਲੀ ਪਾਰਟੀ ਦੇ ਨਾਲ-ਨਾਲ ਜਦੋਂ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਦੇ ਘੋਟਾਲਿਆਂ ਦਾ ਜ਼ਿਕਰ ਕੀਤਾ ਤਾਂ ਇਸ ਪਾਰਟੀ ਦੇ ਵਿਹਲੇ ਮੋਰਚੇ ਦੇ ਜਨਰਲ ਸਕੱਤਰ ਬਲਕਾਰ ਮਿਸਤਰੀ ਨੇ ਵੀ ਕਰੰਡੀ ਵਿਚਾਲੇ ਛੱਡ ਜਵਾਬ ਵਿਚ ਇਮਾਨਦਾਰ ਪਾਰਟੀ ਤੇ ਪੰਥਕ ਪਾਰਟੀ ਨੂੰ ਲਪੇਟੇ 'ਚ ਲੈ ਕੇ ਪੋਸਟ ਠੋਕ ਦਿੱਤੀ, ਹੁਣ ਪੰਥਕ ਪਾਰਟੀ ਦੇ 3500ਵੇਂ ਸੀਨੀਅਰ ਜ਼ਿਲਾ ਮੀਤ ਪ੍ਰਧਾਨ ਬਲਜਿੰਦਰ ਦੋਧੀ ਨੂੰ ਵੀ ਖੁਸ਼ਕੀ ਆ ਗਈ। ਉਸ ਨੇ ਦੁੱਧ ਲੈਣ ਆਈ ਬੀਬੀ ਨੂੰ ਵਿਚਾਲੇ ਰੋਕ ਕੇ ਪਹਿਲਾਂ ਇਨਾਂ ਤਿੰਨਾਂ ਪਾਰਟੀਆਂ ਨੂੰ ਪੰਥ ਵਿਰੋਧੀ, ਪੰਜਾਬ ਵਿਰੋਧੀ ਤੇ ਕੌਮ ਵਿਰੋਧੀ ਗਰਦਾਨ ਕੇ ਆਪਣੀ ਭੜਾਸ ਕੱਢਦਿਆਂ ਪੋਸਟ ਪਾ ਦਿੱਤੀ। ਹੁਣ ਕਿਸਾਨ ਯੂਨੀਅਨ ਆਲਾ ਚੌਧਰੀਆਂ ਦਾ ਰਾਜੀਵ ਪਲੰਬਰ ਵੀ ਆ ਗਿਆ ਮੈਦਾਨ ਵਿੱਚ। ਲਓ ਜੀ ਪਿੰਡ ਦੇ 257 ਬੰਦਿਆਂ ਦੇ ਵੱਡੇ ਗਰੁੱਪ ਵਿਚ ਬਹਿਸ ਆਲੀ ਹਨੇਰੀ ਚੱਲਣ ਲੱਗ ਪਈ, ਇਹ ਪੰਜੇ ਜਣੇ ਆਪਸ ਵਿਚ ਹੁਣ ਰੋਜ਼ ਹੀ ਬਹਿਸ ਕਰੀ ਜਾਂਦੇ ਤੇ ਲੋਕ ਸਵਾਦ ਲਈ ਜਾਂਦੇ।

ਹੁਣ ਹੌਲੀ-ਹੌਲੀ ਇਹ ਬਹਿਸ ਪਾਰਟੀਆਂ ਤੋਂ ਹੁੰਦੀ-ਹੁੰਦੀ ਨਿੱਜੀ ਪੱਧਰ 'ਤੇ ਆ ਗਈ। ਪਿੰਡ ਦੇ ਲੋਕ ਇਨਾਂ ਦੀਆਂ ਪੋਸਟਾਂ ਦੇ ਸਕ੍ਰੀਨ ਸ਼ਾਟ ਲੈਂਦੇ ਤੇ ਵਾਇਰਲ ਕਰਦੇ ਤੇ ਇਹ ਭੋਲੇ-ਭਾਲੇ ਸਾਫ ਮਨ ਦੇ ਸਿੱਧੇ ਬੰਦੇ ਆਪਸ ਵਿਚ ਬਿਨਾ ਮਤਲਬ ਹੀ ਘੁਲਦੇ ਰਹਿੰਦੇ। ਸਥਿਤੀ ਇਹ ਹੋ ਗਈ ਕਿ ਪੰਜੇ ਜਣੇ, ਸਾਰਾ ਦਿਨ ਆਪਣੀ ਦਿਹਾੜੀ ਤੇ ਕੰਮ ਦੀ ਪ੍ਰਵਾਹ ਨਾ ਕਰਦੇ ਹੋਏ ਮੈਟਰ ਇਕੱਠਾ ਕਰਦੇ ਰਹਿੰਦੇ ਕਿ ਸ਼ਾਮ ਨੂੰ ਗਰੁੱਪ ਵਿੱਚ ਆਪਣੀ ਪਾਰਟੀ ਨੂੰ ਕਿਵੇਂ ਇਮਾਨਦਾਰ ਤੇ ਅਗਲੇ ਨੂੰ ਕਿਵੇਂ ਬੇਈਮਾਨ ਸਿੱਧ ਕਰਾਂਗੇ। ਹੁਣ ਇਨਾਂ ਪੰਜਾਂ ਦੇ ਵਿਚਕਾਰ ਪਾਰਟੀਬਾਜ਼ੀ ਕਾਰਨ ਨਿੱਜੀ ਕੁੜੱਤਣ ਦੀ ਅੱਗ ਲਗਾਤਾਰ ਵੱਧਦੀ ਗਈ, ਜਿਸ ਵਿੱਚ ਪਿੰਡ ਦੇ ਕੁਝ-ਕੁ ਸਵਾਦੂ ਬੰਦਿਆਂ ਵੱਲੋਂ ਲੂਣ-ਮਿਰਚ ਲਾ ਕੇ ਕੀਤੀਆਂ ਚੁਗਲੀਆਂ ਨੇ ਘਿਓ ਦਾ ਕੰਮ ਕੀਤਾ। ਹਾਲਾਤ ਇਹ ਹੋ ਗਏ ਕਿ ਇਕੋ ਪਿੰਡ ਦੇ ਆਮ ਘਰਾਂ ਦੇ ਇਹ ਆਮ ਭਾਵਕ ਲੋਕ ਬਿਨਾਂ ਕਿਸੇ ਨਿੱਜੀ ਕਾਰਨ ਤੋਂ ਹੀ ਇਕ ਦੂਜੇ ਦੇ ਦੁਸ਼ਮਣ ਬਣ ਗਏ ਤੇ ਆਪਸ ਵਿਚ ਇਨਾਂ ਦੀ ਬੋਲਚਾਲ ਵੀ ਹੁਣ ਬੰਦ ਹੋ ਗਈ।

ਲਓ ਜੀ, ਵਿਧਾਨ ਸਭਾ ਚੋਣਾਂ ਲਈ ਟਿਕਟਾਂ ਦਾ ਐਲਾਨ ਹੋਣਾ ਸ਼ੁਰੂ ਹੋ ਗਿਆ। ਅੱਜ ਅਖੌਤੀ ਇਮਾਨਦਾਰ ਪਾਰਟੀ ਦੀ ਪਹਿਲੀ ਲਿਸਟ ਜਾਰੀ ਹੋ ਗਈ, ਜੋ ਬੋਹੜੇ ਕੇ ਜਸਵਿੰਦਰ ਲਈ ਤਾਂ ਕਰੰਟ ਵਾਂਗੂ ਸੀ। ਜਸਵਿੰਦਰ ਦੇ ਖਾਸਮ-ਖਾਸ ਲੀਡਰ ਰਜਿੰਦਰ ਦੀ ਇੰਨੇ ਸਾਲਾਂ ਦੀ ਮਿਹਨਤ ਨੂੰ ਨਜ਼ਰਅੰਦਾਜ਼ ਕਰਦਿਆਂ ਇਸ ਇਮਾਨਦਾਰ ਪਾਰਟੀ ਵਿਚ ਨਵੇਂ ਬਣੇ ਇਨਕਲਾਬੀ ਨੂੰ ਉਮੀਦਵਾਰ ਐਲਾਨ ਦਿੱਤਾ ਗਿਆ, ਹੁਣ ਗਰੁੱਪ 'ਚ ਵੈਲਡਿੰਗ ਆਲੇ ਗੁਰਦਿੱਤ, ਬਲਕਾਰ ਮਿਸਤਰੀ, ਬਲਜਿੰਦਰ ਦੋਧੀ ਤੇ ਰਾਜੀਵ ਹੁਰੀਂ ਜਸਵਿੰਦਰ ਦੀ ਚੁੱਪੀ ਤੇ ਕੱਛਾਂ ਵਜਾਉਣ ਲੱਗ ਪਏ ਪਰ ਹਜੇ ਰਾਤ ਵੀ ਨਹੀਂ ਲੰਘੀ ਸੀ ਕਿ ਜਸਵਿੰਦਰ ਦੇ ਮਨਪਸੰਦ ਇਨਕਲਾਬੀ ਰਜਿੰਦਰ ਨੂੰ ਗੁਰਦਿੱਤ ਦੀ ਰਾਸ਼ਟਰਵਾਦੀ ਪਾਰਟੀ ਨੇ ਚਿੱਟੇ ਤੋਂ ਭਗਵੇਂ ਵਿਚ ਤਬਦੀਲ ਕਰ, ਆਪਣੀ ਪਾਰਟੀ ਵਿਚ ਸ਼ਾਮਲ ਕਰਕੇ ਟਿਕਟ ਵੀ ਦੇ ਦਿੱਤੀ। ਹੁਣ ਰਜਿੰਦਰ ਦੀ ਦਲ ਬਦਲੀ ਕਾਰਨ, ਜਸਵਿੰਦਰ ਹੀ ਨਹੀਂ, ਗੁਰਦਿੱਤ ਨੂੰ ਵੀ ਦਿੱਕਤ ਹੋ ਗਈ। ਉਸਦੇ ਖਾਸ ਲੀਡਰ ਸਾਬਕਾ ਮੰਤਰੀ ਨੇ ਭਗਵਾ ਛੱਡਦਿਆਂ ਹੁਣ ਰਾਸ਼ਟਰਵਾਦੀ ਪਾਰਟੀ 'ਚੋਂ ਅਸਤੀਫਾ ਦੇ, ਰਾਸ਼ਟਰੀ ਪਾਰਟੀ ਦੀ ਤਿਰੰਗੀ ਪੱਟੀ ਗੱਲ ਪਾ ਲਈ ਤੇ ਨਾਲ ਹੀ ਟਿਕਟ ਵੀ ਲੈ ਗਿਆ। ਹੁਣ ਰਾਸ਼ਟਰੀ ਪਾਰਟੀ ਦੇ ਸਮਰਥਕ ਬਲਕਾਰ ਮਿਸਤਰੀ ਨੂੰ ਦਿੱਕਤ ਆ ਗਈ, ਉਸਦੇ ਲੀਡਰ ਸ਼ਾਮ ਲਾਲ ਦੀ ਟਿਕਟ ਤੇ ਗੁਰਦਿੱਤ ਦੇ ਲੀਡਰ ਦਾ ਕਬਜ਼ਾ ਹੋ ਗਿਆ ਪਰ ਸ਼ਾਮ ਲਾਲ ਕਿਹੜਾ ਕੱਚਾ ਖਿਡਾਰੀ ਸੀ, ਉਹ ਸ਼ਾਮ ਨੂੰ ਹੀ ਪ੍ਰਧਾਨ ਸਾਬ ਹੁਰਾਂ ਦਾ ਪ੍ਰੋਗਰਾਮ ਘਰੇ ਰੱਖ ਜੈਕਾਰਾ ਛੱਡਦਿਆਂ, ਪੰਥਕ ਪਾਰਟੀ ਵਿਚ ਸ਼ਾਮਲ ਹੋ ਪੰਥਕ ਉਮੀਦਵਾਰ ਬਣ ਗਿਆ ਤਾਂ ਬਲਜਿੰਦਰ ਦੋਧੀ ਦੇ ਪੰਥਕ ਲੀਡਰ ਨੇ ਰਾਤੋਂ-ਰਾਤ ਕਿਸਾਨੀ ਮੋਰਚੇ ਦੀ ਪਾਰਟੀ ਦੀ ਟਿਕਟ ਹਾਸਲ ਕਰ ਲਈ। ਹੁਣ ਸਾਰੇ ਲੀਡਰ ਤਾਂ ਸੈੱਟ ਹੋ ਗਏ ਪਰ ਮੇਰੇ ਪਿੰਡ ਦੇ ਇਹ ਪੰਜੇ ਪ੍ਰਧਾਨ ਸ਼ਰਮਿੰਦਾ ਹੋ ਕੇ ਆਪਸ ਵਿਚ ਵਿਗਾੜ ਪਾ ਕੇ ਹਮੇਸ਼ਾ ਲਈ ਰਾਜਨੀਤੀ ਨੂੰ ਅਲਵਿਦਾ ਆਖ ਗਏ ਤੇ ਲੋਕ ਅੱਜ ਵੀ ਇਨਾਂ ਦੀਆਂ ਬਹਿਸਾਂ ਦੇ ਸਕ੍ਰੀਨ ਸ਼ਾਟ ਪਾ ਕੇ ਮਖੌਲਾਂ ਉਡਾ ਰਹੇ ਹਨ।

ਭਾਵੇਂ ਇਹ ਤਾਂ ਕਾਲਪਨਿਕ ਕਹਾਣੀ ਸੀ ਪਰ ਅਸਲ ਵਿਚ ਸਾਡੇ ਭੋਲੇ-ਭਾਲੇ ਆਮ ਲੋਕਾਂ 'ਚ ਵੱਡੇ ਲੀਡਰਾਂ ਜਿੰਨੀ ਬੇਸ਼ਰਮੀ ਨਹੀਂ ਹੋ ਸਕਦੀ। ਰਾਜਨੀਤੀ ਕਰੋ, ਆਪਣੀ ਪਾਰਟੀ ਜਾਂ ਆਪਣੇ ਲੀਡਰ ਦੀ ਸਪੋਰਟ ਕਰੋ ਪਰ ਆਪਸੀ ਭਾਈਚਾਰਕ ਸਾਂਝ ਕਦੇ ਨਾਂ ਖਤਮ ਕਰੋ। ਜਿਨਾਂ ਲੀਡਰਾਂ ਲਈ ਤੁਸੀਂ ਭਾਵੁਕ ਹੋ ਕੇ ਵੈਰ ਪਾ ਰਹੇ ਹੋ, ਕੀ ਉਹ ਲੀਡਰ ਵੀ ਤੁਹਾਡੇ ਲਈ ਭਾਵੁਕ ਨੇ? ਕੀ ਉਨਾਂ ਦਾ ਆਪਣਾ ਕੋਈ ਸਪੱਸ਼ਟ ਸਟੈਂਡ ਹੈ ਜਾਂ ਟਿਕਟ ਮਿਲਣਾ ਹੀ ਵਿਚਾਰਧਾਰਾ ਹੈ? ਸਾਥਿਓ ਚੋਣਾਂ ਆਉਣਗੀਆਂ ਤੇ ਜਾਣਗੀਆਂ, ਲੀਡਰ ਆਉਣਗੇ ਤੇ ਜਾਣਗੇ ਪਰ ਆਪਾਂ ਤਾਂ ਇਕੱਠੇ ਹੀ ਰਹਿਣਾ ਹੈ। ਸੋ ਆਓ ਅੱਜ ਤੋਂ ਹੀ ਨਿਯਮ ਬਣਾਈਏ, ਪਾਰਟੀਆਂ ਜਾਂ ਲੀਡਰਾਂ ਪਿੱਛੇ ਭਾਵੁਕ ਹੋ ਕੇ ਨਿੱਜੀ ਹਮਲੇ ਨਾ ਕਰਦੇ ਹੋਏ ਹਰੇਕ ਪਾਰਟੀ ਦੇ ਕਾਰਕੁੰਨ ਦਾ ਸਨਮਾਨ ਕਰੀਏ ਤਾਂ ਜੋ ਸਾਡਾ ਵੀ ਸਨਮਾਨ ਕਾਇਮ ਰਹੇ।

## ਵੋਟਾਂ

ਗੀਤ ਵੋਟਾਂ ਉਤੇ ਸੋਭਦਾ ਨਹੀਂ
ਕਰਾਂ ਕੀ ਉਹ ਜੜਾਂ ਵੱਡਦੈ
ਨਿਰਾ ਕੰਡਾ ਹੀ ਤਾਂ ਚੋਭਦਾ ਨਹੀਂ।
ਲੋਭ ਮਾਰ ਗਏ ਨਵਾਬੀ ਦੇ
ਲਿਸਟਾਂ 'ਚੋਂ ਬਾਹਰ ਹੋ ਗਏ
ਕੁਲ ਮਸਲੇ ਪੰਜਾਬੀ ਦੇ।
ਜੇਲਾਂ ਵਿਚ ਜਵਾਨੀ ਏ
ਕੌਮ ਸ਼ਰਨਾਰਥੀ ਬਣੀ
ਹੋਈ ਧਰਤ ਬਿਗਾਨੀ ਏ।
ਸੋਮੇ ਸੁੱਕ ਚੱਲੇ ਨੀਰਾਂ ਦੇ
ਚੋਰਾਂ ਹੱਥ ਸੂਬੇਦਾਰੀਆਂ
ਖੀਸੇ ਫੋਲਦੇ ਫ਼ਕੀਰਾਂ ਦੇ।
ਹੋਇਆ ਦੌਰ ਬੇਅਦਬਾਂ ਦਾ
ਚਾਹੁੰਦੈ ਅਪਮਾਨ ਕਰਨਾ
ਸੁੱਚੇ ਅਰਸ਼ੀ ਸ਼ਬਦਾਂ ਦਾ।
ਪਿੱਛੇ ਲੱਗ ਗਏ ਵਜੀਰਾਂ ਦੇ
ਗੁਰੂ ਵੱਲ ਪਿੱਠ ਕਰਕੇ
ਸਉਦੇ ਕਰ ਗਏ ਜ਼ਮੀਰਾਂ ਦੇ।
ਹੜ ਕੁਫਰਾਂ ਦਾ ਚੜਿਆ ਏ
ਹੋਰ ਨਾ ਕੋਈ ਆਸ ਮਾਲਕਾ
ਇੱਕੋ ਲੜ ਤੇਰਾ ਫੜਿਆ ਏ।

**ਹਰਦੇਵ ਸਿੰਘ**

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਛੇਵੀਂ ਕਿਸ਼ਤ

ਜ਼ਕਰੀਆ ਖਾਂ ਦੀ ਮੌਤ ਪਿੱਛੋਂ, ਦੋ-ਢਾਈ ਸਾਲ ਇੰਜ ਬੀਤੇ, ਲੱਗਦਾ ਸੀ, ਪੰਜਾਬ ਵਿਚ ਨਾ ਕੋਈ ਰਾਜ ਹੈ, ਨਾ ਰਾਜ-ਪ੍ਰਬੰਧ। ਇਕ ਪਾਸੇ ਜ਼ਕਰੀਆ ਖਾਂ ਦੇ ਦੋਵੇਂ ਬੇਟੇ ਯਹੀਆ ਖਾਂ ਤੇ ਸ਼ਾਹ ਨਿਵਾਜ ਵਿਚਕਾਰ ਉਤਰ-ਅਧਿਕਾਰੀ ਬਣਨ ਲਈ ਘਰੇਲੂ-ਜੰਗ ਸ਼ੁਰੂ ਹੋ ਗਈ ਤੇ ਦੂਜੇ ਪਾਸੇ ਕਠਪੁਤਰੀ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਤੇ ਉਸਦੇ ਵਜੀਰ ਕਮਰੂੱਦੀਨ ਖਾਂ ਵਿਚ ਠਣ ਗਈ। ਬਾਦਸ਼ਾਹ ਇਹ ਨਹੀਂ ਸੀ ਚਾਹੁੰਦਾ ਕਿ ਪੰਜਾਬ ਵਿਚ ਤੁਰਾਨੀ-ਦਲ ਦਾ ਹੀ ਰਾਜ ਰਹੇ, ਜਦੋਂ ਕਿ ਕਮਰੂੱਦੀਨ ਆਪਣਾ ਖਾਨਦਾਨੀ ਰਾਜ ਕਾਇਮ ਰੱਖਣ ਉੱਤੇ ਤੁਲਿਆ ਹੋਇਆ ਸੀ। ਰੰਗੀਲਾ ਸਿਰਫ ਨਾਂ ਦਾ ਹੀ ਬਾਦਸ਼ਾਹ ਸੀ। ਸੱਤਾ ਕਮਰੂੱਦੀਨ ਦੇ ਹੱਥ ਵਿਚ ਸੀ। ਉਸਨੇ ਜ਼ਕਰੀਆ ਖਾਂ ਦੇ ਭਤੀਜੇ ਨੂੰ ਫੈਸਲਾ ਨਾ ਹੋਣ ਤਕ ਆਰਜ਼ੀ ਸੂਬੇਦਾਰ ਬਣਾ ਦਿੱਤਾ। ਖਜਾਨਾ ਖਾਲੀ ਸੀ, ਫੌਜ ਨੂੰ ਤਨਖਾਹ ਨਹੀਂ ਸੀ ਮਿਲ ਰਹੀ। ਨਵਾਬ ਅਬਦੁੱਲਾ ਨੇ ਆਪਣੇ ਅਸਥਾਈ ਸ਼ਾਸਨ ਕਾਲ ਵਿਚ ਆਪਣਾ ਘਰ ਭਰ ਲੈਣ ਦੀ ਸੋਚੀ। ਕਿਸਾਨਾਂ ਉਪਰ ਲਗਾਨ ਵਧਾ ਦਿੱਤਾ ਗਿਆ ਤੇ ਫੌਜ ਨੂੰ ਜਿੱਥੋਂ ਵੀ ਤੇ ਜਿਵੇਂ ਵੀ ਹੋ ਸਕੇ ਪੈਸੇ ਕਮਾਉਣ ਦੀ ਖੁੱਲੀ ਛੁੱਟੀ ਮਿਲ ਗਈ। ਸਿੱਟਾ ਇਹ ਕਿ ਅਜਿਹੀ ਹਨੇਰਗਰਦੀ ਮੱਚ ਗਈ ਕਿ ਲੋਕ ਹਾਹਾਕਾਰ ਕਰ ਉਠੇ ਤੇ ਇਹ ਕਹਾਵਤ ਹੋਂਦ ਵਿਚ ਆਈ :

'ਹਕੂਮਤ ਨਵਾਬ ਅਬਦੁੱਲਾ,
ਨਾ ਚੱਕੀ ਰਹੀ, ਨਾ ਚੁੱਲਾ।'

ਭਰਾਵਾਂ ਵਿਚ ਚੱਲ ਰਹੇ ਵਿਰਾਸਤ ਦੇ ਝਗੜੇ ਨੂੰ ਨਿਬੇੜਨ ਲਈ ਵਜੀਰ ਕਮਰੂੱਦੀਨ ਖਾਂ ਨੇ ਬਾਦਸ਼ਾਹ ਨੂੰ ਇਹ ਸੁਝਾਅ ਦਿੱਤਾ ਕਿ ਯਹੀਆ ਖਾਂ ਨੂੰ ਲਾਹੌਰ ਦਾ ਤੇ ਸ਼ਾਹ ਨਵਾਜ ਖਾਂ ਨੂੰ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ ਜਾਏ। ਪਰ ਬਾਦਸ਼ਾਹ ਨੇ ਉਸਦਾ ਇਹ ਸੁਝਾਅ ਰੱਦ ਕਰ ਦਿੱਤਾ ਕਿਉਂਕਿ ਉਹ ਸੂਬੇਦਾਰ ਦੀ ਨਿਯੁਕਤੀ ਆਪਣੀ ਮਰਜ਼ੀ ਨਾਲ ਕਰਕੇ ਆਪਣੇ ਆਪ ਨੂੰ ਸੁਤੰਤਰ ਸ਼ਾਸਕ ਸਿੱਧ ਕਰਨਾ ਚਾਹੁੰਦਾ ਸੀ ਤੇ ਪੰਜਾਬ ਨੂੰ ਤੁਰਾਨੀ-ਦਲ ਦੇ ਜੱਦੀ ਅਧਿਕਾਰ ਹੇਠੋਂ ਮੁਕਤ ਕਰਨਾ ਚਾਹੁੰਦਾ ਸੀ।

ਵਜੀਰ ਕਮਰੂੱਦੀਨ ਬੜਾ ਚਤੁਰ ਤੇ ਧੁਨ ਦਾ ਪੱਕਾ ਆਦਮੀ ਸੀ। ਜਿੱਥੇ ਉਹ ਬਾਦਸ਼ਾਹ ਉੱਤੇ ਅੰਕੁਸ਼ ਰੱਖਣਾ ਚਾਹੁੰਦਾ ਸੀ, ਉੱਥੇ ਹੀ ਪੰਜਾਬ ਨੂੰ ਵੀ ਵਿਰੋਧੀ ਦਲ ਦੇ ਹੱਥਾਂ ਵਿਚ ਨਹੀਂ ਸੀ ਜਾਣ ਦੇਣਾ ਚਾਹੁੰਦਾ। ਉਂਜ ਵੀ ਯਹੀਆ ਖਾਂ ਉਸਦਾ ਜਵਾਈ ਸੀ ਤੇ ਉਹ ਉਸਨੂੰ ਪੰਜਾਬ ਦਾ ਨਵਾਬ ਬਨਾਉਣਾ ਚਾਹੁੰਦਾ ਸੀ। ਜਦੋਂ ਬਾਦਸ਼ਾਹ ਨੇ ਉਸਦਾ ਸੁਝਾਅ ਰੱਦ ਕਰ ਦਿੱਤਾ ਤਾਂ ਉਹ ਢੀਠਾਂ ਵਾਂਗ ਮੁਸਕਰਾਇਆ ਤੇ ਮਨ ਹੀ ਮਨ ਵਿਚ ਇਹ ਕਹਾਵਤ ਦਹੁਰਾਈ, 'ਕਿਆ ਪਿੱਦੀ, ਕਿਆ ਪਿੱਦੀ ਕਾ ਸ਼ੋਰਬਾ'। ਉਸਨੇ ਚੁੱਪਚਾਪ ਫੈਸਲਾ ਕੀਤਾ ਤੇ ਯਹੀਆ ਖਾਂ ਨੂੰ ਕਿਹਾ, 'ਜਾਹ, ਜਾ ਕੇ ਲਾਹੌਰ 'ਤੇ ਕਬਜਾ ਕਰ ਲੈ। ਰੰਗੀਲਾ ਜੋ ਤੀਰ ਮਾਰੇਗਾ, ਉਸਨੂੰ ਮੈਂ ਦੇਖ ਲਵਾਂਗਾ।'

ਫੌਜ ਤਿਆਰ ਸੀ। ਯਹੀਆ ਖਾਂ ਉਸਨੂੰ ਲੈ ਕੇ ਲਾਹੌਰ ਆ ਪਹੁੰਚਿਆ। ਸ਼ਾਹ ਨਵਾਜ਼ ਖਾਂ ਤੋਂ ਇਹ ਸਹਿ ਨਾ ਹੋਇਆ। ਉਹ ਵੀ ਆਪਣੀ ਫੌਜ ਲੈ ਕੇ ਆ ਪਹੁੰਚਿਆ। ਉਹ ਬੜਾ ਹਿਰਖੀ ਸੁਭਾਅ ਦਾ ਆਦਮੀ ਸੀ। ਭਰਾ ਨੂੰ ਕਹਿਣ ਲੱਗਾ, 'ਤੁਹਾਡੀ ਵਿਰਾਸਤ ਵਿਚ ਮੇਰਾ ਵੀ ਹਿੱਸਾ ਹੈ, ਬਟਵਾਰਾ ਹੋਵੇਗਾ। ਸਿੱਧੀ ਤਰਾਂ ਨਾ ਹੋਇਆ ਤਾਂ ਤਲਵਾਰ ਦੀ ਨੋਕ 'ਤੇ ਹੋਵੇਗਾ।'

ਯਹੀਆ ਖਾਂ ਨੂੰ ਆਪਣੇ ਵਜ਼ੀਰ ਸਹੁਰੇ ਦੀ ਮਦਦ ਦਾ ਭਰੋਸਾ ਸੀ। ਬੋਲਿਆ, 'ਇਹ ਮੂੰਹ ਤੇ ਮਸਰਾਂ ਦੀ ਦਾਲ। ਵੱਡਾ ਆਇਆ ਏ ਬਟਵਾਰਾ ਕਰਨ ਵਾਲਾ।'

ਦੋਵਾਂ ਭਰਾਵਾਂ ਦੀਆਂ ਫੌਜਾਂ ਆਪਸ ਵਿਚ ਭਿੜ ਗਈਆਂ। ਸ਼ਾਹ ਨਵਾਜ਼ ਮਿਜਾਜ਼ ਦਾ ਕਰਾਰਾ ਹੀ ਨਹੀਂ, ਤਲਵਾਰ ਦਾ ਧਨੀ ਵੀ। ਇਸ ਘੱਲੂਘਾਰੇ ਪਿੱਛੋਂ ਸਿੱਖ ਏਧਰ ਉਧਰ ਖਿੱਲਰ ਗਏ। ਸੁੱਖਾ ਸਿੰਘ ਜੈਤੋ ਜਾ ਟਿਕਿਆ। ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਬਿੱਜੂ ਕੇ, ਹਰੀ ਸਿੰਘ ਦਿਆਲ ਪੁਰੇ, ਚੜਤ ਸਿੰਘ ਪੱਕੇ ਪਥਰਾਲੇ ਦੇ ਕੁਝ ਹੋਰ ਡਰੌਲੀ ਦੇ ਆਸ-ਪਾਸ ਜਾ ਟਿਕੇ। ਮਤਲਬ ਇਹ ਕਿ ਜਿਧਰ ਜਿਸਦੇ ਸਿੰਗ ਸਮਾਏ, ਉਹ ਉਹ ਉਧਰ ਹੀ ਜਾ ਟਿਕਿਆ।

ਛੇ ਮਹੀਨਿਆਂ ਦੀ ਭੱਜ-ਨੱਠ, ਭੁੱਖ-ਪਿਆਸ ਤੇ ਯੁੱਧ ਦੀਆਂ ਤਕਲੀਫਾਂ ਝਲਣ ਪਿੱਛੋਂ ਉਹ ਫੇਰ ਹਰਕਤ ਵਿਚ ਆ ਗਏ ਤੇ ਸਰਕਾਰ ਦੇ ਵਿਰੁੱਧ ਸੰਘਰਸ਼ ਵਿਚ ਉਤਰ ਆਏ। ਪਹਿਲਾਂ ਪਹਿਲਾਂ ਆਪੋ ਆਪਣੇ ਇਲਾਕਿਆਂ ਵਿਚ ਛਾਪੇ ਮਾਰਨੇ ਸ਼ੁਰੂ ਕੀਤੇ। ਇਸ ਸਮੇਂ ਜੱਸਾ ਸਿੰਘ, ਹਰੀ ਸਿੰਘ, ਚੜਤ ਸਿੰਘ, ਝੰਡਾ ਸਿੰਘ ਤੇ ਗੰਡਾ ਸਿੰਘ ਇਕੱਠੇ ਸਨ ਤੇ ਉਹ ਛਾਪੇ ਮਾਰਨ ਵਿਚ ਇਕ ਦੂਜੇ ਦੀ ਸਹਾਇਤਾ ਕਰਦੇ ਸਨ। ਇਹਨਾਂ ਛਾਪਿਆਂ ਦਾ ਮਕਸਦ ਕਿਸੇ ਸ਼ਹਿਰ ਜਾਂ ਪਿੰਡ ਉੱਤੇ ਕਬਜਾ ਜਮਾਉਣਾ ਨਹੀਂ, ਉਗਰਾਹੀ ਕਰਨਾ, ਨਜ਼ਰਾਨੇ ਲੈਣਾ ਤੇ ਆਪਣੇ ਵਿਰੋਧੀ ਰਾਈਸਾਂ ਤੇ ਜਾਗੀਰਦਾਰਾਂ ਨੂੰ ਲੁੱਟਣਾ ਸੀ। ਸੂਹੀਆਂ ਦੁਆਰਾ ਜੋ ਜਾਣਕਾਰੀ ਪ੍ਰਾਪਤ ਹੁੰਦੀ, ਛਾਪਾ ਮਾਰਨ ਦੀ ਵਿਉਂਤ-ਬੰਦੀ ਉਸੇ ਅਨੁਸਾਰ ਕੀਤੀ ਜਾਂਦੀ।

ਇਨੀਂ-ਦਿਨੀਂ ਬੇਨਾਮ ਸੂਫੀ ਫਕੀਰ ਆਪਣਾ ਘੁੰਗਰੂਆਂ ਵਾਲਾ ਗੋਲ ਕੂਲਾ ਡੰਡਾ ਲਈ ਕਸੂਰ ਵਿਚ ਘੁੰਮ ਰਿਹਾ ਸੀ। ਅਨਾਥ ਬੱਚਿਆਂ ਦੀ ਟੋਲੀ ਹੁਣ ਉਸਦੇ ਨਾਲ ਨਹੀਂ ਸੀ ਹੁੰਦੀ। ਉਨਾਂ ਨੂੰ ਉਹ ਸਾਈਂ ਜਹੀਰ ਬਖ਼ਸ਼ ਦੇ ਤਕੀਏ ਵਿਚ ਛੱਡ ਆਇਆ ਸੀ। ਹੁਣ ਉਹ ਇਕੱਲਾ ਹੁੰਦਾ ਸੀ। ਧਰਤੀ ਉਪਰ ਡੰਡਾ ਮਾਰ ਮਾਰ ਕੇ ਘੁੰਗਰੂਆਂ ਦੀ ਛਣਕਾਰ ਦੇ ਨਾਲ, ਆਪਣੀ ਸੁਰੀਲੀ ਆਵਾਜ਼ ਵਿਚ, ਕਦੀ ਕਬੀਰ ਦੀ ਸਾਖੀ ਤੇ ਕਦੀ ਬੁੱਲੇ ਸ਼ਾਹ ਦੀ ਕਾਫ਼ੀ ਗਾਉਂਦਾ ਤੇ ਇਕੱਠੀ ਹੋਈ ਆਮ ਲੋਕਾਂ ਦੀ ਭੀੜ ਨੂੰ ਆਪਸ ਵਿਚ ਪਿਆਰ ਤੇ ਮੁਹੱਬਤ ਨਾਲ, ਰਲ ਮਿਲ ਕੇ ਰਹਿਣ ਦਾ ਉਪਦੇਸ਼ ਵੀ ਦਿੰਦਾ ਸੀ।

ਇਕ ਵਾਰੀ ਜਦੋਂ ਉਹ ਭੀੜ ਵਿਚੋਂ ਨਿਕਲਿਆ ਕੇ ਅੱਗੇ ਤੁਰ ਗਿਆ ਸੀ ਤੇ ਇਕ ਵਿਸ਼ਾਲ ਇਮਾਰਤ ਦੇ ਸਾਹਮਣੇ ਖਲੋ ਕੇ ਉਸ ਵਿਚ ਆਉਣ ਜਾਣ-ਵਾਲਿਆਂ ਦੀ ਭੀੜ ਵੱਲ ਦੇਖ ਰਿਹਾ ਸੀ ਤਾਂ ਕਿਸੇ ਨੇ ਉਸਦੇ ਕੋਲ ਆ ਕੇ ਕਿਹਾ, 'ਭੂਪੇ।'

ਬੇਨਾਮ ਸੂਫੀ ਫਕੀਰ ਆਪਣਾ ਨਾਂਅ ਸੁਣ ਕੇ ਤ੍ਰਭਕਿਆ। ਉਸਦੇ ਸਾਹਵੇਂ ਦਸ ਗਿਆਰਾਂ ਸਾਲ ਦਾ ਇਕ ਮੁੰਡਾ ਖੜਾ ਸੀ। ਉਸਦੇ ਨੀਲੇ ਰੰਗ ਦਾ ਧਾਰੀਦਾਰ ਤਹਿਮਦ ਤੇ ਖੁੱਲੀਆਂ ਬਾਹਾਂ ਵਾਲਾ ਚਿੱਟਾ ਕੁੜਤਾ ਪਾਇਆ ਹੋਇਆ ਸੀ। ਚੌੜਾ ਮੱਥਾ, ਤਿੱਖੀ ਨੱਕ, ਚਿਹਰੇ ਉੱਤੇ ਰੌਣਕ ਤੇ ਅੱਖਾਂ ਵਿਚ ਚਮਕ ਸੀ; ਪਛਾਨਣ ਵਿਚ ਦੇਰ ਨਹੀਂ ਲੱਗੀ। ਉਹ ਉਸਨੂੰ ਇਸ਼ਾਰੇ ਨਾਲ ਇਕ ਗਲੀ ਵਿਚ ਲੈ ਗਿਆ ਤੇ ਉੱਥੇ ਉਸਨੂੰ ਜੱਫੀ ਪਾ ਕੇ ਮੋਹ ਭਿੱਜੀ ਆਵਾਜ਼ ਵਿਚ ਬੋਲਿਆ, 'ਵਾਰਿਸ! ਮੇਰਾ ਵਾਰਸ!'

ਉਹ ਉਸਦੇ ਪਿੰਡ ਦੇ ਗੁਆਂਢੀ ਸੱਯਦ ਕੁਤਬ ਸ਼ਾਹ ਦਾ ਬੇਟਾ, ਵਾਰਿਸ ਸ਼ਾਹ ਸੀ। ਭੂਪ ਸਿੰਘ ਨੂੰ ਪਿੰਡ ਛੱਡਿਆਂ ਛੇ-ਸੱਤ ਵਰੇ ਹੋ ਗਏ ਸਨ। ਇਸ ਦੌਰਾਨ ਉਹ ਕਦੀ ਪਿੰਡ ਨਹੀਂ ਸੀ ਗਿਆ। ਪਿੰਡ ਦੇ ਕਿਸੇ ਬੰਦੇ ਨਾਲ ਉਸਦੀ ਕਦੀ ਮੁਲਾਕਾਤ ਵੀ ਨਹੀਂ ਹੋਈ ਸੀ ਤੇ ਉਹ ਕਿਸੇ ਨਾਲ ਮੁਲਾਕਾਤ ਕਰਨੀ ਵੀ ਨਹੀਂ ਸੀ ਚਾਹੁੰਦਾ। ਵਾਰਿਸ ਦੇ ਪਛਾਣ ਲੈਣ ਨਾਲ ਪਹਿਲਾਂ ਉਸਨੂੰ ਪ੍ਰੇਸ਼ਾਨੀ ਹੋਈ ਪਰ ਫੇਰ ਉਸਦੇ ਖਿੜੇ ਹੋਏ ਚਿਹਰੇ ਵੱਲ ਦੇਖ ਕੇ ਤੇ ਉਸਦੇ ਉਹ ਸ਼ਬਦ ਯਾਦ ਕਰਕੇ ਜਿਹੜੇ ਉਸਨੇ ਜੱਥੇ ਦੀ ਵਿਦਾਈ ਸਮੇਂ ਕਹੇ ਸਨ, 'ਮੈਂ ਵੀ ਜਾਵਾਂਗਾ, ਮੈਂ ਵੀ ਲੜਾਂਗਾ।' ਦੂਜੇ ਪਲ ਹੀ ਉਹ ਬੇਫਿਕਰ ਹੋ ਗਿਆ। ਨੇੜੇ ਹੀ ਇਕ ਬਗੀਚੀ ਸੀ। ਦੋਏ ਉਸ ਅਬਦਾਲੀ ਨੇ ਸਰਹਿੰਦ ਵੱਲ ਜਾਂਦਿਆਂ ਇਕ ਰਾਤ ਨੂਰ ਮਹਿਲ ਦੀ ਸਰਾਂ ਵਿਚ ਬਿਤਾਈ।

ਸਿੰਘ ਗੁਰੀਲਿਆਂ ਨੇ ਅਚਾਨਕ ਧਾਵਾ ਬੋਲ ਕੇ ਉਸਦੀ ਰਸਦ, ਕੁਝ ਘੋੜੇ ਤੇ ਹਥਿਆਰ ਲੁੱਟ ਲਏ। ਅਬਦਾਲੀ ਕੋਲ ਉਨਾਂ ਦਾ ਪਿੱਛਾ ਕਰਨ ਦੀ ਫੁਰਸਤ ਨਹੀਂ ਸੀ। ਨਾਲੇ, ਜਦੋਂ ਉਹ ਨਾਦਰ ਸ਼ਾਹ ਨਾਲ ਆਇਆ ਸੀ, ਉਦੋਂ ਹੀ ਦੇਖ ਚੁੱਕਿਆ ਸੀ ਕਿ ਕੰਡੇਦਾਰ ਝਾੜੀਆਂ ਵਾਲੇ ਸੰਘਣੇ ਜੰਗਲ ਵਿਚ ਖਾਲਸੇ ਦਾ ਪਿੱਛਾ ਕਰਨਾ ਆਸਾਨ ਨਹੀਂ। ਮੁਗਲਾਂ ਤੇ ਅਫਗਾਨਾਂ ਦੀ ਲੜਾਈ ਸਮੇਂ ਸਿੰਘ ਨਿਰਪੱਖ ਰਹੇ ਕਿਉਂਕਿ ਉਨਾਂ ਲਈ ਦੋਹੇਂ ਵਿਦੇਸ਼ੀ ਤੇ ਉਨਾਂ ਦੇ ਦੁਸ਼ਮਣ ਸਨ। ਮਾਣੂਪੁਰ ਦੀ ਹਾਰ ਤੋਂ ਪਿੱਛੋਂ ਅਬਦਾਲੀ ਛੇਤੀ ਤੋਂ ਛੇਤੀ ਲਾਹੌਰ ਪਹੁੰਚਿਆ ਤੇ ਉੱਥੋਂ ਜਿੰਨਾ ਸਾਮਾਨ ਸਮੇਟ ਸਕਿਆ, ਸਮੇਟ ਕੇ ਕੰਧਾਰ ਵੱਲ ਤੁਰ ਪਿਆ।



ਸਿੰਘਾਂ ਨੂੰ ਉਸਦੀ ਗਤੀਵਿਧੀ ਬਾਰੇ ਰਾਈ ਰਾਈ ਦੀ ਜਾਣਕਾਰੀ ਮਿਲ ਰਹੀ ਸੀ। ਜਦੋਂ ਤਕ ਅਬਦਾਲੀ ਪੰਜਾਬ ਵਿਚ ਸੀ, ਉਹ ਚੁੱਪ ਬੈਠੇ ਰਹੇ ਤੇ ਜਿਵੇਂ ਹੀ ਪੰਜਾਬ ਵਿਚੋਂ ਬਾਹਰ ਨਿਕਲਿਆ ਸਿੰਘਾਂ ਨੇ ਪੱਚੀ-ਪੱਚੀ, ਤੀਹ-ਤੀਹ ਦੇ ਗੁਰੀਲਾ ਦਸਤੇ ਬਣਾ ਕੇ ਉਸਦੀ ਫੌਜ ਦੇ ਪਿੱਛੇ ਭਾਗ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਉਸਦੇ ਚਨਾਬ ਤਕ ਪਹੁੰਚਦਿਆਂ ਪਹੁੰਚਦਿਆਂ ਉਸਦਾ ਬਹੁਤ ਸਾਰਾ ਸਾਮਾਨ, ਹਥਿਆਰ ਤੇ ਘੋੜੇ ਖੋਹ ਲਏ। ਚਤੁਰ ਸਿੰਘ ਸ਼ੁਕਰਚੱਕੀਆ ਦੁਰਾਨੀਆਂ ਦਾ ਰੁਕ ਰੁਕ ਕੇ ਪਿੱਛਾ ਕਰਦਾ ਰਿਹਾ ਤੇ ਅਟਕ ਦੇ ਇਸ ਪੂਰੇ ਇਲਾਕੇ ਵਿਚ ਉਸਦੀ ਬਹਾਦਰੀ ਦੀ ਧਾਕ ਬੈਠ ਗਈ।

ਇਕ ਚਤੁਰ ਸਿੰਘ ਹੀ ਨਹੀਂ ਖਾਲਸਾ ਪੰਥ ਨੇ ਇਕ ਤੋਂ ਇਕ ਵਧਕੇ ਯੋਧੇ ਪੈਦਾ ਕੀਤੇ। ਘਰਾਂ ਵਿਚ, ਖੇਤਾਂ ਵਿਚ ਤੇ ਸੱਥਾਂ ਵਿਚ ਉਹਨਾਂ ਦੀ ਬਹਾਦਰੀ ਦੇ ਚਰਚੇ ਸਨ। ਜਿਹੜਾ ਵੀ ਸੁਣਦਾ ਦੰਦਾਂ ਹੇਠ ਉਂਗਲ ਨੱਪ ਬਹਿੰਦਾ।

'ਪਤਾ ਨਹੀਂ ਕਿਸ ਮਿੱਟੀ ਦੇ ਬਣੇ ਨੇ, ਮੌਤ ਤੋਂ ਵੀ ਨਹੀਂ ਡਰਦੇ।'

'ਮਿੱਟੀ ਤਾਂ ਸਾਡੀ ਤੁਹਾਡੀ ਤੇ ਉਨਾਂ ਦੀ ਇੱਕੋ ਏ...ਫਰਕ ਇਹ ਹੈ ਕਿ ਉਨਾਂ ਮੌਤ ਦਾ ਭੈ ਮਨ ਵਿਚੋਂ ਕੱਢ ਦਿੱਤਾ ਏ ਤੇ ਅਸ਼ੀ ਚੂਹੇ ਬਣ ਕੇ ਖੁੱਡਾਂ ਵਿਚ ਵੜ ਜਾਂਦੇ ਆਂ।'

'ਮੈਂ ਤਾਂ ਸਮਝਦਾਂ ਬਈ ਖੰਡੇ-ਬਾਟੇ ਦੇ ਅੰਮ੍ਰਿਤ ਵਿਚ ਈ ਕੋਈ ਅਜਿਹੀ ਕਰਾਮਾਤ ਏ, ਜਿਹੜੀ ਚੂਹਿਆਂ ਨੂੰ ਸ਼ੇਰ ਬਣਾ ਦਿੰਦੀ ਏ। ਬਾਜ ਨਾਲ ਚਿੜੀਆਂ ਲੜਾ ਦਿੰਦੀ ਏ। ਮੁਗਲਾਂ ਤੇ ਅਫਗਾਨਾਂ ਦੇ ਛੱਕੇ ਛੁਡਾਅ ਦਿੰਦੀ ਏ।'

'ਛੱਕ ਲੈ ਤੂੰ ਵੀ ਖੰਡੇ-ਬਾਟੇ ਦਾ ਅੰਮ੍ਰਿਤ ਫੇਰ ਤੇ ਬਣ ਜਾਅ ਸ਼ੇਰ। ਚੂਹਾ ਬਣ ਕੇ ਜਿਊਣਾ ਵੀ ਕੋਈ ਜਿਊਣਾ ਏਂ?'

ਆਮ ਲੋਕਾਂ ਨੇ ਅੱਖੀਂ ਦੇਖਿਆ ਸੀ ਕਿ ਜਦੋਂ ਜਦੋਂ ਵੀ ਸਰਕਾਰ ਨੇ ਦਾਅਵਾ ਕੀਤਾ ਕਿ ਅਸੀਂ ਸਿੱਖਾਂ ਨੂੰ ਖਤਮ ਕਰ ਦਿੱਤਾ ਹੈ; ਉਦੋਂ ਉਦੋਂ ਹੀ ਜਿਵੇਂ ਬਰਸਾਤ ਵਿਚ ਖੁੰਬਾਂ ਉਗਦੀਆਂ ਨੇ, ਸਿੱਖਾਂ ਨੇ ਇਧਰੋਂ ਉਧਰੋਂ ਉਭਰ ਕੇ ਸਰਕਾਰ ਦੇ ਦਾਅਵੇ ਨੂੰ ਝੂਠਾ ਸਾਬਤ ਕਰ ਦਿੱਤਾ ਸੀ। ਉਹ ਖ਼ੁਦ ਨਹੀਂ ਰਹੇ ਪਰ ਉਨਾਂ ਦੀਆਂ ਸ਼ਹੀਦੀਆਂ ਤੇ ਕੁਰਬਾਨੀਆਂ ਦੀਆਂ ਅਜਿਹੀਆਂ ਕਹਾਣੀਆਂ ਬਣੀਆਂ, ਜਿਹੜੀਆਂ ਬੱਚੇ ਬੱਚੇ ਦੀ ਜਬਾਨ 'ਤੇ ਚੜ ਗਈਆਂ। ਜਦੋਂ ਤਕ ਇਹ ਜਨਤਾ-ਜਨਾਰਧਨ ਸਲਾਮਤ ਹੈ, ਇਹ ਪੰਜਾਬ ਜਿਉਂਦਾ ਹੈ, ਆਦਮੀ ਦੇ ਮਨ ਵਿਚ ਮਾਣ-ਸਨਮਾਣ ਨਾਲ ਜਿਉਣ ਦੀ ਤਾਂਘ ਜਿਉਂਦੀ ਹੈ- ਇਹ ਕਹਾਣੀਆਂ ਵੀ ਜਿਊਂਦੀਆਂ ਰਹਿਣਗੀਆਂ।

ਪਿੱਛੇ ਸੱਤ-ਅੱਠ ਮਹੀਨਿਆਂ ਵਿਚ ਜਦੋਂ ਦੀ ਸਰਕਾਰ ਦੀ ਸਖਤੀ ਕੁਝ ਘੱਟ ਹੋਈ ਸੀ, ਸਿੱਖ ਯੋਧੇ ਜੰਗਲਾਂ ਤੇ ਪਹਾੜਾਂ ਵਿਚੋਂ ਨਿਕਲ ਕੇ ਆਪਣੇ ਘਰੀਂ ਆ ਗਏ ਸਨ। ਉਹ ਜਿੱਥੇ ਜਿੱਥੇ ਵੀ ਪਹੁੰਚੇ ਲੋਕਾਂ ਨੇ ਉਨਾਂ ਦਾ ਸਵਾਗਤ ਕੀਤਾ। ਵਿਸਾਖ ਦਾ ਪਾਵਨ ਪਰਵ ਨੇੜੇ ਸੀ। ਖਿੱਲਰੇ ਹੋਏ ਜੱਥਿਆਂ ਨੂੰ ਇਸ ਜਿੱਤ ਦੀ ਸੂਚਨਾ ਦੇਣ ਲਈ ਚਾਰੇ ਪਾਸੇ ਘੋੜਸਵਾਰ ਦੌੜਾ ਦਿੱਤੇ ਗਏ। ਨਵਾਬ ਕਪੂਰ ਸਿੰਘ, ਤਾਰਾ ਸਿੰਘ ਬਾਹੀਆ, ਚੂਹੜ ਸਿੰਘ ਮਕੇਰੀਆਂ ਤਾਂ ਪਹਿਲਾਂ ਹੀ ਇਸ ਹਮਲੇ ਵਿਚ ਸ਼ਾਮਲ ਸਨ। ਇਹਨਾਂ ਦੇ ਇਲਾਵਾ ਜਿਸ ਕਿਸੇ ਜੱਥੇ ਨੇ ਇਹ ਸ਼ੁਭ ਸਮਾਚਾਰ ਸੁਣਿਆ, ਉਹ ਜਿੱਥੇ ਵੀ ਸੀ ਆਪਣੇ ਜਵਾਨ ਨਾਲ ਲੈ ਕੇ, ਅੰਮ੍ਰਿਤਸਰ ਆ ਪਹੁੰਚਿਆ। ਵਿਸਾਖੀ ਦਾ ਪਰਵ ਧੂੰਮਧਾਮ ਨਾਲ ਮਨਾਇਆ ਗਿਆ। ਸਿੰਘਾਂ ਨੇ ਜੀਅ ਭਰ ਕੇ ਸਰੋਵਰ ਵਿਚ ਇਸ਼ਨਾਨ ਕੀਤਾ ਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਉਸ ਪਿੱਛੋਂ ਦੀਵਾਨ ਸਜਿਆ ਤੇ ਵਿਚਾਰ-ਵਟਾਂਦਰੇ ਸ਼ੁਰੂ ਹੋਏ। ਜੱਸਾ ਸਿੰਘ ਨੇ ਸੁਝਾਅ ਰੱਖਿਆ ਕਿ ਖਾਲਸਾ ਕਦੋਂ ਤਕ ਜੰਗਲ ਵਿਚ ਭੱਜਦਾ ਫਿਰਦਾ ਰਹੇਗਾ ਤੇ ਕਦੋਂ ਤਕ ਲੁਕ ਛੁਪ ਕੇ ਦਿਨ ਬਿਤਾਏਂਗਾ- ਕਿਉਂ ਨਾ ਇਕ ਕਿਲਾ ਬਣਾ ਲਿਆ ਜਾਏ।

ਇਹ ਸੁਝਾਅ ਸਾਰਿਆਂ ਨੂੰ ਪਸੰਦ ਆਇਆ। ਹੁਣ ਇਸ ਗੱਲ ਉੱਤੇ ਵਿਚਾਰ ਸ਼ੁਰੂ ਹੋਇਆ ਕਿ ਕਿਲਾ ਕਿਸ ਜਗਾ ਬਣਾਇਆ ਜਾਏ। ਸਰਦਾਰ ਸੁੱਖਾ ਸਿੰਘ ਮਾੜੀ ਕੰਬੋਵਾਲੇ ਤੇ ਹੋਰ ਪ੍ਰਮੱਖ ਸਰਦਾਰਾਂ ਨੇ ਕਿਹਾ ਕਿ ਗੁਰੂ ਦੀ ਨਗਰੀ ਅੰਮ੍ਰਿਤਸਰ ਨੂੰ ਛੱਡ ਕੇ ਹੋਰ ਕਿਤੇ ਜਾਣ ਦੀ ਕੀ ਲੋੜ ਹੈ। ਕਿਲਾ ਇੱਥੇ ਹੀ ਬਣਾਇਆ ਜਾਏ। ਜੀਵਾਂਗੇ ਤਾਂ ਗੁਰੂ ਦੀ ਗੋਦ ਵਿਚ, ਮਰਾਂਗੇ ਤਾਂ ਹਰਿ ਦੀ ਗੋਦ ਵਿਚ।

ਗੁਰਮਤਾ ਪਾਸ ਹੋਣ ਦੀ ਦੇਰ ਸੀ, ਜਿੱਥੇ ਗੁਰੂ ਨੇ ਖੂਹ ਪੁਟਾਇਆ ਸੀ, ਉੱਥੇ ਕਿਲੇ ਦੀ ਨੀਂਹ ਰੱਖ ਦਿੱਤੀ ਗਈ। ਮਿਸਤਰੀ ਮਜਦੂਰ ਬਾਹਰੋਂ ਮੰਗਵਾਉਣ ਦੀ ਲੋੜ ਨਹੀਂ ਸੀ, ਉਹ ਸਿੱਖਾਂ ਵਿਚ ਹੀ ਸਨ। ਨਾ ਛੋਟੇ ਵੱਡੇ ਦਾ ਫਰਕ ਸੀ, ਨਾ ਸਰਦਾਰੀ ਦੀ ਬੂ ਤੇ ਨਾ ਹੀ ਈਰਖਾ, ਹੀਣਤਾ ਦੀ ਕੋਈ ਭਾਵਨਾ। ਨਵਾਬ ਕਪੂਰ ਸਿੰਘ ਤੇ ਜੱਸਾ ਸਿੰਘ ਵੀ ਇੱਟਾਂ-ਗਾਰਾ ਢੋਣ ਵਿਚ ਸੰਕੋਚ ਨਹੀਂ ਸਨ ਕਰ ਰਹੇ। ਚਾਅ ਤੇ ਪ੍ਰੇਮ ਭਾਵ ਨਾਲ ਸਾਰੇ ਵਧ ਚੜ ਕੇ ਸੇਵਾ ਕਰ ਰਹੇ ਸਨ। ਆਪੇ ਪੀਂਹਦੇ, ਆਪੇ ਪਕਾਉਂਦੇ ਤੇ ਚਿਨਾਈ ਮਜਦੂਰੀ ਦੇ ਕੰਮ ਆਪੇ ਚੱਲ ਰਹੇ ਸਨ।

ਆਪੇ ਰਾਜ ਸਿੰਘ ਆਪ ਮਜੂਰ
ਬੜੇ ਭੁਜੰਗੀ ਦਿਲ ਦੇ ਸੂਰ
ਆਪੇ ਪੀਸੇਂ ਆਪੇ ਪਕਾਵੇਂ
ਤੈ ਤੋ ਬੜੇ ਸਰਦਾਰ ਕਹਾਵੇਂ
ਕੋਈ ਕਰੇ ਨਾ ਕਿਮੀ ਸਰੀਕਾ
ਕੋਈ ਨਾ ਸੁਣਵੇ ਦੁੱਖ ਨਿਜ ਜੀ ਕਾ।
ਕੰਧ ਬਣਾਵੇਂ ਦੌੜ ਦੌੜ
ਜਿਮ ਬੰਦਰ ਪੁਲ ਬੰਧਤ ਛੋੜਾ।

ਕਿਲਾ ਕੁਝ ਦਿਨਾਂ ਵਿਚ ਹੀ ਬਣ ਕੇ ਤਿਆਰ ਹੋ ਗਿਆ। ਕੰਧਾਂ ਉਪਰ ਉੱਚੇ ਉੱਚੇ ਬੁਰਜ ਬਣਾਏ ਗਏ, ਜਿਨਾਂ ਵਿਚ ਖੜੇ ਸੰਤਰੀ ਦੂਰ ਤਕ ਨਿਗਾਹ ਰੱਖ ਸਕਦੇ ਸਨ ਤੇ ਆ ਰਹੇ ਦੁਸ਼ਮਣ ਦੀ ਸੂਚਨਾ ਅਗਾਉਂ ਦੇ ਸਕਦੇ ਸਨ। ਚਾਰੇ ਪਾਸੇ ਚੌੜੀ ਖਾਈ ਪੁੱਟ ਦਿੱਤੀ ਗਈ। ਕਿਲੇ ਦਾ ਨਾਂ ਅੰਮ੍ਰਿਤਸਰ ਨੂੰ ਵਸਾਉਣ ਵਾਲੇ ਗੁਰੂ ਰਾਮਦਾਸ ਦੇ ਨਾਂ 'ਤੇ ਰਾਮ ਰੌਣੀ ਰੱਖਿਆ ਗਿਆ। ਰੌਣੀ ਦਾ ਅਰਥ ਹੈ, ਸਿਰ ਲੁਕੋਣ ਦੀ ਥਾਂ।

ਇਸ ਕਿਲੇ ਵਿਚ ਪੰਜ ਸੌ ਜਵਾਨ ਤੇ ਪੰਜ ਸੌ ਘੋੜੇ ਰੱਖੇ ਜਾ ਸਕਦੇ ਸਨ। ਨੇੜੇ ਹੀ ਪਲਾਸ ਦਾ ਸੰਘਣਾ ਜੰਗਲ ਸੀ। ਇਸ ਵਿਚ ਛੁਪੇ ਤੇ ਨੇੜੇ ਤੇੜੇ ਦੇ ਪਿੰਡਾਂ ਵਿਚ ਟਿਕੇ ਸਿੰਘਾਂ ਨੂੰ ਲੋੜ ਪੈਣ 'ਤੇ ਬੁਰਜਾਂ ਵਿਚੋਂ ਸੰਕੇਤ ਘੱਲ ਕੇ ਬੁਲਾਇਆ ਜਾ ਸਕਦਾ ਸੀ।

ਇਕ ਸਾਲ ਬਾਅਦ 1748 ਨੂੰ ਵਿਸਾਖੀ ਵਾਲੇ ਦਿਨ ਇਕ ਅਜਿਹਾ ਮਹੱਤਵਪੂਰਨ ਫੈਸਲਾ ਲਿਆ ਗਿਆ, ਜਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਲਿਆ ਸੀ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਖਾਲਸਾ ਬਣਾਇਆ। ਇਧਰ ਮੀਰ ਮੰਨੂੰ ਨੇ ਆਪਣੀ ਸਾਰੀ ਤਾਕਤ ਸਿੱਖਾਂ ਨੂੰ ਮਿਟਾਉਣ ਵਿਚ ਲਾਈ ਹੋਈ ਸੀ। ਉਧਰ ਸਫਦਰ ਜੰਗ ਉਸਦੀਆਂ ਜੜਾਂ ਪੁਟਣ ਦਾ ਛੜਯੰਦਰ ਰਚ ਰਿਹਾ ਸੀ।

ਜ਼ਕਰੀਆ ਖਾਂ ਦਾ ਵੱਡਾ ਪੁੱਤਰ ਯਹੀਆ ਖਾਂ ਆਪਣੇ ਛੋਟੇ ਭਰਾ ਸ਼ਾਹ ਨਵਾਜ ਤੋਂ ਹਾਰ ਕੇ ਦਿੱਲੀ ਭੱਜ ਗਿਆ ਸੀ ਤੇ ਸ਼ਾਹ ਨਵਾਜ ਵੀ ਅਹਿਮਦ ਸ਼ਾਹ ਅਬਦਾਲੀ ਤੋਂ ਹਾਰ ਕੇ ਦਿੱਲੀ ਨੱਸ ਆਇਆ ਸੀ। ਯਹੀਆ ਖਾਂ ਨੇ ਰਾਜ-ਪਾਠ ਦੇ ਸੁਪਨੇ ਦੇਖਣੇ ਛੱਡ ਕੇ ਫਕੀਰੀ ਲੈ ਲਈ ਸੀ ਤੇ ਉਹ ਯਹੀਆ ਖਾਂ ਤੋਂ 'ਦਰਵੇਸ਼ ਯਹੀਆ ਸ਼ਾਹ' ਬਣ ਗਿਆ ਸੀ। ਪਰ ਸ਼ਾਹ ਨਵਾਜ ਖਾਂ ਧੁਨ ਦਾ ਪੱਕਾ ਸੀ ਤੇ ਉਹ ਲਾਹੌਰ ਦੀ ਨਵਾਬੀ ਉਪਰ ਆਪਣਾ ਹੱਕ ਸਮਝਦਾ ਸੀ। ਮੁਗਲ ਅਫਸਰਾਂ ਤੇ ਅਮੀਰਾਂ ਵਿਚ ਉਸਦਾ ਅਸਰ-ਰਸੂਖ਼ ਸੀ। ਲਾਹੌਰ ਤੇ ਮੁਲਤਾਨ ਵਿਚ ਉਸਦੇ ਹਮਾਇਤੀ ਮੌਜੂਦ ਸਨ। ਅਦੀਨਾ ਬੇਗ ਵਰਗੇ ਚਾਲਬਾਜ ਆਦਮੀ ਉੱਤੇ ਵੀ ਉਸਨੂੰ ਭਰੋਸਾ ਸੀ। ਸ਼ੁਰੂ ਤੋਂ ਹੀ ਹਰ ਮਾਮਲੇ ਵਿਚ ਉਹ ਉਸਦਾ ਸਲਾਹਕਾਰ ਰਿਹਾ ਸੀ। ਪਹਿਲਾਂ ਯਹੀਆ ਖਾਂ ਦੇ ਖ਼ਿਲਾਫ਼ ਲੜਾਈ ਵਿਚ ਤੇ ਫੇਰ ਅਬਦਾਲੀ ਦੇ ਖ਼ਿਲਾਫ਼ ਲੜਾਈ ਵਿਚ ਉਸਨੇ ਉਸਦਾ ਪੂਰਾ ਪੂਰਾ ਸਾਥ ਦਿੱਤਾ ਸੀ। ਉਸਨੂੰ ਵਿਸ਼ਵਾਸ ਸੀ ਕਿ ਅਦੀਨਾ ਬੇਗ ਉਸਦਾ ਆਦਮੀ ਹੈ ਤੇ ਲੋੜ ਪੈਣ ਉੱਤੇ ਕੰਮ ਆਏਗਾ। ਉਹ ਪਿਤਾ ਦੀ ਵਿਰਾਸਤ ਵਿਚ ਮਿਲੀ ਨਵਾਬੀ ਨੂੰ ਹਾਸਲ ਕਰਨ ਲਈ ਹੀ ਹੱਥ ਪੈਰ ਮਾਰ ਰਿਹਾ ਸੀ। ਵਜ਼ੀਰ ਸਫਦਰ ਜੰਗ ਵੀ ਇਸ ਮਹੱਤਵਪੂਰਨ ਨੌਜਵਾਨ ਨੂੰ ਆਪਣੇ ਛੜਯੰਤਰ ਵਿਚ ਇਸਤੇਮਾਲ ਕਰਨਾ ਚਾਹੁੰਦਾ ਸੀ। ਮੁਸ਼ਕਲ ਇਹ ਸੀ ਕਿ ਈਰਾਨੀ-ਦਲ ਦੇ ਲੋਕ ਸ਼ੀਆ ਸਨ ਤੇ ਤੂਰਾਨੀ-ਦਲ ਦੇ ਲੋਕ ਸੂਨੀ ਸਨ। ਜ਼ਕਰੀਆ ਖਾਂ ਵੀ ਸੂਨੀ ਸੀ ਤੇ ਉਸਦਾ ਸਬੰਧ ਤੂਰਾਨੀ-ਦਲ ਨਾਲ ਸੀ। ਸਵਾਲ ਇਹ ਸੀ ਕਿ ਕੀ ਸ਼ਾਹ ਨਵਾਜ ਉਸਦੀ ਇਮਦਾਦ ਲੈਣ ਲਈ ਸ਼ੀਆ ਬਣਨਾ ਤੇ ਈਰਾਨੀ-ਦਲ ਵਿਚ ਸ਼ਾਮਲ ਹੋਣਾ ਮੰਨ ਲਏਗਾ? ਸਫਦਰ ਜੰਗ ਨੇ ਆਪਣੀ ਫਿਰੋਜ਼ਾ ਨਾਂ ਦੀ ਦਾਸੀ ਨੂੰ ਭੇਜ ਕੇ ਸ਼ਾਹ ਨਵਾਜ ਨੂੰ ਇਕਾਂਤ ਵਿਚ ਆਪਣੇ ਕੋਲ ਬੁਲਾਇਆ ਤਾਂ ਕਿ ਦਾਣਾ ਸੁੱਟ ਕੇ ਟੋਹ ਲਿਆ ਜਾਏ।

ਸਫਦਰ ਜੰਗ ਸ਼ਾਹ ਨਵਾਜ ਨਾਲ ਬੜੇ ਪਿਆਰ ਤੇ ਅਪਣੱਤ ਨਾਲ ਮਿਲਿਆ ਤੇ ਉਸਨੂੰ ਆਪਣੇ ਕੋਲ ਬਿਠਾਅ ਕੇ ਗੱਲ ਸ਼ੁਰੂ ਕੀਤੀ, 'ਤੇਰੇ ਵਾਲਿਦ ਸਾਹਬ ਮੇਰੇ ਜ਼ਿਗਰੀ ਦੋਸਤ ਸਨ। ਸੋਚਿਆ ਕਿ ਬੁਲਾਅ ਕੇ ਹਾਲਚਾਲ ਈ ਪਤਾ ਕਰ ਲਵਾਂ।'

'ਹਾਲ-ਚਾਲ ਜੋ ਹੈ, ਉਹ ਤਾਂ ਤੁਹਾਨੂੰ ਪਤਾ ਈ ਏ। ਵੱਡਾ ਭਰਾ ਫਕੀਰ ਹੋ ਗਿਐ...।'

'ਬਰਖ਼ੁਰਦਾਰ! ਉਹ ਮੈਨੂੰ ਪਤਾ ਏ। ਉਸਦੀ ਗੱਲ ਛੱਡ।' ਵਜ਼ੀਰ ਨੇ ਉਸਨੂੰ ਵਿਚਕਾਰ ਹੀ ਟੋਕ ਦਿੱਤਾ ਤੇ ਅੱਗੇ ਕਿਹਾ, 'ਤੂੰ ਆਪਣੇ ਵਾਲਿਦ ਸਾਹਬ ਦੀ ਤਰਾਂ ਹੀ ਬਹਾਦੁਰ ਮਰਦ ਏਂ, ਦੱਸ ਤੇਰੇ ਕੀ ਇਰਾਦੇ ਨੇ?'

ਜਿਵੇਂ ਕਿ ਸਫਦਰ ਜੰਗ ਜਾਣਦਾ ਹੀ ਸੀ ਕਿ ਸ਼ਾਹ ਨਵਾਜ ਲਾਹੌਰ ਦਾ ਨਵਾਬ ਬਣਨ ਲਈ ਹੱਥ ਪੈਰ ਮਾਰ ਰਿਹਾ ਹੈ, ਓਵੇਂ ਹੀ ਸ਼ਾਹ ਨਵਾਜ ਵੀ ਜਾਣਦਾ ਸੀ ਕਿ ਸਫਦਰ ਜੰਗ ਮੁਈਨੁਲ ਮੁਲਕ ਨੂੰ ਉਖਾੜਨ ਦੀ ਫਿਕਰ ਵਿਚ ਹੈ, ਪਰ ਭੋਲਾ ਬਣ ਕੇ ਬੋਲਿਆ, 'ਮੇਰੇ ਜੋ ਇਰਾਦੇ ਸਨ, ਸਭ ਖਾਕ ਵਿਚ ਮਿਲ ਚੁੱਕੇ ਨੇ। ਹੁਣ ਮੈਂ ਆਪਣੀ ਹਾਰ ਦੀ ਆਵਾਜ਼ ਹਾਂ। ਹਸਰਤ ਭਰੀਆਂ ਨਜ਼ਰਾਂ ਨਾਲ ਆਸਮਾਨ ਵੱਲ ਵੇਖਦਾ ਹਾਂ, ਜਦ ਕੁਝ ਵੀ ਨਜ਼ਰ ਨਹੀਂ ਆਉਂਦਾ ਤਾਂ ਮੁੜ ਨਜ਼ਰਾਂ ਜ਼ਮੀਨ 'ਤੇ ਟਿਕਾਅ ਲੈਂਦਾ ਹਾਂ।'

'ਜਵਾਨੀ ਹਿੰਮਤ ਦਾ ਨਾਂ ਏਂ। ਖਾਕ ਵਿਚ ਮਿਲੇ ਇਰਾਦਿਆਂ ਨੂੰ ਜੇ ਹਿੰਮਤ ਦੇ ਪਾਣੀ ਨਾਲ..।

# ਸਿੱਖਿਆ ਭਾਸ਼ਾ ਅਤੇ ਸਾਹਿਤ

**ਮਲਵਿੰਦਰ**

ਮੈਂ ਕਵੀ ਹਾਂ। ਪੰਜਾਬੀ ਸਾਹਿਤ ਦਾ ਪਾਠਕ ਹਾਂ। ਹੋਰ ਭਾਸ਼ਾਵਾਂ ਦਾ ਅਨੁਵਾਦਿਤ ਉਪਲਬਧ ਸਾਹਿਤ ਵੀ ਪੜ੍ਹਦਾ ਹਾਂ। ਵਾਰਤਕ ਵੀ ਲਿਖ ਲੈਂਦਾ ਹਾਂ। ਪੁਸਤਕਾਂ ਦੇ ਰੀਵਿਊ ਵੀ ਕਰਦਾ ਹਾਂ। ਮੇਰਾ ਇੱਕ ਪਰਿਵਾਰ ਹੈ। ਇੱਕ ਵੱਖਰਾ ਪਰਿਵਾਰ ਜਿਸ ਵਿਚ ਬਹੁਤ ਸਾਰੇ ਕਵੀ, ਕਹਾਣੀਕਾਰ ਅਤੇ ਹੋਰ ਵਿਧਾਵਾਂ ਦੇ ਲੇਖਕ ਸ਼ਾਮਲ ਹਨ। ਮੈਂ ਆਪਣੇ ਆਸੇ-ਪਾਸੇ ਵੱਸਦੀ ਦੁਨੀਆਂ ਤੋਂ ਥੋੜਾ ਵੱਖਰਾ ਹਾਂ। ਇਹ ਵੱਖਰਤਾ ਦਾ ਅਹਿਸਾਸ ਮੈਨੂੰ ਮਾਣ ਬਖ਼ਸ਼ਦਾ ਹੈ।

ਹੁਣ ਮੈਂ ਆਪਣੀ ਪ੍ਰਾਪਤ ਕੀਤੀ ਲੋੜੀਂਦੀ ਸਿਖਿਆ ਦੀ ਗੱਲ ਕਰਦਾ ਹਾਂ। ਮੈਂ ਵਿਗਿਆਨ ਦਾ ਵਿਦਿਆਰਥੀ ਰਿਹਾ। ਵਿਗਿਆਨ ਦਾ ਅਧਿਆਪਕ ਰਿਹਾ। ਵਿਗਿਆਨ, ਗਣਿਤ ਪੜ੍ਹਿਆ ਤੇ ਪੜ੍ਹਾਇਆ ਹੈ। ਇਹ ਸਿੱਖਿਆ ਸਾਡੀ ਲੋੜ ਹੈ। ਸਾਡੇ ਭਵਿੱਖ ਦੀ ਆਸ ਹੈ ਇਹ ਸਿੱਖਿਆ। ਇਹ ਸਿੱਖਿਆ ਮਨੁੱਖੀ ਲੋੜ ਦੇ ਦਾਇਰੇ ਅੰਦਰ ਕੈਦ ਸੀਮਤ ਸੁਤੰਤਰਤਾ ਹੈ। ਇਸ ਸਿੱਖਿਆ ਨੇ ਸਾਨੂੰ ਰੁਜ਼ਗਾਰ ਦਿਵਾਉਣਾ ਹੈ। ਇਸ ਨੇ ਸਾਡੇ ਉੱਪਰ ਪੜ੍ਹੇ-ਲਿਖੇ ਹੋਣ ਦਾ ਲੇਬਲ ਲਾਉਣਾ ਹੈ। ਸਮਾਜ ਦਾ ਸਾਨੂੰ ਵੇਖਣ ਪਰਖਣ ਦਾ ਨਜ਼ਰੀਆ ਬਦਲਣਾ ਹੈ। ਪਰ ਇਹ ਸਿੱਖਿਆ ਮੈਨੂੰ ਕਵਿਤਾ ਕੋਲ਼ ਲੈ ਕੇ ਨਹੀਂ ਗਈ। ਇਸ ਸਿੱਖਿਆ ਨੇ ਮੈਨੂੰ ਸਾਹਿਤ ਪੜ੍ਹਨ ਦੀ ਚੇਟਕ ਵੀ ਨਹੀਂ ਲਾਈ। ਮੈਂ ਸਕੂਲਾਂ, ਕਾਲਜਾਂ ਵਿੱਚੋਂ ਪ੍ਰਾਪਤ ਵਿਧੀਵੱਤ ਸਿੱਖਿਆ ਦੀ ਗੱਲ ਕਰ ਰਿਹਾ ਹਾਂ। ਅੱਜ ਮਨੁੱਖ ਦੀ ਗੁਲਾਮ ਮਾਨਸਿਕਤਾ ਨੂੰ ਸੁਤੰਤਰ ਕਰਵਾਉਣ ਵਾਲੀ ਸਿੱਖਿਆ ਦੀ ਲੋੜ ਹੈ। ਜੀਵਨ ਵਿਚ ਅਸੀਂ ਜਿਹੜੇ ਬਦਤਰ ਹਾਲਤਾਂ ਦਾ ਸਾਹਮਣਾ ਕਰ ਰਹੇ ਹਾਂ, ਲੋੜਾਂ, ਸਹੂਲਤਾਂ ਦੀ ਅਣਹੋਂਦ ਦੇ ਸ਼ਿਕਾਰ ਹਾਂ, ਮਾਨਸਿਕ ਅਤੇ ਸਰੀਰਕ ਅੱਤਿਆਚਾਰ ਸਹਿਣ ਕਰ ਰਹੇ ਹਾਂ, ਇਨਾਂ ਦਾ ਸਮਾਧਾਨ ਕਰਦੀ ਸਿੱਖਿਆ ਦੀ ਲੋੜ ਹੈ। ਸਿੱਖਿਆ ਜਿਹੜੀ ਸਮਕਾਲ ਦੀ ਮਾਨਸਿਕ ਊਰਜਾ ਨੂੰ ਤਲਿੱਸਮੀ ਭਾਸ਼ਾ ਵਿਚ ਪ੍ਰਗਟ ਕਰਦੀ ਹੈ। ਕੀ ਪੰਜਾਬੀ ਭਾਸ਼ਾ ਵਿਚ ਅਜਿਹੀ ਸਿੱਖਿਆ ਸੰਭਵ ਨਹੀਂ? ਬਿਲਕੁਲ ਸੰਭਵ ਹੈ। ਲੋੜ ਹੈ ਸਿੱਖਿਆ ਪ੍ਰਾਪਤੀ ਲਈ ਜਗਿਆਸੂ ਮਨ ਦੀ। ਸਕੂਲਾਂ, ਕਾਲਜਾਂ ਤੋਂ ਬਾਹਰ ਸਿੱਖਿਆ ਦਾ ਵਿਸਥਾਰ ਕਰਨ ਲਈ ਸਾਹਿਤ ਹੀ ਇੱਕੋ-ਇੱਕ ਰਸਤਾ ਹੈ। ਅਜਿਹੀ ਸਿੱਖਿਆ ਲਈ ਕਠਿਨ ਰੁਕਾਵਟਾਂ ਪਾਰ ਕਰਨੀਆਂ ਪੈਣਗੀਆਂ। ਅਜੋਕੀ ਸਿੱਖਿਆ ਅਜੇ ਦੇਸ਼ ਦੀ ਮਾਨਸਿਕਤਾ ਨਾਲ ਸੁਭਾਵਿਕ ਸਾਂਝ ਸਿਰਜਣ ਵਿਚ ਸਫ਼ਲ ਨਹੀਂ ਹੋਈ।

ਭਾਸ਼ਾ ਦੀ ਗੱਲ ਵੱਖਰੀ ਹੈ। ਭਾਸ਼ਾ ਤੁਹਾਡੀ ਦ੍ਰਿਸ਼ਟੀ ਦਾ ਵਿਸਥਾਰ ਕਰਦੀ ਹੈ। ਭਾਸ਼ਾ ਤੁਹਾਨੂੰ ਆਪਣੇ ਵਿਚਾਰ ਵਿਅਕਤ ਕਰਨ ਦੀ ਖੁੱਲ ਦਿੰਦੀ ਹੈ। ਭਾਸ਼ਾ ਦਾਇਰੇ ਤੋਂ ਬਾਹਰ ਫੈਲਦਾ ਪ੍ਰਕਾਸ਼ ਹੈ। ਭਾਸ਼ਾ ਤੁਹਾਡੇ ਵਿਹਾਰ ਦਾ ਹਿੱਸਾ ਹੁੰਦੀ ਹੈ। ਵਿਹਾਰ ਸਿੱਖਣ ਲਈ ਉਚੇਚ ਨਹੀਂ ਕਰਨਾ ਪੈਂਦਾ। ਪਰ ਵਿਧੀਵਤ ਸਿੱਖਿਆ ਤੁਹਾਨੂੰ ਉਹ ਭਾਸ਼ਾ ਵੀ ਨਹੀਂ ਸਿਖਾਉਂਦੀ ਜੋ ਤੁਹਾਨੂੰ ਕਿਸੇ ਵੱਖਰੀ ਦੁਨੀਆਂ ਵਿਚ ਲੈ ਜਾਵੇ। ਅਜਿਹੀ ਭਾਸ਼ਾ ਸਿੱਖਣ ਦੇ ਸਬੱਬ ਹੋਰ ਬਣਦੇ ਹਨ। ਇਹ ਸਬੱਬ ਸਿੱਖਿਆ ਸੰਸਥਾਵਾਂ ਦੀਆਂ ਵਲਗਣਾਂ ਤੋਂ ਬਾਹਰ ਹੀ ਸੰਭਵ ਹਨ। ਵਲਗਣਾਂ ਤੋਂ ਬਾਹਰ ਜਿੱਥੇ ਕਿਤਾਬਾਂ ਦਾ ਸੰਸਾਰ ਹੈ। ਕਿਤਾਬਾਂ ਸਾਨੂੰ ਜਸ਼ਨ ਅਤੇ ਸੋਗ ਵੇਲੇ ਸਹਿਜ ਰਹਿਣ ਦੀ ਜਾਚ ਸਿਖਾਉਂਦੀਆਂ ਹਨ। ਕਿਤਾਬਾਂ ਅਨਿਆਂ ਵਿਰੁੱਧ ਵਿਦਰੋਹ ਕਰਨ ਲਈ ਮਾਨਸਿਕ ਸਮਝ ਪੈਦਾ ਕਰਦੀਆਂ ਹਨ। ਇਹ ਸਾਡੇ ਅੰਦਰਲੇ ਕਮਜ਼ੋਰ ਬੰਦੇ ਨੂੰ ਮਜ਼ਬੂਤ ਕਰਦੀਆਂ ਹਨ। ਕਿਤਾਬਾਂ ਪਿਆਰ ਕਰਨਾ ਸਿਖਾਉਂਦੀਆਂ ਹਨ। ਕਿਤਾਬਾਂ ਕੱਚੇ ਘੜੇ 'ਤੇ ਤੈਰਨ ਦੇ ਅਰਥ ਦੱਸਦੀਆਂ ਹਨ। ਇਹ ਕੁਕਨੂਸ ਵਾਂਗ ਆਪਣੀ ਹੀ ਰਾਖ਼ ਵਿੱਚੋਂ ਮੁੜ ਜਨਮ ਲੈਣ ਦਾ ਬਲ ਦੱਸਦੀਆਂ ਹਨ।

**ਭਾਸ਼ਾ ਤੇ ਸਾਹਿਤ**

ਕਿਤਾਬਾਂ ਪੜ੍ਹਦਿਆਂ ਅਸੀਂ ਅਧਿਆਇ ਰਟਦੇ ਨਹੀਂ, ਗ੍ਰਹਿਣ ਕਰਦੇ ਹਾਂ। ਪੜ੍ਹਦਿਆਂ ਪੜ੍ਹਦਿਆਂ ਸਾਡੀ ਪੜ੍ਹਨ ਦੀ ਗਤੀ ਅਤੇ ਗ੍ਰਹਿਣ ਕਰਨ ਦੀ ਸ਼ਕਤੀ ਸੁਭਾਵਕ ਗਤੀ ਨਾਲ ਵਧਦੀ ਹੈ। ਸਾਨੂੰ ਕੋਈ ਉਚੇਚ ਨਹੀਂ ਕਰਨਾ ਪੈਂਦਾ। ਸਾਡੇ ਸਿਰ 'ਤੇ ਕਿਸੇ ਪ੍ਰੀਖਿਆ ਵਿਚ ਬੈਠਣ ਦਾ ਡਰ ਵੀ ਨਹੀਂ ਹੁੰਦਾ। ਸਾਨੂੰ ਆਪਣੇ ਅੰਦਰ ਚਾਨਣ ਫੈਲਦਾ ਮਹਿਸੂਸ ਹੁੰਦਾ ਹੈ। ਸਾਡਾ ਵਸਤਾਂ, ਵਰਤਾਰਿਆਂ ਨੂੰ ਵੇਖਣ ਦਾ ਨਜ਼ਰੀਆ ਬਦਲਦਾ ਹੈ। ਖੁਰਦਰੀਆਂ ਵਸਤਾਂ ਵਿਚ ਕੋਮਲਤਾ ਸਾਕਾਰ ਹੋਣ ਲੱਗਦੀ ਹੈ। ਸਾਡੇ ਫੁਰਨੇ ਕਵਿਤਾਵਾਂ ਬਣ ਜਾਂਦੇ ਹਨ। ਸਾਡੇ ਬਿਰਤਾਂਤ ਗਲਪ ਦੀ ਕੋਈ ਰਚਨਾ ਦਾ ਆਕਾਰ ਗ੍ਰਹਿਣ ਕਰਦੇ ਹਨ। ਸਾਡੀਆਂ ਸੋਚਾਂ ਸਵੈ ਸੰਗ ਸੰਵਾਦ ਰਚਾਉਂਦੀਆਂ ਹਨ। ਸਾਡੇ ਅੰਦਰ ਵਿਚਾਰ ਮੌਲਦੇ ਹਨ। ਸਾਡੀ ਕਲਪਨਾ ਅੰਬਰ ਵਿੱਚ ਪੀਂਘਾਂ ਪਾਉਣ ਲੱਗਦੀ ਹੈ। ਅਸੀਂ ਕਿਸੇ ਅਦੁੱਤੀ ਊਰਜਾ ਨਾਲ ਭਰੇ ਰਹਿੰਦੇ ਹਾਂ। ਇੱਕ ਸਵੈਮਾਣ ਸਾਡੇ ਅੰਗ-ਸੰਗ ਤੁਰਦਾ ਹੈ। ਵਿਧੀਵਤ ਸਿੱਖਿਆ ਕੋਲ ਅਜਿਹੇ ਚਮਤਕਾਰ ਨਹੀਂ ਹਨ ਜੋ ਸਾਨੂੰ ਸੋਚਣ ਦੀ ਸਮਰੱਥਾ ਦੇਵੇ, ਸਾਡੀ ਕਲਪਨਾ ਸ਼ਕਤੀ ਪ੍ਰਵਾਜ਼ ਭਰੇ। ਭਾਸ਼ਾ ਤੁਹਾਡੇ ਭਾਵਾਂ ਨੂੰ ਪ੍ਰਗਟਾਉਣ ਦੇ ਸਮਰੱਥ ਹੋਣੀ ਚਾਹੀਦੀ ਹੈ। ਕੀ ਸਕੂਲੀ ਸਿੱਖਿਆ ਦੌਰਾਨ ਪੜ੍ਹਾਈ ਭਾਸ਼ਾ ਸਾਨੂੰ ਇਸ ਯੋਗ ਬਣਾਉਂਦੀ ਹੈ? ਸਕੂਲੀ ਸਿੱਖਿਆ ਸਾਨੂੰ ਰੱਟਾ ਲਾਉਣ, ਨਕਲ ਮਾਰਨ ਅਤੇ ਕਿਸੇ ਵੀ ਹੀਲੇ ਇਮਤਿਹਾਨ ਵਿੱਚੋਂ ਪਾਸ ਹੋਣ ਦਾ ਜੁਗਾੜ ਕਰਨ ਦੇ ਯੋਗ ਹੀ ਬਣਾਉਂਦੀ ਹੈ। ਚਲੋ! ਹੋਰ ਗੱਲ ਕਰਦੇ ਹਾਂ। ਸਾਡੀ ਸਿੱਖਿਆ ਸਾਡੇ ਰੋਜ਼ਾਨਾ ਦੇ ਜੀਵਨ ਵਿਚ ਕਿੰਨੀ ਕੁ ਕਾਰਗਰ ਸਿੱਧ ਹੁੰਦੀ ਹੈ? ਅਸੀਂ ਸਵੇਰ ਤੋਂ ਸ਼ਾਮ ਤੱਕ ਜਿਸ ਵਿਹਾਰ ਦੀ ਸੰਗਲੀ ਨਾਲ ਬੱਝੇ ਰਹਿੰਦੇ ਹਾਂ, ਉਸ ਵਿੱਚੋਂ ਸੁਤੰਤਰ ਹੋਣ ਲਈ ਸਿੱਖਿਆ ਸਾਡੀ ਕਿੰਨੀ ਕੁ ਅਤੇ ਕਿੱਥੇ ਮਦਦ ਕਰਦੀ ਹੈ? ਸਾਡੇ ਕੋਲ ਸਵਾਲ ਏਨੇ ਜ਼ਿਆਦਾ ਹਨ ਕਿ ਜਵਾਬ ਤਲਾਸ਼ਦਿਆਂ ਜੀਵਨ ਛੋਟਾ ਪੈ ਜਾਂਦਾ ਹੈ। ਕਾਰਣ ਸ਼ਾਇਦ ਇਹ ਹੈ ਕਿ ਜੀਵਨ ਨੂੰ ਸਿੱਖਿਆ ਨੇ ਗੁੰਝਲਦਾਰ ਬਣਾ ਛੱਡਿਆ ਹੈ। ਜੀਵਨ ਅਤੇ ਸਿੱਖਿਆ ਵਿਚਲੀ ਵਿੱਥ ਜੀਵਨ ਦੀਆਂ ਬਹੁਤੀਆਂ ਤ੍ਰਾਸਦੀਆਂ ਦਾ ਕਾਰਣ ਬਣਦੀ ਹੈ। ਜੀਵਨ ਵਿਚ ਸੰਤੁਲਨ ਪੈਦਾ ਕਰਨਾ ਹੀ ਅੱਜ ਦੀ ਵੱਡੀ ਚੁਣੌਤੀ ਹੈ। ਸਿੱਖਿਆ ਦੇ ਮੁੱਢਲੇ ਵਰਿਆਂ ਦੌਰਾਨ ਸਾਨੂੰ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਕਰਨ, ਭਾਵਨਾਵਾਂ ਉੱਪਰ ਕਾਬੂ ਪਾਉਣ ਦਾ ਹੁਨਰ ਜਾਂ ਸਹਿਜ ਵੀ ਸਿੱਖਣਾ ਚਾਹੀਦਾ ਹੈ। ਸਾਡੇ ਖ਼ੁਸ਼ ਹੋਣ, ਉਦਾਸ ਹੋਣ, ਹੱਸਣ, ਰੋਣ, ਗੁੱਸਾ ਕਰਨ, ਹਲੀਮੀ ਵਰਤਣ, ਪਿਆਰ ਅਤੇ ਨਫ਼ਰਤ ਕਰਨ ਮੌਕੇ ਯੋਗ ਭਾਵਾਂ ਨੂੰ ਵਰਤਣਾ ਆਉਣਾ ਚਾਹੀਦਾ ਹੈ। ਜੇਕਰ ਅਸੀਂ ਗ਼ਮ ਵੇਲੇ ਖ਼ੁਸ਼ ਹੁੰਦੇ ਹਾਂ, ਸੋਗ ਦੇ ਸਮੇਂ ਆਪਣੇ ਹਾਸੇ ਉੱਪਰ ਕਾਬੂ ਨਹੀਂ ਨਹੀਂ ਰੱਖ ਸਕਦੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਾਡੀ ਭਾਵਾਂ ਵਾਲੀ ਸਿੱਖਿਆ ਅਧੂਰੀ ਹੈ। ਸਾਡੀ ਭਾਸ਼ਾ ਅਪਾਹਜ ਹੈ। ਅਜਿਹਾ ਸਾਡੀ ਭਾਸ਼ਾ ਨੂੰ ਵਰਤਣ ਵਿਚ ਨੁਕਸ ਕਾਰਣ ਹੈ। ਸਾਡੀਆਂ ਭਾਵਨਾਵਾਂ ਦੇ ਅਣਵਿਕਸਤ ਰਹਿਣ ਕਰਕੇ ਹੈ। ਸਰੀਰਕ ਭਾਸ਼ਾ ਭਾਵਾਂ ਨੂੰ ਪ੍ਰਗਟਾਉਣ ਦੇ ਵਧੇਰੇ ਸਮਰੱਥ ਲੱਗਦੀ ਹੈ। ਅੰਗਰੇਜ਼ ਲੋਕ ਗੱਲਾਂ ਕਰਦਿਆਂ ਆਪਣੀਆਂ ਸਰੀਰਕ ਹਰਕਤਾਂ ਦੀ ਵਰਤੋਂ ਸਾਥੋਂ ਵੱਧ ਕਰਦੇ ਹਨ। ਉਨਾਂ ਦੀਆਂ ਅਦਾਵਾਂ ਦਾ ਨੌਟੰਕੀਪਨ ਸੰਵਾਦ ਨੂੰ ਪ੍ਰਭਾਵੀ ਅਤੇ ਮਜ਼ੇਦਾਰ ਬਣਾਉਣ ਵਿਚ ਮਦਦ ਕਰਦਾ ਹੈ। ਭਾਸ਼ਾ ਭਾਵਨਾਵਾਂ ਨੂੰ ਪ੍ਰਗਟਾਉਣ ਅਤੇ ਸਰੋਤੇ ਤੱਕ ਪਹੁੰਚਾਉਣ ਦੇ ਵਧੇਰੇ ਯੋਗ ਹੋ ਜਾਂਦੀ ਹੈ। ਯੋਗ ਭਾਸ਼ਾ ਕੋਲ ਨਾ ਹੋਣ ਕਾਰਣ ਸਾਹਿਤ ਦੇ ਕਲਪਨਾ ਸੰਸਾਰ ਵਿਚ ਪ੍ਰਵੇਸ਼ ਕਰਨ ਦਾ ਬੂਹਾ ਬੰਦ ਰਹਿੰਦਾ ਹੈ। ਸਿਰਜਣ ਪ੍ਰਕਿਰਿਆ ਲਈ ਗਿਆਨ ਨਾਲੋਂ ਕਲਪਨਾ ਦੀ ਵਧੇਰੇ ਲੋੜ ਹੁੰਦੀ ਹੈ। ਸਾਹਿਤ ਦੀ ਕਿਸੇ ਵੀ ਵਿਧਾ ਦੀ ਸਿਰਜਣਾ ਵਿਚ ਮਹੱਤਵਪੂਰਣ ਭੂਮਿਕਾ ਕਲਪਨਾ ਦੀ ਹੁੰਦੀ ਹੈ। ਵੱਖ-ਵੱਖ ਉਮਰ, ਧਰਮ, ਜਾਤ, ਕਬੀਲੇ, ਅਤੇ ਇਲਾਕੇ ਦੇ ਲੋਕਾਂ ਨਾਲ ਗੱਲਾਂ ਕਰਕੇ ਅਸੀਂ ਆਪਣੀ ਸਿਰਜਣਾਤਮਕ ਊਰਜਾ ਨੂੰ ਹੁਲਾਰਾ ਦੇ ਸਕਦੇ ਹਾਂ। ਅਜਿਹੇ ਵੇਲੇ ਬੋਲਣ ਨਾਲੋਂ ਸੁਣਨਾ ਵਧੇਰੇ ਲਾਹੇਵੰਦ ਹੁੰਦਾ ਹੈ। ਅਦਭੁੱਤ ਲੱਗਦੀਆਂ ਵਸਤਾਂ, ਵਰਤਾਰਿਆਂ ਬਾਰੇ ਖੁੱਲ ਕੇ ਲਿਖਣ ਦਾ ਅਭਿਆਸ ਕੀਤਿਆਂ ਵੀ ਸਿਰਜਣਾ ਦੇ ਨਕਸ਼ ਗੂੜ੍ਹੇ ਹੁੰਦੇ ਹਨ। ਜੀਵਨ ਦੇ ਹਰ ਵਰਤਾਰੇ ਦੀ ਸਫ਼ਲਤਾ ਉਸ ਨੂੰ ਖ਼ਾਮੀਆਂ ਮੁਕਤ ਕਰਨਾ ਹੁੰਦਾ ਹੈ। ਸਿੱਖਿਆ ਅਤੇ ਭਾਸ਼ਾ ਵਿਚਲੀਆਂ ਖ਼ਾਮੀਆਂ ਸਾਡੇ ਦੁਆਲੇ ਭਰਮਾਂ ਦਾ ਜਾਲ ਸਿਰਜ ਦਿੰਦੀਆਂ ਹਨ। ਕਈ ਤਰਾਂ ਦੇ ਡਰ ਸਾਡੇ ਅੰਗ-ਸੰਗ ਹੋ ਜਾਂਦੇ ਹਨ। ਡਰਪੋਕ ਹੋਣਾ ਅਸਫ਼ਲਤਾ ਦਾ ਆਗਾਜ਼ ਹੋਣਾ ਹੈ। ਵਿਗਿਆਨਿਕ ਅਤੇ ਤਰਕਸ਼ੀਲ ਨਜ਼ਰੀਏ ਨਾਲ ਅਸੀਂ ਡਰ ਮੁਕਤ ਹੁੰਦੇ ਹਾਂ।

ਬਾਕੀ ਸਫ਼ਾ 30 'ਤੇ

# ਤਸਵੀਰਾਂ ਦਾ ਫ਼ਲਸਫ਼ਾ



**ਹਰਫ਼ਾਂ ਦੇ ਨੂਰ**

ਤਸਵੀਰਾਂ ਦਾ ਵੀ ਆਪਣਾ ਫ਼ਲਸਫ਼ਾ ਹੁੰਦਾ, ਤਸਵੀਰਾਂ ਦੀ ਵੀ ਆਪਣੀ ਭਾਸ਼ਾ ਹੁੰਦੀ ਏ, ਤਸਵੀਰਾਂ ਵਰਤਮਾਨ ਵਿੱਚੋਂ ਖਿੱਚ ਕੇ ਝੱਟ ਅਤੀਤ ਦੀਆਂ ਯਾਦਾਂ ਵਿੱਚ ਲੈ ਜਾਂਦੀਆਂ ਨੇ ਮਹਿਸੂਸ ਹੁੰਦਾ ਹੁੰਦਾ ਕਿ ਜਿਵੇਂ ਫ਼ੇਰ ਉਹ ਪਲ ਜੀ ਲਏ ਹੋਣ। ਉਨਾਂ ਥਾਵਾਂ 'ਤੇ ਉਨਾਂ ਲੋਕਾਂ ਨਾਲ ਜੋ ਅਤੀਤ ਵਿੱਚ ਕਿੱਧਰੇ ਗੁਆਚ ਗਏ ਸੀ ਫ਼ੇਰ ਘੁੱਟ ਗੱਲਵਕੜੀ ਪਾ ਲਈ ਹੋਵੇ ਯਾਦਾਂ ਉੱਤੇ ਸਮੇਂ ਦੀ ਜੰਮੀ ਧੂੜ ਨੂੰ ਪਲਾਂ ਵਿੱਚ ਸਾਫ਼ ਕਰ ਦਿੰਦੀਆਂ ਨੇ। ਕਦੇ ਬਚਪਨ ਦੀਆਂ ਤਸਵੀਰਾਂ ਕੱਢ ਕੇ ਦੇਖਣਾ, ਮੁੜ ਬਚਪਨ ਚੇਤੇ ਆ ਜਾਂਦਾ, ਜਿੱਦਾਂ ਹਾਲੇ ਕੱਲ ਦੀਆਂ ਹੀ ਗੱਲਾਂ ਹੋਣ, ਕਿੰਨਾ ਕੁਝ ਅੱਖਾਂ ਅੱਗੇ ਘੁੰਮ ਜਾਂਦਾ ਲੱਗਦਾ ਹੁੰਦਾ ਜਿਵੇਂ ਫ਼ੇਰ ਬਚਪਨ ਵਿੱਚ ਪਹੁੰਚ ਗਏ ਹੋਈਏ।

ਬੇਬੇ ਬਾਪੂ ਨਾਲ ਬਚਪਨ ਵਿੱਚ ਕਰਾਈਆਂ ਤਸਵੀਰਾਂ ਵਾਰ ਵਾਰ ਦੇਖਣ ਨੂੰ ਦਿਲ ਕਰਦਾ ਰਹਿੰਦਾ ਉਨਾਂ ਵਿੱਚ ਜਵਾਨ ਮਾਂ-ਪਿਉ ਕਿੰਨੇ ਸੋਹਣੇ ਲੱਗਦੇ ਹੁੰਦੇ ਆ, ਇੱਕ ਤਸਵੀਰ ਸਾਰਿਆਂ ਕੋਲ ਹੀ ਹੁੰਦੀ ਹੈ ਨਿੱਕੇ ਹੁੰਦਿਆਂ ਦੀ ਜਿਸ ਵਿੱਚ ਮਾਂ ਨੇ ਗੋਦੀ ਚੱਕਿਆ ਹੁੰਦਾ।

ਜਦੋਂ ਕਦੇ ਮੋਏ ਮਾਪਿਆਂ ਦੀਆਂ ਤਸਵੀਰਾਂ ਦੇਖਦੇ ਹਾਂ, ਲੱਗਦੇ ਹੁਣੇ ਆਵਾਜ਼ ਦੇਣਗੇ, ਮੋਢੇ ਤੇ ਹੱਥ ਧਰਨਗੇ ਪਿਆਰ ਨਾਲ ਹਿੱਕ ਨਾਲ ਲਾਉਣਗੇ, ਦਿਲ ਜਿਹਾ ਕਰਦਾ ਹੁੰਦਾ ਕਾਸ਼ ਇੱਕ ਸਕਿੰਟ ਲਈ ਹੀ ਆ ਜਾਣ।

ਕਾਲਜ-ਯੂਨੀਵਰਸਿਟੀ ਦੀਆਂ ਤਸਵੀਰਾਂ ਰੂਹ ਨੂੰ ਕਿੰਨਾ ਖੇੜੇ ਬਖ਼ਸ਼ਦੀਆਂ ਨੇ। ਕਿਸੇ ਟੂਰ ਦੀਆਂ ਤਸਵੀਰਾਂ, ਕਿਸੇ ਗਿੱਧੇ ਭੰਗੜੇ ਦੀ ਟੀਮ ਵਿੱਚ ਹਿੱਸਾ ਲੈਣ ਸਮੇਂ ਦੀਆਂ, ਫੇਅਰਵੈੱਲ ਪਾਰਟੀ ਦੀਆਂ, ਦੋਸਤ ਮਿੱਤਰ ਦੇਖ, ਉਨਾਂ ਸੰਗ ਕੀਤੀਆਂ ਸ਼ਰਾਰਤਾਂ ਮੌਜਾਂ ਯਾਦ ਆਉਂਦੀਆਂ ਨੇ।

ਪਰਦੇਸੀ ਬੈਠਿਆਂ ਨੂੰ ਆਪਣੀ ਜੰਮਣ ਭੋਇੰ ਦੀਆਂ, ਆਪਣੇ ਵਤਨ ਦੀਆਂ ਪਿੰਡ, ਸ਼ਹਿਰ ਦੀਆਂ ਤਸਵੀਰਾਂ ਕਿੰਨਾ ਨਿੱਘ ਦਿੰਦੀਆਂ ਨੇ ਵਾਰ ਵਾਰ ਦੇਖਣ ਨੂੰ ਦਿਲ ਕਰਦਾ, ਵਾਰ ਵਾਰ ਧਿਆਨ ਲਾ ਕੇ ਦੇਖੀਦਾ ਕਿ ਕੀ ਕੁਝ ਬਦਲ ਗਿਆ ਤੇ ਕੀ ਕੁਝ ਉਦਾਂ ਦਾ ਹੀ ਹੈ ਜਿੱਦਾਂ ਦਾ ਅਸੀਂ ਛੱਡ ਕੇ ਆਏ ਸੀ।

ਤਸਵੀਰਾਂ ਸਭ ਕੁਝ ਬੋਲਦੀਆਂ ਹਨ, ਚੜਦੀ ਉਮਰੇ ਵਿਛੜ ਗਏ ਮਿੱਤਰਾਂ ਤੇ ਮੋਏ ਮਾਪਿਆਂ ਦੀਆਂ ਤਸਵੀਰਾਂ ਅਕਸਰ ਰਵਾ ਵੀ ਦਿੰਦੀਆਂ ਹਨ।

ਕੁਝ ਤਸਵੀਰਾਂ ਇਕੱਲਾ ਕਰ ਜਾਂਦੀਆਂ ਨੇ, ਕੁਝ ਮੁਲਾਕਾਤ ਦਾ ਅਹਿਸਾਸ ਕਰਾ ਜਾਂਦੀਆਂ ਨੇ। ਤਸਵੀਰਾਂ ਸਿਰਫ਼ ਕਿਸੇ ਦਾ ਚਿਹਰਾ ਹੀ ਨਹੀਂ ਦਿਖਾਉਂਦੀਆਂ, ਕਿਸੇ ਦੂਰ ਬੈਠੇ ਦੇ ਨੇੜੇ ਹੋਣ ਦਾ ਅਹਿਸਾਸ ਕਰਾਉਂਦੀਆਂ ਨੇ। ਤਸਵੀਰਾਂ ਕਰਦੇ ਰਿਹਾ ਕਰੋ, ਸਾਂਭ ਦੇ ਵੀ ਰਿਹਾ ਕਰੋ, ਕੋਈ ਅਜ਼ੀਜ਼ ਮੰਗੇ ਤਾਂ ਭੇਜ ਵੀ ਦਿਆ ਕਰੋ, ਨਹੀਂ ਅੱਜ ਦੀ ਤੇਜ ਤਰਾਰ ਤੇ ਮਤਲਬੀ ਦੁਨੀਆ ਵਿੱਚ ਕਿੱਥੇ ਕਿਸੇ ਕੋਲ ਸਮਾਂ ਹੈ ਦੂਜੇ ਦੀਆਂ ਤਸਵੀਰਾਂ ਦੇਖਣ ਦਾ।

**ਹਰਵਿੰਦਰ ਸਿੰਘ ਭੱਟੋਂ**
੯੪੬੪੦-੦੦੦੭੦

# ਕਮਜ਼ੋਰ ਦਰਵਾਜ਼ਾ



**ਵਰਿਆਮ ਸਿੰਘ ਸੰਧੂ**



**ਇਕ ਯਾਦ**

ਤੀਹ-ਬੱਤੀ ਸਾਲ ਪਹਿਲਾਂ ਦੀ ਗੱਲ ਹੈ। ਅਸੀਂ ਸ਼ਾਮ ਨੂੰ ਵਾਘਾ ਬਾਰਡਰ ਵੇਖਣ ਗਏ। ਉਦੋਂ ਵਾਘੇ 'ਤੇ ਅੱਜ ਵਾਲੀ ਤਾਮ-ਝਾਮ ਤੇ ਵੱਡੀਆਂ ਭੀੜਾਂ ਨਹੀਂ ਸਨ ਹੁੰਦੀਆਂ। ਮਸਾਂ ਸੌ ਡੇਢ-ਸੌ ਬੰਦਾ ਹੁੰਦਾ ਸੀ ਸ਼ਾਮ ਦੀ ਪਰੇਡ ਵੇਖਣ ਵਾਲਾ। ਦੋਵਾਂ ਪਾਸਿਆਂ ਤੋਂ ਬੂਟਾਂ ਦਾ ਖੜਾਕ ਕਰਨ ਵਾਲੇ ਸਿਪਾਹੀ ਅੱਜ ਵਾਂਗ ਹੀ ਜੰਗੀ ਅੰਦਾਜ਼ ਵਿਚ ਸ਼ਾਮ ਨੂੰ ਆਪੋ-ਆਪਣੇ ਮੁਲਕਾਂ ਦੇ ਝੰਡੇ ਉਤਾਰਦੇ ਸਨ। ਸਾਡੇ ਵਾਲੇ ਤੇ ਪਾਕਿਸਤਾਨ ਵਾਲੇ ਪਾਸੇ ਦੇ ਲੋਕ ਸੌ-ਸੌ ਗਜ਼ ਦੀ ਦੂਰੀ 'ਤੇ ਖੜੇ ਸਾਰਾ ਤਮਾਸ਼ਾ ਵੇਖ ਰਹੇ ਸਨ। ਝੰਡੇ ਲਹਿ ਗਏ ਤਾਂ ਸਾਡੇ ਵਾਲੇ ਪਾਸੇ ਲੋਕਾਂ ਨੂੰ ਅੱਗੇ ਬਾਰਡਰ ਦੇ ਗੇਟ ਤੱਕ ਜਾਣ ਦੀ ਆਗਿਆ ਮਿਲ ਗਈ। ਜਿਵੇਂ ਤਿਹਾਇਆ ਪਸ਼ੂ ਪਾਣੀ ਵੱਲ ਭੱਜਦਾ ਏ ਲੋਕ ਨੋ-ਮੈਨਜ਼ ਲੈਂਡ 'ਤੇ ਲੱਗੇ ਭਾਰਤੀ ਗੇਟ ਵੱਲ ਭੱਜ ਖਲੋਤੇ। ਦੂਜੇ ਪਾਸੇ ਤੋਂ ਪਾਕਿਸਤਾਨੀ ਭਰਾਵਾਂ ਨੂੰ ਅੱਗੇ ਨਹੀਂ ਸੀ ਆਉਣ ਦਿੱਤਾ ਗਿਆ। ਸਾਡੇ ਵਾਲੇ ਪਾਸਿਓਂ ਕਿਸੇ ਨੇ ਉਧਰ ਖਲੋਤੇ ਲੋਕਾਂ ਵੱਲ ਪਿਆਰ ਨਾਲ ਹੱਥ ਹਿਲਾਇਆ ਤਾਂ ਕੋਲ ਖਲੋਤੇ ਬੀ ਐਸ ਐਫ਼ ਦੇ ਸਿਪਾਹੀ ਨੇ ਉਹਦੇ ਵੱਟ ਕੇ ਚਪੇੜ ਮਾਰੀ। ਕਹਿੰਦਾ, 'ਸਾਲੇ, ਤੂੰ ਦੁਸ਼ਮਣ ਮੁਲਕ ਕੇ ਆਦਮੀ ਕੋ ਹਾਥ ਹਿਲਾ ਰਹਾ ਹੈ।' ਬੰਦਾ ਵਿਚਾਰਾ ਸ਼ਰਮਿੰਦਾ ਹੋ ਕੇ ਆਪਣੀ ਗੱਲ ਮਲਣ ਲੱਗਾ।

ਲੋਕਾਂ ਦੇ ਮਨਾਂ ਵਿਚ ਦੂਜੇ ਪਾਸੇ ਦੇ ਆਪਣੇ ਵਰਗੇ ਲੋਕਾਂ ਤੇ ਆਪਣੀ ਵਰਗੀ ਧਰਤੀ ਨੂੰ ਵੇਖਣ ਦਾ ਚਾਅ ਡੁੱਲ ਡੁੱਲ ਪੈ ਰਿਹਾ ਸੀ। ਗੇਟ ਬੰਦ ਸੀ ਪਰ ਚਾਅ ਵਿਚ ਲੋਕ ਵਾਰ ਵਾਰ ਅੱਗੇ ਨੂੰ ਉੱਲਰ ਰਹੇ ਸਨ। ਭੀੜ ਵਿਚ ਪਿੱਛੇ ਰਹਿ ਗਏ ਬੰਦੇ ਅੱਗੇ ਨਿਕਲ ਕੇ ਗੇਟ ਤੱਕ ਪਹੁੰਚਣ ਲਈ ਕੋਸ਼ਿਸ਼ ਕਰ ਰਹੇ ਸਨ। ਇਸ ਨਾਲ ਪਿੱਛੋਂ ਅਗਲੇ ਪਾਸੇ ਧੱਕਾ ਜਿਹਾ ਵੱਜਦਾ ਤਾਂ ਗੇਟ ਕੋਲ ਖਲੋਤੇ ਬੰਦੇ ਗੇਟ ਵਿਚ ਵੱਜਦੇ। ਲੋਹੇ ਦਾ ਬੰਦ ਫਾਟਕ ਵਾਰ ਵਾਰ ਅੱਗੇ ਨੂੰ ਧੱਕਿਆ ਜਾਂਦਾ ਵੇਖ ਕੇ ਮੌਕੇ 'ਤੇ ਖਲੋਤਾ ਸਿਪਾਹੀ ਉੱਚੀ ਉੱਚੀ 'ਪੀਛੇ ਹਟੋ, ਪੀਛੇ ਹਟੋ,' ਆਖ ਕੇ ਗੇਟ ਨਾਲ ਲੱਗੇ ਲੋਕਾਂ ਨੂੰ ਪਿੱਛੇ ਹਟਣ ਲਈ ਆਖ ਰਿਹਾ ਸੀ। ਏਨੇ ਵਿਚੋਂ ਫੇਰ ਪਿੱਛੋਂ ਜ਼ੋਰ ਦੀ ਧੱਕਾ ਵੱਜਾ ਤਾਂ ਗੇਟ ਮੁੜ ਅੱਗੇ ਨੂੰ ਧੱਕਿਆ ਗਿਆ ਤਾਂ ਗੁੱਸੇ ਵਿਚ ਭਰਿਆ ਸਿਪਾਹੀ ਹੌਲੀ ਜਿਹੀ ਭੁਸ-ਭੁਸਾ ਕੇ ਕੁਝ ਇਸ ਤਰਾਂ ਖਿਝ ਕੇ ਬੋਲਿਆ ਕਿ ਦੋ ਚਾਰ ਕਦਮਾਂ ਦੀ ਵਿੱਥ ਤੇ ਖਲੋਤੇ ਪਾਕਿਸਤਾਨੀ ਸਿਪਾਹੀ ਨੂੰ ਕਿਧਰੇ ਸੁਣ ਨਾ ਜਾਵੇ। ਉਹਦੇ ਬੋਲ ਸਨ, 'ਗੇਟ ਨੂੰ ਕਿਉਂ ਧੱਕ ਰਹੇ ਓ? ਕਮਜ਼ੋਰ ਜਿਹਾ ਗੇਟ ਹੈ। ਜਾਣਦੇ ਓ ਕਿ ਜੇ ਗੇਟ ਟੁੱਟ ਗਿਆ ਤਾਂ ਪੂਰੇ ਮੁਲਕ ਦੀ ਕਿੰਨੀ ਬਦਨਾਮੀ ਹੋਵੇਗੀ।' ਉਹਦੇ ਇਹ ਬੋਲ ਅੱਜ ਵੀ ਮੇਰੇ ਚੇਤੇ ਵਿਚ ਲਿਖੇ ਹੋਏ ਹਨ।

ਸਿਆਸੀ ਆਗੂ ਜਾਣਦੇ ਨੇ ਕਿ ਦੋਵਾਂ ਮੁਲਕਾਂ ਦੇ ਆਮ ਲੋਕਾਂ ਦੇ ਮਨਾਂ ਵਿਚ ਵੱਸਦੀ ਮੁਹੱਬਤ ਦਾ ਧੱਕਾ ਕਿਸੇ ਵੀ ਦਿਨ ਇਸ ਕਮਜ਼ੋਰ ਗੇਟ ਨੂੰ ਤੋੜ ਸਕਦਾ ਹੈ ਤੇ ਵਿਛੜੇ ਭਰਾ ਇਕ ਦੂਜੇ ਦੇ ਗਲੇ ਲੱਗ ਜਾਣਗੇ। ਏਸੇ ਕਰ ਕੇ ਉਹ ਸਾਨੂੰ ਆਪਸ ਵਿਚ ਮਿਲਣ ਨਹੀਂ ਦੇਣਾ ਚਾਹੁੰਦੇ ਸਗੋਂ ਲੜਾਈ ਰੱਖਣਾ ਚਾਹੁੰਦੇ ਹਨ।

# ਹਾਕੀ ਖੇਡ ਨੂੰ ਹਰਮਨ ਪਿਆਰੀ ਕਿਵੇਂ ਬਣਾਇਆ ਜਾਵੇ

**ਪਰਮਜੀਤ ਸਿੰਘ**

1950 ਤੋਂ ਲੈ ਕੇ 1970 ਤੱਕ ਦਾ ਸਮਾਂ ਭਾਰਤੀ ਖੇਡ ਦੇ ਪੱਖੋਂ ਇਕ ਉਹ ਜ਼ਮਾਨਾ ਸੀ ਜਦੋਂ ਇਸ ਦੇਸ਼ ਦੇ ਲੋਕ ਹਾਕੀ ਖੇਡ ਨੂੰ ਬਹੁਤ ਹੀ ਜ਼ਿਆਦਾ ਪਿਆਰਦੇ ਸਨ। ਤੁਸੀਂ ਸੁਣ ਕੇ ਹੈਰਾਨ ਹੋਵੋਗੇ, ਬੰਬੇ ਆਗਾਖ਼ਾਨ, ਕਲਕੱਤਾ ਬੇਟਨ ਕੱਪ, ਨਹਿਰੂ ਕੱਪ ਤੇ ਕਈ ਹੋਰ ਹਾਕੀ ਟੂਰਨਾਮੈਂਟ ਅਜਿਹੇ ਸਨ, ਜਿਥੇ ਹਾਕੀ ਪ੍ਰੇਮੀਆਂ ਦੀ ਮੈਚ ਵੇਖਣ ਲਈ ਟਿਕਟਾਂ ਖਰੀਦਣ ਲਈ ਭੀੜ ਲੱਗੀ ਰਹਿੰਦੀ ਸੀ। ਟੂਰਨਾਮੈਂਟ ਸ਼ੁਰੂ ਹੋਣ ਤੋਂ ਕਈ ਕਈ ਦਿਨ ਪਹਿਲਾਂ ਲੋਕਾਂ ਦੇ ਮਨਾਂ 'ਚ ਚਾਅ ਹੁੰਦਾ ਸੀ, ਉਤਸੁਕਤਾ ਹੁੰਦੀ ਸੀ ਕਿ ਕਦੋਂ ਹਾਕੀ ਟੂਰਨਾਮੈਂਟ ਸ਼ੁਰੂ ਹੋਵੇ ਤੇ ਉਹ ਹਾਕੀ ਖੇਡ ਦਾ ਰੁਮਾਂਚ ਮਾਣ ਸਕਣ। ਖਿਡਾਰੀਆਂ ਨੂੰ ਵੀ ਬਹੁਤਾ ਕੁਝ ਨਹੀਂ ਸੀ ਮਿਲਦਾ ਪਰ ਉਨਾਂ ਨੂੰ ਬਹੁਤੀਆਂ ਸਹੂਲਤਾਂ ਦੀ ਕਦੇ ਉਮੀਦ ਵੀ ਨਹੀਂ ਸੀ। ਉਹ ਤਾਂ ਇਸ ਖੇਡ ਦਾ ਖੇਡਦਿਆਂ ਬਸ ਆਨੰਦ ਹੀ ਮਾਣਦੇ ਸਨ। ਰੇਡੀਓ ਦਾ ਜ਼ਮਾਨਾ ਸੀ। ਰੇਡੀਓ ਕੁਮੈਂਟਰੀ ਦਾ ਸਮਾਂ ਸੀ। ਹਾਕੀ ਉਸ ਸਮੇਂ ਪੇਸ਼ਾਵਰ ਖੇਡ ਨਾ ਬਣ ਸਕੀ। ਹਾਕੀ ਖੇਡ ਦੇ ਪ੍ਰਬੰਧਕ ਹਾਕੀ ਖੇਡ ਨਾਲ ਮੋਹ ਤਾਂ ਜ਼ਰੂਰ ਰੱਖਦੇ ਸਨ ਪਰ ਸ਼ਾਇਦ ਬਹੁਤ ਦੂਰਅੰਦੇਸ਼ੀ ਵਾਲੇ ਨਹੀਂ ਸਨ। ਇਹ ਹਾਕੀ ਪ੍ਰੇਮੀਆਂ ਦੀ ਬਦੌਲਤ ਹੀ ਹੈ ਇਹ ਖੇਡ ਅਜੇ ਤੱਕ ਵੀ ਦਿਲੋਂ ਵਿਸਾਰੀ ਨਹੀਂ ਜਾ ਸਕੀ ਪਰ ਇਹ ਸਾਡੇ ਹਾਕੀ ਖੇਡ ਪ੍ਰਬੰਧਕਾਂ ਦੀਆਂ ਕਮਜ਼ੋਰੀਆਂ ਸਨ ਕਿ ਉਹ ਸਾਡੀ ਖੇਡ ਨੂੰ ਇਕ ਪੇਸ਼ਾਵਰ ਖੇਡ ਨਾ ਬਣ ਸਕੇ। ਪਰ ਹਾਕੀ ਹੱਦੋਂ ਵੱਧ ਲੋਕਪ੍ਰਿਆ ਖੇਡ ਜ਼ਰੂਰ ਰਹੀ।

ਅਸੀਂ ਸਮਝਦੇ ਹਾਂ ਕਿਸ ਅਜੇ ਵੀ ਸਾਡੇ ਖੇਡ ਪ੍ਰਬੰਧਕਾਂ ਵਿਚ ਉਸੇ ਹੀ ਦੂਰ ਦ੍ਰਿਸ਼ਟੀ ਦੀ ਕਮੀ ਹੈ। ਜਿਥੋਂ ਤੱਕ ਦੇਸ਼ 'ਚ ਆਯੋਜਿਤ ਹੋਣ ਵਾਲੇ ਹਾਕੀ ਨੂੰ ਸਮਰਪਿਤ ਟੂਰਨਾਮੈਂਟਾਂ ਦਾ ਸਵਾਲ ਹੈ, ਉਹ ਤਾਂ ਬੇਸ਼ੁਮਾਰ ਨੇ ਪਰ ਉਨਾਂ ਟੂਰਨਾਮੈਂਟਾਂ ਨੂੰ ਵੇਖਣ ਵਾਲਿਆਂ ਦੀ ਗਿਣਤੀ ਬਹੁਤ ਘੱਟ ਹੈ। ਮੈਚਾਂ ਲਈ ਕੋਈ ਟਿਕਟ ਨਹੀਂ ਪਰ ਮੁਫ਼ਤ ਵੀ ਹਾਕੀ ਖੇਡ ਰੁਮਾਂਚ ਨੂੰ ਕੋਈ ਵੇਖਣ ਨਹੀਂ ਬਹੁੜਦਾ। ਹਾਕੀ ਟੂਰਨਾਮੈਂਟਾਂ ਦਾ ਵਾਧਾ ਤਾਂ ਹੋਇਆ ਪਰ ਇਸ ਖੇਡ ਦੀ ਲੋਕਪ੍ਰਿਅਤਾ ਘਟ ਗਈ, ਜੋ ਸਾਡੇ ਲਈ ਚਿੰਤਾ ਦਾ ਵਿਸ਼ਾ ਹੈ। ਲੋਕ ਸੋਚਦੇ ਨੇ ਕਿ ਉਲੰਪਿਕ ਹਾਕੀ ਦਾ ਵਿਸ਼ਵ ਕੱਪ ਹਾਕੀ ਭਾਰਤੀ ਟੀਮ ਵਲੋਂ ਜਿੱਤਣ ਨਾਲ ਦੇਸ਼ ਵਿਚ ਹਾਕੀ ਹਰਮਨ-ਪਿਆਰੀ ਹੋ ਜਾਵੇਗੀ, ਏਦਾਂ ਹੀ ਹੋਣਾ। ਲੋਕਪ੍ਰਿਅਤਾ ਇਕ ਹੋਰ ਵਿਸ਼ਾ ਹੈ ਅਤੇ ਭਾਰਤੀ ਹਾਕੀ ਟੀਮ ਦਾ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਦਰਸ਼ਨ ਦੂਜਾ ਵਾਦ-ਵਿਵਾਦ ਹੈ। ਹਾਕੀ ਖੇਡ ਦੇ ਪ੍ਰਸੰਸਕਾਂ ਅਤੇ ਹਿਤੈਸ਼ੀਆਂ ਨੂੰ ਇਸ ਗੱਲ ਦੀ ਹੀ ਸਮਝ ਨਹੀਂ ਆਈ। ਉਹ ਭਾਰਤੀ ਹਾਕੀ ਟੀਮ ਦੇ ਪ੍ਰਦਰਸ਼ਨ ਨੂੰ ਵੇਖ ਕੇ ਅਫ਼ਸੋਸ ਅਤੇ ਨਿਰਾਸ਼ਾ ਦੇ ਆਲਮ 'ਚ ਘਿਰ ਜਾਂਦੇ ਹਨ। ਪਰ ਅਸੀਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ। ਦੇਸ਼ ਦੀ ਕੌਮੀ ਟੀਮ ਦੇ ਪ੍ਰਦਰਸ਼ਨ ਨੂੰ ਭੁੱਲ ਜਾਓ, ਇਸ ਪੱਧਰ 'ਤੇ ਨਤੀਜਿਆਂ ਦੀ ਪ੍ਰਵਾਹ ਕਰਨੀ ਛੱਡ ਦਿਓ। ਧਿਆਨ ਦੇਣਾ ਹੈ ਤਾਂ ਸਕੂਲਾਂ ਵਿਚ ਵਿੱਦਿਆ ਗ੍ਰਹਿਣ ਕਰਦੇ ਚੌਥੀ-ਪੰਜਵੀਂ ਜਮਾਤ ਦੇ ਬੱਚਿਆਂ ਵੱਲ ਦਿਓ। ਕਾਸ਼ ਕਿ ਕਿਤੇ ਉਨਾਂ ਨੌਨਿਹਾਲ ਬੱਚਿਆਂ ਦੀ ਪ੍ਰਵਾਹ ਕੀਤੀ ਹੁੰਦੀ, ਸ਼ਾਇਦ ਹਾਕੀ ਦੀ ਲੋਕਪ੍ਰਿਅਤਾ ਇਸ ਕਦਰ ਨਾ ਘਟਦੀ। ਅਸੀਂ ਸਿਰਫ਼ ਕੌਮੀ ਟੀਮ ਦੇ ਖਿਡਾਰੀਆਂ 'ਤੇ ਹੀ ਆਪਣਾ ਧਿਆਨ ਕੇਂਦਰਿਤ ਕਰੀ ਬੈਠੇ ਹਾਂ ਕਿ ਉਨਾਂ ਦੇ ਚੰਗੇ ਪ੍ਰਦਰਸ਼ਨ ਨਾਲ ਹੀ ਦੇਸ਼ 'ਚ ਹਾਕੀ ਲੋਕਪ੍ਰਿਆ ਹੋਵੇਗੀ। ਸਕੂਲੀ ਪੱਧਰ 'ਤੇ ਆਯੋਜਿਤ ਹੋਣ ਵਾਲੇ ਬਲਾਕ, ਜ਼ਿਲਾ, ਜ਼ੋਨਲ ਪੱਧਰ ਦੇ ਟੂਰਨਾਮੈਂਟ ਕਿਉਂ ਬੰਦ ਪਏ ਹਨ, ਇਸ ਨੂੰ ਆਰੰਭ ਕਰਵਾਉਣ ਦਾ ਕੀ ਕਿਸੇ ਹੰਭਲਾ ਮਾਰਿਆ? ਯੂਨੀਵਰਸਿਟੀ ਪੱਧਰ 'ਤੇ ਆਯੋਜਿਤ ਹੋਣ ਵਾਲੇ ਹਾਕੀ



ਟੂਰਨਾਮੈਂਟਾਂ 'ਚ, ਟੀਮਾਂ ਏਨੀਆਂ ਘੱਟ ਕਿਉਂ ਹਨ, ਕਾਲਜ ਕਿਉਂ ਹਾਕੀ ਖੇਡ ਨੂੰ ਆਪਣੇ ਖੇਡ ਵਿਭਾਗ ਵਿਚ ਸ਼ਾਮਿਲ ਨਹੀਂ ਕਰਦੇ, ਕੀ ਕਦੇ ਸੋਚਿਆ ਇਸ ਪੱਧਰ 'ਤੇ ਕੋਈ ਕੋਸ਼ਿਸ਼ ਕੀਤੀ ਜਾਵੇ। ਸਾਨੂੰ ਤਾਂ ਸਿਰਫ਼ ਕੌਮੀ ਟੀਮ ਦੇ ਪ੍ਰਦਰਸ਼ਨ ਦੀ ਹੀ ਚਿੰਤਾ ਰਹੀ।

ਸਾਡੀਆਂ ਹਾਕੀ ਅਕੈਡਮੀਆਂ ਦੀ ਹਕੀਕਤ ਕੀ ਹੈ? ਜੇ ਪੰਜਾਬ ਦੀ ਹੀ ਗੱਲ ਕਰੀਏ ਸਾਨੂੰ ਬਹੁਤੀ ਖ਼ੁਸ਼ੀ ਹੁੰਦੀ ਹੈ ਕਿ ਫਲਾਣੀ ਹਾਕੀ ਅਕੈਡਮੀ ਦੇ ਬਹੁਤ ਸਾਰੇ ਖਿਡਾਰੀ ਦੇਸ਼ ਦੀ ਕੌਮੀ ਟੀਮ 'ਚ ਖੇਡ ਰਹੇ ਹਨ। ਅਸੀਂ ਬੜੇ ਮਾਣ ਨਾਲ ਦੱਸਦੇ ਹਾਂ ਕਿ ਇਸ ਟੂਰਨਾਮੈਂਟ ਵਿਚ ਏਨੇ ਪੰਜਾਬੀ ਦੇਸ਼ ਦੀ ਟੀਮ ਵਿਚ ਸ਼ਾਮਿਲ ਹੋ ਗਏ ਹਨ, ਪਰ ਇਸ ਦਾ ਨਤੀਜਾ ਵੀ ਤੁਹਾਡੇ ਸਾਹਮਣੇ ਆ ਹੀ ਗਿਆ ਹੋਣਾ। ਸਾਡੀਆਂ ਅਕੈਡਮੀਆਂ ਨੇ ਖਿਡਾਰੀ ਦੇਸ਼ ਦੀ ਕੌਮੀ ਟੀਮ 'ਚ ਤਾਂ ਜ਼ਰੂਰ ਪਹੁੰਚਾ ਦਿੱਤੇ ਪਰ ਉਹ ਵਿਸ਼ਵ ਪੱਧਰ 'ਤੇ ਵਧੀਆ ਕਾਰਗੁਜ਼ਾਰੀ ਦਿਖਾਉਣ ਵਿਚ ਫੇਲ ਕਿਉਂ ਹੋ ਜਾਂਦੇ ਹਨ। ਅੱਜ ਇਹ ਵੀ ਤਾਂ ਸੋਚਣ ਦੀ ਜ਼ਰੂਰਤ ਹੈ। ਅਸੀਂ ਸਮਝਦੇ ਹਾਂ ਕਿ ਇਨਾਂ ਅਕੈਡਮੀਆਂ ਦੀ ਟ੍ਰੇਨਿੰਗ 'ਚ ਜ਼ਰੂਰ ਕੋਈ ਘਾਟ ਹੈ।

ਭਾਵੇਂ ਉਹ ਪੰਜਾਬ ਦੀਆਂ ਹੋਣ ਜਾਂ ਬੰਗਾਲ ਦੀਆਂ, ਮਦਰਾਸ ਦੀਆਂ ਹੋਣ ਜਾਂ ਹਰਿਆਣੇ ਦੀਆਂ ਜੋ ਬਚਪਨ ਤੋਂ ਖਿਡਾਰੀਆਂ ਨੂੰ ਵਿਸ਼ਵ ਜਿੱਤਣ ਵਾਲੇ ਖਿਡਾਰੀ ਨਹੀਂ ਬਣਾ ਸਕੇ, ਕੌਮੀ ਟੀਮ 'ਚ ਪ੍ਰਵੇਸ਼ ਕਰਕੇ ਤੁਸੀਂ ਕਿਸੇ ਅਲਾਦੀਨ ਦੇ ਚਿਰਾਗ ਨਾਲ ਵਿਸ਼ਵ ਜੇਤੂ ਨਹੀਂ ਬਣ ਸਕਦੇ। ਸੱਚ ਤਾਂ ਇਹ ਹੈ ਕਿ ਦੇਸ਼ ਵਿਚ ਇਹ ਹਾਕੀ ਅਕੈਡਮੀਆਂ ਤਾਂ ਮਸ਼ਹੂਰ ਹੋ ਗਈਆਂ ਪਰ ਸਾਡੀ ਖੇਡ ਨੂੰ ਲੋਕਪ੍ਰਿਅਤਾ ਨਾ ਬਖ਼ਸ਼ ਸਕੀਆਂ। ਹਾਕੀ ਕਲੱਬਾਂ ਦਾ ਜ਼ਮਾਨਾ ਹੁਣ ਨਹੀਂ ਰਿਹਾ, ਘਾਹ ਦੇ ਮੈਦਾਨਾਂ ਤੇ ਜਦ ਦੀ ਹਾਕੀ ਖੇਡ ਖੇਡੀ ਨਹੀਂ ਜਾਂਦੀ ਲੋਕ ਤਾਂ ਹਾਕੀ ਖੇਡਣੀ ਹੀ ਭੁੱਲ ਗਏ ਹਨ। ਭਲਿਓ ਮਾਣਸੋ, ਸਰਕਾਰਾਂ ਤੁਹਾਨੂੰ ਏਨੇ ਐਸਟਰੋਟਰਫ਼ ਮੈਦਾਨ ਨਹੀਂ ਦੇ ਸਕਦੀਆਂ, ਆਪਣੇ ਪਿੰਡਾਂ, ਸ਼ਹਿਰਾਂ, ਕਸਬਿਆਂ 'ਚ ਘਾਹ ਦੇ ਖ਼ੂਬਸੂਰਤ ਹਾਕੀ ਮੈਦਾਨ ਦੀ ਕਿਸੇ ਪਾਸਿਓਂ ਕੋਈ ਕੋਸ਼ਿਸ਼ ਨਹੀਂ ਹੁੰਦੀ, ਜਿਵੇਂ ਹਾਕੀ ਬਸ ਐਸਟਰੋਟਰਫ਼ ਮੈਦਾਨਾਂ ਦੀ ਹੀ ਖੇਡ ਹੈ। ਹਾਕੀ ਨੂੰ ਫਿਰ ਤੋਂ ਲੋਕਪ੍ਰਿਆ ਕਰਨ ਦੇ ਘਾਹ ਦੇ ਮੈਦਾਨ ਇਕ ਵੱਡੀ ਭੂਮਿਕਾ ਨਿਭਾਅ ਸਕਦੇ ਹਨ। ਪਿੰਡਾਂ ਦੇ ਸਰਪੰਚਾਂ ਅਤੇ ਪੰਚਾਇਤ ਮੈਂਬਰਾਂ ਨੂੰ ਵੀ ਇਸ ਪੱਖੋਂ ਹੀਲਾ ਕਰਨ ਦੀ ਜ਼ਰੂਰਤ ਹੈ। ਆਓ, ਇਕ ਵਾਰ ਸਿਰਫ਼ ਤੇ ਸਿਰਫ਼ ਹਾਕੀ ਨੂੰ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ 'ਚ ਲੋਕਪ੍ਰਿਆ ਕਰਨ ਦਾ ਮਕਸਦ ਬਣਾ ਕੇ ਤੁਰੀਏ, ਹੋ ਸਕਦੈ ਉਸ ਲੋਕਪ੍ਰਿਅਤਾ ਦੇ ਆਲਮ ਵਿਚੋਂ ਹੀ ਸਾਡੇ ਖਿਡਾਰੀਆਂ ਵਿਚ ਵਿਸ਼ਵ ਪੱਧਰ 'ਤੇ ਜਿੱਤਣ ਦਾ ਜਨੂੰਨ ਵੀ ਪੈਦਾ ਹੋ ਜਾਵੇ। ਵਿਸ਼ਵ ਜੇਤੂ ਬਣਨ ਦੀ ਸਮਰੱਥਾ ਵੀ ਪੈਦਾ ਹੋ ਜਾਵੇ।

# ਜਿੰਦਗੀ ਚਲਦੀ ਰਹਿੰਦੀ...

**ਜਸਵਿੰਦਰ ਪੰਜਾਬੀ**

ਪਹਿਲਾਂ ਪੋਤਾ ਮੋਇਆ, ਪਿੱਛੋਂ ਦਾਦਾ ਤੁਰ ਗਿਆ ਏ ।
ਕੱਚਾ ਪਿੱਲਾ ਹੌਲ਼ੀ-ਹੌਲ਼ੀ, ਸਾਰਾ ਖੁਰ ਗਿਆ ਏ ।
ਇਸ ਦੁਨੀਆਂ ਵਿੱਚ ਸਭ ਤਰਾਂ ਦੇ, ਰੰਗ ਤਮਾਸ਼ੇ ਨੇ।
ਵਿੱਚੇ ਸੁੱਖ-ਦੁੱਖ ਚਲਦੇ, ਵਿੱਚੇ ਰੋਣੇ ਹਾਸੇ ਨੇ।
ਕਿਧਰੇ ਟੰਗੀ ਫਾਹੇ, ਕਿਧਰੇ ਬੁੱਲੇ ਲੁਟਦੀ ਏ।
ਜਿੰਦਗੀ ਚਲਦੀ ਰਹਿੰਦੀ, ਉਏ ਸੱਜਣਾ ਕਿੱਥੇ ਰੁਕਦੀ ਏ।
ਕੁੱਛੜ ਚੁੱਕ ਨਿਆਣੇ,ਚੌਹਦੀਆਂ ਫਿਰਦੀਆਂ ਇੱਟਾਂ ਨੂੰ।
ਅੱਤ ਦੀ ਸਰਦੀ ਵਿੱਚ ਵੀ,ਤਨ 'ਤੇ ਝੱਲਣ ਛਿੱਟਾਂ ਨੂੰ ।
ਦੋ-ਤਿੰਨ ਡੰਗਾਂ ਪਿੱਛੋਂ, ਮਿਲਦੀ ਰੋਟੀ ਡੰਗ ਦੀ ਏ।
ਪਾਟੇ-ਸੀਟੇ ਲੀੜਿਆਂ ਦੇ ਵਿੱਚ, ਉਮਰਾਂ ਲੰਘਦੀ ਏ।
ਏਸ ਗਰੀਬੀ ਵਾਲ਼ੀ ਲੰਮੀ, ਤੰਦ ਨਾ ਮੁਕਦੀ ਏ।
ਜਿੰਦਗੀ ਚਲਦੀ ਰਹਿੰਦੀ, ਉਏ ਸੱਜਣਾ ਕਿੱਥੇ ਰੁਕਦੀ ਏ ।
ਇਲਾਜ ਖੁਣੋਂ ਜਦ ਬੱਚਾ, ਗੋਦੀ ਵਿੱਚ ਤੜਪਦਾ ਏ।
ਫਿਰ ਇਹ ਸਿਸਟਮ ਅੱਖਾਂ ਦੇ ਵਿੱਚ, ਬਹੁਤ ਰੜਕਦਾ ਏ ।
ਅੱਜ ਨਾ ਕੋਈ ਨੇਤਾ ਮੁੱਲ, ਮੋੜਦਾ ਵੋਟਾਂ ਦਾ ।
ਕਿੱਥੋਂ ਬੱਬਾ 'ਕੱਠਾ ਕਰਕੇ, ਲਿਆਵੇ ਨੋਟਾਂ ਦਾ ।
ਧੁੱਪਾਂ ਵਿੱਚ ਜੋ ਸੜਕਾਂ ਉੱਤੇ, ਰੋੜੀ ਕੁਟਦੀ ਏ ।
ਜਿੰਦਗੀ ਚਲਦੀ ਰਹਿੰਦੀ, ਉਏ ਸੱਜਣਾ ਕਿੱਥੇ ਰੁਕਦੀ ਏ ।
ਲਾਲ ਚੂੜੇ ਨੂੰ ਭੰਨ-ਭੰਨ ਸੁਟਦੀ, ਲਾੜੋ ਮੌਜੀ ਦੀ।
ਲਿਪਟੀ ਲਾਸ਼ ਤਰੰਗੇ ਵਿੱਚ, ਘਰ ਪੁਜਦੀ ਫੌਜੀ ਦੀ।
ਅਫਸਰ ਆਖਣ ਗਰਦਣ ਕੱਟ, ਲੈ ਗਏ ਜਵਾਨਾਂ ਦੀ।
ਦੇਸ਼ ਲਈ ਕੁਰਬਾਨੀ ਯਾਦ ਰਹੂ, ਬਲਵਾਨਾਂ ਦੀ ।
ਉਸ ਮਾਂ ਤਾਈਂ ਪੁੱਛੋ ਜਿਹਦੀ, ਅੰਦਰ ਧੁਖਦੀ ਏ ।
ਜਿੰਦਗੀ ਚਲਦੀ ਰਹਿੰਦੀ, ਉਏ ਸੱਜਣਾ ਕਿੱਥੇ ਰੁਕਦੀ ਏ ।
ਲੈ ਕੇ ਫਾਹਾ ਝੂਲ ਗਿਆ ਸੀ, ਪੁੱਤਰ ਟਾਹਲੀ 'ਤੇ।
ਦਸਖਤ ਜਦੋਂ ਕਰਾ ਲਏ ਓਹਨਾਂ, ਪੇਪਰ ਖਾਲੀ 'ਤੇ।
ਆਪੇ ਘੜਦਾ ਰਹਿੰਦਾ ਹੁਣ, ਖਾਲ਼ਾਂ ਦੀਆਂ ਵੱਟਾਂ ਨੂੰ।
ਕਿਥੇ ਬੰਦਾ ਭੁਲਦੈ ਏਡੀਆਂ, ਵੱਡੀਆਂ ਸੱਟਾਂ ਨੂੰ ।
ਟਾਹਲੀ ਵੱਲੇ ਵੇਖ-ਵੇਖ, ਜਿੰਦ ਰਹਿੰਦੀ ਸੁਕਦੀ ਏ।
ਜਿੰਦਗੀ ਚਲਦੀ ਰਹਿੰਦੀ, ਉਏ ਸੱਜਣਾ ਕਿੱਥੇ ਰੁਕਦੀ ਏ ।
ਰੰਡੀ ਮਾਂ ਦਾ ਸਭ ਕੁੱਝ ਵੇਚਿਆ, ਪੁੱਤ ਨਸ਼ੇੜੀ ਨੇ।
ਲਿਖਤੇ ਸਾਰੇ ਦਰਦ,'ਪੰਜਾਬੀ ਭੁੱਨਰਹੇੜੀ' ਨੇ ।
ਮਰ ਗਿਆ ਓਵਰਡੋਜ਼ ਨਾਲ਼, ਪੁੱਤ 'ਕੱਲਾ ਮਾਈ ਦਾ।
ਮਰਨ ਵਾਲ਼ੇ ਦੇ ਨਾਲ਼ ਭਲਾ, ਕਿੰਜ ਮਰਿਆ ਜਾਈਦਾ।
ਪਿਛਲੀ ਉਮਰੇ ਵਾਟ ਲੰਮੇਰੀ, ਮੁਸ਼ਕਿਲ ਮੁਕਦੀ ਏ।
ਜਿੰਦਗੀ ਚਲਦੀ ਰਹਿੰਦੀ, ਉਏ ਸੱਜਣਾ ਕਿੱਥੇ ਰੁਕਦੀ ਏ ।

# ਨਿਰਾਸ਼ਾ ਤੋਂ ਖਿਡਾਰੀ ਬਚਣ

**ਪ੍ਰੋਫੈਸਰ ਪਰਮਜੀਤ ਸਿੰਘ**

ਖੇਡ ਜਗਤ ਵਿਚ ਜੁਝ ਰਿਹਾ ਖਿਡਾਰੀ ਵਰਗ ਵੀ ਜਦੋਂ ਇਸ ਕਿਸਮ ਦੇ ਨਿਰਾਸ਼ਾਵਾਦੀ ਆਲਮ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਦੇ ਦਿਲ ਦੀ ਆਸ ਟੁੱਟਦੀ ਹੈ, ਉਸ ਦੀ ਰੂਹ ਦਾ ਸਿਦਕ ਮੁੱਕਦਾ ਹੈ ਤੇ ਉਸ ਦੀ ਨਜ਼ਰ ਦੇ ਹੁਸੀਨ ਸੁਪਨੇ ਟੁਟਦੇ ਮੁੱਕਦੇ ਜਾਂਦੇ ਹਨ। ਅਸੀਂ ਬਹੁਤ ਸਾਰਿਆਂ ਖਿਡਾਰੀਆਂ ਦੀ ਨਿੱਜੀ ਜ਼ਿੰਦਗੀ 'ਚ ਝਾਕਣ ਦੀ ਕੋਸ਼ਿਸ਼ ਕੀਤੀ ਹੈ, ਖੇਡ ਕੈਰੀਅਰ ਦੀ ਸ਼ੁਰੂਆਤ ਤੋਂ ਲੈ ਕੇ ਖੇਡ ਕੈਰੀਅਰ ਦੀ ਸਮੁੱਚੀ ਪ੍ਰਵਾਨਗੀ ਅਤੇ ਬੁਲੰਦੀ ਤੱਕ ਖਿਡਾਰੀ ਵਰਗ ਨੂੰ ਬਹੁਤ ਸਾਰੀਆਂ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਸ ਨੂੰ ਨਿਰਾਸ਼ ਕਰਦੀਆਂ ਹਨ, ਉਦਾਸ ਕਰਦੀਆਂ ਹਨ। ਸਕੂਲ ਕਾਲਜ ਦੇ ਖੇਡ ਕੈਰੀਅਰ ਤੋਂ ਲੈ ਕੇ ਰਾਸ਼ਟਰੀ ਅੰਤਰਰਾਸ਼ਟਰੀ ਮੁਕਾਬਲਿਆਂ ਤੱਕ ਕਦੇ ਉਹ ਟੀਮ 'ਚ ਚੋਣ ਲਈ ਚੋਣ ਕਰਤਾਵਾਂ ਕੋਲੋਂ ਨਿਰਾਸ਼ ਹੁੰਦਾ ਹੈ, ਕਦੇ ਘਰ ਦੀ ਗ਼ਰੀਬੀ ਗੁਰਬਤ ਉਸ ਨੂੰ ਤੰਗ ਕਰਦੀ ਹੈ, ਭੈਣ-ਭਰਾਵਾਂ ਦੀਆਂ ਜ਼ਿੰਮੇਵਾਰੀਆਂ ਦਾ ਬੋਝ, ਬੁੱਢੇ ਮਾਂ-ਬਾਪ ਦੀ ਦੇਖ-ਭਾਲ ਦੀ ਸਮੱਸਿਆ, ਅਚਾਨਕ ਸਰੀਰ ਦੇ ਕਿਸੇ ਹਿੱਸੇ ਤੇ ਕਿਸੇ ਗੰਭੀਰ ਸੱਟ ਕਾਰਨ, ਖੇਡ ਕੈਰੀਅਰ ਦਾਅ 'ਤੇ ਲੱਗਣ ਦਾ ਖ਼ਤਰਾ, ਖੇਡਾਂ ਦੇ ਨਾਲ ਪੜਾਈ ਕਰਨ ਦਾ ਬੋਝ ਅਤੇ ਲਗਾਤਾਰ ਅਸਫਲਤਾ, ਨੌਕਰੀ ਨਾ ਮਿਲਣ ਦੀ ਮਾਯੂਸੀ, ਖੇਡ ਕੈਰੀਅਰ ਦੀਆਂ ਸਮੁੱਚੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਇਨਾਮ ਸਨਮਾਨ ਨਾ ਮਿਲਣ ਦਾ ਅਫਸੋਸ, ਰਿਸ਼ਵਤ ਅਤੇ ਸਿਫਾਰਸ਼ ਕਾਰਨ ਬਣਦਾ ਹੱਕ ਖੁਸਣ ਦਾ ਡਰ, ਕਿਸੇ ਮੈਚ ਵਿਚ ਪ੍ਰਭਾਵਸ਼ਾਲੀ ਪ੍ਰਦਰਸ਼ਨ ਨਾ ਕਰਨ ਕਰਕੇ ਟੀਮ ਵਿਚੋਂ ਬਾਹਰ ਕੱਢੇ ਜਾਣ ਦਾ ਡਰ ਜਾਂ ਅਚਾਨਕ ਕਿਸੇ ਬਿਮਾਰੀ ਦੀ ਲਪੇਟ ਵਿਚ ਆ ਜਾਣ ਦੀ ਚਿੰਤਾ ਆਦਿ ਅਜਿਹੀਆਂ ਉਹ ਸਮੱਸਿਆਵਾਂ, ਰੁਕਾਵਟਾਂ ਹਨ, ਖਿਡਾਰੀ ਵਰਗ ਜਿਨਾਂ ਦਾ ਆਪਣੇ ਸਮੁੱਚੇ ਖੇਡ ਕੈਰੀਅਰ ਦੌਰਾਨ ਸਾਹਮਣਾ ਕਰਦਾ ਹੈ। ਕੋਚਾਂ, ਖੇਡ ਸੰਸਥਾਵਾਂ ਦੇ ਅਹੁਦੇਦਾਰਾਂ ਦੀ ਬੇਰੁਖੀ, ਮੀਡੀਏ,



ਸਪਾਂਸਰਸ਼ਿਪ ਦੀ ਬੇਧਿਆਨੀ ਵੀ ਉਸ ਨੂੰ ਤੰਗ ਕਰਦੀ ਹੈ। ਅਸੀਂ ਸਮਝਦੇ ਹਾਂ ਕਿ ਖਿਡਾਰੀਆਂ ਦੀ ਨਿੱਜੀ ਜ਼ਿੰਦਗੀ ਬਹੁਤ ਹੀ ਕਠਿਨ ਤਪੱਸਿਆ ਦਾ, ਤਿਆਗ ਦਾ, ਮਿਹਨਤ ਦਾ ਪ੍ਰਤੀਕ ਹੁੰਦੀ ਹੈ। ਇਸ ਸਾਰੀ ਜਦੋ-ਜਹਿਦ ਲਈ ਉਨਾਂ ਨੂੰ ਆਸ਼ਾਵਾਦੀ ਦ੍ਰਿਸ਼ਟੀਕੋਣ ਅਪਨਾਉਣ ਦੀ ਲੋੜ ਹੁੰਦੀ ਹੈ। ਇਹ ਆਸ ਹੀ ਉਨਾਂ ਨੂੰ ਖੇਡ ਜਗਤ ਦੇ ਮੁਕਾਬਲਿਆਂ ਦੀ ਦੌੜ ਵਿਚ ਬਣਾ ਕੇ ਰੱਖ ਸਕਦੀ ਹੈ। ਉਸ ਨਾਲ ਜੋ ਕੁਝ ਵੀ ਵਾਪਰਦਾ ਹੈ, ਇਹ ਜ਼ਿੰਦਗੀ ਅਤੇ ਖੇਡ ਦੋਵਾਂ ਦਾ ਹਿੱਸਾ ਹੈ, ਪਰ ਇਸ ਵਿਚ ਇਕ ਸੰਤੁਲਨ ਬਣਾ ਕੇ ਰੱਖਣਾ ਹੋਵੇਗਾ। ਔਖੀਆਂ ਤੋਂ ਔਖੀਆਂ ਘੜੀਆਂ ਵਿਚ ਵੀ ਉਹ ਕੁਦਰਤ ਜਾਂ ਖੇਡ ਸਿਸਟਮ ਵਲੋਂ ਆਪਣੇ ਨਾਲ ਹੋਈਆਂ ਵਧੀਕੀਆਂ ਨੂੰ, ਨਾਇਨਸਾਫੀਆਂ ਨੂੰ ਜਾਂ ਪਰਿਵਾਰਕ ਅਤੇ ਸਰੀਰਕ ਮੁਸ਼ਕਿਲਾਂ ਨੂੰ ਆਪਣੇ ਦਿਲੋ ਦਿਮਾਗ 'ਤੇ ਹਾਵੀ ਨਾ ਹੋਣ ਦੇਵੇ ਕਿਉਂਕਿ ਖੇਡਾਂ ਅਤੇ ਮਨੋਵਿਗਿਆਨ ਦਾ ਗੂੜਾ ਸਬੰਧ ਹੈ। ਕਿਸੇ ਖਿਡਾਰੀ ਦੇ ਅੰਦਰੋਂ ਜਦੋਂ ਆਸ ਦੀ ਚਿਣਗ ਬੁਝਦੀ ਹੈ। ਜਦੋਂ ਖ਼ੂਬਸੂਰਤ ਸੁਪਨੇ ਟੁਟਦੇ ਹਨ ਤਾਂ ਉਸ ਦਾ ਉਤਸ਼ਾਹ, ਉਸ ਦੀ ਮਿਹਨਤ, ਉਸ ਦੀ ਹਿੰਮਤ ਉਸ ਦੀ ਵਚਨਬੱਧਤਾ ਵੀ ਪ੍ਰਭਾਵਿਤ ਹੁੰਦੀ ਹੈ ਜੋ ਸਭ ਤੋਂ ਖ਼ਤਰਨਾਕ ਹੈ, ਆਤਮਘਾਤੀ ਹੈ। ਜੇ ਕਿਸੇ ਖਿਡਾਰੀ ਦਾ ਅੱਜ ਬੁਰਾ ਹੈ ਤਾਂ ਬੁਰੇ ਦਿਨਾਂ ਤੋਂ ਮਾਯੂਸ ਹੋਣ ਦੀ ਲੋੜ ਨਹੀਂ, ਇਹ ਤਾਂ ਉਸ ਦੀ ਅਜ਼ਮਾਇਸ਼ ਦਾ ਵੇਲਾ ਹੈ, ਪ੍ਰੀਖਿਆ ਦੀ ਘੜੀ ਹੈ। ਖਿਡਾਰੀਆਂ ਨੂੰ ਭਲੀਭਾਂਤ ਪਤਾ ਹੋਣਾ ਚਾਹੀਦਾ ਹੈ ਕਿ ਉਨਾਂ ਦੇ ਖੇਡ ਕੈਰੀਅਰ ਦਾ ਵੀ ਇਕ ਵਕਤ ਹੁੰਦਾ ਹੈ। ਇਕ ਸੀਮਾ ਹੁੰਦੀ ਹੈ। ਮਾਯੂਸੀਆਂ ਅਤੇ ਉਦਾਸੀਆਂ ਦੇ ਝੱਖੜਾਂ ਦੀ ਮਾਰ ਹੇਠ ਆ ਕੇ ਜੇ ਉਹ ਟੁੱਟ ਗਏ, ਉਸ ਸਮੇਂ ਵਿਚ ਹਿੰਮਤ ਹਾਰ ਬੈਠੇ, ਤਾਂ ਫਿਰ ਉਹ ਨਾ ਜ਼ਿੰਦਗੀ ਅਤੇ ਮੁਕੱਦਰ ਦੇ ਸਿਕੰਦਰ ਬਣ ਸਕਦੇ ਹਨ, ਨਾ ਖੇਡ ਜਗਤ 'ਚ ਚੈਂਪੀਅਨ। ਵਕਤ, ਖੇਡ ਸਿਸਟਮ, ਸਮਾਜ ਤਦ ਤੱਕ ਜੁਝਾਰੂਆਂ ਦੀ ਰਾਹ ਵਿਚ ਰੁਕਾਵਟਾਂ ਪੈਦਾ ਕਰਦਾ ਰਹੇਗਾ, ਜਦ ਤੱਕ ਉਨਾਂ ਦੇ ਕਦਮਾਂ 'ਚ ਅੱਗੇ ਵਧਣ ਦੀ ਇੱਛਾ ਹੈ ਅਤੇ ਪਰਾਂ ਵਿਚ ਬਹੁਤ ਬੁਲੰਦੀ 'ਤੇ ਜਾਣ ਦੀ ਜਦ ਤੱਕ ਉਡਾਣ ਹੈ।

ਅਸੀਂ ਜਦੋਂ ਕੁਝ ਵੈਟਰਨ ਖਿਡਾਰੀਆਂ ਅਤੇ ਖੇਡ ਜਗਤ ਤੋਂ ਸੰਨਿਆਸ ਲੈ ਚੁੱਕੇ ਖਿਡਾਰੀਆਂ ਨਾਲ ਗੱਲਬਾਤ ਕੀਤੀ ਤਾਂ ਬਹੁਤ ਸਾਰਿਆਂ ਨੂੰ ਉਨਾਂ ਪਲਾਂ ਦਾ ਪਛਤਾਵਾ ਅਜੇ ਵੀ ਹੈ, ਜਦੋਂ ਉਹ ਨਿਰਾਸ਼ਾ ਦੇ ਆਲਮ ਵਿਚ ਘਿਰ ਗਏ, ਆਪਣੇ-ਆਪ ਨੂੰ ਸੰਭਾਲ ਨਾ ਸਕੇ। ਮਾਨਸਿਕ ਬੋਝ ਥੱਲੇ ਆ ਕੇ ਖੇਡ ਖੇਤਰ 'ਚ ਦਮਦਾਰ ਪ੍ਰਦਰਸ਼ਨ ਨਾ ਕਰ ਸਕੇ, ਜਿਸ ਦੀ ਉਦੋਂ ਜ਼ਰੂਰਤ ਸੀ। ਅੱਜ ਉਨਾਂ ਨੂੰ ਸਮਝ ਤਾਂ ਆ ਗਈ, ਪਰ ਉਨਾਂ ਦਾ ਖੇਡ ਕੈਰੀਅਰ ਸੰਘਰਸ਼ ਹੁਣ ਖਤਮ ਹੋ ਚੁੱਕਾ ਹੈ। ਭਾਵਕਤਾ ਵਿਚ ਆ ਕੇ ਨਿਰਾਸ਼ਾਵਾਦੀ ਅਤੇ ਨਿਰ-ਉਤਸ਼ਾਹਿਤ ਹੋਣ ਦਾ ਉਨਾਂ ਨੂੰ ਪਛਤਾਵਾ ਹੈ।

# ਹਿੰਸਾ ਦੇ ਪੁਜਾਰੀ

## ਅਦਿੱਤਿਆਨਾਥ ਦਾ ਦਹਿਸ਼ਤੀ ਰਾਜ

*(ਰਾਜਨੀਤਕ ਮਾਮਲਿਆਂ ਦੇ ਉੱਘੇ ਪੱਤਰਕਾਰ ਧੀਰੇਂਦਰ ਕੇ. ਝਾਅ ਦੀ ਇਹ ਰਿਪੋਰਟ ਯੋਗੀ ਅਦਿੱਤਿਆਨਾਥ ਦੇ ਇਕ ਸਾਧਾਰਨ ਨੌਜਵਾਨ ਤੋਂ ਗੋਰਖ਼ਨਾਥ ਮੱਠ ਦਾ ਮਹੰਤ ਬਣਨ ਅਤੇ ਆਖ਼ਿਰਕਾਰ ਭਾਰਤ ਦੀ ਚੋਣ ਸਿਆਸਤ ਵਿਚ ਸਭ ਤੋਂ ਮਹੱਤਵਪੂਰਨ ਸਥਾਨ ਰੱਖਦੇ ਰਾਜ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਕੇ ਹਿੰਦੂਤਵ ਦਾ ਇਕ ਪ੍ਰਮੁੱਖ ਚਿਹਰਾ ਬਣ ਕੇ ਉੱਭਰਨ ਦੇ ਰਾਜਨੀਤਕ ਸਫ਼ਰ ਉੱਪਰ ਝਾਤ ਪਵਾਉਂਦੀ ਹੈ। ਝਾਅ ਮਸ਼ਹੂਰ ਕਿਤਾਬ ਸ਼ੈਡੋ ਆਰਮੀਜ਼: ਫਰਿੰਜ ਆਰਗੇਨਾਈਜੇਸਨ ਐਂਡ ਫੁੱਟ ਸੋਲਜਰਜ਼ ਆਫ ਹਿੰਦੂਤਵ ਦੇ ਲੇਖਕ ਅਤੇ ਅਯੁੱਧਿਆ: ਦ ਡਾਰਕ ਨਾਈਟ ਦੇ ਸਹਿ-ਲੇਖਕ ਹਨ। ਉਨ੍ਹਾਂ ਦੀ ਤਾਜ਼ਾ ਕਿਤਾਬ ਅਸੈਟਿਕ ਗੇਮਜ਼: ਸਾਧੂ, ਅਖਾੜਾਜ਼ ਅਤੇ ਦੀ ਮੇਕਿੰਗ ਆਫ਼ ਹਿੰਦੂ ਵੋਟ ਹੈ ਜੋ ਅਪ੍ਰੈਲ 2019 ਵਿਚ ਛਪੀ ਸੀ। ਕਾਰਵਾਂ ਮੈਗਜ਼ੀਨ ਦੇ ਜਨਵਰੀ 2022 ਅੰਕ ਵਿਚ ਛਪੀ ਇਸ ਮਹੱਤਵਪੂਰਨ ਰਿਪੋਰਟ ਦਾ ਅਨੁਵਾਦ ਪੇਸ਼ ਹੈ। – ਸੰਪਾਦਕ)*

### ਅਨੁਵਾਦ : ਬੂਟਾ ਸਿੰਘ

ਉੱਤਰ ਪ੍ਰਦੇਸ਼ ਵਿਚ ਸੀਏਏ ਵਿਰੋਧੀ ਮੁਜ਼ਾਹਰਿਆਂ ਦਾ ਬੇਕਿਰਕ ਦਮਨ ਅਦਿੱਤਿਆਨਾਥ ਦੀ ਹਕੂਮਤ ਹੇਠ ਉੱਭਰੇ ਤਾਨਾਸ਼ਾਹ ਨਿਜ਼ਾਮ ਦਾ ਸਭ ਤੋਂ ਸਪਸ਼ਟ ਸਬੂਤ ਸੀ। ਮੁਲਕ ਵਿਚ ਹੋਰ ਕਿਤੇ ਵੀ ਐਨਾ ਬੇਕਿਰਕ ਅਤੇ ਖੁੱਲ੍ਹੇਆਮ ਫਿਰਕੂ ਹਮਲਾ ਨਹੀਂ ਹੋਇਆ ਜਿੰਨਾ ਉੱਤਰ ਪ੍ਰਦੇਸ਼ ਵਿਚ ਹੋਇਆ। ਉਸ ਦੀ ਸਰਕਾਰ ਨੇ ਜਨਤਕ ਜਾਇਦਾਦ ਨੂੰ ਕਥਿਤ ਤੌਰ 'ਤੇ ਨਸ਼ਟ ਕਰਨ ਲਈ ਪ੍ਰਦਰਸ਼ਨਕਾਰੀਆਂ ਨੂੰ ਬਿਨਾਂ ਕਿਸੇ ਨਿਆਂਇਕ ਜਾਂਚ ਦੇ ਅੰਨ੍ਹੇਵਾਹ ਜੁਰਮਾਨਾ ਲਗਾਏ। ਉਸ ਨੇ ਲਖਨਊ ਦੀਆਂ ਕੰਧਾਂ ਉੱਪਰ ਪ੍ਰਦਰਸ਼ਨਕਾਰੀਆਂ ਦੇ ਨਾਮ ਅਤੇ ਫੋਟੋਆਂ ਵਾਲੇ ਪੋਸਟਰ ਲਗਾਉਣ ਦੇ ਆਦੇਸ਼ ਦਿੱਤੇ। ਜਦੋਂ ਇਨ੍ਹਾਂ ਵਿੱਚੋਂ ਕੋਈ ਵੀ ਕੋਸ਼ਿਸ਼ ਉਨ੍ਹਾਂ ਨੂੰ ਠੱਲ ਪਾਉਂਦੀ ਨਹੀਂ ਜਾਪੀ ਤਾਂ ਪੁਲਿਸ ਦੀ ਛਾਪੇਮਾਰੀ ਅਤੇ ਹਮਲਿਆਂ ਦਾ ਸਹਾਰਾ ਲਿਆ ਗਿਆ।

ਨਵੰਬਰ 2020 'ਚ, ਉਹ "ਲਵ ਜੇਹਾਦ" ਦੀਆਂ ਘਟਨਾਵਾਂ ਨੂੰ ਨਿਯੰਤਰਿਤ ਕਰਨ ਲਈ ਇਕ ਆਰਡੀਨੈਂਸ ਲਿਆਉਣ ਵਾਲਾ ਪਹਿਲਾ ਮੁੱਖ ਮੰਤਰੀ ਬਣਿਆ – ਜਿਸ ਨੂੰ ਹਿੰਦੂ ਫਿਰਕਾਪ੍ਰਸਤਾਂ ਵੱਲੋਂ ਮੁਸਲਿਮ ਮਰਦਾਂ ਦੀ ਨੌਜਵਾਨ ਹਿੰਦੂ ਔਰਤਾਂ ਨੂੰ ਵਿਆਹ ਲਈ ਭਰਮਾਉਣ ਅਤੇ ਉਨ੍ਹਾਂ ਦਾ ਧਰਮ ਬਦਲ ਕੇ ਇਸਲਾਮ ਨਾਲ ਜੋੜਨ ਦੀ ਸਾਜ਼ਿਸ਼ ਕਿਹਾ ਗਿਆ ਹੈ। ਉੱਤਰ ਪ੍ਰਦੇਸ਼ ਗੈਰਕਾਨੂੰਨੀ ਧਰਮ-ਬਦਲੀ ਰੋਕੂ ਕਾਨੂੰਨ-2021 'ਚ ਸ਼ੱਕੀ ਜਾਪਦੇ ਵਿਆਹ ਲਈ ਇਕ ਤੋਂ ਦਸ ਸਾਲ ਦੀ ਕੈਦ ਅਤੇ ਪੰਦਰਾਂ ਹਜ਼ਾਰ ਤੋਂ ਪੰਜਾਹ ਹਜ਼ਾਰ ਰੁਪਏ ਦੇ ਜੁਰਮਾਨੇ ਦੀ ਵਿਵਸਥਾ ਹੈ। "ਲਵ ਜੇਹਾਦ" ਦਾ ਮੁੱਦਾ ਅਦਿੱਤਿਆਨਾਥ ਦੇ ਮੁੱਖ ਮੰਤਰੀ ਬਣਨ ਤੋਂ ਬਹੁਤ ਪਹਿਲਾਂ ਉਸ ਦੇ ਏਜੰਡੇ 'ਤੇ ਸੀ – ਹਿੰਦੂ ਯੁਵਾ ਵਾਹਿਨੀ ਨੇ ਗੋਰਖ਼ਪੁਰ ਅਤੇ ਆਸ ਪਾਸ ਦੇ ਖੇਤਰਾਂ ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਲਈ ਸਰਗਰਮੀ ਨਾਲ ਇਸ ਦੀ ਵਰਤੋਂ ਕੀਤੀ।

ਨਵੇਂ ਕਾਨੂੰਨ ਨਾਲ ਲੈਸ ਉੱਤਰ ਪ੍ਰਦੇਸ਼ ਪੁਲਿਸ ਨੇ ਰਾਜ ਦੇ ਕਈ ਹਿੱਸਿਆਂ ਵਿਚ ਅੰਤਰ-ਧਾਰਮਿਕ ਵਿਆਹਾਂ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਸਭ ਤੋਂ ਪਰੇਸ਼ਾਨ ਕਰਨ ਵਾਲੀਆਂ ਮਿਸਾਲਾਂ ਵਿੱਚੋਂ ਇਕ ਮੁਰਾਦਾਬਾਦ ਦੀ ਇਕ 22 ਸਾਲਾ ਔਰਤ ਦੀ ਹੈ ਜਿਸ ਨੂੰ ਉਸ ਦੇ ਪਤੀ ਦੀ ਇਸ ਕਾਨੂੰਨ ਦੇ ਤਹਿਤ ਗ੍ਰਿਫਤਾਰੀ ਤੋਂ ਬਾਦ ਇਕ ਸ਼ੈਲਟਰ ਹੋਮ ਵਿਚ ਭੇਜੇ ਜਾਣ ਤੋਂ ਬਾਦ ਗਰਭਪਾਤ ਦਾ ਸੰਤਾਪ ਝੱਲਣਾ ਪਿਆ। ਬਾਦ ਵਿਚ ਪਤੀ ਨੂੰ ਛੱਡ ਦਿੱਤਾ ਗਿਆ ਕਿਉਂਕਿ ਪੁਲਿਸ ਔਰਤ ਦਾ ਜ਼ਬਰਦਸਤੀ ਧਰਮ ਬਦਲੀ ਕੀਤੇ ਜਾਣ ਦੇ ਦੋਸ਼ਾਂ ਦੇ ਹੱਕ 'ਚ ਕੋਈ ਸਬੂਤ ਨਹੀਂ ਲੱਭ ਸਕੀ ਸੀ।

ਮੁਰਾਦਾਬਾਦ ਮਾਮਲੇ ਵਿਚ ਪੁਲਿਸ ਦੀ ਬੇਰਹਿਮੀ ਦਾ ਜ਼ਿਕਰ 104 ਸੇਵਾਮੁਕਤ ਨੌਕਰਸ਼ਾਹਾਂ ਦੇ ਇਕ ਸਮੂਹ ਵੱਲੋਂ ਦਸੰਬਰ 2020 ਵਿਚ ਅਦਿੱਤਿਆਨਾਥ ਨੂੰ ਲਿਖੀ ਚਿੱਠੀ ਵਿਚ ਕੀਤਾ ਗਿਆ ਸੀ। ਇਸ ਵਿਚ ਕਿਹਾ ਗਿਆ ਕਿ "ਉੱਤਰ ਪ੍ਰਦੇਸ਼ ਦੀ ਪੂਰੀ ਪੁਲਿਸ ਫੋਰਸ ਨੂੰ ਸਾਰੇ ਨਾਗਰਿਕਾਂ ਦੇ ਅਧਿਕਾਰਾਂ ਦਾ ਸਨਮਾਨ ਕਰਨ ਲਈ ਬਿਨਾਂ ਦੇਰੀ ਦੇ ਸਿਖਲਾਈ ਦੇਣ ਦੀ ਜ਼ਰੂਰਤ ਹੈ; ਅਤੇ 'ਤੁਹਾਡੇ' ਸਮੇਤ ਯੂਪੀ ਦੇ ਰਾਜ ਨੇਤਾਵਾਂ ਨੂੰ ਆਪਣੇ ਆਪ ਨੂੰ ਸੰਵਿਧਾਨ ਦੀਆਂ ਵਿਵਸਥਾਵਾਂ ਬਾਰੇ ਮੁੜ ਸਿੱਖਿਅਤ ਹੋਣ ਦੀ ਜ਼ਰੂਰਤ ਹੈ, ਜਿਸ ਨੂੰ ਤੁਸੀਂ ਅਤੇ ਹੋਰ ਕਾਨੂੰਨ ਘਾੜਿਆਂ ਨੇ ਬਰਕਰਾਰ ਰੱਖਣ ਦੀ ਸਹੁੰ ਚੁੱਕੀ ਹੈ।"

ਅਜਿਹੇ ਇਤਰਾਜ਼ਾਂ ਨੂੰ ਦਰਕਿਨਾਰ ਕਰਕੇ ਅਦਿੱਤਿਆਨਾਥ ਨੇ ਅਜਿਹੇ ਕਦਮਾਂ ਦਾ ਵੱਡੇ ਪੱਧਰ 'ਤੇ ਸਿਆਸੀ ਲਾਹਾ ਲਿਆ ਹੈ। ਉਹ ਆਪਣੇ ਵਿਰੋਧੀਆਂ ਦੀਆਂ ਨਜ਼ਰਾਂ ਵਿਚ ਤਾਨਾਸ਼ਾਹੀ ਦੀ ਨੁਮਾਇੰਦਗੀ ਕਰਦੇ ਹਨ, ਪਰ ਹਿੰਦੂਆਂ ਦੇ ਉਸ ਹਿੱਸੇ ਲਈ ਜੋ ਭਾਜਪਾ ਅਤੇ ਇਸਦੇ ਮਾਤਾ-ਪਿਤਾ, ਰਾਸਟਰੀ ਸਵੈਮ ਸੇਵਕ ਸੰਘ ਦਾ ਮੁੱਖ ਹਮਾਇਤੀ ਅਧਾਰ ਹੈ, ਇਹ ਮੁਸਲਮਾਨਾਂ ਲਈ ਉਸ ਦੀ ਨਫ਼ਰਤ ਦਾ ਸਬੂਤ ਹਨ – ਸੰਘ ਪਰਿਵਾਰ ਦੇ ਹਿੰਦੂਤਵ ਏਜੰਡੇ ਦਾ ਚਹੇਤਾ ਚਿਹਰਾ ਬਣਨ ਦੀ ਬਿਹਤਰੀਨ ਸੰਭਵ ਕਾਬਲੀਅਤ। ਹਾਲਾਂ ਕਿ ਸੱਚੇ ਮਾਇਨਿਆਂ 'ਚ ਅਦਿੱਤਿਆਨਾਥ ਨੇ ਉੱਤਰ ਪ੍ਰਦੇਸ਼ 'ਚ ਆਪਣੇ ਹਿੰਦੂ ਵੋਟਰਾਂ ਨੂੰ ਵੀ ਕੋਈ ਠੋਸ ਲਾਭ ਨਹੀਂ ਦਿੱਤਾ ਹੈ, ਫਿਰ ਵੀ ਮੁਸਲਮਾਨਾਂ ਦੀ ਜ਼ਿੰਦਗੀ ਨੂੰ ਤਰਸਯੋਗ ਬਣਾਉਣ ਦੇ ਉਸ ਦੇ ਯਤਨਾਂ ਨੇ ਇਸ ਰਾਜ ਦੇ ਨਾਲ-ਨਾਲ ਮੁਲਕ ਦੇ ਬਾਕੀ ਹਿੱਸਿਆਂ ਵਿਚ ਹਿੰਦੂ ਫਿਰਕਾਪ੍ਰਸਤਾਂ ਨੂੰ ਖ਼ੁਸ਼ ਕੀਤਾ ਹੈ।



ਉਸ ਦੀ ਕਾਮਯਾਬੀ ਦਾ ਮੁੱਖ ਸਿਹਰਾ ਉਸ ਦੇ ਯੋਗੀਆਂ ਵਾਲੇ ਆਡੰਬਰ ਸਿਰ ਬੱਝਦਾ ਹੈ। ਉਹ ਹਮੇਸ਼ ਗੇਰੂਏ ਬਸਤਰ ਪਹਿਨਦਾ ਹੈ, ਅਤੇ ਸਦਾ ਸਿਰ ਘੋਨਮੋਨ ਕਰਾ ਕੇ ਰੱਖਦਾ ਹੈ। ਉਸ ਨੇ ਸ਼ਰਧਾਲੂ ਹਿੰਦੂਆਂ ਦੇ ਚੋਖੇ ਹਿੱਸੇ ਨੂੰ ਯਕੀਨ ਦਿਵਾਇਆ ਹੋਇਆ ਹੈ ਕਿ ਉਹ ਇਕ ਐਸਾ ਵਿਅਕਤੀ ਹੈ ਜੋ ਗ਼ੈਰ-ਸਿਆਸੀ ਜੀਵਨ ਜੀਅ ਸਕਦਾ ਹੈ – ਭਾਵੇਂ ਉਹ ਰਾਜ ਵਿਚ ਸਭ ਤੋਂ ਉੱਚੇ ਰਾਜਨੀਤਿਕ ਅਹੁਦੇ 'ਤੇ ਬੈਠਾ ਹੈ – ਅਤੇ ਜੋ ਹਿੰਦੂ ਪਰੰਪਰਾਵਾਂ ਨੂੰ ਮੁੜ ਬਹਾਲ ਜਾਂ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ। ਹਿੰਦੂ ਜਨਤਾ ਦੀ ਕਲਪਨਾ ਵਿਚ ਉਹ ਪਹਿਲ ਪ੍ਰਿਥਮੇਂ ਮੱਠ ਦਾ ਮੁਖੀ ਹੈ। ਇਹ ਅਕਸਰ ਕਿਹਾ ਜਾਂਦਾ ਹੈ ਕਿ ਮੁੱਖ ਮੰਤਰੀ ਬਣਨ ਤੋਂ ਬਾਦ ਵੀ, ਉਸ ਨੇ ਇਕ ਤਪੱਸਵੀ ਤਰਜ਼ੇ-ਜ਼ਿੰਦਗੀ ਦੀ ਪਾਲਣਾ ਕੀਤੀ ਹੈ: ਉਹ ਸਵੇਰੇ ਸਾਝਰੇ ਉੱਠਦਾ ਹੈ, ਯੋਗ ਅਭਿਆਸ ਕਰਦਾ ਹੈ ਅਤੇ ਫਿਰ ਲੰਮੀ-ਚੌੜੀ ਪੂਜਾ ਤੋਂ ਬਾਦ ਆਪਣੀਆਂ ਦੁਨਿਆਵੀ ਡਿਊਟੀਆਂ ਸਾਂਭ ਲੈਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਗਊਸ਼ਾਲਾ ਜਾਣਾ ਉਸ ਦੇ ਨਿੱਤਨੇਮ ਦਾ ਹਿੱਸਾ ਹੈ। ਫਿਰ ਵੀ, ਆਮ ਧਾਰਨਾ ਦੇ ਉਲਟ, ਉਸ ਦੇ ਜੀਵਨ ਵਿਚ ਇਕ ਵਕਤ ਐਸਾ ਆਇਆ ਜਦੋਂ ਮੱਠ ਦਾ ਜੀਵਨ ਉਸ ਦੇ ਭਾਗਾਂ 'ਚ ਨਹੀਂ ਜਾਪਦਾ ਸੀ।

ਪੰਡਤਾਊ ਆਡੰਬਰ ਰਚਦੇ ਹੋਏ, ਅਦਿੱਤਿਆਨਾਥ ਨੇ ਆਪਣੇ ਆਪ ਨੂੰ ਇਕ ਹਿੰਦੂ ਸੰਨਿਆਸੀ ਅਤੇ ਇਕ ਕੱਟੜ ਹਿੰਦੂਤਵੀ ਕਾਰਕੁਨ ਦੇ ਸੁਮੇਲ ਵਜੋਂ ਪੇਸ਼ ਕੀਤਾ ਹੈ। ਉਸ ਦੇ ਇਸ਼ਾਰੇ ਅਤੇ ਫਿਰਕੂ ਨਫਰਤ ਦੇ ਐਲਾਨ ਐਨੇ ਸਰੇਆਮ ਅਤੇ ਅਕਸਰ ਹੁੰਦੇ ਹਨ ਕਿ ਨਰਿੰਦਰ ਮੋਦੀ ਅਤੇ ਉਸ ਦਾ ਸਭ ਤੋਂ ਨਜ਼ਦੀਕੀ ਲਫਟੈਣ ਅਮਿਤ ਸਾਹ ਵੀ ਉਸ ਦੇ ਮੁਕਾਬਲੇ ਉਦਾਰਵਾਦੀ ਦਿਖਾਈ ਦੇ ਸਕਦੇ ਹਨ। ਜਦੋਂ ਇਕ ਵਾਰ ਉਸ ਨੂੰ ਮੁੱਖ ਮੰਤਰੀ ਵਜੋਂ ਪੈਰ ਜਮਾਉਣ ਦਾ ਪੱਕਾ ਆਧਾਰ ਮਿਲ ਗਿਆ, ਫਿਰ ਉਸ ਦੇ ਤੌਰ-ਤਰੀਕਿਆਂ ਅਤੇ ਨੀਤੀਆਂ ਨੇ ਇਹ ਬਹਿਸ ਭਖਾ ਦਿੱਤੀ ਕਿ ਕੀ ਉਹ ਆਖ਼ਿਰਕਾਰ ਮੋਦੀ ਨਾਲੋਂ ਵੱਡੇ ਹਿੰਦੂਤਵੀ ਚਿੰਨ੍ਹ ਵਜੋਂ ਉੱਭਰ ਸਕਦਾ ਹੈ।

ਨਿਸ਼ਚੇ ਹੀ ਮੋਦੀ ਆਪਣੀ ਪਾਰਟੀ ਦੇ ਕਿਸੇ ਵੀ ਐਸਾ ਹਮਰੁਤਬਾ ਨੂੰ ਬਰਦਾਸ਼ਤ ਨਾ ਕਰਨ ਲਈ ਮਸ਼ਹੂਰ ਹੈ ਜਿਸ ਦੀ ਪ੍ਰਸਿੱਧੀ ਜਾਂ ਸ਼ਖ਼ਸੀਅਤ ਦੀ ਤਾਕਤ ਨਾਲ ਉਸ ਦਾ ਆਪਣਾ ਜਲੌਅ ਫਿੱਕਾ ਪੈਂਦਾ ਹੋਵੇ। ਉਹ ਤਾਂ ਖ਼ੁਦ ਨੂੰ ਹਿੰਦੂਤਵ ਨੂੰ ਸਮਰਪਿਤ ਇਕ ਤਪੱਸਵੀ ਸਿਆਸਤਦਾਨ ਵਜੋਂ ਪੇਸ਼ ਕਰਦਾ ਹੈ। ਕਈਆਂ ਦਾ ਮੰਨਣਾ ਹੈ ਕਿ ਜਨਤਕ ਅਕਸ ਦੀ ਲੜਾਈ ਵਿਚ, ਮੋਦੀ ਨੂੰ ਅਦਿੱਤਿਆਨਾਥ ਦੀ ਚੁਣੌਤੀ ਦਾ ਸਾਹਮਣਾ ਕਰਨ ਪੈ ਰਿਹਾ ਹੈ, ਜਿਸ ਨੂੰ ਦੀਕਸ਼ਿਤ ਯੋਗੀ ਹੋਣ ਦਾ ਲਾਭ ਹੈ – ਇਕ ਸੰਨਿਆਸੀ ਜਿਸ ਲਈ ਭਗਵਾਂ ਉਸ ਦੇ ਸਿਆਸੀ ਬੈਨਰ ਦਾ ਰੰਗ ਨਹੀਂ ਹੈ, ਜਿਵੇਂ ਇਹ ਹੋਰ ਬੀ.ਜੇ.ਪੀ. ਆਗੂਆਂ ਲਈ ਹੋ ਸਕਦਾ ਹੈ, ਸਗੋਂ ਇਹ ਉਸ ਦੀ ਫਿਰਕੂ ਸ਼ਨਾਖ਼ਤ ਵੀ ਹੈ।

ਅਜੈ ਮੋਹਨ ਸਿੰਘ ਬਿਸ਼ਟ ਦਾ ਜਨਮ 5 ਜੂਨ 1972 ਨੂੰ ਉੱਤਰਕਾਸ਼ੀ ਜ਼ਿਲ੍ਹੇ ਦੇ ਇਕ ਪਿੰਡ ਮਸਲਗਾਓਂ ਦੇ ਇਕ ਠਾਕੁਰ ਪਰਿਵਾਰ ਵਿਚ ਹੋਇਆ ਸੀ ਜੋ ਹੁਣ ਉੱਤਰਾਖੰਡ ਵਿਚ ਹੈ। ਉਹ ਜੰਗਲਾਤ ਵਿਭਾਗ ਦੇ ਇਕ ਜੂਨੀਅਰ ਅਧਿਕਾਰੀ ਆਨੰਦ ਸਿੰਘ ਬਿਸ਼ਟ ਅਤੇ ਇਕ ਘਰੇਲੂ ਔਰਤ ਸਾਵਿੱਤਰੀ ਦੇਵੀ ਦੇ ਘਰ ਪੈਦਾ ਹੋਏ ਸੱਤ ਬੱਚਿਆਂ ਵਿੱਚੋਂ ਪੰਜਵਾਂ ਸੀ। ਆਨੰਦ ਸਿੰਘ ਦੀ ਨੌਕਰੀ ਵਿਚ ਅਕਸਰ ਤਬਾਦਲੇ ਹੁੰਦੇ ਰਹਿੰਦੇ ਸਨ, ਇਸ ਲਈ ਉਸ ਦੇ ਕਰੀਅਰ ਦੇ ਅਖ਼ੀਰਲੇ ਹਿੱਸੇ 'ਚ, ਅਜੈ ਦੇ ਜਨਮ ਤੋਂ ਕੁਝ ਸਾਲ ਬਾਦ, ਸਾਵਿਤਰੀ ਦੇਵੀ ਅਤੇ ਬੱਚੇ ਜ਼ਿਆਦਾ ਕਰਕੇ ਪੌੜੀ-ਗੜ੍ਹਵਾਲ ਜ਼ਿਲ੍ਹੇ ਵਿਚ ਆਪਣੇ ਪਰਿਵਾਰ ਦੇ ਜੱਦੀ ਪਿੰਡ-ਪੰਚੂਰ 'ਚ ਹੀ ਰਹੇ, ਜਿੱਥੇ ਉਹ ਛੁੱਟੀਆਂ 'ਚ ਉਨ੍ਹਾਂ ਨੂੰ ਆ ਕੇ ਮਿਲ ਜਾਂਦਾ ਸੀ।

ਅਜੇ ਦੇ ਸ਼ੁਰੂਆਤੀ ਜੀਵਨ ਬਾਰੇ ਜੋ ਵੀ ਸਬੂਤ ਮੌਜੂਦ ਹਨ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉਸ ਦਾ ਬਚਪਨ ਬਹੁਤ ਸਾਧਾਰਨ ਸੀ। ਉਸ ਦੇ ਮਾਪਿਆਂ ਨੇ ਇਹ ਯਕੀਨੀ ਬਣਾਇਆ ਕਿ ਉਹ ਸਕੂਲ ਜਾਂਦਾ ਰਹੇ, ਅਤੇ ਉਹ ਅੱਠਵੀਂ ਜਮਾਤ ਤੱਕ ਥੰਗਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਪੜ੍ਹਿਆ। ਕਿਉਂਕਿ ਮੁਕਾਮੀ ਗ੍ਰਾਮ ਪੰਚਾਇਤ ਵਿਚ ਕੋਈ ਸੈਕੰਡਰੀ ਸਕੂਲ ਨਹੀਂ ਸੀ, ਇਸ ਲਈ ਉਹ ਟੀਹਰੀ ਜ਼ਿਲ੍ਹੇ ਵਿਚ ਚਲਾ ਗਿਆ ਜਿੱਥੇ ਉਸ ਦਾ ਪਿਤਾ ਨੌਕਰੀ ਕਰਦਾ ਸੀ। ਉਸ ਨੇ ਗਾਜਾ ਦੇ ਇਕ ਸਰਕਾਰੀ ਸਕੂਲ ਤੋਂ ਆਪਣੀ ਸਕੂਲੀ ਪੜ੍ਹਾਈ ਪੂਰੀ ਕੀਤੀ। ਫਿਰ ਉਸਨੂੰ ਰਿਸ਼ੀਕੇਸ਼ ਭੇਜ ਦਿੱਤਾ ਗਿਆ, ਜਿੱਥੇ ਉਹ ਆਪਣੇ ਇਕ ਵੱਡੇ ਭਰਾ ਨਾਲ ਰਹਿੰਦਾ ਸੀ। ਉਸ ਨੇ ਸ੍ਰੀ ਭਾਰਤ ਮੰਦਰ ਇੰਟਰ ਕਾਲਜ ਵਿਚ ਦਾਖ਼ਲਾ ਲਿਆ ਅਤੇ ਅੰਗਰੇਜ਼ੀ ਅਤੇ ਹਿੰਦੀ ਦੇ ਨਾਲ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਦੀ ਪੜ੍ਹਾਈ ਦੀ ਲਾਈਨ ਚੁਣੀ।

1989 'ਚ, ਅਜੈ ਨੇ ਵਿਗਿਆਨ ਦੀ ਡਿਗਰੀ ਕਰਨ ਲਈ ਪੀਜੀ ਸਰਕਾਰੀ ਕਾਲਜ, ਕੋਟਦਵਾਰ 'ਚ ਦਾਖ਼ਲਾ ਲੈ ਲਿਆ। ਭਾਜਪਾ ਅਤੇ ਹਿੰਦੂ ਰਾਸ਼ਟਰਵਾਦ ਦੀ ਖੁੱਲ੍ਹ ਕੇ ਵਕਾਲਤ ਕਰਨ ਵਾਲੇ ਲੇਖਕ ਸ਼ਾਂਤਨੂ ਗੁਪਤਾ ਦੀ ਲਿਖੀ ਇਕ ਹਾਲੀਆ ਗੁਣਗਾਣ ਨੁਮਾ ਜੀਵਨੀ ਦਾਅਵਾ ਕਰਦੀ ਹੈ ਕਿ ਅਜੈ ਦੀ ਹਮੇਸ਼ਾ ਰਾਜਨੀਤੀ ਵਿਚ ਅਤੇ ਜੋ ਅਧਿਆਤਮਿਕ ਜੀਵਨ ਉਸ ਨੇ ਚੁਣਿਆ ਉਸ ਵਿਚ ਕਈ ਤਰੀਕਿਆਂ ਨਾਲ ਦਿਲਚਸਪੀ ਸੀ। ਇਹ "ਉੱਤਰਾਖੰਡ ਦੇ ਦੂਰ-ਦਰਾਜ ਇਲਾਕੇ ਦੇ ਇਕ ਨੌਜਵਾਨ ਲੜਕੇ ਅਜੈ ਸਿੰਘ ਬਿਸ਼ਟ ਦੀ ਪਰਵਰਿਸ਼ ਦੀ ਕਹਾਣੀ ਹੈ, ਜੋ ਗਾਵਾਂ, ਖੇਤਾਂ, ਪਹਾੜਾਂ ਅਤੇ ਦਰਿਆਵਾਂ ਦਰਮਿਆਨ ਵੱਡਾ ਹੋਇਆ ਅਤੇ ਬਾਦ ਵਿਚ ਇਕ ਮਹੰਤ, ਇਕ ਸੰਸਦ ਮੈਂਬਰ ਅਤੇ ਮੁੱਖ ਮੰਤਰੀ ਬਣਿਆ।"

ਕਾਲਜ ਵਿਚ, ਅਜੈ ਆਰ.ਐੱਸ.ਐੱਸ. ਦੇ ਵਿਦਿਆਰਥੀ ਵਿੰਗ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦਾ ਮੈਂਬਰ ਬਣ ਗਿਆ। ਆਪਣੇ ਅੰਤਿਮ ਸਾਲ, 1992 'ਚ, ਉਸ ਨੇ ਸਕੱਤਰ ਦੇ ਅਹੁਦੇ ਲਈ ਵਿਦਿਆਰਥੀ ਯੂਨੀਅਨ ਦੀ ਚੋਣ ਲੜੀ। ਉਹ ਆਜ਼ਾਦ ਉਮੀਦਵਾਰ ਸੀ ਅਤੇ ਉਹ ਬੁਰੀ ਤਰ੍ਹਾਂ ਹਾਰਿਆ। "ਉਹ ਸਾਧਾਰਨ ਵਿਦਿਆਰਥੀ ਸੀ ਅਤੇ ਵਿਦਿਆਰਥੀ ਸਿਆਸਤ ਵਿਚ ਸ਼ਾਇਦ ਹੀ ਸਰਗਰਮ ਸੀ," ਅਰੁਣ ਤਿਵਾਰੀ, ਜਿਸ ਨੇ ਉਹ ਚੋਣ ਜਿੱਤੀ ਸੀ ਅਤੇ ਜੋ ਹੁਣ ਸਮਾਜਵਾਦੀ ਪਾਰਟੀ ਦਾ ਮੈਂਬਰ ਹੈ, ਨੇ ਮੈਨੂੰ ਦੱਸਿਆ। "ਉਸ ਸਾਲ ਸਕੱਤਰ ਦੇ ਅਹੁਦੇ ਲਈ ਨੌਂ ਉਮੀਦਵਾਰ ਮੈਦਾਨ ਵਿਚ ਸਨ। ਮੈਨੂੰ ਯਾਦ ਨਹੀਂ ਹੈ ਕਿ ਉਸ ਨੂੰ ਕਿੰਨੀਆਂ ਵੋਟਾਂ ਪਈਆਂ। ਗਿਣਤੀ ਬਹੁਤ ਘੱਟ ਹੋਣੀ ਚਾਹੀਦੀ ਹੈ ਕਿਉਂਕਿ ਉਹ ਗਿਣਤੀ 'ਚ ਛੇਵੇਂ ਸਥਾਨ 'ਤੇ ਆਇਆ ਸੀ।"

ਇਹ ਅਜੈ ਲਈ ਪਰੇਸ਼ਾਨ ਕਰਨ ਵਾਲਾ ਪਲ ਰਿਹਾ ਹੋਵੇਗਾ। ਲੱਕ ਤੋੜਵੀਂ ਹਾਰ ਤੋਂ ਥੋੜ੍ਹੀ ਦੇਰ ਬਾਦ ਉਸ ਦੀ ਜ਼ਿੰਦਗੀ ਨਾਟਕੀ ਢੰਗ ਨਾਲ ਬਦਲ ਜਾਵੇਗੀ। ਅਜੈ ਗ੍ਰੈਜੂਏਟ ਹੋ ਗਿਆ ਅਤੇ ਰਿਸ਼ੀਕੇਸ ਚਲਾ ਗਿਆ, ਜਿੱਥੇ ਉਸ ਨੇ ਪੰਡਿਤ ਲਲਿਤ ਮੋਹਨ ਸ਼ਰਮਾ ਪੀਜੀ ਕਾਲਜ ਵਿਚ ਵਿਗਿਆਨ 'ਚ ਮਾਸਟਰ ਡਿਗਰੀ ਲਈ ਦਾਖ਼ਲਾ ਲਿਆ। ਪਰ ਲੱਗਦਾ ਹੈ ਕਿ ਉਹ ਆਪਣੀ ਇਕਾਗਰਤਾ ਗੁਆ ਚੁੱਕਾ ਸੀ।

"ਜਦੋਂ ਉਹ ਐੱਮਐੱਸ.ਸੀ. ਦੇ ਪਹਿਲੇ ਸਾਲ ਵਿਚ ਸੀ," ਸ਼ਾਂਤਨੂ ਗੁਪਤਾ ਲਿਖਦਾ ਹੈ, "ਉਸ ਨੇ ਗੋਰਖ਼ਪੁਰ ਜਾਣਾ ਸ਼ੁਰੂ ਕਰ ਦਿੱਤਾ ਅਤੇ ਮਹੰਤ ਅਵੈਦਿਆਨਾਥ ਨੂੰ ਮਿਲਣ ਲੱਗਾ" - ਜੋ ਉਦੋਂ ਗੋਰਖਨਾਥ ਮੱਠ ਦਾ ਮੁਖੀ ਸੀ। "ਕੁਝ ਮੁਲਾਕਾਤਾਂ ਤੋਂ ਬਾਦ, ਅਜੈ ਨੇ ਗੋਰਖਨਾਥ ਮੱਠ ਵਿਚ ਮਹੰਤ ਅਵੈਦਿਆਨਾਥ ਨਾਲ ਪੂਰੇ ਸਮੇਂ ਦੇ ਚੇਲੇ ਵਜੋਂ ਸ਼ਾਮਲ ਹੋਣ ਦਾ ਮਨ ਬਣਾ ਲਿਆ।" ਮੈਂ ਅਜੈ ਦੇ ਕਾਲਜ ਸਮੇਂ ਦੇ ਕਈ ਸਾਬਕਾ ਸਹਿਪਾਠੀਆਂ ਨਾਲ ਗੱਲ ਕੀਤੀ, ਉਨ੍ਹਾਂ ਮੁਤਾਬਿਕ ਉਸ ਸਮੇਂ ਉਸ ਦਾ ਸੰਨਿਆਸੀ ਜੀਵਨ ਵੱਲ ਕੋਈ ਝੁਕਾਅ ਨਹੀਂ ਸੀ। ਇਸ ਦੀ ਬਜਾਏ, ਅਰੁਣ ਤਿਵਾਰੀ ਅਨੁਸਾਰ ਅਜੈ ਪੜ੍ਹਾਈ ਤੋਂ ਦੂਰ ਜਾ ਰਿਹਾ ਸੀ ਕਿਉਂਕਿ ਉਸ ਉੱਪਰ "ਆਪਣੇ ਲਈ ਆਰਾਮਦਾਇਕ ਜੀਵਨ ਲੱਭਣ" ਦਾ ਭੂਤ ਸਵਾਰ ਸੀ। ਤਿਵਾਰੀ ਨੇ ਕਿਹਾ, ਇਸ ਦੀ ਪ੍ਰਾਪਤੀ ਲਈ "ਉਹ ਆਪਣੇ ਦੂਰ ਦੇ ਚਾਚਾ ਅਵੈਦਿਆਨਾਥ ਪਿੱਛੇ ਗਿਆ।"

ਕੋਟਦਵਾਰ ਵਿਚ ਅਜੈ ਦੇ ਇਕ ਸਾਥੀ ਵਿਦਿਆਰਥੀ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਮੈਨੂੰ ਦੱਸਿਆ, "ਹਾਲਾਂਕਿ ਉਹ ਏ.ਬੀ.ਵੀ.ਪੀ. ਦਾ ਮੈਂਬਰ ਸੀ, ਪਰ ਉਹ ਉਸ ਸਮੇਂ ਦੀਆਂ ਘਟਨਾਵਾਂ ਤੋਂ ਜ਼ਿਆਦਾ ਪ੍ਰਭਾਵਿਤ ਨਹੀਂ ਸੀ ਅਤੇ ਬੇਖ਼ਬਰ ਸੀ।" "ਮੈਂ ਹੈਰਾਨ ਰਹਿ ਗਿਆ ਜਦੋਂ ਮੈਂ ਸੁਣਿਆ ਕਿ ਉਹ ਇਕ ਯੋਗੀ ਬਣ ਗਿਆ ਹੈ ਕਿਉਂਕਿ ਉਸ ਸਮੇਂ ਉਹ ਨਿਸ਼ਚਿਤ ਤੌਰ 'ਤੇ ਕਿਸੇ ਵੀ ਰੂਹਾਨੀ ਪ੍ਰਵਿਰਤੀ ਵਾਲਾ ਵਿਅਕਤੀ ਨਹੀਂ ਸੀ।" ਇਸ ਵਿਅਕਤੀ ਨੂੰ ਯਾਦ ਹੈ ਕਿ 1992 ਵਿਚ ਜਦੋਂ ਰਾਮ ਮੰਦਰ ਅੰਦੋਲਨ ਸਿਖ਼ਰ 'ਤੇ ਸੀ, ਉਦੋਂ ਵੀ ਉਹ ਕਿਤੇ ਨਜ਼ਰ ਨਹੀਂ ਆ ਰਿਹਾ ਸੀ। ਜਿੱਥੋਂ ਤੱਕ ਮੈਨੂੰ ਯਾਦ ਹੈ, ਉਹ ਉਸ ਸਾਲ ਦਸੰਬਰ ਵਿਚ ਅਯੁੱਧਿਆ ਨਹੀਂ ਗਿਆ ਸੀ, ਸਿਰਫ਼ 1993 ਵਿਚ ਜਾ ਕੇ ਉਸ ਦਾ ਝੁਕਾਅ ਅਚਾਨਕ ਗੋਰਖ਼ਪੁਰ ਵੱਲ ਹੋ ਗਿਆ।

ਇਹ ਸਪਸ਼ਟ ਨਹੀਂ ਹੈ ਕਿ ਅਜੈ ਨੂੰ ਯੋਗੀ ਬਣਨ ਲਈ ਕਿਸ ਗੱਲ ਨੇ ਪ੍ਰੇਰਿਤ ਕੀਤਾ। ਕਾਲਜ ਦੇ ਸਾਥੀ ਨੇ ਕਿਹਾ, "1993 ਵਿਚ, ਉਹ ਨੌਕਰੀ ਦੀ ਭਾਲ ਵਿਚ ਦਿੱਲੀ ਗਿਆ ਸੀ। ਹਾਲਾਂਕਿ ਉਹ ਆਪਣੀ ਕੋਸ਼ਿਸ਼ ਵਿਚ ਅਸਫ਼ਲ ਰਿਹਾ, ਉਹ ਅਵੈਦਿਆਨਾਥ ਨੂੰ ਮਿਲਿਆ, ਜਿਸ ਨੂੰ ਕਿਸੇ ਇਲਾਜ ਲਈ ਦਿੱਲੀ ਦੇ ਇਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ। ਉਸ ਨੇ ਕੁਝ ਸਮੇਂ ਲਈ ਅਵੈਦਿਆਨਾਥ ਦੀ ਸੇਵਾ ਕੀਤੀ ਅਤੇ ਮਹੰਤ ਨੂੰ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਦ ਰਿਸ਼ੀਕੇਸ਼ ਵਾਪਸ ਆ ਗਿਆ। ਕੁਝ ਮਹੀਨਿਆਂ ਬਾਦ ਉਹ ਚੁੱਪਚਾਪ ਗੋਰਖ਼ਪੁਰ ਚਲਾ ਗਿਆ।"

ਗੁਪਤਾ ਦੀ ਲਿਖੀ ਜੀਵਨੀ ਵਿਚ ਇਹ ਥੋੜ੍ਹਾ ਵੱਖਰੀ ਤਰ੍ਹਾਂ ਪੇਸ਼ ਕੀਤਾ ਗਿਆ ਹੈ: ਜਦੋਂ ਉਹ ਉਸ ਨੂੰ ਦਿੱਲੀ ਦੇ ਇਕ ਹਸਪਤਾਲ ਵਿਚ ਮਿਲਿਆ ਸੀ ਅਜੈ ਅਵੈਦਿਆਨਾਥ ਲਈ ਕੋਈ ਅਜਨਬੀ ਨਹੀਂ ਸੀ, ਉਸ ਦਾ ਰਾਮ ਮੰਦਰ ਅੰਦੋਲਨ ਲਈ ਪਹਿਲਾਂ ਹੀ ਝੁਕਾਅ ਬਣ ਗਿਆ ਸੀ ਅਤੇ ਉਸ ਨੇ ਗੋਰਖਨਾਥ ਦੇ ਮਹੰਤ ਨਾਲ ਇਕ ਸੰਖੇਪ ਮੁਲਾਕਾਤ ਵੀ ਕੀਤੀ ਸੀ ਜਿਸ ਨੇ ਉਸ ਨੂੰ ਦੱਸਿਆ ਕਿ "ਉਹ ਜਨਮ ਤੋਂ ਯੋਗੀ ਸੀ ਅਤੇ ਉਸ ਨੇ ਇਕ ਦਿਨ ਉੱਥੇ ਆਉਣਾ ਸੀ।" ਅਜੈ ਦੀ ਗੋਰਖ਼ਪੁਰ ਯਾਤਰਾ ਦੇ ਇਸ ਬਿਰਤਾਂਤ ਦਾ ਸਰੋਤ ਅਨਿਸ਼ਚਿਤ ਹੈ; ਗੁਪਤਾ ਨੇ ਆਪਣੇ ਦਾਅਵੇ ਨੂੰ ਸਾਬਤ ਕਰਨ ਲਈ ਕਿਸੇ ਇੰਟਰਵਿਊ ਜਾਂ ਦਸਤਾਵੇਜ਼ ਦਾ ਕੋਈ ਹਵਾਲਾ ਨਹੀਂ ਦਿੱਤਾ। ਪਰ ਗੁਪਤਾ ਇਹ ਵੀ ਲਿਖਦਾ ਹੈ ਕਿ ਅਜੈ ਦੇ ਮਾਤਾ-ਪਿਤਾ ਹੈਰਾਨ ਰਹਿ ਗਏ ਜਦੋਂ ਉਨ੍ਹਾਂ ਨੂੰ "ਅਖਬਾਰ ਤੋਂ ਉਸ ਦੇ ਸੰਨਿਆਸ ਬਾਰੇ ਪਤਾ ਲੱਗਾ।" ਉਨ੍ਹਾਂ ਨੇ ਇਹ ਸਮਝਿਆ ਸੀ ਕਿ ਉਹ ਰੁਜ਼ਗਾਰ ਦੇ ਮੌਕਿਆਂ ਦੀ ਭਾਲ ਵਿਚ ਗੋਰਖ਼ਪੁਰ ਗਿਆ ਸੀ।

(ਚਲਦਾ...)

## ਸਿੱਖਿਆ ਭਾਸ਼ਾ ਅਤੇ...

ਉਸਾਰੂ ਸਾਹਿਤ ਸਾਨੂੰ ਇਸ ਡਰ ਤੋਂ ਮੁਕਤ ਕਰਦਾ ਹੈ। ਆਪਣੀ ਖ਼ੁਸ਼ੀ, ਮਾਨਸਿਕ ਸੰਤੁਸ਼ਟੀ ਅਤੇ ਮਜ਼ੇ ਲੈਣ ਲਈ ਲਿਖਣਾ ਸਾਹਿਤ ਨਹੀਂ ਹੁੰਦਾ। ਲੇਖਕ ਦੀ ਸਿਰਜਣਾ ਦੇ ਕੇਂਦਰ ਵਿਚ ਸਮਾਜ ਹੋਣਾ ਚਾਹੀਦਾ ਹੈ। ਰਚਨਾ ਰਚਣਹਾਰੇ ਲਈ ਨਹੀਂ ਹੁੰਦੀ। ਸੁਰਜੀਤ ਪਾਤਰ ਹੋਰਾਂ ਦਾ ਇੱਕ ਸ਼ੇਅਰ ਹੈ :

ਮੈਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ,
ਪਾਣੀ ਨੇ ਮੇਰੇ ਗੀਤ ਮੈਂ ਪਾਣੀ 'ਤੇ ਲੀਕ ਹਾਂ

ਸਾਹਿਤ ਵਿਚ ਇਹ ਚਿਰ-ਸਥਾਈ ਰਹਿਣ ਦੀ ਚੇਸ਼ਟਾ ਹੀ ਸਭ ਤੋਂ ਮਹੱਤਵਪੂਰਨ ਅਤੇ ਪਿਆਰੀ ਗੱਲ ਹੈ। ਗੀਤਾਂ ਦੇ ਅਮਰ ਹੋਣ ਲਈ ਉਨਾਂ ਦੀ ਸਿਰਜਣ ਪ੍ਰਕ੍ਰਿਆ ਵਿਚ ਕਲਪਨਾ, ਭਾਸ਼ਾ, ਭਾਵ ਅਤੇ ਇਲਾਹੀ ਛਿਣ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਅਜਿਹਾ ਹਰ ਗੀਤ ਦਾ ਨਸੀਬ ਨਹੀਂ ਬਣਦਾ। ਗਿਆਨ ਦਾ ਭੰਡਾਰ ਕਵਿਤਾ ਨਹੀਂ ਹੁੰਦਾ। ਸਾਹਿਤ ਦਾ ਵੱਡਾ ਆਸਰਾ ਗਿਆਨ ਨਹੀਂ ਭਾਵ ਹੁੰਦਾ ਹੈ। ਗਿਆਨ ਕੋਲ ਦਲੀਲ ਹੁੰਦੀ ਹੈ। ਦਲੀਲ ਗੱਲ ਨੂੰ ਸਮੇਟ ਦਿੰਦੀ ਹੈ। ਭਾਵ ਸਿਰਜਣ ਛਿਣ ਦਾ ਸੰਚਾਰ ਕਰਦਾ ਹੈ। ਸੰਚਾਰ ਵਿਚ ਜਿੰਨੀ ਜ਼ਿਆਦਾ ਰਵਾਨਗੀ ਹੋਵੇਗੀ, ਵਗਦੇ ਪਾਣੀਆਂ ਵਾਂਗ ਉਨੀ ਹੀ ਲੰਮੀ ਉਸਦੀ ਉਮਰ ਹੋਵੇਗੀ। ਨਿੱਜੀ ਭਾਵ ਜਦ ਸਮੂਹ ਦਾ ਭਾਵ ਬਣ ਜਾਵੇ ਤਾਂ ਉਹ ਸਾਹਿਤ ਹੁੰਦਾ ਹੈ। ਸਾਹਿਤ ਇਤਿਹਾਸ ਤੋਂ, ਕਾਲ ਤੋਂ ਪਾਰ ਦੀ ਕੋਈ ਚੀਜ਼ ਹੁੰਦੀ ਹੈ, ਜਿਸਦੀ ਭਾਸ਼ਾ ਦਾ ਤਲਿੱਸਮ ਕਠੋਰ ਹਿਰਦਿਆਂ ਅੰਦਰ ਕੂਲੇ ਅਹਿਸਾਸ ਪੈਦਾ ਕਰਦਾ ਹੈ।

ਅੱਜ ਜਦੋਂ ਅਸੀਂ ਸਾਹਿਤ ਦੀ ਕਿਸੇ ਵਿਧਾ ਬਾਰੇ ਗੱਲ ਕਰਦੇ ਹਾਂ ਤਾਂ ਪੰਜ ਦਹਾਕੇ ਜਾਂ ਇਸ ਤੋਂ ਵੱਧ ਦਹਾਕੇ ਪਹਿਲਾਂ ਲਿਖੀਆਂ ਕਵਿਤਾਵਾਂ, ਕਹਾਣੀਆਂ ਦਾ ਜ਼ਿਕਰ ਹੀ ਕਰਦੇ ਹਾਂ। ਸਮਕਾਲ ਵਿਚ ਸਿਰਜਣਾ ਦੀ ਬਹੁਤਾਤ ਹੈ। ਸ਼ੋਸ਼ਲ ਮੀਡੀਆ ਨੇ ਝੱਟਪਟੀ ਵਰਤਾਰੇ ਨੂੰ ਬਹੁਤ ਉਤਸ਼ਾਹਤ ਕੀਤਾ ਹੈ। ਅੱਜ ਪੋਸਟ ਕੀਤੀ ਰਚਨਾ ਕੁਝ ਦਿਨਾਂ ਦੇ ਵਕਫ਼ੇ 'ਤੇ ਬੀਤੇ ਦੀ ਗੱਲ ਬਣ ਜਾਂਦੀ। ਸਾਡੇ ਗੀਤ ਹੁਣ ਪਾਣੀ ਨਹੀਂ ਰਹੇ, ਪਾਣੀ 'ਤੇ ਲੀਕ ਹੋ ਗਏ ਹਨ। ਵਗਦੇ ਪਾਣੀਆਂ ਦੀ ਉਮਰ ਸਾਡੇ ਸਾਹਿਤ ਦੀ ਉਮਰ ਨਹੀਂ ਰਹੀ। ਫ਼ਿਕਰਮੰਦ ਤਾਂ ਹੋਈਏ! ਵਿਚਾਰ ਤਾਂ ਕਰੀਏ। ਸੋਚੀਏ, ਵਿਚਾਰੀਏ, ਸੰਵਾਦ ਰਚਾਈਏ। ਸਾਨੂੰ ਆਪਣੀ ਸਮਰੱਥਾ 'ਤੇ ਯਕੀਨ ਹੈ। ਇਸ ਯਕੀਨ ਨੂੰ ਬਣਾਈ ਰੱਖਣ ਲਈ ਤੱਤ-ਫੱਟ ਵਰਤਾਰੇ ਨੂੰ ਤਿਆਗਣਾ ਪਵੇਗਾ। ਸਾਧਨਾ ਕਰਨ ਨੂੰ ਵਿਹਾਰ ਬਣਾਉਣਾ ਪਵੇਗਾ। ਥੋੜੀ ਜਿਹੀ ਸੋਝੀ ਅਤੇ ਕਠਿਨ ਪੈਂਡਿਆਂ ਤੋਂ ਪਾਰ ਸਾਹਿਤ ਦਾ ਉੱਜਵਲ ਭਵਿੱਖ ਸਾਨੂੰ ਉਡੀਕ ਰਿਹਾ ਹੈ। ਭਾਸ਼ਾ ਅਤੇ ਕਲਪਨਾ ਸਾਡੇ ਸਾਹਾਂ ਵਿਚ ਮੌਲਦੇ ਅਹਿਸਾਸ ਹਨ।

## ਉੱਤਰ ਪਾਸੇ ਢਾਬ...

'ਐ ਬੰਦੇ, ਐ ਮੇਰੇ ਪਿਆਰੇ, ਇਕ ਰੋਜ਼ ਮੈਂ ਤੈਨੂੰ ਇਸ ਮਿੱਟੀ ਵਿਚੋਂ ਪੈਦਾ ਕੀਤਾ ਸੀ। ਅੱਜ ਉਸੇ ਮਿੱਟੀ ਵਿਚ ਵਾਪਸ ਬੁਲਾਇਆ ਹੈ।' ਸਿਗਰਟ ਪੀ ਕੇ ਆਪਣੇ ਹੱਥ ਸੁੱਚੇ ਕਰ ਕੇ ਇਹ ਨਮਾਜ਼ ਏ ਜਨਾਜ਼ਾ ਪੜ੍ਹ ਹਟੇ ਕਾਜ਼ੀ ਨੇ ਮੈਨੂੰ ਕੋਲ ਬੈਠੇ ਨੂੰ ਦੱਸਿਆ ਕਿ ਜੁੰਮੇ ਵਾਲੇ ਦਿਨ ਮਰਨਾ ਇਸਲਾਮ ਵਿਚ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ। ਜਦੋਂ ਬਾਬੇ ਦੀ ਕਬਰ ਚੰਗੀ ਤਰਾਂ ਢਕ ਦਿੱਤੀ ਗਈ ਤਾਂ ਇਕਦਮ ਮੀਂਹ ਉਤਰ ਪਿਆ। ਪਿੱਪਲ ਦੀਆਂ ਜੜਾਂ ਵਿਚ ਖੜੇ ਸਾਂ ਜਦੋਂ ਲੰਬੇ ਲਟਕਵੇਂ ਲੜ ਵਾਲੀ ਲਾਜਵਰੀ ਪੱਗ ਬੰਨੀਂ ਖੜਾ ਕਾਜ਼ੀ ਫੇਰ ਬੋਲਿਆ: 'ਜੁੰਮੇ ਰੋਜ਼ ਮਰਨਾ ਤੇ ਸੱਜਰੀ ਕਬਰ ਉੱਤੇ ਮੀਂਹ ਪੈਣਾ ਇਸ ਦੇ ਦਰਵੇਸ਼ ਹੋਣ ਦੀ ਸ਼ਾਹਦੀ ਭਰਦਾ ਹੈ।'

ਨੇੜੇ ਹੀ ਬਾਬੇ ਬੱਗੂ ਦੀ ਲਗਾਈ ਜਾਮਣ ਖੜੀ ਸੀ। ਇਹ ਤਿੰਨ ਬਾਬੇ ਬੇਗਰਜ਼ ਬੰਦੇ ਸਨ। ਦੁਨੀਆਦਾਰੀ ਤੋਂ ਬੇਪ੍ਰਵਾਹ, ਫੱਕਰ ਲੋਕ।

## ਚੋਣਾਂ ਤੋਂ ਪਹਿਲਾਂ ਦਲ...

ਜਿਸ ਦੇ ਲਈ ਉਸ ਨੇ ਛੋਟੀਆਂ-ਛੋਟੀਆਂ ਜਾਤੀ ਆਧਾਰਿਤ ਖੇਤਰੀ ਪਾਰਟੀਆਂ ਨਾਲ ਵੀ ਗੱਠਜੋੜ ਕੀਤਾ ਸੀ। ਅਖਿਲੇਸ਼ ਯਾਦਵ ਭਾਜਪਾ ਦੇ ਇਸੇ 'ਸੋਸ਼ਲ ਗੱਠਜੋੜ' 'ਚ ਸੰਧ ਲਗਾ ਰਹੇ ਹਨ, ਖ਼ਾਸਕਰ ਇਸ ਲਈ ਕਿ ਉਨਾਂ ਨੂੰ ਆਪਣੀ ਯਾਦਵ-ਮੁਸਲਿਮ ਬੁਨਿਆਦ ਦੀਆਂ ਹੱਦਾਂ ਦਾ ਅਹਿਸਾਸ ਹੋ ਗਿਆ ਹੈ।

ਇਹ ਸੰਧ ਕੁਝ ਹੱਦ ਤੱਕ ਇਸ ਲਈ ਵੀ ਸਫਲ ਹੋਈ ਹੈ ਕਿਉਂਕਿ ਭਾਜਪਾ ਨੇ ਹਿੰਦੂਤਵ 'ਤੇ ਜ਼ਰੂਰਤ ਤੋਂ ਜ਼ਿਆਦਾ ਧਿਆਨ ਦਿੱਤਾ ਹੈ, ਜਿਸ ਨਾਲ ਪਛੜੇ ਤੇ ਅਤਿ ਪਛੜੇ ਅਤੇ ਦਲਿਤਾਂ ਨੂੰ ਲੱਗਿਆ ਕਿ ਕਿਤੇ ਉਹ ਸੰਵਿਧਾਨ ਤੋਂ ਪ੍ਰਾਪਤ ਅਧਿਕਾਰਾਂ ਤੋਂ ਵਾਂਝੇ ਹੀ ਨਾ ਹੋ ਜਾਣ। ਆਪਣੇ ਵੋਟ ਆਧਾਰ ਵਿਚ ਪੈਦਾ ਹੋ ਰਹੀ ਇਸ (ਸਹੀ ਜਾਂ ਗ਼ਲਤ) ਭਾਵਨਾ ਨੂੰ ਮੌਰਿਆ, ਚੌਹਾਨ ਜਾਂ ਸੈਣੀ ਵਰਗੇ ਨੇਤਾ ਅਣਦੇਖਿਆਂ ਤਾਂ ਨਹੀਂ ਸਨ ਕਰ ਸਕਦੇ, ਆਖਿਰ ਇਸੇ ਬੁਨਿਆਦ ਦੇ ਦਮ 'ਤੇ ਤਾਂ ਉਨਾਂ ਦੀ ਸਿਆਸਤ ਹੈ। ਅਖਿਲੇਸ਼ ਯਾਦਵ ਨੇ ਇਸ ਸਮੇਂ ਇਕਦਮ ਨਵੀਂ ਯੋਜਨਾ ਬਣਾਈ ਹੋਈ ਹੈ। ਜਦੋਂ ਐਸ.ਬੀ.ਐਸ.ਪੀ. ਦੇ ਪ੍ਰਭਾਵੀ ਨੇਤਾ ਓ.ਪੀ. ਰਾਜਭਰ ਨੂੰ ਯੋਗੀ ਕੈਬਨਿਟ ਤੋਂ ਕੱਢਿਆ ਗਿਆ ਤਾਂ ਅਖਿਲੇਸ਼ ਨੇ ਉਨਾਂ ਨਾਲ ਹੱਥ ਮਿਲਾ ਲਿਆ ਅਤੇ ਫਿਰ ਕਿਸਾਨ ਅੰਦੋਲਨ ਦੇ ਚਲਦਿਆਂ ਜਾਟ ਬਹੁਗਿਣਤੀ ਆਰ.ਐਲ.ਡੀ. ਨੂੰ ਵੀ ਨਾਲ ਲੈ ਲਿਆ। ਇਸ ਤੋਂ ਇਲਾਵਾ ਉਹ ਕੁਰਮੀਆਂ, ਮੌਰਿਆ ਤੇ ਨੋਨੀਆ ਵਰਗੀਆਂ ਛੋਟੀਆਂ-ਛੋਟੀਆਂ ਜਾਤੀਆਂ ਦੀਆਂ ਪਾਰਟੀਆਂ ਨੂੰ ਵੀ ਨਾਲ ਲੈ ਰਹੇ ਹਨ, ਜੋ ਕਰੀਬੀ ਮੁਕਾਬਲਿਆਂ ਵਿਚ ਫ਼ਰਕ ਲਿਆ ਸਕਦੀਆਂ ਹਨ।

ਸ਼ਿਵਪਾਲ ਯਾਦਵ ਨਾਲ ਵੀ ਉਨਾਂ ਨੇ ਆਪਣੇ ਮਤਭੇਦ ਦੂਰ ਕਰ ਲਏ ਹਨ ਤਾਂ ਕਿ ਯਾਦਵ ਵੋਟਾਂ ਵੰਡੀਆਂ ਨਾ ਜਾਣ। ਭਾਜਪਾ ਵੀ ਖ਼ਾਮੋਸ਼ ਨਹੀਂ ਬੈਠੀ। ਜਦੋਂ ਅਖਿਲੇਸ਼ ਨੇ ਜਾਤੀ ਆਧਾਰਿਤ ਜਨਗਣਨਾ ਦੀ ਮੰਗ ਕੀਤੀ ਤਾਂ ਭਾਜਪਾ ਨੇ ਕੇਂਦਰੀ ਕੈਬਨਿਟ 'ਚ 27 ਓ.ਬੀ.ਸੀ. ਅਤੇ 12 ਦਲਿਤਾਂ ਨੂੰ ਥਾਂ ਦਿੱਤੀ, ਨੀਟ ਦੇ ਅਖਿਲ ਭਾਰਤੀ ਕੋਟਾ ਵਿਚ ਓ.ਬੀ.ਸੀ. ਰਾਖਵਾਂਕਰਨ ਦਾ ਵਿਸਥਾਰ ਕੀਤਾ। ਕਹਿਣ ਦਾ ਭਾਵ ਇਹ ਹੈ ਕਿ ਇਸ ਮਹਾਂਮਾਰੀ ਦੇ ਦੌਰ 'ਚ ਵੀ ਸਿਹਤ, ਰੁਜ਼ਗਾਰ ਤੇ ਵਿਕਾਸ ਦੀ ਬਜਾਏ ਚੋਣਾਂ ਵਿਚ ਸੋਸ਼ਲ ਇੰਜੀਨੀਅਰਿੰਗ ਦਾ ਹੀ ਮਹੱਤਵ ਹੈ। ਇਸ ਲਈ ਇਹ ਹੈਰਾਨੀਜਨਕ ਨਹੀਂ ਹੈ ਕਿ ਮੌਰਿਆ ਵਰਗੇ ਨੇਤਾ ਬਸਪਾ ਵਿਚੋਂ ਭਾਜਪਾ ਅਤੇ ਫਿਰ ਸਪਾ ਵਿਚ ਜਾ ਕੇ ਆਪਣਾ ਰਾਜਨੀਤਕ ਕੈਰੀਅਰ ਬਣਾ ਲੈਂਦੇ ਹਨ। ਫ਼ਿਲਹਾਲ, ਇਨਾਂ ਦਲ-ਬਦਲੂਆਂ ਦੇ ਕਾਰਨ ਰਾਜਨੀਤਕ ਦਲਾਂ ਦੇ ਵਫ਼ਾਦਾਰ ਵਰਕਰਾਂ ਨੂੰ ਬਹੁਤ ਤਕਲੀਫ਼ ਹੁੰਦੀ ਹੈ, ਕਿਉਂਕਿ ਟਿਕਟ ਹਾਸਲ ਕਰਨ ਦੀਆਂ ਉਨਾਂ ਦੀਆਂ ਉਮੀਦਾਂ 'ਤੇ ਪਾਣੀ ਫਿਰ ਜਾਂਦਾ ਹੈ, ਪਰ ਲਾਚਾਰੀ ਇਹ ਹੈ ਕਿ ਉਨਾਂ ਕੋਲ ਸਿਰਫ਼ ਤਿੰਨ ਬਦਲ ਹੁੰਦੇ ਹਨ। ਨਿਰਾਸ਼ ਹੋ ਕੇ ਆਪਣੀ ਹੀ ਪਾਰਟੀ ਵਿਚ ਘੁੱਟਦੇ ਹੋਏ ਆਪਣੇ ਸਮੇਂ ਦੀ ਉਡੀਕ ਕਰਦੇ ਰਹਿਣ, ਦਲ ਬਦਲ ਲੈਣ ਜਾਂ ਆਪਣੀ ਹੀ ਪਾਰਟੀ ਦੇ ਉਮੀਦਵਾਰ ਨੂੰ ਹਰਾ ਦੇਣ। ਇਨਾਂ ਵਫ਼ਾਦਾਰ ਵਰਕਰਾਂ ਨੂੰ ਕਾਬੂ ਕਰਨਾ ਪਾਰਟੀ ਹਾਈਕਮਾਨ ਲਈ ਵੱਡੀ ਚੁਣੌਤੀ ਹੁੰਦਾ ਹੈ। ਹਾਲਾਂਕਿ ਦਲਬਦਲੂਆਂ ਤੋਂ ਤੰਗ ਆ ਕੇ ਹੁਣ ਘੱਟ ਤੋਂ ਘੱਟ ਗੋਆ ਵਿਚ ਜਨਤਾ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਉਮੀਦਵਾਰ ਜਿੱਤਣ ਤੋਂ ਬਾਅਦ ਦਲਬਦਲੀ ਨਹੀਂ ਕਰੇਗਾ, ਪਰ ਜ਼ਿਆਦਾਤਰ ਥਾਵਾਂ 'ਤੇ ਰਾਜਨੀਤੀ ਜਾਤੀ ਦੇ ਆਧਾਰ 'ਤੇ ਹੁੰਦੀ ਹੈ, ਇਸ ਲਈ ਨੇਤਾ ਦੇ ਦਲ ਬਦਲਣ ਨਾਲ ਅਕਸਰ ਸਮਰਥਕਾਂ 'ਤੇ ਕੋਈ ਅਸਰ ਨਹੀਂ ਪੈਂਦਾ, ਉਹ ਵੀ ਆਪਣੇ ਨੇਤਾ ਦੇ ਨਾਲ ਦਲ ਬਦਲ ਲੈਂਦੇ ਹਨ।

## ਅਮਰੀਕਾ 'ਚ ਸਟਾਫ...

ਕਈ ਦੇਸ਼ਾਂ ਵਿਚ ਇਸ ਕਾਰਨ ਗੰਭੀਰ ਸਥਿਤੀ ਬਣ ਚੁੱਕੀ ਹੈ। ਇਸ ਲਈ ਕਈ ਦੇਸ਼ਾਂ ਨੇ ਲਾਕਡਾਊਨ ਵੀ ਲਗਾ ਦਿੱਤਾ ਹੈ ਤੇ ਸਖ਼ਤ ਨਿਯਮ ਵੀ ਲਾਗੂ ਕੀਤੇ ਹਨ। ਇਹ ਡੈਲਟਾ ਵੇਰੀਐਂਟ ਤੋਂ ਪੰਜ ਗੁਣਾਂ ਤੇਜ਼ੀ ਨਾਲ ਫੈਲ ਰਿਹਾ ਹੈ।

1. ਕੈਨੇਡਾ ਵਿਚ ਓਮੀਕ੍ਰੋਨ ਵਾਇਰਸ ਨੇ ਵਿਕਰਾਲ ਰੂਪ ਧਾਰਨ ਕਰ ਲਿਆ ਹੈ। ਕੈਨੇਡਾ ਦੇ ਓਂਟਾਰੀਓ ਤੇ ਕਿਊਬਿਕ ਨੇ ਸਖ਼ਤ ਲਾਕਡਾਊਨ ਲਗਾਇਆ ਹੈ। ਨਿਯਮਾਂ ਦਾ ਉਲੰਘਣ ਕਰਨ 'ਤੇ ਸਖ਼ਤ ਸਜ਼ਾ ਮਿਲੇਗੀ। ਨਿਯਮ ਤੋੜਨ 'ਤੇ ਛੇ ਹਜ਼ਾਰ ਡਾਲਰ ਦਾ ਜ਼ੁਰਮਾਨਾ ਹੈ।

2. ਯੂਰਪੀਅਨ ਦੇਸ਼ ਬਰਤਾਨੀਆਂ ਓਮੀਕ੍ਰੋਨ ਤੋਂ ਸਭ ਤੋਂ ਜਿਆਦਾ ਪ੍ਰਭਾਵਿਤ ਦੇਸ਼ਾਂ ਵਿਚੋਂ ਇਕ ਹੈ। ਬਰਤਾਨੀਆਂ ਵਿਚ ਸਰਕਾਰ ਦੁਵਿਧਾ ਵਿਚ ਹੈ ਤੇ ਉਥੇ ਲੋਕਾਂ ਵੱਲੋਂ ਲਾਕਡਾਊਨ ਦਾ ਵਿਰੋਧ ਹੋ ਰਿਹਾ ਹੈ। ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਕਿਹਾ ਕਿ ਦੇਸ਼ ਵਿਚ ਸਕੂਲ ਤੇ ਹੋਰ ਵਪਾਰਕ ਸਥਾਨ ਬੰਦ ਨਹੀਂ ਹੋਣਗੇ।

3. ਅਮਰੀਕਾ 'ਚ ਕੋਰੋਨਾ ਵਾਇਰਸ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ। ਅਮਰੀਕਾ 'ਚ ਸੂਬਾ ਸਰਕਾਰਾਂ ਲਾਕਡਾਊਨ ਲਗਾਉਣ ਤੋਂ ਕਤਰਾ ਰਹੀਆਂ ਹਨ। ਓਮੀਕ੍ਰੋਨ ਦੇ ਪਸਾਰ ਦੇ ਬਾਵਜੂਦ ਅੱਧੇ ਤੋਂ ਜਿਆਦਾ ਸੂਬਿਆਂ ਵਿਚ ਵਪਾਰਕ ਸਥਾਨ ਖੁੱਲੇ ਹੋਏ ਹਨ। ਹਾਲਾਂਕਿ ਕਈ ਸੂਬਿਆਂ ਵਿਚ ਅੰਸ਼ਕ ਪਾਬੰਦੀਆਂ ਲਗਾ ਦਿੱਤੀਆਂ ਹਨ।

4. ਚੀਨ ਵਿਚ ਓਮੀਕ੍ਰੋਨ ਤੇਜ਼ੀ ਨਾਲ ਫੈਲ ਰਿਹਾ ਹੈ।

ਚੀਨ ਦੇ ਜਿਆਨ ਸ਼ਹਿਰ ਵਿਚ 22 ਦਸੰਬਰ ਤੋਂ ਸਖ਼ਤ ਲਾਕਡਾਊਨ ਲੱਗਾ ਹੈ। ਕੋਰੋਨਾ ਦੇ ਪ੍ਰਕੋਪ ਦੇ ਚਲਦਿਆਂ ਚੀਨ ਦੇ ਤਿੰਨ ਸ਼ਹਿਰਾਂ ਵਿਚ ਲਾਕਡਾਊਨ ਹੈ। ਇਸ ਦੇ ਚਲਦਿਆਂ ਦੇਸ਼ ਦੀ ਕਰੀਬ ਦੋ ਕਰੋੜ ਆਬਾਦੀ ਘਰਾਂ ਦੇ ਅੰਦਰ ਹੀ ਕੈਦ ਹੋ ਗਈ ਹੈ। ਚੀਨ ਵਿਚ ਨਿਯਮਾਂ ਨੂੰ ਤੋੜਨ 'ਤੇ ਜ਼ੁਰਮਾਨਾ ਵੀ ਲਗਾਇਆ ਜਾ ਰਿਹਾ ਹੈ।

**ਆਈਸੋਲੇਸ਼ਨ ਤੇ ਟੀਕਾਕਰਨ ਸਭ ਤੋਂ ਵੱਡਾ ਹਥਿਆਰ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੱਖ ਮੰਤਰੀਆਂ ਨੂੰ ਸਲਾਹ ਦਿੱਤੀ ਕਿ ਹੋਮ ਆਈਸੋਲੇਸ਼ਨ ਨਾਲ ਜੁੜੇ ਦਿਸ਼ਾ ਨਿਰਦੇਸ਼ਾਂ ਨੂੰ ਸਰਕਾਰਾਂ ਜਾਰੀ ਕਰਦੀਆਂ ਰਹਿਣ ਤੇ ਸਮੇਂ-ਸਮੇਂ 'ਤੇ ਇਸ 'ਚ ਸੁਧਾਰ ਵੀ ਕਰਦੀਆਂ ਰਹਿਣ। ਇਸ ਵਿਚ ਟੈਸਟਿੰਗ, ਟ੍ਰੈਕਿੰਗ ਤੇ ਟ੍ਰੀਟਮੈਂਟ ਦੀ ਵਿਵਸਥਾ ਜਿੰਨੀ ਵਧੀਆ ਹੋਵੇਗੀ ਹਸਪਤਾਲਾਂ 'ਤੇ ਬੋਝ ਉਨਾਂ ਹੀ ਘੱਟ ਹੋਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਓਮੀਕ੍ਰੋਨ ਨਾਲ ਲੜਨ ਤੋਂ ਇਲਾਵਾ ਦੇਸ਼ ਨੂੰ ਆਉਣ ਵਾਲੇ ਹੋਰ ਵੇਰੀਐਂਟ ਨਾਲ ਲੜਨ ਲਈ ਵੀ ਤਿਆਰ ਰਹਿਣਾ ਹੋਵੇਗਾ। ਟੀਕਾਕਰਨ ਇਸ ਮਹਾਂਮਾਰੀ ਦਾ ਪ੍ਰਮੁੱਖ ਹਥਿਆਰ ਹੈ।

**ਸੱਤ ਦਿਨਾਂ 'ਚ 70 ਲੱਖ ਕੇਸ ਦਰਜ**

ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ ਜਨਵਰੀ ਦੇ ਪਹਿਲੇ ਹਫ਼ਤੇ ਪੂਰੇ ਯੂਰਪ ਵਿਚ ਓਮੀਕ੍ਰੋਨ ਵੇਰੀਐਂਟ ਦੇ 70 ਲੱਖ ਤੋਂ ਵੱਧ ਨਵੇਂ ਮਾਮਲੇ ਸਾਹਮਣੇ ਆਏ ਹਨ, ਜੋ ਕੇਵਲ ਦੋ ਹਫ਼ਤੇ ਵਿਚ ਹੀ ਦੁੱਗਣੇ ਤੋਂ ਜਿਆਦਾ ਹੈ। ਸੰਗਠਨ ਨੇ ਚਿਤਾਵਨੀ ਦਿੱਤੀ ਹੈ ਕਿ ਹੁਣ ਦੇਸ਼ਾਂ ਲਈ ਆਪਣੀ ਸਿਹਤ ਪ੍ਰਣਾਲੀ ਨੂੰ ਖ਼ਸਤਾ ਹਾਲ ਹੋਣ ਤੋਂ ਬਚਾਉਣ ਲਈ ਯਤਨ ਕਰਨੇ ਹੋਣਗੇ।

**ਪ੍ਰਧਾਨ ਮੰਤਰੀ ਮੋਦੀ ਦੀ ਨੀਤੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਵਿਚ ਕੋਵਿਡ-੧੯ ਦੀ ਸਥਿਤੀ ਬਾਰੇ ਮੁੱਖ ਮੰਤਰੀਆਂ ਨਾਲ ਗੱਲਬਾਤ ਦੌਰਾਨ ਟੀਕਾਕਰਨ ਅਤੇ ਸਥਾਨਕ ਉਪਾਵਾਂ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਕੋਵਿਡ ਦੀਆਂ ਰਣਨੀਤੀਆਂ ਘੜਦੇ ਸਮੇਂ ਆਰਥਿਕਤਾ ਅਤੇ ਆਮ ਲੋਕਾਂ ਦੀ ਰੋਜ਼ੀ-ਰੋਟੀ ਦੀ ਰਾਖੀ ਕਰਨਾ ਬਹੁਤ ਜ਼ਰੂਰੀ ਹੈ। ਉਨਾਂ ਕਿਹਾ ਕਿ ਕੋਈ ਵੀ ਰਣਨੀਤੀ ਬਣਾਉਂਦੇ ਸਮੇਂ ਇਨਾਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ ਕਿ ਆਮ ਲੋਕਾਂ ਦੀ ਰੋਜ਼ੀ-ਰੋਟੀ ਨੂੰ ਘੱਟ ਤੋਂ ਘੱਟ ਨੁਕਸਾਨ ਹੋਣਾ ਚਾਹੀਦਾ ਹੈ ਅਤੇ ਆਰਥਿਕਤਾ ਦੀ ਗਤੀ ਬਣਾਈ ਰੱਖੀ ਜਾਣੀ ਚਾਹੀਦੀ ਹੈ।

## ਲਾਸ ਏਂਜਲਸ ਕਾਊਂਟੀ...

ਕੰਪਨੀ ਨੇ ਪਿਛਲੇ ਮਹੀਨੇ ਲਾਸ ਏਂਜਲਸ ਡਿਸਟ੍ਰਿਕਟ ਅਟਾਰਨੀ ਨੂੰ ਲਿੱਖੇ ਇਕ ਪੱਤਰ ਵਿਚ ਕਿਹਾ ਹੈ ਕਿ ਲਾਸ ਏਂਜਲਸ ਕਾਊਂਟੀ ਵਿਚ ਹਰ ਸਾਲ ਚੋਰੀ ਦੀਆਂ ਘਟਨਾਵਾਂ ਵਿਚ 160% ਵਾਧਾ ਹੋਇਆ ਹੈ। ਕੰਪਨੀ ਅਨੁਸਾਰ ਸਾਲ ਦੇ ਆਖਰੀ ਤਿੰਨ ਮਹੀਨਿਆਂ ਦੌਰਾਨ ਉਸ ਨੇ ਲਾਸ ਏਂਜਲਸ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਗੱਡੀਆਂ ਵਿਚ ਲੁੱਟਮਾਰ ਕਰਦੇ ਸਰਗਰਮ 100 ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਸੀ । ਯੂਨੀਅਨ ਪੈਸੀਫਿਕ ਜਿਸ ਦਾ ਆਪਣਾ ਪੁਲਿਸ ਵਿਭਾਗ ਹੈ ਜਿਸ ਦੇ ਅਧਿਕਾਰ ਖੇਤਰ ਵਿਚ ਉਸ ਦੀਆਂ ਆਪਣੀਆਂ 32000 ਮੀਲ ਲੰਬੀਆਂ ਪੱਟੜੀਆਂ ਆਉਂਦੀਆਂ ਹਨ, ਨੇ ਕਿਹਾ ਹੈ ਕਿ ਉਸ ਵੱਲੋਂ ਸੁਰੱਖਿਆ ਸਾਧਨ ਵਧਾਉਣ ਤੇ ਸਥਾਨਕ ਲਾਅ ਇਨਫੋਰਸਮੈਂਟ ਏਜੰਸੀ ਨਾਲ ਭਾਈਵਾਲੀ ਪਾਉਣ ਦੇ ਬਾਵਜੂਦ ਸਮੱਸਿਆ ਹੱਲ ਨਹੀਂ ਹੋਈ। ਕੰਪਨੀ ਦਾ ਕਹਿਣਾ ਹੈ ਕਿ ਗ੍ਰਿਫਤਾਰ ਕੀਤੇ ਵਿਅਕਤੀਆਂ ਨੂੰ 24 ਘੰਟਿਆਂ ਵਿਚ ਹੀ ਛੱਡ ਦਿੱਤਾ ਜਾਂਦਾ ਹੈ। ਦੂਸਰੇ ਪਾਸੇ ਡਿਸਟ੍ਰਿਕਟ ਅਟਾਰਨੀ ਗੈਸਕੋਨ ਦੇ ਵਿਸ਼ੇਸ਼ ਸਲਾਹਕਾਰ ਅਲੈਕਸ ਬਸਟੀਅਨ ਨੇ ਇਸ ਬਾਰੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਹੈ ਕਿ ਸਾਡਾ ਦਫਤਰ ਲਾਸ ਏਂਜਲਸ ਕਾਊਂਟੀ ਵਿਚ ਰੇਲ ਪੱਟੜੀਆਂ ਜਾਂ ਬੰਦਰਗਾਹਾਂ ਨੂੰ ਸੁਰੱਖਿਅਤ ਕਰਨ ਲਈ ਲਾਅ ਇਨਫੋਰਸਮੈਂਟ ਵਿਭਾਗ ਨਾਲ ਮਿਲ ਕੇ ਕੰਮ ਕਰਨ ਪ੍ਰਤੀ ਵਚਨਬੱਧ ਹੈ। ਉਨਾਂ ਕਿਹਾ ਕਿ ਯੂਨੀਅਨ ਪੈਸੀਫਿਕ ਵੱਲੋਂ ਚੋਰੀ ਸਬੰਧੀ ਭੇਜੇ ਗਏ ਕੁਝ ਮਾਮਲੇ ਦਰਜ ਕੀਤੇ ਗਏ ਹਨ ਪਰੰਤੂ ਨਾ ਕਾਫੀ ਸਬੂਤਾਂ ਕਾਰਨ ਕੁਝ ਮਾਮਲੇ ਦਰਜ ਨਹੀਂ ਕੀਤੇ ਗਏ ਕਿਉਂਕਿ ਕਾਰਵਾਈ ਸਬੂਤਾਂ ਅਧਾਰਤ ਹੁੰਦੀ ਹੈ।

## ਬੀਬੀਆਂ ਦੇ ਅਧਿਕਾਰ...

ਸਾਲ 1910 ਵਿੱਚ ਰਾਜਕੁਮਾਰੀ ਸੋਫ਼ੀਆ ਨੇ ਬ੍ਰਿਟੇਨ ਦੇ ਪਾਰਲੀਮੈਂਟ ਤੱਕ ਇੱਕ 400 ਮੀਟਰ ਲੰਬੇ ਮੁਜ਼ਾਹਰੇ ਦੀ ਅਗਵਾਈ ਕੀਤੀ। ਬਾਅਦ ਵਿੱਚ ਉਸ ਦਿਨ ਨੂੰ ਕਾਲੇ ਸ਼ੁੱਕਰਵਾਰ ਵਜੋਂ ਜਾਣਿਆ ਗਿਆ।

ਸੋਫ਼ੀਆ ਦਲੀਪ ਸਿੰਘ ਅਕਸਰ ਆਪਣੇ ਹੈਂਪਟਨ ਕੋਰਟ ਪੈਲੇਸ ਵਾਲੇ ਘਰ ਦੇ ਬਾਹਰ ਸਫ਼ਰਗੇਟ ਅਖ਼ਬਾਰ ਵੇਚਦੇ ਦੇਖੇ ਜਾਂਦੇ ਸਨ।

ਸੂਫ਼ੀਆ ਅਹਿਮਦ ਕਹਿੰਦੇ ਹਨ, 'ਮੈਨੂੰ ਉਨਾਂ ਬਾਰੇ ਨਹੀਂ ਪਤਾ ਸੀ ਅਤੇ ਮੈਂ ਇਹ ਜਾਣ ਕੇ ਹੈਰਾਨ ਸੀ ਕਿ ਔਰਤਾਂ ਦੇ ਵੋਟ ਦੇ ਹੱਕ ਲਈ ਲੜਨ ਵਾਲੀ ਕੋਈ ਮੇਰੇ ਵਰਗੀ ਲਗਦੀ ਸੀ।ਜਿਨਾਂ ਲੋਕਾਂ ਬਾਰੇ ਅਸੀਂ ਸਕੂਲ ਵਿੱਚ ਪੜਦੇ ਹਾਂ ਉਨਾਂ ਨੂੰ ਅਸੀਂ ਸਾਰੀ ਉਮਰ ਯਾਦ ਰੱਖਦੇ ਹਾਂ।ਮੈਨੂੰ ਉਮੀਦ ਹੈ, ਉਨਾਂ ਦੀ ਕਹਾਣੀ ਬੱਚਿਆਂ ਨੂੰ ਪ੍ਰੇਰਿਤ ਕਰੇਗੀ। ਉਨਾਂ ਨੇ ਰੰਗ ਵਾਲੀਆਂ ਔਰਤ ਵਜੋਂ ਸੰਘਰਸ਼ ਕੀਤਾ ਪਰ ਬ੍ਰਿਟੇਨ ਨੂੰ ਆਪਣੇ ਘਰ ਵਜੋਂ ਚੁਣਿਆ।' ਉਹ ਸ਼ਰਮੀਲੇ ਸਨ ਪਰ ਫੈਸ਼ਨ ਕਰਦੇ ਸਨ। ਉਹ ਦ੍ਰਿੜ ਇਰਾਦੇ ਵਾਲੇ ਸਨ ਅਤੇ ਲੋਕ ਉਨਾਂ ਨੂੰ ਪਸੰਦ ਕਰਦੇ ਸਨ। ਰਾਜਕੁਮਾਰੀ ਸੋਫ਼ੀਆ ਦੀ 71 ਸਾਲ ਦੀ ਉਮਰ ਵਿੱਚ 22 ਅਗਸਤ 1948 ਨੂੰ ਮੌਤ ਹੋ ਗਈ ਸੀ।

ਨੌਰਫੋਕ ਮਿਊਜ਼ੀਅਮ ਸਰਵਿਸ ਦੀ ਮਿਲੈਸਾ ਹਾਕਰ ਨੇ ਕਿਹਾ ਕਿ ਸ਼ਾਹੀ ਰੁਤਬੇ ਨੇ ਸੋਫ਼ੀਆ ਦੀ ਰੱਖਿਆ ਵੀ ਕੀਤੀ ਅਤੇ ਰੁਕਾਵਟ ਵੀ ਬਣਿਆ।ਬੱਚਿਆਂ ਨੂੰ ਪਸੰਦ ਹੈ ਕਿ ਜੋ ਉਹ ਲੋਕਾਂ ਲਈ ਕਿੰਨੀ ਦ੍ਰਿੜਤਾ ਨਾਲ ਲੜੇ।

'ਉਹ ਪੰਜਾਬ ਦੀ ਇੱਕ ਰਾਜਕੁਮਾਰੀ ਸਨ। ਮਹਾਰਾਣੀ ਵਿਕਟੋਰੀਆ ਦੀ ਧਰਮ-ਬੇਟੀ ਸਨ ਤੇ ਬਰਾਬਰੀ ਅਤੇ ਨਿਆਂ ਲਈ ਲੜ ਰਹੇ ਸਨ।' ਉਹ ਬਹੁਤ ਅਦਭੁਤ ਤੇ ਮਿਕਨਾਤੀਸ ਸ਼ਖ਼ਸੀਅਤ ਸਨ।

## ਕਾਂਗਰਸ ਵਲੋਂ 86...

ਗਾਗੋਵਾਲ ਪਰਿਵਾਰ ਨੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਤਲਵੰਡੀ ਸਾਬੋ ਤੋਂ ਟਿਕਟ ਦੇ ਦਾਅਵੇਦਾਰ ਅਤੇ ਤਿੰਨ ਵਾਰ ਵਿਧਾਇਕ ਰਹੇ ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਨੇ ਟਿਕਟ ਨਾ ਮਿਲਣ ਮਗਰੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਮਨ ਬਣਾ ਲਿਆ ਹੈ । ਹਰਮਿੰਦਰ ਸਿੰਘ ਜੱਸੀ ਡੇਰਾ ਸਿਰਸਾ ਮੁਖੀ ਦੇ ਰਿਸ਼ਤੇਦਾਰ ਹਨ । ਹਲਕਾ ਬੱਲੂਆਣਾ ਤੋਂ ਵਿਧਾਇਕ ਨੱਥੂ ਰਾਮ ਦੀ ਟਿਕਟ ਕੱਟੀ ਗਈ ਹੈ। ਹੁਣ ਉਹ ਆਖ ਰਹੇ ਹਨ ਕਿ ਉਨਾਂ ਨਾਲ ਬੇਇਨਸਾਫ਼ੀ ਹੋਈ ਹੈ ਅਤੇ ਉਹ ਆਪਣੇ ਵਰਕਰਾਂ ਨਾਲ ਸਲਾਹ ਕਰਨਗੇ। 'ਆਪ' ਵਿਚੋਂ ਕਾਂਗਰਸ ਵਿਚ ਸ਼ਾਮਲ ਹੋਏ ਵਿਧਾਇਕ ਜਗਤਾਰ ਜੱਗਾ ਨੂੰ ਵੀ ਰਾਏਕੋਟ ਤੋਂ ਟਿਕਟ ਨਹੀਂ ਮਿਲੀ ਹੈ ਜਦਕਿ ਪਾਰਟੀ ਨੇ ਸੰਸਦ ਮੈਂਬਰ ਡਾ. ਅਮਰ ਸਿੰਘ ਦੇ ਲੜਕੇ ਕਾਮਿਲ ਅਮਰ ਸਿੰਘ ਨੂੰ ਉਥੋਂ ਉਮੀਦਵਾਰ ਬਣਾਇਆ ਹੈ। ਜੱਗਾ ਨੂੰ ਆਸ ਹੈ ਕਿ ਪਾਰਟੀ ਜਗਰਾਓਂ ਜਾਂ ਗਿੱਲ ਹਲਕੇ ਤੋਂ ਉਨਾਂ ਨੂੰ ਉਮੀਦਵਾਰ ਬਣਾ ਸਕਦੀ ਹੈ। ਜਲੰਧਰ ਕੇਂਦਰੀ ਹਲਕੇ ਤੋਂ ਪਾਰਟੀ ਨੇ ਰਾਜਿੰਦਰ ਬੇਰੀ ਨੂੰ ਉਮੀਦਵਾਰ ਐਲਾਨਿਆ ਹੈ ਜਿੱਥੋਂ ਦੂਸਰੇ ਨੰਬਰ ਦੇ ਦਾਅਵੇਦਾਰ ਮੇਅਰ ਜਗਦੀਸ਼ ਰਾਜਾ ਨੇ ਵੀ ਆਪਣੇ ਹਮਾਇਤੀ ਕੌਂਸਲਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਉਹ ਆਖ ਰਹੇ ਹਨ ਕਿ ਕੌਂਸਲਰਾਂ ਦੇ ਵਿਰੋਧ ਦੇ ਬਾਵਜੂਦ ਪਾਰਟੀ ਨੇ ਰਾਜਿੰਦਰ ਬੇਰੀ ਨੂੰ ਮੈਦਾਨ ਵਿਚ ਉਤਾਰ ਦਿੱਤਾ ਹੈ। ਇਸੇ ਤਰਾਂ ਹੋਰ ਹਲਕਿਆਂ ਵਿਚ ਵੀ ਬਾਗ਼ੀ ਸੁਰ ਖੜੇ ਹੋ ਗਏ ਹਨ ਜਿਨਾਂ ਨੂੰ ਠੱਲਣ ਲਈ ਹਾਲੇ ਕਾਂਗਰਸ ਨੇ ਕੋਈ ਕੋਸ਼ਿਸ਼ਾਂ ਸ਼ੁਰੂ ਨਹੀਂ ਕੀਤੀਆਂ ਹਨ। ਟਿਕਟਾਂ ਕੱਟੇ ਜਾਣ ਪਿੱਛੋਂ ਵਿਧਾਇਕ ਅਜੈਬ ਸਿੰਘ ਭੱਟੀ ਅਤੇ ਵਿਧਾਇਕ ਬਲਵਿੰਦਰ ਸਿੰਘ ਲਾਡੀ ਨੇ ਆਪਣੇ ਪੱਤੇ ਨਹੀਂ ਖੋਲੇ ਹਨ। ਉਧਰ ਟਿਕਟ ਦੀ ਦੌੜ ਵਿਚ ਸ਼ਾਮਿਲ ਸਾਧੂ ਸਿੰਘ ਧਰਮਸੋਤ ਦੇ ਦਾਮਾਦ ਕੁਲਦੀਪ ਸਿੰਘ ਸਿੱਧੂਪੁਰ ਨੇ ਵੀ ਕਾਂਗਰਸ ਦਾ ਸਾਥ ਛੱਡਦਿਆਂ ਭਾਜਪਾ ਵਿਚ ਸ਼ਮੂਲੀਅਤ ਕਰ ਲਈ।

ਹਲਕਾ ਗੜਸ਼ੰਕਰ ਤੋਂ ਆਗੂ ਬੀਬੀ ਨਿਮਿਸ਼ਾ ਮਹਿਤਾ ਨੇ ਟਿਕਟ ਨਾ ਮਿਲਣ ਤੋਂ ਬਾਅਦ ਚੰਡੀਗੜ੍ਹ ਵਿਖੇ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਹਾਜ਼ਰੀ ਵਿਚ ਭਾਜਪਾ ਵਿਚ ਸ਼ਮੂਲੀਅਤ ਕੀਤੀ ।ਇਸੇ ਤਰਾਂ ਹਲਕੇ ਤੋਂ 2 ਵਾਰ ਵਿਧਾਇਕ ਰਹੇ ਲਵ ਕੁਮਾਰ ਗੋਲਡੀ ਨੇ ਟਿਕਟ ਨਾ ਮਿਲਣ ਦੇ ਰੋਸ ਵਜੋਂ ਕਾਂਗਰਸ ਛੱਡਕੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਲੋਕ ਕਾਂਗਰਸ ਦਾ ਪੱਲਾ ਫੜ ਲਿਆ ।

ਕਾਂਗਰਸ ਨੂੰ ਅੰਮ੍ਰਿਤਸਰ ਦਿਹਾਤੀ ਤੋਂ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਦੀ ਮੌਜੂਦਗੀ ਵਿਚ ਕਾਂਗਰਸ ਪਾਰਟੀ ਦੇ ਜ਼ਿਲਾ ਅੰਮ੍ਰਿਸਰ ਦਿਹਾਤੀ ਪ੍ਰਧਾਨ ਭਗਵੰਤਪਾਲ ਸਿੰਘ ਸੱਚਰ, ਜ਼ਿਲਾ ਕਾਂਗਰਸ ਕਮੇਟੀ ਦੇ ਸੀਨੀ: ਮੀਤ ਪ੍ਰਧਾਨ ਤੇ ਸਾਬਕਾ ਪੰਜਾਬ ਕਾਂਗਰਸ ਕਮੇਟੀ ਦੇ ਸਕੱਤਰ ਆਗੂ ਪ੍ਰਦੀਪ ਸਿੰਘ ਭੁੱਲਰ, ਅਟਾਰੀ ਤੋਂ ਕਾਂਗਰਸ ਪਾਰਟੀ ਦੀ ਟਿਕਟ 'ਤੇ ਚੋਣ ਲੜ ਚੁੱਕੇ ਰਤਨ ਸਿੰਘ ਸੋਹਲ ਅਟਾਰੀ, ਪਰਮਜੀਤ ਸਿੰਘ ਪੰਮਾ ਰੰਧਾਵਾ, ਤੇਜਿੰਦਰਪਾਲ ਸਿੰਘ ਮਾਨ ਨੇ ਕਾਂਗਰਸ ਨਾਲੋਂ ਤੋੜ ਵਿਛੋੜਾ ਕਰਕੇ ਭਾਜਪਾ ਨਾਲ ਹੱਥ ਮਿਲਾ ਲਿਆ । ਜਿਨਾਂ ਨੂੰ ਚੁੱਘ ਨੇ ਪਾਰਟੀ ਵਿਚ ਸ਼ਾਮਿਲ ਕੀਤਾ ।ਇਸ ਦੌਰਾਨ ਉਕਤ ਕਾਂਗਰਸੀ ਆਗੂਆਂ ਨੇ ਸੀਟਾਂ ਦੀ ਵੰਡ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਪ੍ਰਤੀ ਨਰਾਜ਼ਗੀ ਦਾ ਪ੍ਰਗਟਾਵਾ ਕੀਤਾ ।

## ਜ਼ਫ਼ਰਨਾਮਾ

ਜਦੋਂ ਮੈਂ ਡਿਠਾ ਕਿ ਨਾਹਰ (ਕੋਟਲੇ ਨਵਾਬ ਦਾ ਭਾਈ) ਜੰਗ ਵਿਚ ਕੁੱਦਿਆ ਹੈ ਤਾਂ ਉਹਨੇ ਇਕਦਮ ਮੇਰੇ ਤੇ ਤੀਰ ਦਾ ਸੁਆਦ ਚੱਖਿਆ ਜਾਂ ਮਾਰਿਆ ਗਿਆ।

ਕਿ ਆਂ ਖਵਾਜਾ ਮਰਦੂਦ ਜ਼ਿ ਸਾਯਹ ਦੀਵਾਰ।
ਬ ਮੈਦਾਂ ਨਿਆਮਦ ਬ ਮਰਦਾਨਹਵਾਰ।

ਪਰ ਇਸ ਫੌਜ ਦਾ ਪਾਪੀ/ਕਾਇਰ ਜਰਨੈਲ ਗੜ੍ਹੀ ਦੀ ਦੀਵਾਰ ਓਹਲੇ ਹੀ ਰਿਹਾ ਤੇ ਬਹਾਦਰਾਂ ਵਾਂਗ ਮੈਦਾਨ ਵਿਚ ਸਾਹਮਣੇ ਨਾ ਆਇਆ।

ਪਰ ਇਸ ਜੰਗ ਦਾ ਨੈਤਿਕ ਪਤਨ ਉਸ ਵਕਤ ਗ਼ਰਕ ਗਿਆ ਜਦੋਂ ਸ਼ਰਾਂ ਦੇ ਨਿਯਮਾਂ ਨੂੰ ਤੋੜ ਕੇ ਕਾਜ਼ੀ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਨੂੰ ਨੀਹਾਂ ਵਿਚ ਜਿਉਂਦੇ ਚਿਣਨ ਦਾ ਹੁਕਮ ਸਾਦਰ ਕਰ ਦਿੱਤਾ ਜਿਸ ਨੂੰ ਸਿਰੇ ਚਾੜਨ ਲਈ ਬੁੱਤਪ੍ਰਸਤ ਸੁੱਚਾ ਨੰਦ ਨੇ ਹੱਲਾ ਸ਼ੇਰੀ ਦਿੱਤੀ। ਇਕ ਪਾਸੇ ਬੁਤਸ਼ਿਕਨ ਕਾਜ਼ੀ, ਵਜ਼ੀਰ ਖਾਨ ਤੇ ਬੁੱਤਪ੍ਰਸਤ ਸੁੱਚਾ ਨੰਦ ਦੀ ਕੁਲਹਿਣੀ ਫ਼ਿਤਰਤ ਨੇ ਆਪਣਾ ਰੰਗ ਵਿਖਾਇਆ ਤਾਂ ਦੂਸਰੇ ਪਾਸੇ ਸਾਹਿਜ਼ਾਦਿਆਂ ਨੂੰ ਦੁੱਧ ਪਿਲਾਉਂਣ ਵਾਲੇ ਮੋਤੀ ਮਹਿਰਾ ਨੇ ਸ਼ਹਾਦਤ ਦਾ ਜ਼ਾਮ ਪੀਤਾ ਅਤੇ ਦੀਵਾਨ ਟੋਡਰ ਮੱਲ ਨੇ ਸੋਨੇ ਦੀਆ ਮੋਹਰਾਂ ਖੜੀਆਂ ਕਰਕੇ ਸੰਸਕਾਰ ਵਾਲੀ ਜ਼ਮੀਨ ਦਾ ਮੁੱਲ ਤਾਰਿਆ। ਸਰਹੰਦ ਦੀ ਧਰਤੀ ਤੇ ਜ਼ਮੀਨ ਦੇ ਇਸ ਟੁਕੜੇ ਦਾ ਮੁੱਲ ਦੁਨੀਆਂ ਦੀਆਂ ਕੁਲ ਦੌਲਤਾਂ ਤੋਂ ਉੱਪਰ ਤੇ ਨਾ ਖਰੀਦ ਸਕਣ ਦੇ ਕਾਬਲ ਹੈ। ਇਸ ਮਿੱਟੀ ਦਾ ਇਹ ਟੁਕੜਾ ਅਨਮੋਲ ਹੈ। ਇਹ ਜ਼ਮੀਨ ਗ਼ਵਾਹ ਹੈ ਬੁੱਤਸ਼ਿਕਨ ਇਸਲਾਮ ਦੀ ਅਗਵਾਈ ਕਰਨ ਵਾਲੇ ਕਾਜ਼ੀ ਤੇ ਬੁੱਤਪ੍ਰਸਤ ਸੁੱਚਾ ਨੰਦ ਦੇ ਫ਼ਰੇਬ ਦੇ ਦਗੇ ਦਾ ਆਖਰੀ ਵਾਰ ਸੀ ਜੋ ਖ਼ਾਲਸਾ ਜੀ ਨੂੰ ਵਿਰਾਸਤ ਵਿਚ ਮਿਲਿਆ। ਇਹ ਅਜਿਹਾ ਅਕ੍ਰਿਤਘਣ ਸੀ ਜਿਸ ਨੇ ਜ਼ਫ਼ਰਨਾਮਾ ਦੀ ਪਾਕ ਲਿਖਤ ਨੂੰ ਜਨਮ ਦਿੱਤਾ ਅਤੇ ਖ਼ਾਲਸਾ ਜੀ ਦਾ ਹਲੇਮੀ ਰਾਜ ਕਾਇਮ ਕਰਨ ਲਈ ਬਾਬਾ ਬੰਦਾ ਸਿੰਘ ਬਹਾਦੁਰ ਨੇ ਪੰਜਾਬ ਵੱਲ ਰੁਖ ਕਰ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ। ਇਹ ਉਹੋ ਹੀ ਸ਼ਰਤ ਸੀ ਜਿਸ ਨੂੰ ਮੰਨ ਕੇ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਦਾ ਕਿਲਾ ਛੱਡਿਆ ਸੀ ਤੇ ਔਰੰਗਜ਼ੇਬ ਮੌਤ ਦੇ ਮੂੰਹ ਵਿਚ ਜਾ ਪੈਣ ਕਾਰਨ ਗੁਰੂ ਸਾਹਿਬ ਨੂੰ ਮਿਲ ਨਾ ਸਕਿਆ ਪਰ ਬਹਾਦਰ ਸ਼ਾਹ ਵੱਲੋਂ ਗੁਰੂ ਨੂੰ ਭੇਂਟ ਕੀਤੀ ਸ਼ਮਸ਼ੀਰ ਗਵਾਹ ਹੈ ਕਿ ਬਹਾਦਰ ਸ਼ਾਹ ਨੇ ਉਸ ਸ਼ਰਤ ਨੂੰ ਕਬੂਲ ਕਰ ਪ੍ਰਭੁਸੱਤਾ ਸਪੰਨ ਖਾਲਸਾ ਜੀ ਦਾ ਰਾਜ ਸਵੀਕਾਰ ਕਰ ਲਿਆ ਸੀ। ਜਿਸ ਦੀ ਕਾਇਮੀ ਲਈ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵੱਲ ਆਗਾਜ਼ ਕੀਤਾ। ਇਤਿਹਾਸ ਵਿਚ ਇਹ ਇਕ ਨਵਾਂ ਜੁੱਗ ਸੀ ਕਿ ਗੁਰੂ ਨੇ ਇਕ ਇਸਲਾਮਕ ਰਾਜ ਦੇ ਅੰਦਰ ਸੁਤੰਤਰ ਰਾਜ ਦੀ ਕਾਇਮੀ ਕਰ ਦਿੱਤੀ ਸੀ। ਭਾਵੇਂ ਇਹ ਰਾਜ ਭਾਗ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਨਾਲ ਮੁਗ਼ਲਾਂ ਨੇ ਹਥਿਆ ਲਿਆ ਪਰ ਮਿਸਲਾਂ ਦੀਆਂ ਸਰਦਾਰੀਆਂ ਨੇ ਇਸ ਹੱਕ ਨੂੰ ਸਦਾ ਜਿਤਾਇਆ ਤੇ ਮਹਾਰਾਜਾ ਰਣਜੀਤ ਸਿੰਘ ਨੇ ਮੁੜ ਇਸ ਰਾਜ ਭਾਗ ਨੂੰ 1799 ਵਿਚ ਕਾਇਮ ਕੀਤਾ ਜੋ ਅੰਗਰੇਜ਼ਾਂ ਦੀਆਂ ਚਲਾਕੀਆਂ ਕਾਰਨ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਗਿਆ ਅਤੇ ਮੁੜ ਇਸ ਨੇ ਧਰਮ ਯੁੱਧ ਦੇ ਰੂਪ ਵਿਚ ਨਨਕਾਣਾ ਸਾਹਿਬ ਦੇ ਸਾਕੇ ਵਿਚ ਆਗ਼ਾਜ਼ ਕੀਤਾ ਅਤੇ ਅੰਗਰੇਜ਼ਾਂ ਤੋਂ ਗੁਰਧਾਮਾਂ ਦਾ ਕਬਜ਼ਾ ਲੈ ਕੇ ਸਿੱਖ ਰਾਜ ਦੀ ਸਥਾਪਨਾ ਵੱਲ ਵਧਦਿਆਂ ਅੰਗਰੇਜ਼ ਹਕੂਮਤ ਨਾਲ ਸਮਝੌਤਾ ਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ ਜੋ ਸਿੱਖ ਰਾਜ ਦੀ ਵੱਖਰੀ ਹੋਂਦ ਨੂੰ ਮੰਨਣਾ ਹੈ।

ਮੋਹਨਦਾਸ ਕਰਮਚੰਦ ਗਾਂਧੀ ਨੇ ਇਸ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਦੀ ਜਿੱਤ ਆਖ ਕੇ ਰਾਸ਼ਟਰੀ ਲੜਾਈ ਦੀ ਰੰਗਤ ਵਿਚ ਰੰਗ ਦਿੱਤਾ ਅਤੇ ਸਿੱਖ ਮਾਨਸਿਕਤਾ ਫੇਰ ਉਸ ਜਾਲ਼ ਦੀ ਬੁਣਤ ਦਾ ਸ਼ਿਕਾਰ ਹੋ ਗਈ ਜੋ ਜਾਲ ਬੁੱਤਪ੍ਰਸਤਾਂ ਨੇ ਸਾਹਿਜ਼ਾਦਿਆਂ ਨੂੰ ਸ਼ਹੀਦ ਕਰਨ ਲਈ ਬੁਣਿਆ ਸੀ ਅਤੇ ਦਸਮ ਪਾਤਸ਼ਾਹ ਨੇ ਪਹਾੜੀ ਬੁਤਪ੍ਰਸਤ ਰਾਜਿਆ ਨਾਲ ਜੰਗਾਂ ਲੜੀਆਂ ਸਨ। ਇਨਾਂ ਸਮਿਆਂ ਅੰਦਰ ਸਿੱਖਾਂ ਅੰਦਰ ਬਫ਼ਰ ਸਟੇਟ ਦੀ ਮੰਗ ਵੀ ਉੱਠੀ ਅਤੇ ਸਿੱਖ ਹੋਮਲੈਂਡ ਦੀ ਮੰਗ ਨੇ ਜੋਰ ਫੜਿਆ। ਸਿੱਖ ਆਜ਼ਾਦੀ ਦੇ ਚਾਅ ਅਤੇ ਜਵਾਹਰ ਲਾਲ ਨਹਿਰੂ ਦੇ ਇਸ ਛਲਾਵੇ ਵਿਚ ਆ ਗਏ ਕਿ ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਉੱਤਰੀ ਇਲਾਕੇ ਵਿਚ ਖਿੱਤਾ ਦਿੱਤਾ ਜਾਵੇਗਾ ਜਿਸ ਵਿਚ ਉਹ ਆਜ਼ਾਦੀ ਦਾ ਸਕੂਨ ਮਾਣ ਸਕਣ ਪਰ ਆਜ਼ਾਦੀ ਦੇ ਇਸ ਚਾਅ ਵਿਚ ਪੰਜਾਬ ਦੇ ਦੋ ਟੁਕੜੇ ਹੋ ਗਏ ਅਤੇ ਹਿੰਦੁਸਤਾਨ ਅੰਦਰਲਾ ਪੰਜਾਬ ਆਪਣੇ ਨਾਲੋਂ ਹਿਮਾਚਲ, ਹਰਿਆਣਾ ਤੇ ਗੰਗਾ ਨਗਰ ਦਾ ਇਲਾਕਾ ਗਵਾ ਬੈਠਾ। ਸਿੱਖਾਂ ਨੇ ਇਕ ਵਾਰ ਫੇਰ 1946 ਵਿਚ ਸਿੱਖ ਹੋਮਲੈਂਡ ਦੀ ਮੰਗ ਨੂੰ ਉਭਾਰਿਆ। ਸਵਰਗਵਾਸੀ ਸਿਰਦਾਰ ਕਪੂਰ ਸਿੰਘ ਨੇ 1973 ਵਿਚ ਸਿੱਖਾਂ ਲਈ ਆਜ਼ਾਦ ਖ਼ੁਦਮੁਖਤਿਆਰੀ ਦੇ ਮੁੱਦੇ ਨੂੰ ਉਭਾਰਿਆ ਜਿਸ ਨੂੰ ਆਨੰਦਪੁਰ ਸਾਹਿਬ ਦਾ ਮਤਾ ਦੇ ਨਾਂ ਨਾਲ ਇਤਿਹਾਸ ਵਿਚ ਜਾਣਿਆ ਜਾਂਦਾ ਹੈ। ਪਰ 1978 ਵਿਚ ਇਕ ਹੋਰ ਮਤਾ ਲਿਆਦਾ ਜਾਂਦਾ ਹੈ ਜੋ ਕਿ ਲੁਧਿਆਣਾ ਵਾਲੇ ਮਤੇ ਦੇ ਨਾਂ ਨਾਲ ਸਬੰਧਤ ਹੈ। ਇਹਨਾਂ ਸਮਿਆਂ ਵਿਚ ਹੀ ਪੰਜਾਬ ਦੇ ਪਾਣੀਆਂ ਦਾ ਮਸਲਾ ਉੱਭਰਦਾ ਹੈ ਅਤੇ ਧਰਮ ਯੁੱਧ ਮੋਰਚੇ ਦਾ ਅੰਤ ਦਰਬਾਰ ਸਾਹਿਬ ਤੇ ਹੋਰ ਗੁਰਧਾਮਾਂ 'ਤੇ 1984 ਦਾ ਕਹਿਰ ਟੁੱਟਦਾ ਹੈ ਅਤੇ ਨਵੰਬਰ 1984 ਵਿਚ ਸਿੱਖਾਂ ਦੀ ਨਸਲਕੁਸ਼ੀ ਕੀਤੀ ਜਾਂਦੀ ਹੈ ਜਿਸ ਨੇ ਔਰੰਗਜ਼ੇਬ ਦੀ ਸਲਤਨਤ ਦੇ ਨਕਸ਼ ਨੂੰ ਦੁਬਾਰਾ ਜ਼ਮੀਨ ਦੀ ਹੱਕ ਤੇ ਉਤਾਰਿਆ। ਸਾਕਾ ਨੀਲਾ ਤਾਰਾ 1984 ਤੋਂ ਬਾਅਦ 1986 ਵਿੱਚ ਦੇਸ਼ ਦੇ ਵਕਤੀ ਪ੍ਰਧਾਨ ਮੰਤਰੀ ਤੇ ਅਕਾਲੀ ਲੀਡਰ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚ ਵਿਚਕਾਰ ਇਕ ਸਮਝੌਤਾ ਹੋਇਆ ਜਿਹੜਾ ਇਤਿਹਾਸ ਦਾ ਸਿਰਫ਼ ਇਕ ਬੇਜ਼ਾਨ ਜਿਹਾ ਦਸਤਾਵੇਜ਼ ਬਣ ਕੇ ਰਹਿ ਗਿਆ ਹੈ। 1986 ਦਾ ਖ਼ਾਲਿਸਤਾਨ ਐਲਾਨਨਾਮਾ ਅਤੇ ੧੯੯੪ ਵਿਚ ਅਕਾਲ ਤਖ਼ਤ ਸਾਹਿਬ 'ਤੇ ਕੀਤਾ ਐਲਾਨਨਾਮਾ ਜਿਸ ਨੂੰ ਅੰਮ੍ਰਿਤਸਰ ਐਲਾਨਨਾਮਾ ਕਿਹਾ ਜਾਂਦਾ ਹੈ, ਇਹ ਉਸੇ ਹੀ ਰਾਜਸੀ ਮੰਜਲ ਦਾ ਆਗ਼ਾਜ਼ ਹੈ ਜੋ ਜ਼ਫ਼ਰਨਾਮਾ ਵਿਚ ਇਕਰਾਰਨਾਮਾ ਦੀ ਆਖ਼ਰੀ ਮਦ ਹੈ ਅਤੇ ਆਜ਼ਾਦੀ ਸਮੇਂ ਨਹਿਰੂ ਵੱਲੋਂ ਕੀਤੇ ਇਕਰਾਰਨਾਮੇ ਦੀ ਮੰਗ ਹੈ। ਧੋਖੇ ਨਾਲ ਹਥਿਆਏ ਸਿੱਖ ਰਾਜ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਮਹਾਰਾਜਾ ਦਲੀਪ ਸਿੰਘ ਯਤਨਾਂ ਦੇ ਬਾਵਜੂਦ ਵਾਪਸ ਨਾ ਲੈ ਸਕਿਆ ਪਰ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਜਿਸ ਵਿਚ ਹਰ ਕੋਈ ਖ਼ੁਸ਼ੀ ਨਾਲ ਵਸਦਾ ਸੀ ਇਕ ਆਜ਼ਾਦ ਸਿੱਖ ਰਾਜ ਸੀ ਜਿਸ ਨੂੰ ਬਿਨਾਂ ਕਿਸੇ ਮਨਜ਼ੂਰੀ ਤੋਂ ਹਥਿਆਇਆ ਨਹੀਂ ਜਾ ਸਕਦਾ ਸੀ। ਇਹ ਭਵਿੱਖ ਦੀਆਂ ਨਸਲਾਂ ਹੀ ਤਹਿ ਕਰਨਗੀਆਂ ਕਿ ਉਨਾਂ ਨੇ ਕਦੋਂ ਬ੍ਰਿਟੇਨ ਨੂੰ ਸਿੱਖਾਂ ਦੇ ਇਸ ਹੜੱਪੇ ਰਾਜ ਨੂੰ ਵਾਪਸ ਕਰਨ ਲਈ ਦੁਨੀਆਂ ਦੀ ਨਿਆਂ ਪ੍ਰਣਾਲੀ ਵਿਚ ਖੜਾ ਕਰਨਾ ਹੈ ਅਤੇ ਬਹੁ-ਭਾਂਤੀ ਸਭਿਆਚਾਰ ਵਾਲੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਮੁੜ ਬਹਾਲ ਕਰਨਾ ਹੈ। ਰਣਜੀਤ ਸਿੰਘ ਨੇ ਆਪਣੇ ਰਾਜ ਨੂੰ ਸਦਾ ਹੀ ਖਾਲਸਾ ਰਾਜ ਦਾ ਨਾਂ ਦਿੱਤਾ ਹੈ। ਖ਼ਾਲਸਾ ਉਹ ਹੈ ਜਿਸ ਦਾ ਕਿਰਦਾਰ ਗੁਰਬਾਣੀ ਵਿਚ ਪ੍ਰਗਟ ਕੀਤੇ ਗੁਰਮੁੱਖ ਦੀ ਨੁਹਾਰ ਵਾਲਾ ਹੈ ਅਤੇ ਜਿਸ ਦਾ ਧਰਤੀ 'ਤੇ ਰਾਜ ਹੈ। ਭਾਈ ਕਾਨ ਸਿੰਘ ਨਾਭਾ ਨੇ ਖ਼ਾਲਿਸਹ : ਸ਼ੁੱਧ, ਬਿਨਾ ਮਿਲਾਵਟ ਤੇ ਨਿਰੋਲ ਕਰਦੇ ਹੋਏ ਇਸ ਨੂੰ ਸੰਗਯਾ – ਉਹ ਜ਼ਮੀਨ ਜਾਂ ਮੁਲਕ, ਜੋ ਬਾਦਸ਼ਾਹ ਦਾ ਹੈ ਜਿਸ ਪੁਰ ਕਿਸੇ ਜਾਗੀਰਦਾਰ ਅਥਵਾ ਜ਼ਿੰਮੀਦਾਰ ਦਾ ਸਵਤਵ ਨਹੀਂ।11 ਤਸਲੀਮ ਕਰਦੇ ਹਨ।

ਅੱਜ ਦੱਖਣੀ ਏਸ਼ੀਆ ਜਿਸ ਰਾਹ ਵੱਲ ਤੁਰ ਰਿਹਾ ਹੈ, ਉਸ ਵਿਚ ਹਿੰਦੁਸਤਾਨ ਦਾ ਭਵਿੱਖ ਇਸ ਨੂੰ ਕਿਸੇ ਵੀ ਦਿਸ਼ਾ ਵਿਚ ਮੋੜ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਹੀ ਅਜਿਹਾ ਖ਼ਜ਼ਾਨਾ ਹੈ ਜਿਹੜਾ ਇਸ ਨੂੰ ਟੁੱਟਣ ਤੋਂ ਬਚਾ ਸਕਦਾ ਹੈ। ਇਹ ਟੁੱਟ ਭੱਜ ਦਾ ਕਹਿਰ ਤਾਂ ਹੀ ਠੱਲ ਸਕਦਾ ਹੈ ਜੇ ਹਿੰਦੁਸਤਾਨ ਦੀ ਮੁਖ ਧਾਰਾ ਗੁਰੂ ਗ੍ਰੰਥ ਸਾਹਿਬ ਦੀ ਧਾਰਾ ਨੂੰ ਪ੍ਰਣਾ ਲਵੇ ਜਿਸ ਵਿਚ ਸਮੂਹ ਧਰਮਾਂ ਨੂੰ ਨਾਲ ਲੈ ਕੇ ਤੁਰਨ ਦੀ ਤਾਕਤ ਹੈ। ਰੂਸ ਤੇ ਚੀਨ ਦਾ ਮਾਰਕਸਵਾਦੀ ਸਮਾਜਕ ਵਰਤਾਰਾ ਗੁਰੂ ਗ੍ਰੰਥ ਸਾਹਿਬ ਵਿਚ ਸਿਰਜੇ ਵਿਸ਼ਵ ਦੇ ਸਮਾਜਕ ਵਰਤਾਰੇ ਤੋਂ ਕੋਹਾਂ ਦੂਰ ਤੇ ਊਣਾ ਹੈ। ਜਿਸ ਦਿਨ ਇਹਨਾਂ ਦੇਸ਼ਾਂ ਦੀਆਂ ਮਾਰਕਸਵਾਦੀ ਵਿਚਾਰਧਰਾਵਾਂ ਨੇ ਆਪਣੇ ਸਮਾਜਕ ਵਰਤਾਰੇ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਮਾਜਕ ਵਰਤਾਰੇ ਵਿਚ ਰੰਗ ਲਿਆ ਉਸ ਦਿਨ ਖ਼ਾਲਸਾ ਜੀ ਦਾ ਸਗਲੀ ਧਰਤੀ 'ਤੇ ਰਾਜ ਸਥਾਪਤ ਹੋ ਜਾਵੇਗਾ ਅਤੇ ਵਿਸ਼ਵ ਇਕ ਸਭਿਆਚਾਰਕ ਇਕਾਈ ਦੀ ਮਾਲਾ ਵਿਚ ਪ੍ਰੋਇਆ ਜਾਵੇਗਾ ਜਿਸ ਦੀ ਨੀਂਹ ਮਨੁੱਖਤਾ ਹੋਵੇਗੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖਤਾ ਦੇ ਕਲਿਆਣ ਦੀ ਹੀ ਗੱਲ ਕੀਤੀ ਗਈ ਹੈ।

ਪ੍ਰੋ. ਪੂਰਨ ਸਿੰਘ ਸਿੱਖ ਧਰਮ, ਸਿੱਖ ਇਤਿਹਾਸ ਅਤੇ ਸਿੱਖਾਂ ਦੀ ਜਨਮ-ਭੂਮੀ, ਪੰਜਾਬ, ਅਤੇ ਇਸ ਦੀ ਸਮੁੱਚੀ ਪ੍ਰਕ੍ਰਿਤੀ ਦੇ ਵਜੂਦ ਦੀ ਸਿੱਖੀ ਨਾਲ ਗਹਿਰੀ ਸਾਂਝ ਨੂੰ ਨਸ਼ਰ ਕਰਦੇ ਹਨ। ਪੰਜਾਬ ਦੇ ਦਰਿਆਵਾਂ ਦੀ ਖ਼ਾਲਸੇ ਨਾਲ ਦੋਸਤੀ, ਪੰਜਾਬ ਦੇ ਜ਼ਰੇ-ਜ਼ਰੇ ਵਿਚ ਗੁਰਬਾਣੀ ਦੀ ਮਹਿਕ ਨਾਲ ਭਰੇ ਹੋਣ ਦੀ ਗਵਾਹੀ ਉਹਨਾਂ ਦੇ ਕਾਵਿ-ਆਵੇਸ਼ ਵਿਚ ਦਰਜ ਹੈ। ਪੰਜਾਬ ਸਬੰਧੀ ਉਹ ਕੇਵਲ ਦੋ ਸਤਰਾਂ ਵਿਚ ਫ਼ੈਸਲਾ ਕਰਦੇ ਹਨ ਕਿ ਇਹ ਸਿੱਖ ਗੁਰੂ ਸਾਹਿਬਾਨ ਦਾ ਸਿਰਜਿਆ ਹੋਇਆ ਹੈ ਅਤੇ ਇਹ ਸਿੱਖ-ਪੰਜਾਬ ਹੈ।ਇਸੇ ਦਹਿਲੀਜ਼ ਤੋਂ ਉਹ ਪੰਜਾਬ ਦੇ ਜਿਉਣ ਪਿੱਛੇ ਗੁਰੂ ਦੀ ਬਖ਼ਸ਼ਿਸ਼ ਨੂੰ ਵੇਖਦੇ ਹਨ ਅਤੇ ਕਿਸੇ ਮਰਦਿ-ਜਵਾਂ ਨੂੰ ਆਵਾਜ਼ਾਂ ਮਾਰਦੇ ਹਨ ਜਿਹੜਾ ਉੱਜੜ ਰਹੇ ਪੰਜਾਬ ਨੂੰ ਗੁਰਬਾਣੀ ਦੇ ਖ਼ਾਲਸ ਰੰਗ ਵਿਚ ਰੰਗ ਦੇਵੇ :

ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।
ਝਨਾਂ ਤੇ ਰਾਵੀ ਤੇ ਸਤਲੁਜ ਤੇ ਬਿਆਸ ਤੇ
ਜੇਹਲਮ ਤੇ ਕਟਕ ਸਭ ਬਲ ਉੱਠੇ ;
ਗੁਰੂ ਦਾ ਜਾਪੁ ਸਾਹਿਬ ਗਾਉਂਦੇ ।
ਆ ਪੰਜਾਬ-ਪਿਆਰ ਤੂੰ ਮੁੜ ਆ!
ਆ ਸਿੱਖ-ਪੰਜਾਬ ਤੂੰ ਘਰ ਆ!
ਆ! ਪੰਜਾਬ, ਤੂੰ ਮੁੜ ਆ! ਖਿੜੇ ਖਿੜੇ ਮੱਥੇ ਲਾ,
ਕਰੋੜਾਂ ਪੰਜਾਬ ਆ! ਇਕ ਆ, ਹਜ਼ਾਰ ਆ।
ਦਿਲ ਦੇ ਵਿਚਕਾਰਆ !ਰੂਹ ਦੀ ਖੁਲੀ ਟੰਕਾਰਆ।
ਭੌਰਿਆਂ ਦੀ ਗੁੰਜਾਰਆਂ !ਫੁੱਲਾਂ ਦੀ ਗੁਲਜ਼ਾਰਆ।
ਧੁਰ ਦੀ ਫੁੰਕਾਰ ਆ! ਆ ਪਿਆਰ ਪੰਜਾਬ ਸਦਕੇ,
ਤੂੰ ਮੁੜ ਆ, ਫਿਰ ਆ।

## ਇਨਸਾਨ ਦੀ ਮਾਨਸਿਕ...

ਸਭ ਕੁਝ ਹੋਣ ਦੇ ਬਾਵਜੂਦ ਸਾਦੇ ਰਹਿਣਾ ਸੱਚੀ ਅਮੀਰੀ ਹੈ। ਕਿਸੇ ਨੂੰ ਪਰਮਾਤਮਾ ਸਭ ਕੁਝ ਬਖ਼ਸ਼ ਦਿੰਦਾ ਹੈ ਪਰ ਨੀਅਤ ਨਹੀਂ ਬਖਸ਼ਦਾ। ਉਹ ਸਭ ਤੋਂ ਗ਼ਰੀਬ ਬੰਦਾ ਹੁੰਦਾ ਹੈ, ਜਿਹੜਾ ਕਿਸੇ ਮਿਹਨਤਕਸ਼ ਮਜ਼ਦੂਰ ਨੂੰ ਉਸ ਦੀ ਮਜ਼ਦੂਰੀ ਦੇਣ ਲੱਗਿਆ ਵੀ ਰੋਵੇ। ਅਜਿਹੇ ਤੰਗਦਿਲ ਇਨਸਾਨ ਦੇ ਘਰ ਬਰਕਤਾਂ ਕਦੇ ਬੂਹਾ ਨਹੀਂ ਖੜਕਾਉਂਦੀਆਂ। ਕਹਿੰਦੇ ਨੇ ਕਿ ਨੀਤਾਂ ਨਾਲ ਹੀ ਮੁਰਾਦਾਂ ਹੁੰਦੀਆਂ ਨੇ। ਚਾਹੇ ਅੱਜ ਦੇ ਜ਼ਮਾਨੇ ਵਿੱਚ ਇਨਾਂ ਇਖ਼ਲਾਕੀ ਕਦਰਾਂ ਕੀਮਤਾਂ ਨੂੰ ਅੱਖੋਂ ਪਰੋਖੇ ਕਰਕੇ ਜ਼ਿਆਦਾ ਚਲਾਕੀਆਂ ਕਰ ਕੇ ਆਪਣੇ ਸੂਝਵਾਨ ਹੋਣ ਦਾ ਭਰਮ ਪਾਲਿਆ ਜਾਂਦਾ ਹੈ ਪਰ ਅੱਜ ਵੀ ਕਿਸੇ ਲੋੜਵੰਦ ਦੀ ਕੀਤੀ ਮਦਦ ਅਤੇ ਉਸ ਦੁਆਰਾ ਦਿੱਤੀਆਂ ਗਈਆਂ ਅਸੀਸਾਂ ਕਿਤੇ ਨਾ ਕਿਤੇ ਕਰਮਾਂ ਦੀ ਪੂੰਜੀ ਦੇ ਖ਼ਜ਼ਾਨੇ ਵਿੱਚ ਜ਼ਰੂਰ ਜਮਾਂ ਹੁੰਦੀਆਂ ਨੇ। ਇਹ ਗੱਲ ਮੰਨਣ ਵਾਲੀ ਹੈ ਕਿ ਦੁਆਵਾਂ ਅਤੇ ਬਦ-ਦੁਆਵਾਂ ਦੋਵੇਂ ਹੀ ਅਸਰ ਕਰਦੀਆਂ ਨੇ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕਦੇ ਵੀ ਕਿਸੇ ਦਾ ਦਿਲ ਨਾ ਦੁਖਾਇਆ ਜਾਵੇ। ਸਵਰਗ ਨਰਕ ਕਿਸ ਨੇ ਦੇਖੇ ਨੇ, ਅਮਲਾਂ ਦੇ ਨਿਬੇੜੇ ਇੱਥੇ ਹੀ ਹੋ ਜਾਂਦੇ ਨੇ। ਸ਼ਿਕਾਇਤਾਂ ਕਰਨ ਨਾਲੋਂ ਸ਼ੁਕਰਾਨੇ ਕਰਨੇ ਸਿੱਖ ਜਾਈਏ ਤਾਂ ਜ਼ਿੰਦਗੀ ਹੋਰ ਚੰਗੇਰੀ ਹੋ ਨਿਬੜੇਗੀ। ਅੱਜ ਵਿੱਚ ਜਿਊਣ ਦੀ ਕੋਸ਼ਿਸ਼ ਕਰੀਏ।

## ਸੰਯੁਕਤ ਕਿਸਾਨ ਮੋਰਚੇ...

ਦੂਸ਼ਿਤ ਪਾਣੀ ਪੀਣ ਨਾਲ ਜਿਥੇ ਪੰਜਾਬ ਦੇ ਮਾਲਵਾ ਖੇਤਰ 'ਚ ਵੱਡੀ ਗਿਣਤੀ ਵਿਚ ਲੋਕ ਕੈਂਸਰ ਵਰਗੀ ਗੰਭੀਰ ਤੇ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ। ਉਥੇ ਕਾਲਾ ਪੀਲੀਆ ਵਰਗੀਆਂ ਬਿਮਾਰੀਆਂ ਵੀ ਪੰਜਾਬੀਆਂ ਨੂੰ ਆਪਣੀ ਲਪੇਟ ਵਿਚ ਲੈ ਰਹੀਆਂ ਹਨ। ਪਾਣੀ ਦੀ ਸੰਜਮ ਨਾਲ ਵਰਤੋਂ ਕਰਕੇ ਅਤੇ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਸਮੂਹਕ ਯਤਨਾਂ ਨਾਲ ਹੀ ਪੰਜਾਬ ਵਿਚੋਂ ਪਾਣੀ ਸੰਕਟ ਦਾ ਹੱਲ ਕੱਢਿਆ ਜਾ ਸਕਦਾ ਹੈ। ਖੇਤੀ ਮਾਹਿਰਾਂ ਅਨੁਸਾਰ ਧਰਤੀ ਹੇਠਲਾ ਪਾਣੀ ਬਚਾਉਣ ਲਈ ਪੰਜਾਬ ਦੇ ਕਿਸਾਨਾਂ ਨੂੰ ਝੋਨੇ ਦੀ ਖੇਤੀ ਕਰਨ ਦੀ ਬਜਾਏ ਹੋਰ ਬਦਲਵੀਆਂ ਜਿਣਸਾਂ ਦੀ ਖੇਤੀ ਕਰਨੀ ਚਾਹੀਦੀ ਹੈ, ਕਿਉਂਕਿ ਝੋਨਾ ਪੰਜਾਬ ਦੇ ਧਰਤੇ ਹੇਠਲੇ ਪਾਣੀ ਨੂੰ ਬੜੀ ਤੇਜ਼ੀ ਨਾਲ ਖਤਮ ਕਰ ਰਿਹਾ ਹੈ।

## ਕਿਸਾਨਾਂ ਨੂੰ ਖ਼ੁਸ਼ਹਾਲੀ...

ਜੇਕਰ ਕਿਸੇ ਪਿੰਡ ਵਿਚ ਇਕ ਸੌ ਪਰਿਵਾਰ ਵਸਦਾ ਹੈ ਤਾਂ ਉੱਥੇ ਲਗਭਗ ਪੰਜਾਹ ਏਕੜ ਸਰੋਂ ਪਿੰਡ ਦੀਆਂ ਲੋੜਾਂ ਲਈ ਚਾਹੀਦੀ ਹੈ ਪਰ ਪੰਜਾਹ ਏਕੜ ਸਰੋਂ ਸ਼ਾਇਦ ਕਿਸੇ ਹੀ ਪਿੰਡ ਵਿਚ ਹੁੰਦੀ ਹੋਵੇ। ਅੱਜ ਲੋੜ ਹੈ ਕਿ ਖੇਤੀ ਅਤੇ ਖੇਤੀ ਨਾਲ ਸਬੰਧਤ ਪਰਿਵਾਰਕ ਲੋੜਾਂ ਵਾਸਤੇ ਔਸਤਨ ਪੰਜ ਏਕੜ ਜ਼ਮੀਨ ਵਾਲਾ ਹਰ ਕਿਸਾਨ ਹੋਰ ਫ਼ਸਲਾਂ ਤੋਂ ਇਲਾਵਾ ਆਪਣੇ ਢਾਈ ਏਕੜਾਂ ਵਿਚ ਲੋੜੀਂਦੇ ਚਾਰੇ, ਫਲਾਂ, ਦਾਲਾਂ ਤੇ ਤੇਲ ਬੀਜਾਂ ਦੀ ਕਾਸ਼ਤ ਕਰੇ, ਅਜਿਹਾ ਕਰਨ ਨਾਲ ਖੇਤੀ ਜਿਣਸਾਂ ਦੀ ਰਵਾਇਤੀ ਮੰਡੀ 'ਤੇ ਨਿਰਭਰਤਾ ਘਟੇਗੀ ਤੇ ਸੌਖੇ ਢੰਗ ਨਾਲ ਖੇਤੀ ਵੰਨ-ਸੁਵੰਨਤਾ ਦੀ ਮੁਹਿੰਮ ਪ੍ਰਫੁੱਲਿਤ ਹੋਵੇਗੀ, ਕੁਦਰਤੀ ਸੋਮਿਆਂ ਦੇ ਉਜਾੜੇ ਨੂੰ ਰੋਕ ਲੱਗੇਗੀ ਤੇ ਕਿਸੇ ਹੱਦ ਤੱਕ ਕਿਸਾਨਾਂ ਨੂੰ ਵੀ ਖ਼ੁਸ਼ਹਾਲੀ ਨਸੀਬ ਹੋਵੇਗੀ।

## ਜ਼ਿੰਦਗੀ

ਕਦੇ ਰੋਸ਼ਨਾਉਂਦੀ ਗਲੀਆਂ 'ਚੋਂ ਲੰਘਦੀ,
ਕਦੇ ਠਹਿਰੇ ਜਾ ਕੇ ਵਿਚ ਸ਼ਮਸ਼ਾਨ,
ਇਹ ਜ਼ਿੰਦਗੀ,
ਕਿਸੇ ਲਈ ਕਿੰਨੀ ਆਸਾਨ ਹੈ ,
ਇਹ ਜ਼ਿੰਦਗੀ,
ਕਿਸੇ ਲਈ ਬੜੀ ਬੇਈਮਾਨ ਹੈ,
ਇਹ ਜ਼ਿੰਦਗੀ,
ਕਿਸੇ ਨੂੰ ਰੱਜ ਰੱਜ ਹਸਵੇ ,
ਇਹ ਜ਼ਿੰਦਗੀ,
ਕਿਸੇ ਲਈ ਹੰਝੂਆਂ ਦਾ ਤੂਫਾਨ ਹੈ ,
ਇਹ ਜ਼ਿੰਦਗੀ,
ਕਿਸੇ ਲਈ ਸਭ ਕੁੱਝ ਉਜੜਿਆ,
ਕਿਸੇ ਲਈ ਵਸਿਆ ਜਹਾਨ ਹੈ ,
ਇਹ ਜ਼ਿੰਦਗੀ,
ਕਿਸੇ ਲਈ ਗ਼ਮਾਂ ਦਾ ਫ਼ਰਮਾਨ ,
ਕਿਸੇ ਲਈ ਖੁਸ਼ੀਆਂ ਦੀ ਮੁਸਕਾਨ ਹੈ,
ਇਹ ਜ਼ਿੰਦਗੀ,
ਕਿਸੇ ਲਈ ਕਿੰਨੀ ਸੌਖੀ ਸਿੱਧੀ ਰਸਤੇ ਜਿਹੀ ,
ਕਿਸੇ ਲਈ ਮੁਸ਼ਕਿਲਾਂ ਦਾ ਪਹਾੜ,
ਇਹ ਜ਼ਿੰਦਗੀ,
ਕਈਂ ਫਤਹਿ ਕਰ ਗਏ ਇਹਨੂੰ ,
ਕਈਆਂ ਲਈ ਗੁਮਨਾਮ,
ਇਹ ਜ਼ਿੰਦਗੀ,
'ਪ੍ਰਭ' ਲਈ ਵੀ ਹਲੇ ਬੜੀ ਅਣਜਾਣ ਹੈ,
ਇਹ ਜ਼ਿੰਦਗੀ।

**ਪ੍ਰਭਜੋਤ ਕੌਰ**

## ਸਿੱਖੀ ਵਾਲੀ ਤਾਬ

ਧੋ ਦਿੱਤਾ ਲਾਇਆ ਸੀ ਜੋ ਦਾਗ ਸਿੱਖੀ ਵਾਲੀ ਤਾਬ ਤੇ
ਪਾਈਆਂ ਸੀ ਸ਼ਹੀਦੀਆਂ ਖਿਦਰਾਣੇ ਵਾਲੀ ਢਾਬ ਤੇ
ਕਦੇ ਨਾ ਹੋਣਾ ਬੇਮੁੱਖ ਗੁਰੂ ਤੋਂ, ਸਮਝਾ ਗਏ ਕਈ ਨੁਕਤੇ
ਦਸ਼ਮੇਸ਼ ਜੀ ਦੇ ਲਾਡਲੇ ਕਹਾ ਗਏ ਚਾਲੀ ਮੁਕਤੇ।

ਰੋਈ ਕਾਇਨਾਤ ਸਾਰੀ ਜਦੋਂ ਮੁੱਖ ਉਨਾਂ ਮੋੜਿਆ
ਦੇ ਕੇ ਬੇਦਾਵਾ ਓਨਾਂ ਗੁਰੂ ਜੀ ਦਾ ਦਿਲ ਤੋੜਿਆ
ਚੁੱਕ ਲਏ ਸਿਰ ਉਨਾਂ ਰਹੇ ਜਿਹੜੇ ਸਦਾ ਝੁਕਦੇ
ਦਸ਼ਮੇਸ਼ ਜੀ ਦੇ ਲਾਡਲੇ ਕਹਾ ਗਏ ਚਾਲੀ ਮੁਕਤੇ।

ਮਾਈ ਭਾਗੋ ਨੇ ਸੀ ਫਿਰ ਸ਼ੀਹਣੀ ਬਣ ਵੰਗਾਰਿਆ
ਆ ਗਏ ਉਹਨੂੰ ਛੱਡ ਜਿਹਨੇ ਸਰਬੰਸ ਸਾਥੋਂ ਵਾਰਿਆ
ਬਣ ਜਾਓ ਜਨਾਨੀਆਂ ਕਿਉਂ ਹੁਣ ਫਿਰਦੇ ਓ ਲੁਕਦੇ
ਦਸ਼ਮੇਸ਼ ਜੀ ਦੇ ਲਾਡਲੇ ਕਹਾ ਗਏ ਚਾਲੀ ਮੁਕਤੇ।

ਸਵਾ-ਸਵਾ ਲੱਖ ਨਾਲ ਇੱਕ ਸਿੰਘ ਨੂੰ ਲੜਾ ਗਿਆ
ਜੂਝਣੇ ਦਾ ਪਾਠ ਪਿਤਾ ਦਸ਼ਮੇਸ਼ ਕੌਮ ਨੂੰ ਪੜਾ ਗਿਆ
ਵੱਢੋ ਭਾਵੇਂ ਸਿਰ ਜਿੰਨੇ ਮਰਜ਼ੀ ਸਿੰਘ ਨਹੀਂ ਮੁੱਕਦੇ
ਦਸ਼ਮੇਸ਼ ਜੀ ਦੇ ਲਾਡਲੇ ਕਹਾ ਗਏ ਚਾਲੀ ਮੁਕਤੇ।

ਪਾੜ ਕੇ ਬੇਦਾਵਾ ਗੁਰੂ ਜੀ ਨੇ ਟੁੱਟੀ ਗੰਢੀ ਸੀ
ਗਲ ਨਾਲ ਲਾਇਆ ਜਿਹੜੀ ਪੈ ਗਈ ਵੰਡੀ ਸੀ
ਗੁਰੂ ਜੀ ਦੀ ਗੋਦੀ ਮਹਾਂ ਸਿੰਘ ਦੇ ਨਾ ਹੰਝੂ ਮੁੱਕਦੇ
ਦਸ਼ਮੇਸ਼ ਜੀ ਦੇ ਲਾਡਲੇ ਕਹਾ ਗਏ ਚਾਲੀ ਮੁਕਤੇ।

ਕਰੇ ਅਰਦਾਸ 'ਰੂਪ', ਮੇਰੀ ਟੁੱਟੀ ਗੰਢ ਦਿਓ
ਪੰਜਾਂ ਵਿਕਾਰਾਂ ਤੋਂ ਪਾਤਸ਼ਾਹ ਮੇਰਾ ਪੱਲਾ ਛੰਡ ਦਿਓ
ਮੱਲੋਮੱਲੀ ਪੈਂਦੇ ਗਲ਼, ਮਾੜੇ ਖਿਆਲ ਰੋਕਿਆਂ ਨਾ ਰੁਕਦੇ
ਦਸ਼ਮੇਸ਼ ਜੀ ਦੇ ਲਾਡਲੇ ਕਹਾ ਗਏ ਚਾਲੀ ਮੁਕਤੇ।

**ਰੂਪ ਕੌਰ ਖਾਲਸਾ**

ਫਰਵਰੀ 2022 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD — sling

CREDIBILITY — RELIABILITY

Minute to Minute Coverage of Punjab Elections

Punjabi Super Pack

20 channels for only $25/month on sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com